*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-5, ਮਈ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਟੈਰਿਫ਼ ਪਰਛਾਵੇਂ ਹੇਠ ਚੋਣਾਂ ਅਤੇ ਜੇਤੂ ਲਿਬਰਲ ਪਾਰਟੀ

ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਇਹ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਲਿਬਰਲ ਪਾਰਟੀ ਮੁੜ ਸੱਤਾ ਵਿਚ ਆ ਜਾਵੇਗੀ। ਕਿਉਂਕਿ ਟਰੂਡੋ ਦੀ ਲਿਬਰਲ ਪਾਰਟੀ ਲੋਕਾਂ ਦਾ ਭਰੋਸਾ ਗਵਾ ਰਹੀ ਸੀ ਅਤੇ ਵਿਸ਼ਲੇਸ਼ਣ ਇਹ ਸਨ ਕਿ ਇਸਦੇ ਡਿਗ ਚੁੱਕੇ ਗ੍ਰਾਫ਼ ਕਾਰਨ ਕੰਜਰਵੇਟਿਵ ਪਾਰਟੀ ਦੇ ਸੱਤਾ ਵਿਚ ਆਉਣ ਦਾ ਰਸਤਾ ਸਾਫ਼ ਹੈ। ਪ੍ਰੰਤੂ ਗੁਆਂਢ ਵਿਚ ਟਰੰਪ ਦੀ ਜਿੱਤ ਨੇ ਹਾਲਾਤ ਬਦਲ ਦਿੱਤੇ। ਟਰੰਪ ਨੇ ਆਉਂਦਿਆਂ ਹੀ ਕੈਨੇਡਾ ਦੀ ਖ਼ੁਦਮੁਖਤਾਰੀ ਉੱਪਰ ਹਮਲੇ ਵਿੱਢ ਦਿੱਤੇ ਅਤੇ ਕੈਨੇਡਾ ਨੂੰ 51ਵਾਂ ਰਾਜ ਬਣਾਉਣ ਦੀ ਧੌਂਸਬਾਜ਼ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਲਿਬਰਲ ਪਾਰਟੀ ਨੇ ਆਪਣੇ ਸੰਕਟ ਵਿੱਚੋਂ ਨਿਕਲਣ ਲਈ ਮਾਰਕ ਕਾਰਨੀ ਨੂੰ ਪ੍ਰਧਾਨ ਮੰਤਰੀ ਬਣਾਇਆ। ਉਸ ਨੇ ਬਣ ਚੁੱਕੇ ਮਾਹੌਲ ਦਾ ਲਾਹਾ ਲੈਣ ਲਈ ਅਗਾਊਂ ਚੋਣਾਂ ਦਾ ਐਲਾਨ ਕਰ ਦਿੱਤਾ ਅਤੇ ਟਰੰਪ ਨੂੰ ਟੱਕਰ ਦੇਣ ਦਾ ਪ੍ਰਭਾਵ ਸਿਰਜਦਿਆਂ ਕੈਨੇਡੀਅਨ ਲੋਕਾਂ ਨੂੰ ਇਹ ਜਚਾਉਣ ਉੱਪਰ ਪ੍ਰਚਾਰ ਕੇਂਦਰਤ ਕੀਤਾ ਕਿ ਇਸ ਵੇਲੇ ਰਾਸ਼ਟਰ ਨੂੰ ਬਚਾਉਣਾ ਜ਼ਰੂਰੀ ਹੈ; ਕਿ ਕੈਨੇਡਾ ਦੀਆਂ ਬੁਨਿਆਦਾਂ ਅਤੇ ਲਿਬਰਲ ਕਦਰਾਂ-ਕੀਮਤਾਂ ਨੂੰ ਤਾਂ ਹੀ ਬਚਾਇਆ ਜਾ ਸਕਦਾ ਹੈ ਜੇ ਟਰੰਪ ਦੀ ਜੋਟੀਦਾਰ ਕੰਜਰਵੇਟਿਵ ਪਾਰਟੀ ਨੂੰ ਸੱਤਾ ਵਿਚ ਨਾ ਆਉਣ ਦੇਈਏ।

ਲੋਕਾਂ ਵਿਚ ਵੀ ਇਹ ਧਾਰਨਾ ਬਣ ਗਈ ਸੀ ਕਿ ਟਰੰਪ ਦੇ ਧੌਂਸਬਾਜ਼ ਕਾਰਨਾਮੇ ਕੈਨੇਡਾ ਲਈ ਖ਼ਤਰਨਾਕ ਹਨ। ਇਸ ਕਰਕੇ ਉਸ ਦੀ ਵਿਚਾਰਧਾਰਾ ਨਾਲ ਜੁੜੀ ਹੋਈ ਕੰਜਰਵੇਟਿਵ ਪਾਰਟੀ ਨੂੰ ਸੱਤਾ ਸੌਂਪਣੀ ਮਹਿੰਗੀ ਪੈ ਸਕਦੀ ਹੈ। ਇਨ੍ਹਾਂ ਕਾਰਨਾਂ ਕਰਕੇ ਲਿਬਰਲ ਪਾਰਟੀ ਮੁੜ ਸੱਤਾ ਵਿਚ ਤਾਂ ਆ ਗਈ ਹੈ ਪਰ ਸਵਾਲ ਇਹ ਹੈ ਕਿ ਕੈਨੇਡਾ ਦੀਆਂ ਬੇਹੱਦ ਗੰਭੀਰ ਹੋ ਚੁੱਕੀਆਂ ਆਰਥਿਕ ਅਤੇ ਸਮਾਜਿਕ ਸਮੱਸਿਆਵਾਂ ਦਾ ਇਸ ਕੋਲ ਕੀ ਹੱਲ ਹੈ। ਇਹ ਸੱਚ ਹੈ ਕਿ ਕੈਨੇਡਾ ਦਾ ਚੋਣ ਫ਼ਤਵਾ ਟਰੰਪ ਮਾਰਕਾ ਰਾਜਨੀਤੀ ਦੇ ਮੂੰਹ ’ਤੇ ਕਰਾਰੀ ਚਪੇੜ ਹੈ, ਪ੍ਰੰਤੂ ਕੈਨੇਡੀਅਨ ਲੋਕਾਂ ਦੇ ਹਾਲਾਤ ਮੰਗ ਕਰਦੇ ਹਨ ਕਿ ਨਵੀਂ ਸਰਕਾਰ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਠੋਸ ਕਦਮ ਚੁੱਕੇ। ਰੁਜ਼ਗਾਰ, ਘਰਾਂ ਦੇ ਕਿਰਾਏ, ਕਰਜ਼ੇ, ਸਿਹਤ ਅਤੇ ਹੋਰ ਸਹੂਲਤਾਂ ਤੋਂ ਵਾਂਝੇ ਲੋਕਾਂ ਦੀ ਸਥਿਤੀ ਚਿੰਤਾਜਨਕ ਹੈ। ਕੌੜੀ ਹਕੀਕਤ ਇਹ ਹੈ ਕਿ ਕਾਰਨੀ ਦੇ ਵਿਚਾਰ ਵੀ ਖੁੱਲ੍ਹੀ ਮੰਡੀ ਵਾਲੇ ਹਨ। ਕਾਰਪੋਰੇਟ ਸਰਮਾਏਦਾਰੀ ਪ੍ਰਤੀ ਉਸ ਦਾ ਰਵੱਈਆ ਵੀ ਦੁਨੀਆ ਦੇ ਹੋਰ ਮੁਲਕਾਂ ਦੇ ਅਰਥ ਸ਼ਾਸਤਰੀਆਂ ਵਾਲਾ ਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਸਰਕਾਰ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਆਰਥਿਕ ਸਹੂਲਤਾਂ ਬਰਕਰਾਰ ਰੱਖਦੀ ਹੈ ਜਾਂ ਫਿਰ ਹੌਲੀ ਹੌਲੀ ਕੈਨੇਡਾ ਵਿਚ ਵੀ ਮੰਡੀ ਦਾ ਕਾਨੂੰਨ ਨਵੇਂ ਰੂਪ ਵਿਚ ਪੈਰ ਪਸਾਰਦਾ ਹੈ। ਕੈਨੇਡੀਅਨ ਲੋਕਾਂ ਵੱਲੋਂ ਅਮਰੀਕਨ ਸਾਮਰਾਜੀ ਟਰੰਪ ਦੇ ਹੰਕਾਰੇ ਹੋਏ ਹਾਥੀ ਦੀ ਤੋਰ ਨੂੰ ਇਸਦੇ ਗੁਆਂਢ ਵਿਚ ਹੀ ਰੋਕਣ ਦੀ ਕੋਸ਼ਿਸ਼ ਕਰਨਾ ਵੱਡੀ ਗੱਲ ਹੈ ਪਰ ਤੈਅ ਤਾਂ ਰਾਜ ਦੀਆਂ ਨੀਤੀਆਂ ਨੇ ਕਰਨਾ ਹੈ ਕਿ ਅਸਹਿ ਆਰਥਿਕ ਤੰਗੀਆਂ ਤਰੁੱਸ਼ੀਆਂ ਵਿੱਚੋਂ ਗੁਜ਼ਰ ਰਹੀ ਕੈਨੇਡਾ ਦੀ ਮਜ਼ਦੂਰ ਜਮਾਤ ਦੇ ਵੱਖ-ਵੱਖ ਹਿੱਸਿਆਂ ਦੀ ਜ਼ਿੰਦਗੀ ਨੂੰ ਸੌਖੀ ਬਣਾਉਣ ਲਈ ਅਤੇ ਲੋਕਾਂ ਨੂੰ ਰੁਜ਼ਗਾਰ ਤੇ ਸੁਰੱਖਿਆ ਦੇ ਮੌਕੇ ਮੁਹੱਈਆ ਕਰਾਉਣ ਲਈ ਰਾਜ ਕੀ ਅਤੇ ਕਿਹੋ ਜਿਹਾ ਕਰਨਾ ਚਾਹੁੰਦਾ ਹੈ। ਸਿੱਖਿਆ, ਸਿਹਤ ਅਤੇ ਲੋਕ-ਭਲਾਈ ਦੇ ਹੋਰ ਸਵਾਲਾਂ ਨੂੰ ਰਾਜਕੀ ਨੀਤੀ ਕਿਵੇਂ ਨਜਿੱਠਣਾ ਚਾਹੁੰਦੀ ਹੈ।



ਸਵਾਲ ਤਾਂ ਇਹ ਵੀ ਹੈ ਕਿ ਉੱਤਰੀ ਅਮਰੀਕਾ ਤੋਂ ਬਾਹਰ ਕੈਨੇਡੀਅਨ ਹਾਕਮ ਜਮਾਤ ਜਿਵੇਂ ਵਿਸ਼ਵ ਪੱਧਰ ’ਤੇ ਅਮਰੀਕਨ ਸਾਮਰਾਜੀਆਂ ਦੀ ਭਾਈਵਾਲ ਬਣਕੇ ਚਲਦੀ ਰਹੀ ਹੈ ਉਸ ਤੋਂ ਇਹ ਕਿਵੇਂ ਖਹਿੜਾ ਛੁਡਾਏਗੀ। ਕੈਨੇਡੀਅਨ ਲੋਕਾਂ ਨੇ ਚੋਣਾਂ ਵਿਚ ਕੈਨੇਡਾ ਦੀ ਆਜ਼ਾਦ ਹੈਸੀਅਤ ਨਾਲ ਡੂੰਘਾ ਲਗਾਓ ਅਤੇ ਸਰੋਕਾਰ ਦਿਖਾਇਆ ਹੈ, ਕੀ ਨਵਾਂ ਪ੍ਰਧਾਨ ਮੰਤਰੀ ਲੋਕਾਈ ਦੀਆਂ ਭਾਵਨਾਵਾਂ ’ਤੇ ਖ਼ਰਾ ਉੱਤਰੇਗਾ ਜਾਂ ਵ੍ਹਾਈਟ ਹਾਊਸ ਦਾ ਪਿੱਛਲੱਗ ਬਣਿਆ ਰਹੇਗਾ? ਲਿਬਰਲ ਸਿਆਸਤਦਾਨ ਜਾਣਦੇ ਹਨ ਕਿ ਇਸ ਗੁੰਝਲਦਾਰ ਸਵਾਲ ਨੂੰ ਹੱਲ ਕਰਨ ਦੀ ਕੋਸ਼ਿਸ਼ ਨਵੇਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਲਈ ਨਵੀਆਂ ਦਿੱਕਤਾਂ ਖੜ੍ਹੀਆਂ ਕਰੇਗੀ ਅਤੇ ਉਹ ਇਸ ਤੋਂ ਟਾਲਾ ਵੱਟਣਾ ਚਾਹੁੰਣਗੇ।

ਚੋਣ ਨਤੀਜੇ ਇਸ ਪੱਖੋਂ ਵੀ ਗ਼ੌਰਤਲਬ ਹਨ ਕਿ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖਾਂ ਲਈ ਹਾਅ ਦਾ ਨਾਅਰਾ ਮਾਰਨ ਵਾਲੀ ਐੱਨਡੀਪੀ ਦੀ ਸਮਰੱਥਾ ਅਤੇ ਤਾਕਤ ਬੁਰੀ ਤਰ੍ਹਾਂ ਖੁਰੀ ਹੈ ਅਤੇ ਇਸਦੇ ਵੱਡੇ ਚਿਹਰੇ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਹ ਤਾਂ ਭਵਿੱਖ ਹੀ ਦੱਸੇਗਾ ਕਿ ਖੁੱਸ ਚੁੱਕੀ ਰਾਜਨੀਤਕ ਸਪੇਸ ਮੁੜ ਹਾਸਲ ਕਰਨ ਲਈ ਐੱਨਡੀਪੀ ਲੀਡਰਸ਼ਿਪ ਦੀ ਅਗਲੀ ਯੁੱਧਨੀਤੀ ਕਿੰਨੀ ਕੁ ਕਾਮਯਾਬ ਹੁੰਦੀ ਹੈ।

ਇਨ੍ਹਾਂ ਤਮਾਮ ਸਵਾਲਾਂ ਦੇ ਬਾਵਜੂਦ ਕੈਨੇਡੀਅਨ ਲੋਕਾਂ ਵੱਲੋਂ ਅਮਰੀਕਨ ਸਾਮਰਾਜ ਦੀ ਧੌਂਸ ਵਿਰੁੱਧ ਖੜ੍ਹੇ ਹੋਣ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਲੋਕ ਹਿੱਤਾਂ ਲਈ ਕਾਰਜਸ਼ੀਲ ਹਿੱਸਿਆਂ ਨੂੰ ਹੁਣ ਕੈਨੇਡਾ ਦੇ ਬੁਨਿਆਦੀ ਮਸਲੇ ਉਭਾਰਨ ਉੱਪਰ ਕੇਂਦਰਤ ਕਰਨਾ ਚਾਹੀਦਾ ਹੈ।

**ਸੰਪਾਦਕੀ ਬੋਰਡ**

CALL NOW
FOR HOUSE BUYING & SELLING NEEDS.
RE/MAX
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
Punjab Insurance Inc PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm
#1150, 4818 Westwindus Drive NE. Calgary
403-293-9360

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® REALTOR® REAL ESTATE BOARD



Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

### ਗੁਲਫ਼ਿਸ਼ਾਂ ਫ਼ਾਤਿਮਾ ਦੀ ਕੈਦ ਦੇ 5 ਸਾਲ

# ਤਿਹਾੜ ਜੇਲ੍ਹ ਦੀਆਂ ਸੀਖ਼ਾਂ ਪਿੱਛੇ ਬੰਦ ਜੁਝਾਰੂ ਕੁੜੀ ਦੀ ਦਾਸਤਾਨ



ਬੂਟਾ ਸਿੰਘ ਮਹਿਮੂਦਪੁਰ
94634-74342

*[ਪਿਛਲੇ ਪੰਜ ਸਾਲਾਂ ਤੋਂ ਦਿੱਲੀ ਦੀ ਤਿਹਾੜ ਜੇਲ ਦੀਆਂ ਸੀਖ਼ਾਂ ਪਿੱਛੇ ਇਕ 31 ਸਾਲਾ ਮੁਸਲਮਾਨ ਕੁੜੀ, ਗੁਲਫ਼ਿਸ਼ਾਂ ਫ਼ਾਤਿਮਾ ਕੈਦ ਹੈ। ਨਾਗਰਿਕਤਾ ਸੋਧ ਕਾਨੂੰਨ (311) ਦੇ ਖਿਲਾਫ਼ ਆਪਣੀ ਅਸਹਿਮਤੀ ਦਰਸਾਉਣ ਦਾ ਮੁੱਲ ਉਸਨੂੰ ਇਸ ਲੰਮੀ ਕੈਦ ਦੇ ਰੂਪ ਵਿਚ ਤਾਰਨਾ ਪਿਆ ਹੈ। ਜੇਲ੍ਹ ਵਿਚ ਸਿਰਫ਼ ਗੁਲਫ਼ਿਸ਼ਾਂ ਹੀ ਬੰਦ ਨਹੀਂ ਹੈ – ਉਸ ਦੇ ਨਾਲ ਇਸ ਹੋਣਹਾਰ ਧੀ ਦੇ ਖ਼ਵਾਬ, ਉਸ ਦੀਆਂ ਉਮੀਦਾਂ, ਉਸ ਦੇ ਬੁੱਢੇ ਮਾਂ-ਪਿਓ ਦੀਆਂ ਰਿਹਾਈ ਉਡੀਕਦੀਆਂ ਅੱਖਾਂ, ਵਿਤਕਰੇ ਦੇ ਖਿਲਾਫ਼ ਖੜ੍ਹੇ ਹੋਣ ਦਾ ਸਵੈਵਿਸ਼ਵਾਸ ਵੀ ਕੈਦ ਹੈ। ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

ਦਸੰਬਰ 2019 'ਚ ਭਾਜਪਾ ਸਰਕਾਰ ਵੱਲੋਂ ਪਾਸ ਕੀਤੇ 'ਨਾਗਰਿਕਤਾ ਸੋਧ ਕਾਨੂੰਨ' ਵਿਰੁੱਧ ਘੱਟਗਿਣਤੀ ਮੁਸਲਮਾਨ ਫਿਰਕੇ ਦੇ ਲੋਕਾਂ ਨੂੰ ਆਪਣਾ ਨਾਗਰਿਕਤਾ ਦਾ ਹੱਕ ਬਚਾਉਣ ਲਈ ਸੜਕਾਂ 'ਤੇ ਆਉਣਾ ਪਿਆ ਸੀ। ਦਿੱਲੀ ਵਿਚ ਸ਼ਾਹੀਨ ਬਾਗ਼ ਅਤੇ ਪੂਰੇ ਮੁਲਕ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸੇ ਤਰਜ਼ ਦੇ ਪੱਕੇ ਮੋਰਚਿਆਂ ਦੀ ਦਿ?ੜ ਆਵਾਜ਼ ਤੋਂ ਭੈਭੀਤ ਹੋਈ ਭਗਵਾ ਹਕੂਮਤ ਐਨੀ ਜ਼ਿਆਦਾ ਬੌਂਖਲਾ ਗਈ ਕਿ ਸ਼ਾਂਤਮਈ ਅੰਦੋਲਨ ਨੂੰ ਖਦੇੜਨ ਲਈ ਪੁਲਿਸ ਅਤੇ ਭਗਵਾ ਦਹਿਸ਼ਤੀ ਗਰੋਹਾਂ ਦੇ ਕਟਕ ਚਾੜ੍ਹ ਦਿੱਤੇ ਗਏ। 23 ਫਰਵਰੀ 2020 ਨੂੰ ਮੁਸਲਮਾਨਾਂ ਨੂੰ ਖ਼ਾਸ ਨਿਸ਼ਾਨਾ ਬਣਾ ਕੇ ਹਿੰਸਾ ਕੀਤੀ ਗਈ ਅਤੇ ਪੂਰੇ ਤਿੰਨ ਦਿਨ ਪੂਰਬ-ਉੱਤਰੀ ਦਿੱਲੀ ਵਿਚ ਸਾੜਫੂਕ, ਵੱਢਟੁੱਕ ਅਤੇ ਕਤਲਾਂ ਦਾ ਨੰਗਾ ਨਾਚ ਨੱਚਿਆ ਗਿਆ। ਕਪਿਲ ਮਿਸ਼ਰੇ ਵਰਗੇ ਫਿਰਕੂ ਨਫ਼ਰਤ ਨਾਲ ਹਲਕਾਏ ਭਾਜਪਾ ਆਗੂ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ ਫਿਰਕੂ ਹਜੂਮ ਨੂੰ ਮੁਸਲਮਾਨਾਂ ਉੱਪਰ ਹਮਲੇ ਕਰਨ ਲਈ ਉਕਸਾਉਂਦੇ ਦੇਖੇ ਗਏ। ਮੀਡੀਆ ਕੈਮਰਿਆਂ ਨੇ ਇਹ ਸਭ ਪ੍ਰਸਾਰਿਤ ਵੀ ਕੀਤਾ। ਇਨ੍ਹਾਂ ਹਮਲਿਆਂ ਵਿਚ 53 ਲੋਕ ਮਾਰੇ ਗਏ ਜਦਕਿ 700 ਫੱਟੜ ਹੋਏ। ਇਹ ਮੁੱਖ ਤੌਰ 'ਤੇ ਮੁਸਲਮਾਨ ਸਨ। ਬਹੁਤ ਸਾਰੀਆਂ ਲਾਸ਼ਾਂ ਨਾਲਿਆਂ, ਡਰੇਨਾਂ ਵਿੱਚੋਂ ਮਿਲੀਆਂ। ਮਜ਼ਲੂਮ ਮੁਸਲਮਾਨ ਘੱਟਗਿਣਤੀ ਦੇ ਘਰ, ਦੁਕਾਨਾਂ ਤੇ ਹੋਰ ਕਾਰੋਬਾਰ ਤੋੜ ਦਿੱਤੇ ਗਏ। ਮਸਜਿਦਾਂ ਨੂੰ ਤੋੜਨਾ ਅਤੇ ਅੱਗਾਂ ਲਾਉਣਾ ਇਸ ਹਮਲੇ ਦਾ ਖ਼ਾਸ ਟੀਚਾ ਸੀ।

ਫਿਰ ਹਮਲੇ ਦਾ ਦੂਜਾ ਪੜਾਅ ਸ਼ੁਰੂ ਹੋ ਗਿਆ। ਮੁਜਰਿਮ ਖ਼ੁਦ ਹੁਕਮਰਾਨ ਸਨ। ਉਨ੍ਹਾਂ ਦੀ ਆਪਣੀ ਹਕੂਮਤ ਹੋਣ ਕਾਰਨ ਅਤੇ ਮੁੱਖ ਧਾਰਾ ਮੀਡੀਆ ਆਰਐੱਸਐੱਸ-ਭਾਜਪਾ ਦੀ ਸੇਵਾ 'ਚ ਹਾਜ਼ਰ ਹੋਣ ਕਾਰਨ ਉਨ੍ਹਾਂ ਲਈ ਕੋਈ ਵੀ ਝੂਠਾ ਬਿਰਤਾਂਤ ਪ੍ਰਚਾਰਨ ਅਤੇ ਮਜ਼ਲੂਮ ਘੱਟਗਿਣਤੀ ਨੂੰ ਹੀ ਦੋਸ਼ੀ ਕਰਾਰ ਦੇਣ 'ਚ ਕੋਈ ਰੁਕਾਵਟ ਨਹੀਂ ਸੀ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਿਸ ਨੇ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਇਹ ਪ੍ਰਚਾਰਿਆ ਗਿਆ ਕਿ ਇਹ ਹਿੰਸਾ 'ਟਰੰਪ ਦੀ ਫੇਰੀ ਮੌਕੇ (22-23 ਫਰਵਰੀ) ਗੜਬੜ ਫੈਲਾ ਕੇ ਸਰਕਾਰ ਦੀਆਂ ਗੋਡਣੀਆਂ ਲਵਾਉਣ





ਅਤੇ ਭਾਰਤ ਨੂੰ ਬਦਨਾਮ ਕਰਨ' ਦੀ ਡੂੰਘੀ ਸਾਜ਼ਿਸ਼ ਤਹਿਤ ਕਰਵਾਈ ਗਈ ਹੈ। 'ਸਾਜ਼ਿਸ਼' ਦੀ ਜਾਂਚ ਦੀ ਜ਼ਿੰਮੇਵਾਰੀ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੂੰ ਸੌਂਪੀ ਗਈ ਜਿਸ ਦੀ ਦਹਿਸ਼ਤਵਾਦ ਕਾਂਡਾਂ ਦੇ ਝੂਠੇ ਕੇਸ ਬਣਾ ਕੇ ਬੇਕਸੂਰ ਮੁਸਲਮਾਨਾਂ ਨੂੰ ਦਸ-ਪੰਦਰਾਂ ਸਾਲ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਨ ਦੀ ਖ਼ਾਸ ਮੁਹਾਰਤ ਹੈ।

ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ ਉਪਰੋਕਤ ਹਿੰਸਾ ਦੇ ਕੇਸਾਂ ਵਿਚ 2617 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਪੈਸ਼ਲ ਸੈੱਲ ਨੇ ਕਾਰਕੁਨ ਵਿਦਿਆਰਥੀ ਕਾਰਕੁੰਨਾਂ ਸ਼ਰਜੀਲ ਇਮਾਮ, ਗੁਲਫ਼ਿਸ਼ਾਂ ਫਾਤਿਮਾ, ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ, ਸਫ਼ੂਰਾ ਜ਼ਰਗਰ, ਕਾਰਕੁਨ ਉਮਰ ਖ਼ਾਲਿਦ, ਸਲੀਮ ਮਲਿਕ ਸਮੇਤ 21 ਵਿਅਕਤੀਆਂ ਨੂੰ ਇਸ ਸਾਜ਼ਿਸ਼ ਦੇ ਦੋਸ਼ੀ ਦੱਸਿਆ। ਇਨ੍ਹਾਂ ਸਾਰਿਆਂ ਨੇ ਸ਼ਾਂਤਮਈ ਧਰਨਿਆਂ-ਮੁਜ਼ਾਹਰਿਆਂ ਰਾਹੀਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਪੜ੍ਹੇ ਲਿਖੇ ਮੁਸਲਮਾਨ ਮੁੰਡੇ-ਕੁੜੀਆਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਯੂਏਪੀਏ ਲਗਾ ਕੇ ਅਣਮਿੱਥੇ ਸਮੇਂ ਲਈ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਆਰਐੱਸਐੱਸ-ਭਾਜਪਾ ਤਾਂ ਆਪਣੇ 'ਹਿੰਦੂ ਰਾਸ਼ਟਰ' ਦੇ ਰਾਜਨੀਤਕ ਪ੍ਰੋਜੈਕਟ ਤਹਿਤ ਮੁਸਲਮਾਨਾਂ ਨੂੰ ਦੋਇਮ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾਉਣ ਲਈ ਕਾਨੂੰਨੀ-ਗ਼ੈਰਕਾਨੂੰਨੀ ਹਰ ਹਰਬਾ ਵਰਤ ਰਹੀ ਹੈ, ਫਿਰ ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਮੁਸਲਮਾਨ ਔਰਤਾਂ ਹਕੂਮਤ ਦੇ ਕਾਨੂੰਨਾਂ ਨੂੰ ਸੜਕਾਂ ਉੱਪਰ ਬੈਠਕੇ ਚੁਣੌਤੀ ਦੇਣ।

ਇਹ ਜੱਗ ਜ਼ਾਹਿਰ ਹੈ ਕਿ ਉਹ

ਅਨੁ.: ਬੂਟਾ ਸਿੰਘ ਮਹਿਮੂਦਪੁਰ

# ਮੈਂ ਆਜ਼ਾਦੀ ਲਈ ਤਾਂਘ ਰਹੀ ਹਾਂ

*[ਗੁਲਫ਼ਿਸ਼ਾਂ ਫ਼ਾਤਿਮਾ ਪਿਛਲੇ ਪੰਜ ਸਾਲਾਂ ਤੋਂ ਜੇਲ੍ਹ ਵਿੱਚ ਹੈ। ਹੇਠਾਂ ਉਹ ਖ਼ਤ ਹੈ ਜੋ ਉਸਨੇ ਹਾਲ ਹੀ ਵਿੱਚ ਜੇਲ੍ਹ ਵਿੱਚੋਂ ਆਪਣੇ ਦੋਸਤਾਂ ਨੂੰ ਲਿਖਿਆ, ਜਿਸ ਵਿੱਚ ਉਸਨੇ ਆਪਣਾ ਪੰਜ ਸਾਲ ਦਾ ਅਨੁਭਵ ਸਾਂਝਾ ਕੀਤਾ ਹੈ।]*

ਨਮਸਤੇ,

ਰਾਤ ਨੂੰ ਮੈਂ ਟੀਵੀ 'ਤੇ ਖ਼ਬਰਾਂ ਅਤੇ ਬਹਿਸਾਂ ਦੇਖਦੀ ਹਾਂ। ਇਹ ਸਿਰਫ਼ ਦਿਖਾਈ ਨਹੀਂ ਦਿੰਦਾ, ਬਲਕਿ ਕਿਸੇ ਵੀ ਸਮਝਦਾਰ ਵਿਅਕਤੀ ਨੂੰ ਇਹ ਸਪੱਸ਼ਟ ਹੈ ਕਿ ਚੀਕਣ ਵਾਲਾ ਮੁੱਖ ਧਾਰਾ ਮੀਡੀਆ ਜਨਤਾ ਨੂੰ ਇਹ ਅਹਿਸਾਸ ਦਿਵਾਉਣ 'ਤੇ ਤੁਲਿਆ ਹੈ ਕਿ ਤੁਹਾਨੂੰ ਕਿਸੇ ਖ਼ਾਸ ਫਿਰਕੇ ਦੁਆਰਾ ਸ਼ੋਸ਼ਿਤ ਕੀਤਾ, ਅਪਮਾਨਿਤ ਕੀਤਾ ਅਤੇ ਦਬਾਇਆ ਗਿਆ ਹੈ, ਨਾ ਕਿ ਕਿਸੇ ਤਾਨਾਸ਼ਾਹੀ ਰਾਜਨੀਤਿਕ ਵਿਵਸਥਾ ਦੁਆਰਾ। ਪੱਖਪਾਤੀ ਮੀਡੀਆ ਇਹ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਤੁਹਾਡੇ ਨਾਲ ਅੱਜ ਵੀ ਜੋ ਕੁਝ ਬੁਰਾ ਹੁੰਦਾ ਹੈ, ਉਸਦਾ ਇਕੋ ਕਾਰਨ ਇੱਕ ਖ਼ਾਸ ਫਿਰਕਾ ਹੈ। ਹਰ ਘੱਟਗਿਣਤੀ ਨੂੰ ਇਸ ਤਰ੍ਹਾਂ ਖੁੱਲ੍ਹਮ-ਖੁੱਲ੍ਹਾ ਬਦਨਾਮ ਨਹੀਂ ਕੀਤਾ ਜਾਂਦਾ ਜਿਵੇਂ 'ਇੱਕ ਖ਼ਾਸ ਫਿਰਕੇ' ਨੂੰ।

ਇਸ ਸਭ ਦੇ ਬਾਵਜੂਦ, ਮੈਨੂੰ ਪੂਰਾ ਯਕੀਨ ਹੈ ਕਿ ਭਾਰਤ ਦੀ ਜਨਤਾ ਅੰਦਰੋਂ ਨਾ ਤਾਂ ਅਸਹਿਣਸ਼ੀਲ ਹੈ ਅਤੇ ਨਾ ਹੀ ਹਿੰਸਕ। ਮੈਂ ਸੁੱਖ ਦਾ ਸਾਹ ਲੈਂਦੀ ਹਾਂ ਜਦੋਂ ਦੇਖਦੀ ਹਾਂ ਕਿ ਇਸ ਐਨੀ ਜ਼ਿਆਦਾ ਧਰੁਵੀਕ੍ਰਿਤ ਹੁੰਦੀ ਜਾ ਰਹੀ ਦੁਨੀਆ ਵਿੱਚ ਲੋਕ ਏਕਤਾ ਅਤੇ ਸਥਿਰਤਾ ਲਈ ਜੂਝ ਰਹੇ ਹਨ। ਇੱਕ ਹੋਰ ਗੱਲ ਜੋ ਮੈਂ ਮਹਿਸੂਸ ਕੀਤੀ ਹੈ, ਉਹ ਇਹ ਹੈ ਕਿ ਧਰਮ ਅਤੇ ਰਾਜਨੀਤੀ ਹਮੇਸ਼ਾ ਨਾਲੋ-ਨਾਲ ਚਲਦੇ ਹਨ।

ਪਿਛਲੀ ਵਾਰ ਕੋਰਟਰੂਮ ਵਿੱਚ, ਮੈਂ ਆਪਣੇ ਪਾਪਾ ਨੂੰ ਹਕਲਾਉਂਦੇ ਹੋਏ ਦੇਖ ਕੇ ਪੁੱਛਿਆ, "ਤੁਹਾਨੂੰ ਇਹ ਤਕਲੀਫ਼ ਕਦੋਂ ਤੋਂ ਹੋਣ ਲੱਗੀ ਹੈ?" ਤਾਂ ਉਹਨਾਂ ਨੇ ਬਹੁਤ ਧੀਮੀ ਆਵਾਜ਼ 'ਚ ਕਿਹਾ, 'ਹਮੇਸ਼ਾ ਡਰ ਦਾ ਅਹਿਸਾਸ ਹੁੰਦਾ ਰਹਿੰਦਾ ਹੈ ਜਿਵੇਂ ਹੁਣੇ ਕੁਝ ਮਾੜਾ ਹੋਣ ਵਾਲਾ ਹੈ, ਇਸ ਲਈ ਬੋਲਦੇ-ਬੋਲਦੇ ਅਟਕ ਜਾਂਦਾ ਹਾਂ।' ਉਹਨਾਂ ਦੇ ਇਹ ਸ਼ਬਦ, ਜੋ ਕਿ ਸੱਚ ਹਨ, ਮੇਰੇ ਦਿਮਾਗ ਵਿੱਚ ਵਸ ਗਏ ਹਨ ਅਤੇ ਵਾਰ-ਵਾਰ ਘੁੰਮਦੇ ਰਹਿੰਦੇ ਹਨ।

ਜਦੋਂ ਮੇਰੇ ਮਾਤਾ-ਪਿਤਾ ਨੂੰ ਸਾਡੇ ਸੰਘਰਸ਼ ਦੀ ਹਮਾਇਤ ਵਿੱਚ ਜਾਂ ਕਿਸੇ ਸੈਮੀਨਾਰ ਜਾਂ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਜਾਂਦਾ ਹੈ, ਤਾਂ ਉਹ ਦੇਖਦੇ ਹਨ ਕਿ ਲੋਕ ਅਜੇ ਵੀ ਏਕਤਾ, ਸ਼ਾਂਤੀ, ਨਿਆਂ ਲਈ ਅਤੇ ਜਬਰ, ਬਦਨਾਮੀ, ਅਨਿਆਂ ਦੇ ਖਿਲਾਫ਼ ਬੋਲਣ ਦੀ ਹਿੰਮਤ ਕਰਦੇ ਹਨ। ਇਸ ਨਾਲ ਉਹਨਾਂ ਨੂੰ ਥੋੜ੍ਹੀ ਰਾਹਤ ਮਿਲਦੀ ਹੈ, ਚਾਹੇ ਕੁਝ ਸਮੇਂ ਲਈ ਹੀ ਸਹੀ। ਉਹਨਾਂ ਦੇਦੀ ਹਮਾਇਤ ਦਾ ਸਭ ਤੋਂ ਕਾਬਲੇ-ਤਾਰੀਫ਼ ਪਹਿਲੂ ਇਹ ਹੈ ਕਿ ਉਹਨਾਂ ਨੇ ਸਾਨੂੰ ਕਦੇ ਨਹੀਂ ਦੇਖਿਆ, ਨਾ ਹੀ ਨਿੱਜੀ ਤੌਰ 'ਤੇ ਸਾਨੂੰ ਜਾਣਦੇ ਹਨ। ਫਿਰ ਵੀ, ਇੱਕ ਸਾਂਝੇ ਮਕਸਦ ਲਈ ਸਾਡੇ ਨਾਲ ਖੜ੍ਹੇ ਹਨ। ਸੱਚ ਕਹਾਂ ਤਾਂ, ਵੱਖ-ਵੱਖ ਵਿਚਾਰਧਾਰਾਵਾਂ, ਧਾਰਮਿਕ ਵਿਸ਼ਵਾਸਾਂ ਵਾਲੇ ਲੋਕਾਂ ਤੋਂ ਇਹ ਨਿਰਸਵਾਰਥ ਪਿਆਰ ਦੇਖ ਕੇ ਮੈਂ ਭਾਵੁਕ ਹੋ ਜਾਂਦੀ ਹਾਂ।

ਕੁਝ ਲੋਕ ਅਜਿਹੇ ਵੀ ਹਨ ਜੋ ਮਨੁੱਖਤਾ ਅਤੇ ਇੱਕਜੁਟ ਭਾਰਤ ਦੇ ਹਿੱਤ ਵਿੱਚ ਮਤਭੇਦਾਂ ਨੂੰ ਵਿਵਾਦ ਵਿੱਚ ਨਹੀਂ ਬਦਲਣ ਦਿੰਦੇ। ਉਹ 'ਇੱਕ ਖ਼ਾਸ ਫਿਰਕੇ' ਦੇ ਵਿਸ਼ੇਸ਼ ਸਨੇਹ ਅਤੇ ਸਨਮਾਨ ਦੇ ਹੱਕਦਾਰ ਹਨ।

ਆਉਣ ਵਾਲੀ ਈਦ-ਉਲ-ਫਿਤਰ ਮੇਰੀ 6ਵੀਂ ਈਦ ਹੋਵੇਗੀ ਜੋ ਮੈਂ ਇੱਥੇ (ਜੇਲ੍ਹ ਵਿਚ) ਮਨਾਵਾਂਗੀ। ਉਸ ਦਿਨ ਲਈ ਮੈਂ ਸਿਲਾਈ ਸੈਂਟਰ ਤੋਂ ਕੁਝ ਗਹਿਣੇ ਅਤੇ ਕਾਜਲ ਖ਼ਰੀਦ ਲਏ ਹਨ। ਮੈਂ ਕੋਈ ਵੀ ਤਿਉਹਾਰ ਮਨਾਉਣ ਦਾ ਮੌਕਾ ਹੱਥੋਂ ਨਹੀਂ ਜਾਣ ਦਿੰਦੀ, ਚਾਹੇ ਇਹ ਰੱਖੜੀ ਹੋਵੇ, ਮਹਿਲਾ ਦਿਵਸ, ਹੋਲੀ, ਈਸਟਰ, ਵਗੈਰਾ। ਜਦੋਂ ਮੈਂ ਰੱਖੜੀ ਬੰਨ੍ਹਦੀ ਹਾਂ, ਤਾਂ ਮੈਂ ਆਪਣੀਆਂ ਸਹਿ-ਕੈਦਣਾਂ ਨੂੰ ਕਹਿੰਦੀ ਹਾਂ ਕਿ ਇਸ ਰੱਖੜੀ ਦੇ ਬਦਲੇ ਮੈਨੂੰ ......... ਤੋਂ ਬਚਾਓ। ਹੇਹੇਹੇ ਦਰਅਸਲ, ਮੈਂ ਹਰ ਮੌਕੇ ਨੂੰ ਭਰਪੂਰ ਜੀਣ ਦੀ ਕੋਸ਼ਿਸ਼ ਕਰਦੀ ਹਾਂ। ਕਿਉਂਕਿ ਮੈਂ ਹਕੀਕਤ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਨ ਵਿੱਚ ਵਿਸ਼ਵਾਸ ਰੱਖਦੀ ਹਾਂ, ਫਿਰ ਬਹੁਤ ਚਿੰਤਾ ਕਿਉਂ ਕੀਤੀ ਜਾਵੇ? "ਜੇਕਰ ਮੈਂ ਬਾਹਰ ਹੁੰਦੀ ਤਾਂ ਮੈਂ ਇਹ ਕਰਦੀ, ਉਹ ਕਰਦੀ।" ਸੋਚਣ ਦਾ ਕੀ ਫ਼ਾਇਦਾ। ਹਕੀਕਤ ਇਹ ਹੈ ਕਿ ਮੈਂ ਜੇਲ੍ਹ ਵਿੱਚ ਹਾਂ। ਹੁਣ ਇਹ ਪੂਰੀ ਤਰ੍ਹਾਂ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਆਪਣੇ ਮਨ ਅਤੇ ਰੂਹ ਨੂੰ ਕਿਸ ਦਿਸ਼ਾ 'ਚ ਲੈ ਕੇ ਜਾਣਾ ਹੈ। ਕਈ ਵਾਰ, ਮੈਂ ਆਪਣੇ ਆਪ ਨੂੰ ਦਾਰਸ਼ਨਿਕ ਲੱਗਦੀ ਹਾਂ, ਪਰ ਅਨਜਾਣੇ ਹੀ ਇਹ ਸੱਚ ਹੈ ਕਿ ਕੈਦ ਨੇ ਮੈਨੂੰ ਹੋਰ ਵੀ ਅਧਿਆਤਮਕ ਬਣਾ ਦਿੱਤਾ ਹੈ। ਮੈਂ ਚਾਹੁੰਦੀ ਹਾਂ ਕਿ ਜੋ ਲੋਕ ਆਪਣੇ ਆਪ ਨੂੰ ਧਾਰਮਿਕ ਮੰਨਦੇ ਹਨ, ਉਹ ਵੀ ਆਪਣੀ ਆਤਮਾ ਨੂੰ ਅਧਿਆਤਮਕਤਾ ਦੇ ਰਸਤੇ 'ਤੇ ਚੱਲਣ ਦਾ ਮੌਕਾ ਦੇਣ। ਅਧਿਆਤਮਕ ਤੌਰ 'ਤੇ ਜਾਗਰੂਕ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਦੁੱਖ, ਨਿਰਾਸ਼ਾ, ਜਾਂ ਭਟਕਣ ਦਾ ਅਨੁਭਵ ਬੰਦ ਹੋ ਜਾਂਦਾ ਹੈ। ਇਹ ਸਭ ਤਾਂ ਹੁੰਦਾ ਹੈ। ਮੈਂ ਆਜ਼ਾਦੀ ਲਈ ਤੜਫਦੀ ਹਾਂ ਅਤੇ ਰਿਹਾਈ ਦੀ ਅਨੰਤ ਅਨਿਸ਼ਚਿਤਤਾ ਬਹੁਤ ਡੂੰਘੀ ਲੱਗਦੀ ਹਾਂ। ਪਰ ਇਸ ਨੇ ਮੈਨੂੰ ਜੀਵਨ ਦੀ ਨਾਜ਼ੁਕਤਾ ਦਾ ਅਹਿਸਾਸ ਕਰਾਇਆ ਹੈ।



(੫)

but rather remained stood by my side like a pillar to offer me solace, solidarity & support. throughout 5 year of nonesence imprisonment. without their presence and love, this journey would have been extremely extremely devastating.

Thankfully on 16th April-2025 I will have completed 5 year of jail life. I shall celebrate this day also to mark my survival in the most bizzare circumstances of struggle. Though incarceration has not done any harm to my body, yet it has successly managed to inflict wounds on my mental health. The retaintion power of memory has deteriorated so badly that I forget even to call my mom very often. I am going somewhere to do something suddenly on the way I forget where I was heading to and for what. then what to do I just laugh at this condition. It really makes me laugh aloud. hahaha—

khair, Faiz's poetry seems to work for me in an unexpected way whenever I feel very low I resort to reading his poetry for 2-3 days then it all vanishes in air. Thank you Faiz ♡ for your legacy. I leave you with 2 couplets composed by him.

चलो आओ तुमको दिखायें हम, जो बचा है मक़तले शहर में
ये मज़ार अह्ले-सफ़ा के हैं, ये अह्ले-सिदक़ की तुर्बतें
मेरी जान आज का ग़म न कर के: न जाने कातिबे वक़्त ने
किसी अपने कल में भी भूलकर कहीं लिख रही हो मसर्रतें

Take care, lots of love.

Bye Bye ♡♡

ਪਿਛਲੇ ਮਹੀਨੇ ਮੈਂ ਹਿੰਦੀ ਵਿੱਚ ਵਿਵੇਕਾਨੰਦ ਸਾਹਿਤ ਪੜ੍ਹ ਰਹੀ ਸੀ। ਮੈਨੂੰ ਉਹਨਾਂ ਦੇ ਬਹੁਤ ਸਾਰੇ ਵਿਚਾਰ ਮਹਾਨ ਲੱਗੇ। ਸਾਨੂੰ ਉਹਨਾਂ ਦੇ ਨਜ਼ਰੀਏ ਨੂੰ ਵਿਸ਼ਾਲ ਪ੍ਰਸੰਗ ਵਿੱਚ ਸਮਝਣ ਦੀ ਲੋੜ ਹੈ, ਜੋ ਆਮ ਲੋਕਾਂ ਨੂੰ ਫ਼ਰਕਾਂ ਅਤੇ ਵੰਨ-ਸੁਵੰਨਤਾ ਦੀ ਖ਼ੂਬਸੂਰਤੀ ਬਾਰੇ ਸਮਝਾ ਸਕਦੇ ਹਨ।

ਅੰਤ ਵਿੱਚ, ਮੈਂ ਆਪਣੇ ਪਰਿਵਾਰ, ਦੋਸਤਾਂ, ਵਕੀਲਾਂ ਅਤੇ ਹਰ ਉਸ ਵਿਅਕਤੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜਿਨ੍ਹਾਂ ਨੇ ਮੈਨੂੰ ਨਹੀਂ ਛੱਡਿਆ, ਬਲਕਿ ਪੰਜ ਸਾਲਾਂ ਦੀ ਇਸ ਬੇਵਜ੍ਹਾ ਕੈਦ ਦੌਰਾਨ ਮੇਰੇ ਸਾਥ ਨਾਲ ਡੱਟ ਕੇ ਖੜ੍ਹੇ ਰਹੇ, ਮੈਨੂੰ ਸਹਾਰਾ ਦਿੱਤਾ, ਇਕਜੁੱਟਤਾ ਦਿਖਾਈ ਅਤੇ ਹੌਸਲਾ ਦਿੱਤਾ। ਉਹਨਾਂ ਦੇ ਪਿਆਰ ਅਤੇ ਸਾਥ ਤੋਂ ਬਿਨਾਂ, ਇਹ ਸਫ਼ਰ ਬੇਹੱਦ ਦੁਖਦਾਈ ਹੁੰਦਾ।

ਖ਼ੁਸ਼ਕਿਸਮਤੀ ਨਾਲ, 16 ਅਪ੍ਰੈਲ 2025 ਨੂੰ ਮੇਰੀ ਜੇਲ੍ਹ ਜ਼ਿੰਦਗੀ ਦੇ ਪੰਜ ਸਾਲ ਪੂਰੇ ਹੋ ਜਾਣਗੇ। ਮੈਂ ਇਸ ਦਿਨ ਨੂੰ ਵੀ ਤਿਓਹਾਰ ਵਾਂਗ ਮਨਾਵਾਂਗੀ, ਆਪਣੇ ਸੰਘਰਸ਼ ਦੇ ਵਿਚਿੱਤਰ ਹਾਲਾਤਾਂ ਵਿੱਚ ਬਚੇ ਰਹਿਣ ਦੀ ਪ੍ਰਾਪਤੀ ਦੇ ਰੂਪ 'ਚ। ਹਾਲਾਂਕਿ ਕੈਦ ਨੇ ਮੇਰੇ ਸਰੀਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ, ਪਰ ਇਸਦਾ ਮੇਰੀ ਮਾਨਸਿਕ ਸਿਹਤ 'ਤੇ ਜ਼ਰੂਰ ਅਸਰ ਪਿਆ ਹੈ। ਯਾਦਦਾਸ਼ਤ ਏਨੀ ਕਮਜ਼ੋਰ ਹੋ ਗਈ ਹੈ ਕਿ ਮੈਂ ਅਕਸਰ ਆਪਣੀ ਮਾਂ ਨੂੰ ਫੋਨ ਕਰਨਾ ਵੀ ਭੁੱਲ ਜਾਂਦੀ ਹਾਂ। ਕੁਝ ਕਰਨ ਲਈ ਕਿਤੇ ਜਾਂਦੀ ਹਾਂ ਤਾਂ ਰਾਹ ਵਿੱਚ ਹੀ ਭੁੱਲ ਜਾਂਦੀ ਹਾਂ ਕਿ ਮੈਂ ਕਿੱਥੇ ਜਾ ਰਹੀ ਸੀ ਅਤੇ ਕਿਉਂ। ਫਿਰ ਮੈਂ ਕੀ ਕਰਦੀ ਹਾਂ, ਬਸ ਆਪਣੀ ਇਸ ਹਾਲਤ 'ਤੇ ਹੱਸ ਪੈਂਦੀ ਹਾਂ। ਸੱਚਮੁੱਚ, ਮੈਨੂੰ ਬਹੁਤ ਹਾਸਾ ਆਉਂਦਾ ਹੈ। ਹਾਹਾਹਾ... ਖ਼ੈਰ!

ਫ਼ੈਜ਼ ਦੀ ਸ਼ਾਇਰੀ ਮੇਰੇ ਲਈ ਅਚਾਨਕ ਰਾਹਤ ਬਣ ਗਈ ਹੈ। ਜਦੋਂ ਵੀ ਮੈਂ ਬਹੁਤ ਉਦਾਸ ਮਹਿਸੂਸ ਕਰਦੀ ਹਾਂ, ਤਾਂ ਦੋ-ਤਿੰਨ ਦਿਨ ਲਈ ਉਸਦੀ ਸ਼ਾਇਰੀ ਪੜ੍ਹਨ ਲੱਗ ਜਾਂਦੀ ਹਾਂ, ਫਿਰ ਤਾਂ ਜਿਵੇਂ ਸਭ ਕੁਝ ਹਵਾ ਵਿੱਚ ਉੱਡ ਜਾਂਦਾ ਹੈ। ਧੰਨਵਾਦ, ਫੈਜ਼ ਤੁਹਾਡੀ ਵਿਰਾਸਤ ਲਈ।

ਮੈਂ ਫ਼ੈਜ਼ ਦੇ ਲਿਖੇ ਦੋ ਸ਼ੇਅਰਾਂ ਨਾਲ ਤੁਹਾਡੇ ਤੋਂ ਵਿਦਾ ਹੁੰਦੀ ਹਾਂ:

**ਚਲੋ ਆਓ ਤੁਮਕੋ ਦਿਖਾਏਂ ਹਮ ਜੋ ਬਚਾ ਹੈ ਮਕਤਲ-ਏ-ਸ਼ਹਰ ਮੇਂ**
**ਯੇ ਮਜ਼ਾਰ ਅਹਲ-ਏ-ਸਫ਼ਾ ਕੇ ਹੈਂ ਯੇ ਅਹਲ-ਏ-ਸਿਦਕ ਕੀ ਤੁਰਬਤੇਂ**
**ਮੇਰੀ ਜਾਨ ਆਜ ਕਾ ਗਮ ਨ ਕਰ ਕਿ ਨ ਜਾਨੇ ਕਾਤਿਬ-ਏ-ਵਕਤ ਨੇ**
**ਕਿਸੀ ਅਪਨੇ ਕਲ ਮੇਂ ਭੀ ਭੂਲਕਰ ਕਹੀਂ ਲਿਖ ਰਹੀ ਹੋ ਮਸਰਤੇਂ।**

ਉਪਰੋਕਤ ਫਿਰਕੂ ਕਾਨੂੰਨ ਵਿਰੁੱਧ ਆਵਾਜ਼ ਉਠਾਉਣ ਲਈ ਆਪਣੇ ਸੰਵਿਧਾਨਕ ਹੱਕ ਤਹਿਤ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ। ਦਿੱਲੀ ਪੁਲਿਸ ਨੇ ਉਚੇਚਾ ਤਰੱਦਦ ਕਰਕੇ 25000 ਪੰਨਿਆਂ ਦੀਆਂ ਪੰਜ ਚਾਰਜਸ਼ੀਟਾਂ ਪੇਸ਼ ਕੀਤੀਆਂ ਹਨ ਤਾਂ ਜੋ ਇਹ ਸਾਬਤ ਕੀਤਾ ਜਾ ਸਕੇ ਕਿ ਬਹੁਤ ਵੱਡੀ ਦੇਸ਼-ਧਰੋਹੀ ਸਾਜ਼ਿਸ਼ ਹੋਣ ਕਾਰਨ ਇਨ੍ਹਾਂ ਵਿਰੁੱਧ ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ, ਯੂਏਪੀਏ ਅਤੇ ਹੋਰ ਸਖ਼ਤ ਕਾਨੂੰਨੀ ਧਾਰਾਵਾਂ ਲਗਾਕੇ ਇਨ੍ਹਾਂ ਨੂੰ ਬਿਨਾਂ ਜ਼ਮਾਨਤ ਜੇਲ੍ਹ ਵਿਚ ਰੱਖਣਾ ਇਕਦਮ ਸਹੀ ਹੈ। ਚਾਰਜਸ਼ੀਟ ਕੀਤੇ 18 ਵਿੱਚੋਂ 16 ਮੁਸਲਮਾਨ ਹਨ। ਪੂਰੀ ਦੁਨੀਆ ਜਾਣਦੀ ਹੈ ਕਿ ਭਾਰਤੀ ਹੁਕਮਰਾਨਾਂ ਵੱਲੋਂ ਇਸ ਕਾਨੂੰਨ ਦਾ ਖ਼ਾਸ ਨਿਸ਼ਾਨਾ ਉਨ੍ਹਾਂ ਪੱਤਰਕਾਰਾਂ, ਚਿੰਤਕਾਂ, ਕਾਰਕੁੰਨਾਂ ਅਤੇ ਸੱਤਾ ਨੂੰ ਸਵਾਲ ਕਰਨ ਵਾਲਿਆਂ ਨੂੰ ਬਣਾਇਆ ਜਾਂਦਾ ਹੈ ਤਾਂ ਜੋ ਬਾਕੀ ਸਮਾਜ ਸੱਤਾ ਦੀ ਕਰੂਰਤਾ ਤੋਂ ਖ਼ੌਫ਼ਜ਼ਦਾ ਹੋ ਕੇ ਵਿਰੋਧ ਕਰਨ ਦੀ ਹਿੰਮਤ ਨਾ ਕਰੇ। ਦਿੱਲੀ ਪੁਲਿਸ ਦੀਆਂ ਪੂਰੀ ਤਰ੍ਹਾਂ ਝੂਠੀਆਂ ਕਹਾਣੀਆਂ ਪ੍ਰਤੀ ਅੱਖਾਂ ਮੀਟਕੇ ਅਦਾਲਤਾਂ ਵਾਰ-ਵਾਰ ਉਨ੍ਹਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਰਹੀਆਂ ਹਨ। ਪੁਲਿਸ ਦੀ ਕਹਾਣੀ ਅਨੁਸਾਰ ਸੜਕ ਜਾਮ ਕਰਨਾ ਅਤੇ ਉਨ੍ਹਾਂ ਕੋਲੋਂ ਮਿਰਚਾਂ ਦਾ ਪਾਊਡਰ ਮਿਲਣਾ ਵੱਡੀ ਸਾਜ਼ਿਸ਼ ਦਾ ਸਬੂਤ ਹੈ!

ਇਸੇ ਸਿੱਕੇ ਦਾ ਦੂਜਾ ਪਾਸਾ ਇਹ ਹੈ ਕਿ ਹਿੰਸਾ ਦੇ ਇਕ ਮੁੱਖ ਸਰਗਣੇ ਕਪਿਲ ਮਿਸ਼ਰੇ ਵਿਰੁੱਧ ਦਿੱਲੀ ਪੁਲਿਸ ਨੇ ਭੜਕਾਊ ਭਾਸ਼ਣ ਦੀ ਰਿਕਾਰਡਿੰਗ ਸਮੇਤ ਸਾਰੇ ਸਬੂਤ ਹੋਣ ਅਤੇ ਚਸ਼ਮਦੀਦ ਗਵਾਹਾਂ ਵੱਲੋਂ ਸ਼ਿਕਾਇਤ ਕਰਨ ਦੇ ਬਾਵਜੂਦ ਕੇਸ ਦਰਜ ਨਹੀਂ ਕੀਤਾ। ਦਲੀਲ ਇਹ ਦਿੱਤੀ ਗਈ ਕਿ ਸ਼ਿਕਾਇਤਕਰਤਾਵਾਂ ਦਾ ਇਸ ਪਿੱਛੇ ਲੁਕਵਾਂ ਏਜੰਡਾ ਹੈ ਅਤੇ ਇਸੇ ਤਹਿਤ ਉਸ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮਾਰਚ 2025 'ਚ ਇਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਪੁਲਿਸ ਨੂੰ ਉਸ ਵਿਰੁੱਧ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ। ਹੁਣ ਤਾਂ ਉਸ ਵਿਰੁੱਧ ਕਾਰਵਾਈ ਦਾ ਸਵਾਲ ਹੀ ਨਹੀਂ ਹੈ ਕਿਉਂਕਿ ਉਹ ਤਰੱਕੀ ਕਰਕੇ ਦਿੱਲੀ ਸਰਕਾਰ ਵਿਚ ਮੰਤਰੀ ਬਣ ਗਿਆ ਹੈ! ਜ਼ਾਹਿਰ ਹੈ ਕਿ ਪੁਲਿਸ ਉੱਚ ਅਦਾਲਤ ਵਿਚ ਜਾ ਕੇ ਇਸ ਹੁਕਮ ਵਿਰੁੱਧ ਸਟੇਅ ਲੈ ਲਵੇਗੀ।

ਇਨ੍ਹਾਂ 21 'ਯੋਜਨਾ ਘਾੜਿਆਂ' ਵਿਚ ਇਕ ਨਾਮ ਗੁਲਫ਼ਿਸ਼ਾਂ ਫਾਤਿਮਾ ਹੈ। ਇਹ ਬੇਹੱਦ ਸੰਵੇਦਨਸ਼ੀਲ ਹੋਣਹਾਰ ਲੜਕੀ ਸਧਾਰਨ ਕਿਰਤੀ ਪਰਿਵਾਰ ਨਾਲ ਸੰਬੰਧਤ ਹੈ। ਗੁਲਫ਼ਿਸ਼ਾਂ ਨੇ ਆਪਣੇ ਸਮਾਜ ਦੇ ਭਵਿੱਖ ਲਈ ਉਪਰੋਕਤ ਫਿਰਕੂ ਕਾਨੂੰਨ 'ਚੋਂ ਸਮੋਏ ਖ਼ਤਰਿਆਂ ਨੂੰ ਸਮਝਿਆ ਅਤੇ ਇਸਦਾ ਵਿਰੋਧ ਕਰਨ ਲਈ ਆਪਣੇ ਸੰਵਿਧਾਨਕ ਹੱਕ ਵਰਤਣ ਦਾ ਰਾਹ ਚੁਣਿਆ।

ਹੋਰ ਕਾਰਕੁਨਾਂ ਵਾਂਗ ਗੁਲਫ਼ਿਸ਼ਾਂ ਉੱਪਰ ਵੀ ਪੂਰਬ-ਉੱਤਰੀ ਦਿੱਲੀ ਵਿਚ ਹੋਈ 'ਹਿੰਸਾ' ਵਿਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ ਗਿਆ। ਉਸ ਨੂੰ 9 ਅਪ੍ਰੈਲ 2020 ਵਿਚ 'ਗੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ' ਅਧੀਨ ਗ੍ਰਿਫ਼ਤਾਰ ਕੀਤਾ ਗਿਆ। ਉਸ ਸਮੇਂ ਗੁਲਫ਼ਿਸ਼ਾਂ ਸਿਰਫ਼ 26 ਸਾਲ ਦੀ ਸੀ। ਓਦੋਂ ਉਸਨੇ ਅਜੇ ਐਮਬੀਏ ਦੀ ਪੜ੍ਹਾਈ ਪੂਰੀ ਕੀਤੀ ਸੀ ਅਤੇ ਅੱਗੇ ਪੀਐਚਡੀ ਕਰਨਾ ਚਾਹੁੰਦੀ ਸੀ। ਉਸਦੇ ਆਪਣੀ ਜ਼ਿੰਦਗੀ, ਆਪਣੇ ਮਾਂ-ਪਿਓ ਤੇ ਪਰਿਵਾਰ ਲਈ ਜੋ ਖ਼ਵਾਬ ਸਨ ਉਹ ਉਸਦੇ ਨਾਲ ਹੀ ਜੇਲ੍ਹ ਵਿਚ ਬੰਦ ਹੋ ਗਏ। ਉਸਦਾ ਪਰਿਵਾਰ, ਸੰਗੀ-ਸਾਥੀ ਤੇ ਹੋਰ ਜਾਣਕਾਰ ਕਹਿੰਦੇ ਹਨ ਕਿ ਉਹ ਦੂਜਿਆਂ ਨੂੰ ਹੌਸਲਾ ਦੇਣ ਵਾਲੀ ਬਹੁਤ ਹੀ ਬਹਾਦਰ ਕੁੜੀ ਹੈ ਅਤੇ ਮੁਸ਼ਕਲ ਤੋਂ ਮੁਸ਼ਕਲ ਹਾਲਾਤ ਵਿਚ ਵੀ ਹਮੇਸ਼ਾ ਸਾਰਥਕ ਸੋਚਣ ਲਈ ਪ੍ਰੇਰਦੀ ਹੈ। ਅੰਦੋਲਨ ਦੌਰਾਨ ਵੀ ਉਹ ਔਰਤਾਂ ਅਤੇ ਬੱਚਿਆਂ ਨੂੰ ਪੜ੍ਹਾਉਣ ਦਾ ਕੋਈ ਮੌਕਾ ਨਹੀਂ ਗਵਾਉਂਦੀ ਸੀ ਤਾਂ ਕਿ ਪੜ੍ਹਾਈ ਜ਼ਿੰਦਗੀ 'ਚ ਉਨ੍ਹਾਂ ਦੇ ਕੰਮ ਆ ਸਕੇ।

ਗੁਲਫ਼ਿਸ਼ਾਂ ਨੂੰ ਕਿਤਾਬਾਂ ਨਾਲ ਬਹੁਤ ਮੁਹੱਬਤ ਹੈ। ਜੇਲ੍ਹ ਵਿਚ ਵੀ ਉਹ ਆਪਣੀ ਚਟਾਈ 'ਤੇ ਬੈਠੀ ਹਮੇਸ਼ਾ ਕੁਝ ਨਾ ਕੁਝ ਪੜ੍ਹਦੀ ਜਾਂ ਲਿਖਦੀ ਰਹਿੰਦੀ ਹੈ। ਜਦੋਂ ਵੀ ਉਸ ਨਾਲ ਮੁਲਾਕਾਤ ਕਰਨ ਵਾਲਾ ਉਸ ਨੂੰ ਪੁੱਛਦਾ ਹੈ ਕਿ ਤੇਰੇ ਲਈ ਕੀ ਲਿਆਈਏ ਤਾਂ ਉਹ ਸਿਰਫ਼ ਕਿਤਾਬਾਂ ਦੀ ਮੰਗ ਕਰਦੀ ਹੈ।

ਉਸ ਨੂੰ ਲਿਖਣਾ ਬਹੁਤ ਪਸੰਦ ਹੈ। ਜੇਲ੍ਹ ਵਿਚ ਰਹਿੰਦਿਆਂ ਲਿਖੀਆਂ ਕਵਿਤਾਵਾਂ, ਉਸਦੀਆਂ ਬਣਾਈਆਂ ਪੇਂਟਿੰਗ ਅਤੇ ਜੋ ਚਿੱਠੀਆਂ ਉਹ ਜੇਲ੍ਹ 'ਚੋਂ ਲਿਖਦੀ ਹੈ, ਉਹ ਉਸਦੀ ਸੰਵੇਦਨਸ਼ੀਲਤਾ ਦਾ ਮੂੰਹ-ਬੋਲਦਾ ਸਬੂਤ ਹਨ। ਉਸਦੀਆਂ ਕਵਿਤਾਵਾਂ ਵੇਦਨਾ, ਤਾਕਤ ਅਤੇ ਉਮੀਦ ਨਾਲ ਭਰਪੂਰ ਹਨ ਅਤੇ ਅਨਿਆਂ ਤੇ ਹੋਂਦ ਨੂੰ ਬਚਾਉਣ ਲਈ ਲੜਨ ਦੀ ਗੱਲ ਕਰਦੀਆਂ ਹਨ।

ਗੁਲਫ਼ਿਸ਼ਾਂ ਦੀ ਜ਼ਮਾਨਤ ਦੀ ਅਪੀਲ ਤਿੰਨ ਸਾਲ ਤੋਂ ਦਿੱਲੀ ਹਾਈਕੋਰਟ ਵਿਚ ਲਟਕੀ ਹੋਈ ਹੈ। ਸੁਣਵਾਈ ਕਰਨ ਵਾਲੇ ਜੱਜਾਂ ਦੇ ਬੈਂਚ ਬਦਲਦੇ ਗਏ। ਹਾਈਕੋਰਟ ਦੇ ਤਿੰਨ ਬੈਂਚਾਂ ਨੂੰ ਚਾਰ-ਚਾਰ ਸਾਲ ਤੋਂ ਜੇਲ੍ਹਾਂ 'ਚ ਸੜ ਰਹੇ ਇਨ੍ਹਾਂ ਕਾਰਕੁਨਾਂ ਦੀਆਂ



ਅਪੀਲਾਂ ਦੀ ਸੁਣਵਾਈ ਕਰਨ ਦਾ ਸਮਾਂ ਨਹੀਂ ਮਿਲਿਆ! ਉਸਦਾ ਪਰਿਵਾਰ ਅਤੇ ਹੋਰ ਹਿਤੈਸ਼ੀ ਜਾਣਦੇ ਹਨ ਕਿ ਉਸ ਉੱਪਰ ਲਗਾਏ ਸੰਗੀਨ ਦੋਸ਼ ਪੂਰੀ ਤਰ੍ਹਾਂ ਝੂਠੇ ਹਨ ਅਤੇ ਇਕ ਦਿਨ ਉਸਨੇ ਜੇਲ੍ਹ ਦੀਆਂ ਸੀਖ਼ਾਂ ਤੋਂ ਆਜ਼ਾਦ ਹੋਣਾ ਹੀ ਹੈ। ਪਰ ਇਹ ਉਮੀਦ ਨਿਆਂ ਦੀ ਉਮੀਦ ਨਹੀਂ ਹੈ ਕਿਉਂਕਿ ਹਕੂਮਤ ਨੇ ਅਦਾਲਤੀ ਪ੍ਰਣਾਲੀ ਨੂੰ ਤਰੱਕੀਆਂ ਦੇ ਲਾਲਚ, ਸੱਤਾ ਦੇ ਖ਼ੌਫ਼ ਅਤੇ ਵਿਚਾਰਧਾਰਕ-ਰਾਜਨੀਤਕ ਰਸੂਖ਼ ਨਾਲ ਇਸ ਕਦਰ ਕਾਬੂ ਕਰ ਲਿਆ ਹੈ ਕਿ ਕਿਸੇ ਵਿਰਲੀ-ਟਾਵੀਂ ਮਿਸਾਲ ਨੂੰ ਛੱਡਕੇ ਜ਼ਿਆਦਾਤਰ ਜੱਜਾਂ ਵਿਚ ਇਹ ਜੁਅਰਤ ਹੀ ਨਹੀਂ ਹੈ ਕਿ ਉਹ ਸੱਤਾ ਦੇ ਇਸ਼ਾਰੇ 'ਤੇ ਬਣਾਏ ਪੂਰੀ ਤਰ੍ਹਾਂ ਅਜਿਹੇ ਝੂਠੇ ਕੇਸਾਂ ਵਿਚ ਸਰਕਾਰੀ ਜਾਂਚ ਏਜੰਸੀਆਂ ਅਤੇ ਸੱਤਾ ਪੱਖ ਦੀਆਂ ਬੇਤੁਕੀਆਂ ਦਲੀਲਾਂ/ਕਹਾਣੀਆਂ ਨੂੰ ਰੱਦ ਕਰ ਸਕਣ। ਭੀਮਾ-ਕੋਰੇਗਾਓਂ ਅਤੇ ਦਿੱਲੀ ਸਾਜ਼ਿਸ਼ ਕੇਸ ਇਸ ਦੀਆਂ ਮੁੱਖ ਮਿਸਾਲਾਂ ਹਨ।

ਇਹ ਸਧਾਰਨ ਮੁਸਲਮਾਨ ਪਰਿਵਾਰ ਬਹੁਤ ਹੀ ਮੁਸ਼ਕਲ ਹਾਲਾਤ ਨਾਲ ਜੂਝ ਰਹੇ ਹਨ। ਹਿੰਦੂਤਵੀ ਪ੍ਰੋਜੈਕਟ ਕਾਰਨ ਮੁਸਲਮਾਨ ਅਵਾਮ ਤਾਂ ਪਹਿਲਾਂ ਹੀ ਆਪਣੇ ਹੀ ਮੁਲਕ ਵਿਚ ਬੇਗਾਨੇ ਬਣਾ ਦਿੱਤੇ ਜਾਣ ਦਾ ਸੰਤਾਪ ਝੱਲ ਰਹੇ ਹਨ। ਪੂਰੇ ਘੱਟਗਿਣਤੀ ਭਾਈਚਾਰੇ ਨੂੰ ਧੱਕਕੇ ਕੰਧ ਨਾਲ ਲਾ ਦਿੱਤਾ ਗਿਆ ਹੈ। ਹਿੰਸਕ ਹਮਲਿਆਂ ਕਾਰਨ ਉਨ੍ਹਾਂ ਦੇ ਕਾਰੋਬਾਰ ਤਬਾਹ ਹੋ ਗਏ ਹਨ ਜਾਂ ਅਜਿਹੇ ਕੇਸਾਂ ਕਾਰਨ ਠੱਪ ਹੋ ਗਏ ਹਨ। ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕੇ ਆਪਣੇ ਪਿਆਰੇ ਜੀਆਂ ਦੀ ਕਾਨੂੰਨੀ ਪੈਰਵੀ ਦਾ ਆਰਥਕ ਬੋਝ ਵੱਖਰਾ ਝੱਲਣਾ ਪੈਂਦਾ ਹੈ। ਇਹ ਲੜਾਈ ਬੇਹੱਦ ਔਖੀ ਹੈ। ਇਨ੍ਹਾਂ ਤਮਾਮ ਮੁਸੀਬਤਾਂ ਦੇ ਬਾਵਜੂਦ ਇਨ੍ਹਾਂ ਪਰਿਵਾਰਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਜਾਗਰੂਕ ਬੱਚਿਆਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ, ਉਨ੍ਹਾਂ ਨੇ ਤਾਂ ਆਪਣੇ ਵਤਨ ਲਈ ਪ੍ਰੇਮ ਵਿੱਚੋਂ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦਾ ਆਪਣਾ ਫਰਜ਼ ਨਿਭਾਇਆ ਹੈ। ਗੁਲਫ਼ਿਸ਼ਾਂ ਦੇ ਅੰਮੀ-ਅੱਬਾ ਕਹਿੰਦੇ ਹਨ ਕਿ "ਕੀ ਸਾਡਾ ਇਹ ਫਰਜ਼ ਨਹੀਂ ਬਣਦਾ ਕਿ ਅਸੀਂ ਗਲਤ ਕੰਮਾਂ ਦੇ ਖਿਲਾਫ਼ ਖੜ੍ਹੇ ਹੋਈਏ? ਉਹ ਇਕ ਬਹਾਦਰ ਕੁੜੀ ਹੈ। ਸਾਨੂੰ ਉਸ 'ਤੇ ਫ਼ਖ਼ਰ ਹੈ।"

ਉਸਦੀ ਨਹੱਕੀ ਕੈਦ ਦੇ ਪੰਜ ਸਾਲ ਪੂਰੇ ਹੋਣ ਦੇ ਮੌਕੇ ਉਸਦੀ ਰਿਹਾਈ ਲਈ ਦੇਸ਼-ਬਦੇਸ਼ 'ਚੋਂ ਜ਼ੋਰਦਾਰ ਆਵਾਜ਼ ਉੱਠੀ ਹੈ। ਬਹੁਤ ਸਾਰੇ ਕਲਾਕਾਰਾਂ, ਲੇਖਕਾਂ, ਪੱਤਰਕਾਰਾਂ, ਅਕਾਦਮਿਕਾਂ, ਕਾਰਕੁਨਾਂ ਅਤੇ ਹੋਰ ਨਾਗਰਿਕਾਂ ਨੇ ਗੁਲਫ਼ਿਸ਼ਾਂ ਦੀ ਦਾਸਤਾਂ ਦੁਨੀਆ ਨੂੰ ਦੱਸਣ ਲਈ ਸੋਸ਼ਲ ਮੀਡੀਆ ਉੱਪਰ ਵਿਸ਼ੇਸ਼ ਮੁਹਿੰਮ ਚਲਾਈ ਹੈ। ਭਾਰਤ ਵਿਚ ਦਿੱਲੀ, ਲਖਨਊ, ਭੋਪਾਲ, ਹੈਦਰਾਬਾਦ, ਜੈਪੁਰ, ਬੰਗਲੌਰ, ਕੋਲਕਾਤਾ, ਧਰਮਸ਼ਾਲਾ ਅਤੇ ਬਦੇਸ਼ਾਂ ਵਿਚ ਬਰਮਿੰਘਮ, ਐਮਸਟਰਡਮ, ਹੇਗ ਵਿਚ ਵੀ ਉਸਦੀਆਂ ਲਿਖੀਆਂ ਕਵਿਤਾਵਾਂ ਪੜ੍ਹਕੇ ਉਸ ਨਾਲ ਇਕਮੁੱਠਤਾ ਪ੍ਰਗਟਾਈ ਹੈ। ਨਸੀਰੂਦੀਨ ਸ਼ਾਹ, ਰਤਨਾ ਪਾਠਕ ਸ਼ਾਹ, ਸਵਾਰਾ ਭਾਸਕਰ, ਆਸਫ਼ਾ ਖਾਨਮ ਸ਼ੇਰਵਾਨੀ ਵਰਗੀਆਂ ਸ਼ਖ਼ਸੀਅਤਾਂ ਵੀ ਇਸ ਮੁਹਿੰਮ ਦਾ ਹਿੱਸਾ ਬਣੀਆਂ ਹਨ। ਨਸੀਰੂਦੀਨ ਕਹਿੰਦੇ ਹਨ, "ਬਲਾਤਕਾਰੀਆਂ ਅਤੇ ਕਾਤਲਾਂ ਨੂੰ ਤਾਂ ਜ਼ਮਾਨਤਾਂ ਮਿਲ ਜਾਂਦੀਆਂ ਹਨ, ਗੁਲਫ਼ਿਸ਼ਾਂ ਅਤੇ ਉਮਰ ਖ਼ਾਲਿਦ ਵਰਗੇ ਕਾਰਕੁਨਾਂ ਨੂੰ ਜ਼ਮਾਨਤਾਂ ਦੇਣ ਤੋਂ ਲਗਾਤਾਰ ਇਨਕਾਰ ਕੀਤਾ ਜਾ ਰਿਹਾ ਹੈ।" ਗੁਲਫ਼ਿਸ਼ਾਂ ਦੀ ਕਵਿਤਾ ਪੜ੍ਹਦਿਆਂ ਸਵਾਰਾ ਭਾਸਕਰ ਨੇ ਕਿਹਾ, "2020 ਤੋਂ ਲੈਕੇ ਬਹੁਤ ਸਾਰੇ ਵਿਦਿਆਰਥੀ, ਕਾਰਕੁਨ ਅਤੇ ਬੁੱਧੀਮਾਨ ਲੋਕ ਸੀਏਏ-ਐੱਨਆਰਸੀ ਖਿਲਾਫ਼ ਸ਼ਾਂਤਮਈ ਵਿਰੋਧ-ਪ੍ਰਦਰਸ਼ਨ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਹਨ। ਬਹੁਤ ਸਾਰਿਆਂ ਨੂੰ ਸਿਰਫ਼ ਆਪਣੇ ਜਮਹੂਰੀ ਹੱਕ ਦਾ ਇਸਤੇਮਾਲ ਕਰਨ ਲਈ ਦਹਿਸ਼ਤਵਾਦ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਲਫ਼ਿਸ਼ਾਂ ਉਨ੍ਹਾਂ ਵਿੱਚੋਂ ਇਕ ਹੈ। ਬਤੌਰ ਨਾਗਰਿਕ ਅਤੇ ਦੇਸ਼ਪ੍ਰੇਮੀ, ਸਾਨੂੰ ਇਸ ਅਨਿਆਂ ਵਿਰੁੱਧ ਆਪਣੀ ਆਵਾਜ਼ ਜ਼ਰੂਰ ਉਠਾਉਣੀ ਚਾਹੀਦੀ ਹੈ।

'ਗੁਲਫ਼ਿਸ਼ਾ ਨੂੰ ਰਿਹਾਅ ਕਰੋ' ਮੁਹਿੰਮ ਨੇ ਆਪਣੇ ਬਿਆਨ ਵਿਚ ਕਿਹਾ, "ਅਸੀਂ ਯੂਏਪੀਏ ਨੂੰ ਖ਼ਤਮ ਕਰਨ ਦੀ ਮੰਗ ਕਰਦੇ ਹਾਂ, ਇਕ ਅਜਿਹਾ ਕਾਨੂੰਨ ਜੋ ਨਿਆਂ ਦੀ ਗੱਲ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਲਈ ਗ਼ਲਤ ਢੰਗ ਨਾਲ ਵਰਤਿਆ ਜਾ ਰਿਹਾ ਹੈ। ਗੁਲਫ਼ਿਸ਼ਾਂ ਦੇ ਸ਼ਬਦਾਂ ਨੇ ਚੁੱਪ ਤੋੜ ਦਿੱਤੀ ਹੈ, ਅਤੇ ਇਹ ਹੁਣ ਦੂਜਿਆਂ ਨੂੰ ਆਜ਼ਾਦ ਕਰ ਰਹੇ ਹਨ।

# ਅਮੀਰਾਂ ਦੀ ਵਧਦੀ ਦੌਲਤ ਬਨਾਮ ਗਰੀਬ ਦੀਆਂ ਸਹੂਲਤਾਂ 'ਤੇ ਕਾਟ

**ਸੰਜੂ**

ਆਕਸਫੈਮ ਨੇ 20 ਜਨਵਰੀ, 2025 ਨੂੰ ਸੰਸਾਰ ਭਰ ਵਿੱਚ ਅਮੀਰਾਂ ਤੇ ਗਰੀਬਾਂ 'ਚ ਵਧਦੀ ਗੈਰ-ਬਰਾਬਰੀ 'ਤੇ ਇੱਕ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਇਹ ਤੱਥ ਸਾਹਮਣੇ ਆਏ ਹਨ ਕਿ 2024 'ਚ ਅਰਬਪਤੀਆਂ ਨੇ ਆਪਣੀ ਆਮਦਨ 'ਚ 2 ਖਰਬ ਅਮਰੀਕੀ ਡਾਲਰ ਦਾ ਵਾਧਾ ਕੀਤਾ ਹੈ ਜਿਹੜਾ 2023 ਦੇ ਮੁਕਾਬਲੇ 3 ਗੁਣਾ ਵੱਧ ਹੈ।

ਆਕਸਫੈਮ ਇੱਕ ਮਸ਼ਹੂਰ ਗੈਰ ਸਰਕਾਰੀ ਸੰਸਥਾ ਹੈ ਜਿਹੜੀ ਹਰ ਸਾਲ ਦੁਨੀਆਂ ਭਰ 'ਚ ਗਰੀਬੀ, ਭੁੱਖਮਰੀ ਆਦਿ 'ਤੇ ਜਾਣਕਾਰੀ ਇਕੱਠੀ ਕਰਕੇ ਰਿਪੋਰਟ ਜਾਰੀ ਕਰਦੀ ਹੈ। ਕਈ ਭੋਲ਼ੇ ਲੋਕ ਆਕਸਫੈਮ ਨੂੰ ਅਗਾਂਹਵਧੂ ਅਦਾਰਾ ਮੰਨ ਲੈਂਦੇ ਹਨ ਜਦਕਿ ਆਕਸਫੈਮ ਦਾ ਕਾਰਜ ਲੋਕਾਂ ਦੀਆਂ ਹਾਲਤਾਂ ਵਿੱਚ ਬੁਨਿਆਦੀ ਤਬਦੀਲੀ ਲਿਆਉਣਾ ਨਹੀਂ ਸਗੋਂ ਵੱਖੋ-ਵੱਖਰੇ ਅੰਕੜੇ ਜਾਰੀ ਕਰਕੇ ਹਾਕਮ ਜਮਾਤਾਂ ਨੂੰ ਚੇਤਾਵਨੀ ਦੇਣਾ ਤੇ ਨੁਸਖੇ ਸੁਝਾਉਣਾ ਹੈ ਕਿ ਕਿਵੇਂ ਇਸ ਪ੍ਰਬੰਧ ਦੀ ਉਮਰ ਵਧੇਰੇ ਤੋਂ ਵਧੇਰੇ ਲੰਬੀ ਕੀਤੀ ਜਾਵੇ। 2016 ਵਿੱਚ ਆਕਸਫੈਮ ਨੇ ਰਿਪੋਰਟ ਦਿੱਤੀ ਕਿ 62 ਲੋਕਾਂ ਕੋਲ਼ ਦੁਨੀਆਂ ਦੇ ਸਭ ਤੋਂ ਗਰੀਬ 3.5 ਅਰਬ ਲੋਕਾਂ ਦੇ ਬਰਾਬਰ ਜਾਇਦਾਦ ਹੈ। 2020 ਵਿੱਚ ਉਹਨਾਂ ਨੇ ਰਿਪੋਰਟ ਦਿੱਤੀ ਕਿ ਕੋਵਿਡ ਮਹਾਂਮਾਰੀ ਦੌਰਾਨ ਸਭ ਤੋਂ ਅਮੀਰ 10 ਲੋਕਾਂ ਨੇ ਆਪਣੀ ਜਾਇਦਾਦ ਦੁੱਗਣੀ ਕਰ ਲਈ ਜਦੋਂ ਕਿ 16 ਕਰੋੜ ਲੋਕ ਗਰੀਬੀ ਵਿੱਚ ਧੱਕੇ ਗਏ। ਅਖੌਤੀ ਮਹਾਂਮਾਰੀ ਦੀ ਸ਼ੁਰੂਆਤ ਤੋਂ ਹਰ 26 ਘੰਟਿਆਂ ਵਿੱਚ ਇੱਕ ਨਵਾਂ ਅਰਬਪਤੀ ਬਣਿਆ ਹੈ। 2020 ਤੋਂ 2023 ਤੱਕ ਦੁਨੀਆਂ ਦੇ ਸਭ ਤੋਂ ਅਮੀਰ 1 ਫੀਸਦੀ ਨੇ ਸਾਰੀ ਨਵੀਂ ਦੌਲਤ ਦਾ ਦੋ ਤਿਹਾਈ ਹਿੱਸਾ ਆਪਣੇ ਕਬਜੇ ਵਿੱਚ ਕਰ ਲਿਆ ਅਤੇ ਇਸ ਨਾਲ਼ ਦੂਜੀ ਸੰਸਾਰ ਜੰਗ ਤੋਂ ਬਾਅਦ ਸੰਸਾਰ ਵਿਆਪੀ ਗਰੀਬੀ ਵਿੱਚ ਸਭ ਤੋਂ ਵੱਡਾ ਵਾਧਾ ਹੋਇਆ। 2024 ਵਿੱਚ ਆਕਸਫੈਮ ਨੇ ਅੰਦਾਜਾ ਲਾਇਆ ਸੀ ਕਿ ਇੱਕ ਦਹਾਕੇ ਤੱਕ ਧਰਤੀ ਦਾ ਪਹਿਲਾ ਖਰਬਪਤੀ ਹੋਵੇਗਾ ਅਤੇ ਇਸ ਵਾਰ ਦੀ ਰਿਪੋਰਟ 'ਚ ਕਿਹਾ ਹੈ ਕਿ 2035 ਤੱਕ 5 ਵਿਅਕਤੀਆਂ ਦੀ ਖਰਬਪਤੀ ਬਣਨ ਦੀ ਸੰਭਾਵਨਾ ਹੈ। ਸਾਲ 2024 ਵਿੱਚ ਦੁਨੀਆਂ ਦੇ 10 ਸਭ ਤੋਂ ਅਮੀਰ ਆਦਮੀਆਂ ਨੇ ਪ੍ਰਤੀ ਦਿਨ ਲੱਗਭੱਗ 10 ਕਰੋੜ ਡਾਲਰ ਕਮਾਏ ਹਨ। ਅਜਿਹੇ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਗੈਰ-ਬਰਾਬਰੀ ਨੂੰ ਸਰਮਾਏਦਾਰੀ ਪ੍ਰਬੰਧ 'ਚ ਖਤਮ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਵਿੱਚ ਦਿਨ ਦੁੱਗਣਾ ਰਾਤ ਚੌਗਣਾ ਵਾਧਾ ਹੋ ਰਿਹਾ ਹੈ।

ਕੀ ਇਹ ਦੌਲਤ ਇਹਨਾਂ ਦੀ ਖ਼ੂਨ ਪਸੀਨੇ ਦੀ ਕਮਾਈ ਹੈ?

ਆਕਸਫੈਮ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਅਰਬਪਤੀਆਂ ਦੀ ਦੌਲਤ ਦਾ 60 ਫੀਸਦੀ ਵਿਰਾਸਤ, ਅਜਾਰੇਦਾਰੀ ਤਾਕਤ ਜਾਂ ਦੋਸਤੀ ਸਬੰਧਾਂ ਤੋਂ ਆਉਂਦਾ ਹੈ। ਅਰਬਪਤੀਆਂ ਦੀ 36 ਫੀਸਦੀ ਦੌਲਤ ਉਹਨਾਂ ਨੂੰ ਵਿਰਾਸਤ ਵਿੱਚ ਮਿਲ਼ੀ ਹੋਈ ਹੈ। ਫੋਰਬਸ ਆਪਣੀ ਖੋਜ ਵਿੱਚ ਦੱਸਦਾ ਹੈ ਕਿ 30 ਸਾਲ ਤੋਂ ਘੱਟ ਉਮਰ ਦੇ ਹਰ ਅਰਬਪਤੀ ਨੂੰ ਆਪਣੀ ਦੌਲਤ ਵਿਰਾਸਤ ਵਿੱਚ ਮਿਲ਼ੀ ਹੋਈ ਹੈ। ਅੱਜ ਦੇ 1000 ਤੋਂ ਵੱਧ ਅਰਬਪਤੀ ਅਗਲੇ 2 ਤੋਂ 3 ਦਹਾਕਿਆਂ ਤੱਕ ਆਪਣੇ ਵਾਰਸਾਂ ਨੂੰ 5.2 ਖਰਬ ਡਾਲਰ ਤੋਂ ਵੱਧ ਦੇ ਕੇ ਜਾਣਗੇ।

ਇਸ ਤੋਂ ਇਲਾਵਾ ਅੰਕੜੇ ਇਹ ਵੀ ਦੱਸਦੇ ਹਨ ਕਿ 2023 ਵਿੱਚ ਸਾਮਰਾਜੀ ਦੇਸ਼ਾਂ ਦੇ ਉੱਪਰਲੇ 1 ਫੀਸਦੀ ਲੋਕਾਂ ਨੇ ਤੀਜੀ ਦੁਨੀਆਂ ਦੇ ਦੇਸ਼ਾਂ ਤੋਂ 3 ਕਰੋੜ ਡਾਲਰ ਪ੍ਰਤੀ ਘੰਟੇ ਕਮਾਏ ਹਨ। 1970 ਤੋਂ 2023 ਦੇ ਵਿਚਕਾਰ, ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ ਨੇ ਸਾਮਰਾਜੀ ਦੇਸ਼ਾਂ ਨੂੰ 303 ਖਰਬ ਡਾਲਰ ਸਿਰਫ ਵਿਆਜ ਵਜੋਂ ਦਿੱਤਾ ਹੈ। ਤੀਜੀ ਦੁਨੀਆਂ ਦੇ ਦੇਸ਼ਾਂ ਦੇ ਲੋਕ ਦੂਹਰੀ ਲੁੱਟ ਦਾ ਸ਼ਿਕਾਰ ਹੁੰਦੇ ਹਨ।

ਕੋਈ ਵੀ ਸਰਮਾਏਦਾਰ ਫੈਕਟਰੀ 'ਚ 24 ਘੰਟੇ ਹੱਡ-ਤੋੜ ਮਿਹਨਤ ਕਰਕੇ ਅਮੀਰ ਨਹੀਂ ਬਣਦਾ ਸਗੋਂ ਮਜਦੂਰਾਂ ਦੇ ਵੱਧ ਤੋਂ ਵੱਧ ਖ਼ੂਨ ਪਸੀਨੇ ਤੋਂ ਵਾਫਰ ਕਦਰ ਲੁੱਟ ਕੇ ਅਮੀਰ ਬਣਦਾ ਹੈ।

**ਆਮ ਲੋਕਾਂ ਦੀ ਹਾਲਤ**

ਦੁਨੀਆਂ ਭਰ 'ਚ 1990 ਤੋਂ ਹੁਣ ਤੱਕ ਪ੍ਰਤੀ ਦਿਨ 6.85 ਡਾਲਰ ਤੋਂ ਘੱਟ ਗੁਜਾਰਾ ਕਰਨ ਵਾਲ਼ੇ ਲੋਕਾਂ ਦੀ ਗਿਣਤੀ 'ਚ ਕੋਈ ਖਾਸ ਬਦਲਾਅ ਦੇਖਣ ਨੂੰ ਨਹੀਂ ਮਿਲ਼ਿਆ, ਜਿਹੜੇ ਅੱਜ ਵੀ ਸੰਸਾਰ ਦੀ ਕੁੱਲ ਅਬਾਦੀ ਦਾ 44 ਫੀਸਦੀ ਲੱਗਭੱਗ




3.5 ਅਰਬ ਬਣਦੇ ਹਨ। ਸੰਸਾਰ ਦੇ 8.5 ਫੀਸਦੀ ਲੋਕ ਜਿਹੜੇ ਲੱਗਭੱਗ 70 ਕਰੋੜ ਬਣਦੇ ਹਨ, ਹਰ ਦਿਨ 2.15 ਡਾਲਰ ਤੋਂ ਵੀ ਘੱਟ 'ਚ ਗੁਜਾਰਾ ਕਰਦੇ ਹਨ।

ਸਰਮਾਏਦਾਰੀ ਪ੍ਰਬੰਧ 'ਚ ਗੈਰ-ਬਰਾਬਰੀ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਮੱਧਵਰਗ ਤੇ ਛੋਟੇ ਮਾਲਕਾਂ ਦਾ ਮਜਦੂਰਾਂ 'ਚ ਤਬਦੀਲ ਹੋਣਾ ਅਤੇ ਪੈਸੇ ਦਾ ਕੁਝ ਲੋਕਾਂ ਦੇ ਹੱਥਾਂ 'ਚ ਕੇਂਦਰਤ ਹੋਣਾ ਸਰਮਾਏਦਾਰੀ ਦਾ ਲਾਜਮੀ ਲੱਛਣ ਹੈ। ਧਰੁਵੀਕਰਨ ਦੀ ਇਹ ਪ੍ਰਕਿਰਿਆ ਜਿੱਥੇ ਭਿਅੰਕਰ ਗੈਰ ਬਰਾਬਰੀ ਨੂੰ ਜਨਮ ਦਿੰਦੀ ਹੈ ਉੱਥੇ ਦੂਜੇ ਹੱਥ ਇਹ ਅਬਾਦੀ ਨੂੰ ਵਧੇਰੇ ਤੋਂ ਵਧੇਰੇ ਦੋ ਧਰੁਵਾਂ ਵਿੱਚ ਵੰਡਕੇ, ਕਿਰਤੀ ਲੋਕਾਈ ਨੂੰ ਆਪਣਾ ਅਸਲ ਦੁਸ਼ਮਣ (ਸਰਮਾਏਦਾਰ) ਪਛਾਣਨ ਵਿੱਚ ਵੀ ਮਦਦ ਕਰਦੀ ਹੈ।

ਇਸ ਗੈਰ ਬਰਾਬਰੀ ਨੂੰ ਖਤਮ ਕਰਨ ਲਈ ਇਸ ਲੋਟੂ ਪ੍ਰਬੰਧ ਦਾ ਹੀ ਭੋਗ ਪਾਕੇ ਸਮਾਜਵਾਦੀ ਪ੍ਰਬੰਧੀ ਸਿਰਜਣ ਦੀ ਲੋੜ ਹੈ। ਇਹਦੇ ਲਈ ਲਾਜਮੀ ਹੀ ਕਿਰਤੀ ਲੋਕਾਂ ਨੂੰ ਆਪਣੀ ਜਥੇਬੰਦ ਤਾਕਤ ਉੱਤੇ ਟੇਕ ਰੱਖਣੀ ਪਵੇਗੀ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਇੱਕ ਵਾਰ ਫਿਰ ਲਿਬਰਲ ਸਰਕਾਰ : ਨਵੀਂ ਬੋਤਲ ਪੁਰਾਣੀ ਸ਼ਰਾਬ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

28 ਅਪ੍ਰੈਲ ਸੋਮਵਾਰ ਨੂੰ ਕੈਨੇਡੀਅਨ ਲੋਕਾਂ ਨੇ ਇਕ ਅਜਿਹੀ 2025 ਦੀ ਚੋਣ ਵਿਚ ਵੋਟ ਪਾਈਆਂ, ਜਿਸ ਵਿਚ ਆਰਥਿਕ ਸੰਕਟ, ਦੇਸ਼ ਦੀ ਸਮਰੱਥਾ, ਟੈਰਿਫ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਧਮਕੀਆਂ ਵਰਗੇ ਮੁੱਦਿਆਂ ਦਾ ਦਬਦਬਾ ਰਿਹਾ ਹੈ। ਇਸ ਵੱਡੀ ਸਿਆਸੀ-ਆਰਥਿਕ ਅਨਿਸ਼ਚਿਤਤਾ ਦੇ ਸਮੇਂ ਕੈਨੇਡਾ ਦੀ ਅਗਵਾਈ ਕਰਨ ਦਾ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਨੂੰ ਲੋਕ ਫਤਵਾ ਮਿਲਿਆ। ਇਸ ਦੇ ਸੱਤਾ ਵਿੱਚ ਆਉਣ ਨਾਲ ਕੈਨੇਡਾ ਨੂੰ ਇੱਕ ਨਵਾਂ ਰਾਜਨੀਤਿਕ ਨੇਤਾ ਮਿਲਿਆ ਹੈ ਜੋ ਸਿਆਸਤ ਲਈ ਨਵਾਂ ਹੈ, ਪਰ ਤਜਰਬੇਕਾਰ ਅਰਥਸ਼ਾਸਤਰੀ ਹੈ। ਇਸ ਚੋਣ ਵਿੱਚ ਕੰਜ਼ਰਵੇਟਿਵ ਨੇਤਾ ਪਿਅਰੇ ਪੋਇਲੀਵਰ ਨੇ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ (ਐਨਡੀਪੀ) ਦੇ ਨੇਤਾ ਜਗਮੀਤ ਸਿੰਘ ਆਪਣੀ ਸੀਟ ਤੇ ਹਾਰ ਗਏ ਹਨ। ਚੋਣ ਹਾਰਨ ਬਾਅਦ ਐਨਡੀਪੀ ਦੇ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਉਹ ਪਾਰਟੀ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਣਗੇ ਪਰ ਕੰਜ਼ਰਵੇਟਿਵ ਨੇਤਾ ਪਿਅਰੇ ਪੋਇਲੀਵਰ ਪਾਰਟੀ ਪ੍ਰਧਾਨਗੀ ਜਾਰੀ ਰੱਖਣਗੇ ।

ਲਿਬਰਲ ਪਾਰਟੀ ਦੇ ਜਸਟਿਨ ਟਰੂਡੋ ਦੇ ਅਸਤੀਫੇ ਤੋਂ ਬਾਅਦ ਮਾਰਕ ਕਾਰਨੀ ਪਾਰਟੀ ਦੇ ਨੇਤਾ ਅਤੇ ਫੈਡਰਲ ਸਰਕਾਰ ਦੇ ਕਾਰਜ਼ਕਾਰੀ ਪ੍ਰਧਾਨ ਮੰਤਰੀ ਬਣੇ ਕਾਰਨੀ ਲਈ, ਇਹ ਜਿੱਤ ਇੱਕ ਕਮਾਲ ਦੀ ਪ੍ਰਾਪਤੀ ਹੈ। ਮਾਰਕ ਕਾਰਨੀ ਰਾਜਨੀਤਿਕ ਖੇਤਰ ਲਈ ਇੱਕ ਨੌਸਿਖੀਆ ਹੀ ਸਮਝੇ ਜਾਂਦੇ ਹਨ, ਜਿਸ ਨੇ ਅਮਰੀਕੀ ਰਾਸ਼ਟਰਪਤੀ ਦੇ ਵਿਰੁੱਧ ਖੜ੍ਹੇ ਹੋਣ ਅਤੇ ਕੈਨੇਡਾ ਦੀ ਆਰਥਿਕ ਦਿਸ਼ਾ ਨੂੰ ਬਦਲਣ ਦਾ ਵਾਅਦਾ ਕੀਤਾ ਸੀ। ਮਾਰਕ ਕਾਰਨੀ 2013 ਤੋਂ 2020 ਤੱਕ ਬੈਂਕ ਆਫ ਇੰਗਲੈਂਡ ਦੇ ਗਵਰਨਰ ਬਣਨ ਤੋਂ ਪਹਿਲਾਂ 2008 ਤੋਂ 2013 ਤੱਕ ਹਾਰਪਰ ਦੇ ਅਧੀਨ ਬੈਂਕ ਆਫ ਕੈਨੇਡਾ ਦੇ ਗਵਰਨਰ ਸਨ। 2008 ਦੇ ਮੁਦਰਾ ਸੰਕਟ ਵਿਚੋਂ ਕੈਨੇਡਾ ਨੂੰ ਬਾਹਰ ਕੱਢਣ ਅਤੇ ਬ੍ਰੈਗਜ਼ਿਟ ਦੇ ਆਰਥਿਕ ਨਤੀਜਿਆਂ ਨਾਲ ਨਜਿੱਠਣ ਵਿਚ ਬ੍ਰਿਟੇਨ ਦੀ ਮਦਦ ਕਰਨ ਵਿਚ ਉਨ੍ਹਾਂ ਦੀ ਭੂਮਿਕਾ ਲਈ ਉਨ੍ਹਾਂ ਨੂੰ ਲੋਕਾਂ ਤੋਂ ਪ੍ਰਸ਼ੰਸਾ ਮਿਲੀ। ਹਾਲ ਹੀ ਵਿੱਚ, ਕਾਰਨੀ ਨੇ ਨਿੱਜੀ ਖੇਤਰ ਵਿੱਚ ਅਹੁਦਿਆਂ 'ਤੇ ਕੰਮ ਕੀਤਾ ਅਤੇ ਟਰੂਡੋ ਸਰਕਾਰ ਲਈ ਆਰਥਿਕ ਸਲਾਹਕਾਰ ਵਜੋਂ ਕੰਮ ਕੀਤਾ। ਲੋਕਾਂ ਦੇ ਦਿੱਤੇ ਇਸ ਨਵੇਂ ਚੋਣ ਫਤਵੇ ਦੇ ਨਤੀਜੇ ਵੱਜੋਂ ਲਿਬਰਲ ਪਾਰਟੀ ਦੇ ਨੇਤਾ ਮਾਰਕ ਕਾਰਨੀ ਘੱਟ ਗਿਣਤੀ ਸਰਕਾਰ ਬਣਾਉਣਗੇ।

ਲਿਖਣ ਦੇ ਸਮੇਂ, ਲਿਬਰਲ ਪਾਰਟੀ ਨੇ 169 ਸੀਟਾਂ ਪ੍ਰਾਪਤ ਕੀਤੀਆਂ। ਇਹ ਅੰਕੜਾ ਬਹੁਮਤ ਬਣਾਉਣ ਲਈ ਲੋੜੀਂਦੀਆਂ 172 ਸੀਟਾਂ ਤੋਂ ਥੋੜ੍ਹਾ ਘੱਟ ਹੈ। 2019 ਅਤੇ 2021 ਦੀ ਤਰ੍ਹਾਂ, ਲਿਬਰਲਾਂ ਨੂੰ ਵਿਰੋਧੀ ਪਾਰਟੀਆਂ ਵਿੱਚੋਂ ਇੱਕ ਦੇ ਸਮਰਥਨ ਨਾਲ ਸ਼ਾਸਨ ਕਰਨ ਦੀ ਜ਼ਰੂਰਤ ਹੋਏਗੀ, ਜੋ ਲਗਾਤਾਰ ਅਸਥਿਰਤਾ ਲਿਆਉਂਦੀ ਹੈ ਕਿਉਂਕਿ ਸਰਕਾਰ 'ਤੇ ਹਾਰ ਦਾ ਖਤਰਾ ਲਟਕਿਆ ਹੋਇਆ ਹੈ। ਕੁੱਲ 144 ਸੀਟਾਂ ਪ੍ਰਾਪਤ ਕਰਕੇ ਕੰਜ਼ਰਵੇਟਿਵ ਪਾਰਟੀ ਕੈਨੇਡਾ ਦੀ ਦੂਸਰੀ ਪਾਰਟੀ ਬਣੀ ਹੈ। ਬੀ.ਕਿਊ ਨੂੰ 22 ਸੀਟਾਂ ਅਤੇ ਐਨਡੀਪੀ ਕੋਲ ਸਿਰਫ ਸੱਤ ਸੀਟਾਂ ਹਨ। ਸਰਕਾਰ ਬਚਾਉਣ ਦਾ ਦਾਅਵਾ ਕਰਨ ਲਈ ਲਿਬਰਲਾਂ ਨੂੰ ਰਾਜਨੀਤਿਕ ਵਿਰੋਧੀਆਂ ਨਾਲ ਗੱਲਬਾਤ ਕਰਨੀ ਪਵੇਗੀ, ਜਿਨ੍ਹਾਂ ਨੇ ਮੁਹਿੰਮ ਵਿੱਚ ਕਾਰਨੀ ਨੂੰ ਝੂਠਾ, ਚੋਰੀ ਕਰਨ ਵਾਲਾ ਅਤੇ ਆਮ ਕੈਨੇਡੀਅਨਾਂ ਦੀ ਬਜਾਏ ਅਮੀਰ ਨਿਵੇਸ਼ਕਾਂ ਦਾ ਦੋਸਤ ਦੱਸਿਆ। ਵੱਖਵਾਦੀ ਬਲਾਕ ਕਿਊਬੇਕੋਇਸ ਸੱਤਾ ਲਈ ਇਨ੍ਹਾਂ ਦੇ ਕੰਮ ਆ ਸਕਦਾ ਹੈ, ਪਰ ਲਿਬਰਲ ਪਾਰਟੀ ਸਮਰਥਨ ਲਈ ਐਨ.ਡੀ.ਪੀ ਨਾਲ ਹੱਥ ਮਿਲਾ ਸਕਦੀ ਹੈ। ਇਸ ਤਰ੍ਹਾਂ ਇਹ ਕਾਨੂੰਨੀ ਤੌਰ 'ਤੇ 172 ਸੀਟਾਂ ਦੇ ਅੰਕੜੇ ਤੱਕ ਪਹੁੰਚ ਸਕਦੇ ਹਨ। 2025 ਦੀਆਂ ਚੋਣਾਂ ਦੀ ਮੁੱਖ ਕਹਾਣੀ ਲਿਬਰਲਾਂ ਅਤੇ ਕੰਜ਼ਰਵੇਟਿਵਾਂ ਵਿਚਕਾਰ ਦੋ ਘੋੜਿਆਂ ਦੀ ਦੌੜ ਸਾਬਤ ਹੋ ਨਿਬੜੀ ਹੈ। ਦੋਵਾਂ ਪਾਰਟੀਆਂ ਵਿਚਾਲੇ ਟਕਰਾਅ ਵਿਚ ਵਾਲੀ ਦੌੜ ਦਾ ਇਕ ਵੱਡਾ ਹਿੱਸਾ ਐਨਡੀਪੀ ਦੇ ਸਮਰਥਨ ਦੇ ਪਤਨ ਅਤੇ ਕੁਝ ਹੱਦ ਤੱਕ ਬਲਾਕ ਦੀ ਕਿਸਮਤ ਵਿਚ ਗਿਰਾਵਟ ਨਾਲ ਜੁੜਿਆ ਹੋਇਆ ਸੀ। ਕੰਜ਼ਰਵੇਟਿਵ ਪਾਰਟੀ ਦੂਜੀ ਸਭ ਤੋਂ ਵੱਡੀ ਪਾਰਟੀ ਦੇ ਤੌਰ 'ਤੇ ਵਿਰੋਧੀ ਧਿਰ 'ਚ ਬਣੀ ਰਹੇਗੀ ।

ਚੋਣਾਂ ਤੋਂ ਬਾਅਦ, ਓਟਾਵਾ ਦੇ ਟੀਡੀ ਪਲੇਸ ਅਰੇਨਾ ਵਿਚ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਾਰਨੀ ਨੇ ਮੰਗਲਵਾਰ ਸਵੇਰੇ ਕਿਹਾ ਕਿ ਅਮਰੀਕਾ ਕੈਨੇਡਾ ਦੀ ਜ਼ਮੀਨ, ਸਰੋਤਾਂ ਅਤੇ ਪਾਣੀ ਵਿਚ ਦਿਲਚਸਪੀ ਰੱਖਦਾ ਹੈ, ਪਰ ਕੈਨੇਡਾ ਦੇਸ਼ ਹੁਣ ਉਸ 'ਤੇ ਕਾਬੂ ਪਾ ਚੁੱਕਾ ਹੈ। ਕਾਰਨੀ ਨੇ ਕਿਹਾ ਕਿ ਆਉਣ ਵਾਲੇ ਦਿਨ ਅਤੇ ਮਹੀਨੇ ਚੁਣੌਤੀਪੂਰਨ ਹੋਣਗੇ ਅਤੇ ਕੁਝ ਕੁਰਬਾਨੀਆਂ ਦੀ ਮੰਗ ਕਰਨਗੇ, ਪਰ ਕਾਮਿਆਂ ਅਤੇ ਕਾਰੋਬਾਰਾਂ ਦਾ ਸਮਰਥਨ ਕੀਤਾ ਜਾਵੇਗਾ। ਉਨ੍ਹਾਂ ਨੇ ਸੂਬਿਆਂ ਅਤੇ ਖੇਤਰਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਲਈ ਇਕ ਬੱਝਵੀਂ ਅਰਥਵਿਵਸਥਾ ਦਾ ਨਿਰਮਾਣ ਕਰੇਗੀ। ਉਨ੍ਹਾਂ ਕਿਹਾ ਕਿ ਲਿਬਰਲ ਸਰਕਾਰ ਆਉਣ ਵਾਲੇ 'ਕੈਨੇਡਾ ਦਿਵਸ' ਤੱਕ ਦੇਸ਼ ਅੰਦਰ ਮੁਕਤ ਵਪਾਰ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਯੂਰਪ, ਏਸ਼ੀਆ ਅਤੇ ਹੋਰ ਥਾਵਾਂ 'ਤੇ ਭਰੋਸੇਯੋਗ ਭਾਈਵਾਲਾਂ ਨਾਲ ਸਬੰਧ ਮਜ਼ਬੂਤ ਕਰਨ ਵਰਗੇ ਕਦਮ ਚੁੱਕਣੇ ਚਾਹੀਦੇ ਹਨ।

ਆਪਣੇ ਜਿੱਤ ਦੇ ਭਾਸ਼ਣ ਵਿੱਚ, ਉਨ੍ਹਾਂ ਨੇ ਸੰਯੁਕਤ ਰਾਜ ਅਮਰੀਕਾ ਨਾਲ ਗੱਲਬਾਤ ਕਰਨ ਦਾ ਆਪਣਾ ਵਾਅਦਾ ਦੁਹਰਾਇਆ, ਜਦੋਂ ਕਿ ਦੂਜੇ ਦੇਸ਼ਾਂ ਨਾਲ ਵਪਾਰ ਦਾ ਵਿਸਥਾਰ ਕੀਤਾ ਅਤੇ ਕੈਨੇਡਾ ਦਿਵਸ ਤੱਕ ਸੂਬਿਆਂ ਅਤੇ ਖੇਤਰਾਂ ਨਾਲ ਅੰਦਰੂਨੀ ਵਪਾਰ ਸਮਝੌਤੇ 'ਤੇ ਪਹੁੰਚਿਆ। ਉਨ੍ਹਾਂ ਕਿਹਾ ਕਿ ਜਦੋਂ ਮੈਂ ਰਾਸ਼ਟਰਪਤੀ ਟਰੰਪ ਨਾਲ ਬੈਠਾਂਗਾ ਤਾਂ ਦੋ ਪ੍ਰਭੂਸੱਤਾ ਵਾਲੇ ਦੇਸ਼ਾਂ ਵਿਚਾਲੇ ਭਵਿੱਖ ਦੇ ਆਰਥਿਕ ਅਤੇ ਸੁਰੱਖਿਆ ਸਬੰਧਾਂ 'ਤੇ ਚਰਚਾ ਹੋਵੇਗੀ ਅਤੇ ਇਹ ਸਾਡੀ ਪੂਰੀ ਜਾਣਕਾਰੀ ਨਾਲ ਹੋਵੇਗਾ ਕਿ ਸਾਡੇ ਕੋਲ ਸਾਰੇ ਕੈਨੇਡੀਅਨਾਂ ਲਈ ਖੁਸ਼ਹਾਲੀ ਪੈਦਾ ਕਰਨ ਲਈ ਅਮਰੀਕਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਿਕਲਪ ਹਨ। ਉਨ੍ਹਾਂ ਨੇ ਨਵੇਂ ਵਪਾਰਕ ਗਲਿਆਰੇ ਬਣਾਉਣ, ਹੁਨਰਮੰਦ ਕਿੱਤਿਆਂ ਵਿੱਚ ਲੱਖਾਂ ਨਵੀਆਂ ਨੌਕਰੀਆਂ ਪੈਦਾ ਕਰਨ ਅਤੇ ਕੈਨੇਡਾ ਨੂੰ ਸਵੱਛ ਅਤੇ ਰਵਾਇਤੀ ਊਰਜਾ ਦੋਵਾਂ ਵਿੱਚ ਊਰਜਾ ਮਹਾਂਸ਼ਕਤੀ ਬਣਾਉਣ ਦਾ ਵਾਅਦਾ ਕੀਤਾ।

ਪਰ ਸਚਾਈ ਇਹ ਹੈ ਕਿ ਮਾਰਕ ਕਾਰਨੀ ਦੇ ਏਜੰਡੇ ਨੂੰ ਲਾਗੂ ਕਰਨ ਲਈ, ਇਕ ਨਾਜ਼ੁਕ ਸੰਸਦੀ ਪ੍ਰਕਿਰਿਆ ਹੋਵੇਗੀ ਜਿੱਥੇ ਲਿਬਰਲਾਂ ਨੂੰ ਸ਼ਾਸਨ ਕਰਨ ਲਈ ਮਦਦ ਦੀ ਜ਼ਰੂਰਤ ਹੈ, ਜਿਸ ਲਈ ਉਨ੍ਹਾਂ ਦੇ ਨਵੇਂ ਸੰਘੀ ਭਾਈਵਾਲਾਂ ਦੀ ਸਹਿਮਤੀ ਦੀ ਜ਼ਰੂਰਤ ਹੋਵੇਗੀ।

ਯਾਦ ਰਹੇ ਕਿ ਲਿਬਰਲ ਪਾਰਟੀ ਦੇ ਕਾਰਨੀ ਨੇ ਮਾਰਚ ਵਿਚ 24 ਮੈਂਬਰੀ ਕੈਬਨਿਟ ਨਾਲ ਅਹੁਦਾ ਸੰਭਾਲਿਆ ਸੀ ਅਤੇ ਹੁਣ ਆਸ ਹੈ ਕਿ ਨਵੀਂ ਕੈਬਨਿਟ 30 ਤੋਂ ਵੱਧ ਨਹੀਂ ਹੋਵੇਗੀ। ਜਸਟਿਨ ਟਰੂਡੋ ਦੇ ਅਸਤੀਫਾ ਦੇਣ ਤੋਂ ਬਾਅਦ ਜਨਵਰੀ ਤੋਂ ਅਧਿਕਾਰਤ ਕੰਮਕਾਜ ਰੁਕਿਆ ਹੋਇਆ ਹੈ, ਪਰ ਸੰਸਦ ਮੈਂਬਰ ਮੰਤਰੀ ਮੰਡਲ ਦੇ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਸੈਸ਼ਨ ਵਿੱਚ ਵਾਪਸ ਆ ਸਕਦੇ ਹਨ। ਸੰਸਦ ਦੇ ਵਾਪਸ ਆਉਣ ਤੋਂ ਬਾਅਦ, ਇੱਕ ਸਿੰਘਾਸਨ ਭਾਸ਼ਣ ਇਹ ਨਿਰਧਾਰਤ ਕਰੇਗਾ ਕਿ ਲਿਬਰਲ ਪਹਿਲਾਂ ਕੀ ਕਰਨ ਦੀ ਯੋਜਨਾ ਬਣਾ ਰਹੇ ਹਨ। ਵਪਾਰ ਅਤੇ ਆਰਥਿਕਤਾ ਅਗਲੀ ਸਰਕਾਰ ਲਈ ਹੱਲ ਕਰਨ ਲਈ ਚੋਟੀ ਦੇ ਮੁੱਦਿਆਂ ਵਿਚੋਂ ਇਕ ਹਨ, ਪਰ ਇਹ ਇਕੋ ਮਸਲਾ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਸ੍ਰੀ ਕਾਰਨੀ ਅਪ੍ਰੈਲ ਦੇ ਸ਼ੁਰੂ ਵਿੱਚ ਚੋਣਾਂ ਤੋਂ ਬਾਅਦ ਦੁਬਾਰਾ ਇਕੱਠੇ ਹੋਣ ਅਤੇ ਕੈਨੇਡਾ-ਅਮਰੀਕਾ ਵਪਾਰਕ ਸਬੰਧਾਂ ਨੂੰ ਵਧੇਰੇ ਰਸਮੀ ਤੌਰ 'ਤੇ ਸੁਲਝਾਉਣ ਲਈ ਸਹਿਮਤ ਹੋਏ ਸਨ। ਕੈਨੇਡਾ ਕੋਲ ਆਟੋ ਪਾਰਟਸ 'ਤੇ ਟੈਕਸ ਲਗਾਉਣ ਲਈ ਟਰੰਪ ਦਾ ਇਕ ਹੋਰ ਟੈਰਿਫ ਉਪਾਅ ਲਾਗੂ ਹੋਣ ਤੱਕ 3 ਮਈ ਤੱਕ ਦਾ ਸਮਾਂ ਹੈ।

ਮਿਸਟਰ ਕਾਰਨੀ ਦੇ ਵਾਅਦਿਆਂ ਵਿੱਚੋਂ ਕੁਝ ਵਾਅਦੇ ਮੱਧ ਵਰਗ ਲਈ ਸਨ, ਜੋ ਉਨ੍ਹਾਂ ਦੀ ਪਾਰਟੀ ਦੇ ਅਨੁਮਾਨਾਂ ਅਨੁਸਾਰ, ਦੋ ਆਮਦਨ ਵਾਲੇ ਪਰਿਵਾਰਾਂ ਨੂੰ ਸਾਲਾਨਾ $ 825 ਤੱਕ ਦੀ ਬਚਤ ਕਰੇਗਾ। ਕਾਬਨ ਟੈਕਸ ਪਿਛਲੀ ਸਰਕਾਰ ਵੇਲੇ ਦਾ ਇੱਕ ਵਿਵਾਦਪੁਰਨ ਮੁੱਦਾ ਰਿਹਾ ਅਤੇ ਜਦੋਂ ਸ਼੍ਰੀਮਾਨ ਕਾਰਨੀ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਹੀ ਖਪਤਕਾਰ ਕਾਰਬਨ ਦੀ ਕੀਮਤ ਨੂੰ ਜ਼ੀਰੋ 'ਤੇ ਡਾਇਲ ਕੀਤਾ ਪਰ ਇਸ ਵਿਵਾਦਪੂਰਨ ਨੀਤੀ ਦੇ ਕਾਨੂੰਨ ਦੀ ਤਲਵਾਰ ਅਜੇ ਵੀ ਲੋਕਾਂ ਸਿਰ ਕਾਇਮ ਹੈ। ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਇਨ੍ਹਾਂ ਕਾਨੂੰਨਾਂ ਵਿੱਚ ਸੋਧ ਕਰਨ ਲਈ ਸੰਸਦ ਨੂੰ ਕਿਨ੍ਹਾਂ ਸਮਾਂ ਲੱਗੇਗਾ। ਕੈਨੇਡਾ ਦਾ ਹਾਊਸਿੰਗ ਸੰਕਟ ਬਾਰੇ ਵੀ ਮਾਰਕ ਕਾਰਨੀ ਨੇ ਵਾਅਦਾ ਕੀਤਾ ਹੈ ਜਿਸ ਮੁਤਬਿਕ ਬਿਲਡ ਕੈਨੇਡਾ ਹੋਮਜ਼ ਪ੍ਰੋਗਰਾਮ ਦਾ ਉਦੇਸ਼ ਪ੍ਰਤੀ ਸਾਲ 500,000 ਨਵੇਂ ਘਰਾਂ ਦੀ ਉਸਾਰੀ ਨੂੰ ਉਤਸ਼ਾਹਤ ਕਰਨਾ ਹੈ, ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਜੀਐਸਟੀ ਬ੍ਰੇਕ ਦੇਣਾ ਹੈ।




# ਸੁਰੱਖਿਆ ਵੀ, ਸੰਭਾਲ ਵੀ - ਸੁਪਰ ਵੀਜ਼ਾ ਇੰਸ਼ੋਰੈਂਸ ਅਤੇ ਲਾਈਫ ਇੰਸ਼ੋਰੈਂਸ ਦੀ ਲੋੜ

ਹਰਪ੍ਰੀਤ ਰਾਣਾ (MDRT) ਅਤੇ ਨਿਆਮਤ ਰਾਣਾ, ਪੰਜਾਬ ਇੰਸ਼ੋਰੈਂਸ

**ਸੁਪਰ ਵੀਜ਼ਾ ਇੰਸ਼ੋਰੈਂਸ-ਤੁਹਾਡੀਆਂ ਮਾਂ-ਬਾਪ ਦੀ ਸੁਖਦਾਈ ਯਾਤਰਾ ਲਈ ਇੱਕ ਲਾਜ਼ਮੀ ਕਦਮ**

ਕੈਨੇਡਾ ਵਿੱਚ ਰਹਿੰਦੇ ਹੋਏ, ਮਾਂ-ਪਿਓ ਨੂੰ ਆਪਣੇ ਕੋਲ ਲਿਆਉਣਾ ਸਭ ਤੋਂ ਵੱਡੀ ਖੁਸ਼ੀ ਹੋ ਸਕਦੀ ਹੈ। ਕੈਨੇਡਾ ਸਰਕਾਰ ਵੱਲੋਂ ਦਿੱਤਾ ਗਿਆ Super Visa ਤੁਹਾਨੂੰ ਇਹ ਮੌਕਾ ਦਿੰਦਾ ਹੈ ਕਿ ਤੁਸੀਂ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ 5 ਸਾਲ ਤੱਕ ਲੰਬੀ ਮਿਆਦ ਲਈ ਕੈਨੇਡਾ ਬੁਲਾ ਸਕੋ—ਬਿਨਾਂ ਵੀਜ਼ਾ ਰੀਨਿਊ ਕਰਵਾਏ।

**ਪਰ ਇਸ ਵੀਜ਼ਾ ਦੀ ਇੱਕ ਮੁੱਖ ਸ਼ਰਤ ਹੈ:** ਸਾਲ ਭਰ ਲਈ ਇੱਕ ਨਿੱਜੀ ਮੈਡੀਕਲ ਇੰਸ਼ੋਰੈਂਸ, ਜਿਸ ਵਿੱਚ ਘੱਟੋ-ਘੱਟ $100,000 ਦੀ ਕਵਰੇਜ ਹੋਵੇ।

ਸੁਪਰ ਵੀਜ਼ਾ ਇੰਸ਼ੋਰੈਂਸ ਸਿਰਫ਼ ਕਾਨੂੰਨੀ ਲੋੜ ਨਹੀਂ, ਸੁਰੱਖਿਆ ਦਾ ਸਾਥ ਵੀ ਹੈ।

ਸਾਡਾ ਮਕਸਦ ਸਿਰਫ ਕਵਰੇਜ ਵੇਚਣਾ ਨਹੀਂ, ਪਰ ਤੁਹਾਨੂੰ ਇੱਕ ਵਿਸ਼ਵਾਸ ਦਿਵਾਉਣਾ ਹੈ ਕਿ ਤੁਸੀਂ ਆਪਣੇ ਮਾਪਿਆਂ ਦੀ ਸਹੀ ਤਰ੍ਹਾਂ ਸੰਭਾਲ ਕਰ ਰਹੇ ਹੋ।

**ਪੰਜਾਬ ਇੰਸ਼ੋਰੈਂਸ ਵੱਲੋਂ ਦਿੱਤੇ ਜਾਣ ਵਾਲੇ ਸੁਪਰ ਵੀਜ਼ਾ ਇੰਸ਼ੋਰੈਂਸ ਪਲਾਨਾਂ ਦੀ ਵਿਸ਼ੇਸ਼ਤਾਵਾਂ:**

- ਕੈਨੇਡੀਅਨ ਕੰਪਨੀਆਂ ਤੋਂ ਡਾਇਰੈਕਟ ਇੰਸ਼ੋਰੈਂਸ - ਕੋਈ ਫਾਰਨ ਕਲੇਮ ਦੀ ਉਲਝਣ ਨਹੀਂ।
- ਤੁਰੰਤ ਐਕਟਿਵ ਕਵਰੇਜ - ਜਿਵੇਂ ਹੀ ਉਤਰਦੇ ਹਨ, ਕਵਰੇਜ ਸ਼ੁਰੂ।
- ਪੁਰਾਣੀਆਂ ਬਿਮਾਰੀਆਂ ਲਈ ਵੀ ਵਿਕਲਪ ਉਪਲਬਧ - ਜਿਵੇਂ ਸ਼ੂਗਰ, ਬੀਪੀ, ਕੋਲੇਸਟ੍ਰੋਲ ਆਦਿ।
- ਪੂਰੀ ਰੀਫੰਡ ਪਾਲਿਸੀ - ਵੀਜ਼ਾ ਰੱਦ ਹੋਣ ਜਾਂ ਯਾਤਰਾ ਰੱਦ ਹੋਣ ਤੇ।

ਸਾਨੂੰ ਪਤਾ ਹੈ ਕਿ ਹਰ ਪਰਿਵਾਰ ਦੀ ਸਥਿਤੀ ਵੱਖ-ਵੱਖ ਹੁੰਦੀ ਹੈ। ਇਸੀ ਲਈ ਅਸੀਂ ਤੁਹਾਡੀ ਗੱਲ ਸੁਣ ਕੇ, ਤੁਹਾਡੇ ਮਾਪਿਆਂ ਦੀ ਹਾਲਤ, ਯਾਤਰਾ ਦੀ ਮਿਆਦ ਅਤੇ ਤੁਹਾਡਾ ਬਜਟ ਦੇਖ ਕੇ ਤੁਹਾਡੇ ਲਈ ਠੀਕ ਇੰਸ਼ੋਰੈਂਸ ਚੁਣਦੇ ਹਾਂ।

**ਅਸਲ ਕਹਾਣੀਆਂ, ਅਸਲ ਭਰੋਸਾ**

'ਮੇਰੀ ਮਾਂ ਦੀ ਯਾਤਰਾ ਤੁਰੰਤ ਸੀ। ਹਰਪ੍ਰੀਤ ਜੀ ਅਤੇ ਨਿਯਮਤ ਜੀ ਨੇ ਐਸਾ ਸਮਝਾਇਆ ਅਤੇ ਸੇਵਾ ਦਿੱਤੀ, ਜਿਵੇਂ ਆਪਣੇ ਘਰ ਦੇ ਮੈਂਬਰ ਹੋਣ।'

**- ਅਮਨਪ੍ਰੀਤ ਕੌਰ, ਬ੍ਰੈਂਪਟਨ**

**ਹੁਣ ਗੱਲ ਕਰੀਏ ਤੁਹਾਡੇ ਭਵਿੱਖ ਦੀ - ਲਾਈਫ ਇੰਸ਼ੋਰੈਂਸ**

ਲਾਈਫ ਇੰਸ਼ੋਰੈਂਸ ਮੌਤ ਦੀ ਨਹੀਂ, ਜੀਵਨ ਦੀ ਗੱਲ ਹੈ। ਇਹ ਤੁਹਾਡੇ ਪਰਿਵਾਰ ਦੀ ਜੀਵਨਸ਼ੈਲੀ, ਬੱਚਿਆਂ ਦੀ ਪੜ੍ਹਾਈ, ਮੋਰਗੇਜ ਅਤੇ ਤੁਹਾਡੀ ਲੈਗਸੀ ਨੂੰ ਸੁਰੱਖਿਅਤ ਕਰਦਾ ਹੈ। ਇਹ ਇੱਕ ਸਿਆਣੀ ਅਤੇ ਜ਼ਰੂਰੀ ਆਰਥਿਕ ਯੋਜਨਾ ਹੈ।

**ਤੁਸੀਂ ਕਿਵੇਂ ਲਾਭ ਲੈ ਸਕਦੇ ਹੋ?**

- ਜੇ ਤੁਸੀਂ 20-30 ਸਾਲ ਦੇ ਹੋ, ਇਹ ਸਭ ਤੋਂ ਵਧੀਆ ਸਮਾਂ ਹੈ ਕਿਉਂਕਿ ਪ੍ਰੀਮੀਅਮ ਘੱਟ ਹੁੰਦੇ ਹਨ।
- ਜੇ ਤੁਸੀਂ 40-50 ਵਿੱਚ ਹੋ, ਤੁਹਾਡੇ ਕੋਲ ਪਰਿਵਾਰ, ਕਰਜ਼ੇ ਜਾਂ ਹੋਰ ਜ਼ਿੰਮੇਵਾਰੀਆਂ ਹੋਣਗੀਆਂ।
- ਜੇ ਤੁਸੀਂ ਉਮਰਦਾਰ ਹੋ, ਸਾਡੀ ਗਾਈਡੈਂਸ ਨਾਲ ਤੁਸੀਂ ਮੈਡੀਕਲ ਟੈਸਟ ਦੇ ਬਿਨਾਂ ਵੀ ਕਵਰੇਜ ਲੈ ਸਕਦੇ ਹੋ।

**ਲਾਈਫ ਇੰਸ਼ੋਰੈਂਸ ਦੇ ਪ੍ਰਕਾਰ:**

- ਟਰਮ ਲਾਈਫ ਇੰਸ਼ੋਰੈਂਸ - ਘੱਟ ਰੇਟ ਤੇ ਵੱਧ ਕਵਰੇਜ। ਬੱਚਿਆਂ ਦੀ ਪੜ੍ਹਾਈ ਜਾਂ ਮੋਰਗੇਜ ਲਈ ਬਿਹਤਰ।
- ਹੋਲ ਲਾਈਫ ਇੰਸ਼ੋਰੈਂਸ - ਜ਼ਿੰਦਗੀ ਭਰ ਦੀ ਸੁਰੱਖਿਆ ਅਤੇ ਨਿਵੇਸ਼ ਦੀ ਤਰ੍ਹਾਂ ਵੀ ਵਰਤੋਂਯੋਗ।

ਸਾਡੇ ਨਾਲ ਗੱਲ ਕਰਕੇ ਤੁਸੀਂ ਆਪਣੇ ਲੀਫ ਇੰਸ਼ੋਰੈਂਸ ਲਈ ਸਭ ਤੋਂ ਚੰਗਾ ਰਾਹ ਚੁਣ ਸਕਦੇ ਹੋ—ਸਿੱਧੀ, ਇਮਾਨਦਾਰ ਅਤੇ ਵਿਅਕਤੀਗਤ ਸਲਾਹ ਦੇ ਨਾਲ।

**ਹਰਪ੍ਰੀਤ ਤੇ ਨਿਆਮਤ ਵੱਲੋਂ ਵਿਅਕਤੀਗਤ ਸੁਨੇਹਾ**

ਅਸੀਂ ਵੀ ਤੁਹਾਡੀ ਤਰ੍ਹਾਂ ਪਰਿਵਾਰਿਕ ਲੋਕ ਹਾਂ। ਅਸੀਂ ਹਰ ਰੋਜ਼ ਵੇਖਦੇ ਹਾਂ ਕਿ ਕਿਵੇਂ ਲੋਕ ਬਿਨਾਂ ਇੰਸ਼ੋਰੈਂਸ ਦੇ ਮੁਸ਼ਕਲ ਹਾਲਾਤ ਵਿਚ ਪੈ ਜਾਂਦੇ ਹਨ। ਅਸੀਂ ਤੁਹਾਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਇੰਸ਼ੋਰੈਂਸ ਨਾਲ ਤੁਸੀਂ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਸੰਭਾਲ ਸਕਦੇ ਹੋ।

**ਸਾਡਾ ਵਾਅਦਾ:**

- ਕੋਈ ਜ਼ਬਰਦਸਤੀ ਨਹੀਂ
- ਸਾਫ਼-ਸੁਥਰੀ ਸਲਾਹ
- ਪੂਰਾ ਸਹਿਯੋਗ ਅਤੇ ਦਸਤਾਵੇਜ਼ੀ ਕਾਰਵਾਈ
- ਲਾਈਫਟਾਈਮ ਗਾਈਡੈਂਸ ਅਤੇ ਨਵੀਨੀਕਰਨ

ਸਾਡੇ ਨਾਲ ਸੰਪਰਕ ਕਰੋ - ਪੰਜਾਬ ਇੰਸ਼ੋਰੈਂਸ

- ਹਰਪ੍ਰੀਤ ਰਾਣਾ (MDRT)
- ਨਿਆਮਤ ਰਾਣਾ (ਇੰਸ਼ੋਰੈਂਸ ਐਡਵਾਈਜ਼ਰ)
- ਕੈਨੇਡਾ ਭਰ ਵਿੱਚ ਸੇਵਾਵਾਂ - ਓਨਟਾਰੀਓ, ਅਲਬਰਟਾ, ਬੀਸੀ ਆਦਿ।

info@punjabinsurance.com
www.punjabinsurance.com

ਤੁਹਾਡੀ ਜ਼ਿੰਦਗੀ ਦੀ ਸੁਰੱਖਿਆ ਸਾਡੇ ਹੱਥ ਵਿੱਚ, ਪੂਰੇ ਭਰੋਸੇ ਨਾਲ।

# Secure Their Visit, Safeguard Their Future: A Complete Guide to Super Visa and Life Insurance

**By Harpreet Rana, MDRT - Punjab Insurance & Niamat Rana, Insurance Advisor - Punjab Insurance**

**Bringing Your Loved Ones Closer with Confidence: Super Visa Insurance**

As immigrants, one of the most joyous experiences is reuniting with our parents and grandparents. Canada's Super Visa program is a golden opportunity for families to bridge the distance, allowing parents and grandparents of permanent residents or citizens to stay in Canada for up to five years at a stretch without needing to renew their status. But here's the catch: the visa requires mandatory proof of medical insurance.

This is where Super Visa Insurance becomes not just a requirement-but a safeguard for your loved ones and peace of mind for you.

**Why Super Visa Insurance is Non-Negotiable**

Super Visa applicants must demonstrate they hold private medical insurance valid for at least one year, with a minimum coverage of $100,000. But beyond just ticking off a checklist, this insurance plays a vital role in protecting against the unpredictable-medical emergencies, hospital stays, or specialist consultations that can cost thousands in Canada's healthcare system.

At Punjab Insurance, we don't just offer insurance-we offer clarity, care, and commitment. We walk you through the plan that best suits your parents' health history, travel duration, and your budget.

**What Makes Our Super Visa Insurance Stand Out?**

- 100% Canadian Insurance Providers - No complications with foreign claims.
- Immediate Coverage - Policies that activate the moment they land.
- Pre-existing Conditions Options - Yes, even if your parent has diabetes, hypertension, or cholesterol issues, we can still get them covered.
- Refund Policies - Full or partial refunds if the visa is denied or travel plans change.

We know that every family is unique. That's why we don't sell a one-size-fits-all plan. Instead, we listen-to your family's needs, budget concerns, and health details-and tailor the policy accordingly.

**Real Stories, Real Trust**

We've helped thousands of families, just like yours, navigate the Super Visa insurance process. One of our clients, Amanpreet from Brampton, shared, "My mom needed to fly in urgently. Harpreet and Niamat handled everything with such speed and clarity, I felt like I had an insurance expert and a friend in one."

The beauty of Super Visa insurance through Punjab Insurance lies in the transparency and honest advice we provide. We don't believe in pushing the most expensive plans. We believe in recommending the right plan.

**Now, Let's Talk About You: The Power of Life Insurance**

Life insurance isn't about death. It's about protecting life-your family's lifestyle, your children's education, your mortgage, and your legacy. It's one of the smartest financial decisions you can make-and yet, it's often misunderstood or postponed.

As trusted advisors at Punjab Insurance, we want you to know: life insurance is not a luxury, it's a necessity-no matter your age, income level, or stage in life.

**Why Should You Act Now?**

If you're in your 20s or 30s, now is the best time to lock in a policy. Your premiums will be low, and your coverage high. If you're in your 40s or 50s, the need becomes more urgent-you likely have dependents, debts, and financial responsibilities. And if you're older? It's not too late. We can help you secure simplified or guaranteed policies that require no medical tests.

**Types of Life Insurance: Know What You Need**

There's often confusion between term and whole life insurance. Let's simplify it:

- Term Life Insurance is like renting a safety net-affordable, flexible, and perfect for covering large obligations like mortgages or child education.
- Whole Life Insurance is like buying a lifelong asset-it builds cash value and covers you forever, no matter when you pass.

Still unsure? That's what we're here for. Harpreet and Niamat specialize in demystifying insurance. We offer consultations that feel more like friendly conversations. No jargon, no hard-selling-just genuine guidance.

**Protect What Matters Most**

Here's a scenario to consider: what happens to your family if tomorrow doesn't come? It's uncomfortable to think about, but even more dangerous to ignore. With life insurance, your loved ones won't have to worry about funeral expenses, debts, or how to maintain their lifestyle.

**Did you know?**

- You can get $500,000 in term coverage for as little as $25/month (depending on age and health).
- Life insurance policies can be used as investment tools, generating cash value and tax benefits.
- Policies can be structured to leave a legacy for your children or a donation to a cause you care about.

**A Personal Note from Harpreet and Niamat**

We are not just insurance agents. We are parents, children, and community members who understand the fears and hopes that come with settling in a new country. We've seen too many GoFundMe pages, too many financial emergencies, and too much regret from families who put off this crucial decision.

Let us help you take control today. Because when life is unpredictable, your insurance shouldn't be.

**Our Promise: Personalized Plans, Honest Advice**

At Punjab Insurance, we promise to treat every client like family. That means:

- No pressure tactics.
- Clear comparisons between plans.
- Help with documentation and claims.
- Year-round support and reviews to ensure your plan keeps up with your life.

So whether you're sponsoring a Super Visa for your beloved elders or planning your own life's safety net, remember: insurance is not about fear-it's about freedom. The freedom to live fully, love deeply, and leave a legacy without worry.

**Contact Us Today**

- Harpreet Rana - MDRT, Punjab Insurance
- Niamat Rana - Insurance Advisor, Punjab Insurance
- We serve clients across Ontario, Alberta, BC, and all of Canada.
- Call us now for a free, friendly consultation.
- info@punjabinsurance.com
- www.punjabinsurance.com

Your family deserves peace of mind. Let us help you provide it.



# ਟਰੰਪ ਦੀ ਟੈਰਿਫ ਸਿਆਸਤ ਅਤੇ ਸੰਸਾਰ ਅਰਥਚਾਰਾ



ਮਨਦੀਪ
1-438-924-2052
mandeepsaddowal@gmail.com




***ਅਮਰੀਕਾ ਦੇ ਮੁਕਾਬਲੇ ਸਸਤੀ ਲੇਬਰ ਅਤੇ ਸਸਤੇ ਕੱਚੇ ਸ੍ਰੋਤਾਂ ਕਾਰਨ ਚੀਨ ਸਮੇਤ ਸੰਸਾਰ ਦੇ ਦੂਰ ਤਟਵਰਤੀ ਖੇਤਰਾਂ ਵਿੱਚ ਉਤਪਾਦਨ ਅਮਰੀਕਾ ਨੂੰ ਸਸਤਾ ਪੈਂਦਾ ਹੈ। ਜੇ ਉਹ ਘਰੇਲੂ ਨਿਵੇਸ਼ ਉੱਤੇ ਜ਼ੋਰ ਦਿੰਦਾ ਹੈ ਤਾਂ ਅਮਰੀਕਾ ਵਿੱਚ ਉੱਚ ਉਜਰਤੀ ਦਰਾਂ ਤੇ ਮਹਿੰਗੀ ਢੋਆ-ਢੁਆਈ ਕਾਰਨ ਉਸ ਨੂੰ ਉਤਪਾਦਨ ਮਹਿੰਗਾ ਪਵੇਗਾ ਜਿਸ ਨਾਲ ਸੰਸਾਰ ਮੰਡੀ ਵਿੱਚ ਉਸ ਦੇ ਉਤਪਾਦ ਮੁਕਾਬਲਾ ਨਹੀਂ ਕਰ ਸਕਣਗੇ। – ਸੰਪਾਦਕ***

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੱਖ-ਵੱਖ ਮੁਲਕਾਂ ਲਈ ਐਲਾਨੇ ਟੈਰਿਫ ਭਾਵੇਂ 90 ਦਿਨ ਲਈ ਰੋਕਣ ਦਾ ਐਲਾਨ ਕਰ ਦਿੱਤਾ ਪਰ ਟੈਰਿਫ ਸਿਆਸਤ ਸੰਸਾਰ ਅਰਥਚਾਰੇ ਉੱਤੇ ਸਿੱਧੀ ਅਸਰਅੰਦਾਜ਼ ਹੋ ਰਹੀ ਹੈ। ਟਰੰਪ ਨੇ 2 ਅਪਰੈਲ ਨੂੰ ਆਪਣੇ ਦੇਸ਼ ਵਾਸੀਆਂ ਲਈ 'ਮੁਕਤੀ ਦਿਵਸ' ਦਾ ਐਲਾਨ ਕਰਦਿਆਂ ਅਮਰੀਕੀ ਵਪਾਰਕ ਭਾਈਵਾਲਾਂ ਉੱਤੇ 'ਪਰਸਪਰ ਟੈਰਿਫ' ਲਾਉਣ ਦਾ ਐਲਾਨ ਕਰ ਕੇ ਆਲਮੀ ਪੱਧਰ 'ਤੇ ਨਵੀਂ ਵਪਾਰਕ ਜੰਗ ਤੇਜ਼ ਕਰ ਦਿੱਤੀ ਸੀ। ਇਹ ਟੈਰਿਫ ਲਾਗੂ ਕਰਨ ਲਈ ਟਰੰਪ ਨੇ 1977 ਦੇ ਕੌਮਾਂਤਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ ਦੀ ਵਰਤੋਂ ਕਰਦਿਆਂ ਲਗਾਤਾਰ ਵਪਾਰ ਘਾਟੇ ਨੂੰ ਕੌਮੀ ਐਮਰਜੈਂਸੀ ਵਜੋਂ ਪੇਸ਼ ਕੀਤਾ। ਇਨ੍ਹਾਂ ਟੈਰਿਫਾਂ ਖਿਲਾਫ ਚੀਨ ਨੇ ਜਵਾਬੀ ਕਾਰਵਾਈ ਕੀਤੀ ਹੈ ਜਿਸ ਨਾਲ ਵਿਸ਼ਵ ਵਪਾਰਕ ਜੰਗ ਤੇਜ਼ ਹੋ ਗਈ ਹੈ। ਇਉਂ ਦਿਨਾਂ ਵਿੱਚ ਹੀ ਅਮਰੀਕਾ ਦੀ ਸਟਾਕ ਮਾਰਕਿਟ ਅਤੇ ਵਿਸ਼ਵ ਸਟਾਕ ਮਾਰਕਿਟ ਲੁੜਕ ਗਈ। ਯੂਰੋਪ ਵਿੱਚ ਟਰੰਪ ਦੀਆਂ ਨੀਤੀਆਂ ਖਿਲਾਫ ਵਿਸ਼ਾਲ ਰੋਸ ਪ੍ਰਦਰਸ਼ਨ ਹੋਏ। ਟਰੰਪ ਵੱਲੋਂ ਵਿਸ਼ਵਵਿਆਪੀ ਵਿਰੋਧ ਅਤੇ ਮੰਦੀ ਦੇ ਖਤਰਿਆਂ ਨੂੰ ਭਾਂਪਦਿਆਂ ਚੀਨ ਉੱਤੇ ਹੋਰ ਟੈਰਿਫ ਲਾਉਂਦਿਆਂ ਬਾਕੀ 75 ਮੁਲਕਾਂ ਲਈ 90 ਦਿਨ ਦੀ ਅਸਥਾਈ ਰਾਹਤ ਦਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ। ਅਮਰੀਕੀ ਸਾਮਰਾਜ ਨੇ ਆਪਣੇ ਵਪਾਰਕ, ਸਿਆਸੀ, ਫੌਜੀ ਤੇ ਆਰਥਿਕ ਹਿੱਤਾਂ ਦੀ ਰੱਖਿਆ ਅਤੇ ਲਗਾਤਾਰ ਖੁਰ ਰਹੀ ਆਪਣੀ ਸ਼ਕਤੀ ਬਣਾਈ ਰੱਖਣ ਲਈ ਇਹ ਵਪਾਰਕ ਤੇ ਕੂਟਨੀਤਕ ਜੰਗ ਸ਼ੁਰੂ ਕੀਤੀ ਹੈ।ਟਰੰਪ ਕੋਈ ਅਦਿੱਖ ਅਲੌਕਿਕ ਸ਼ਕਤੀਆਂ ਦਾ ਮਾਲਕ ਨਹੀਂ ਜਿਸ ਦੀ ਵਿਅਕਤੀਗਤ ਇੱਛਾ ਅਮਰੀਕਾ ਨੂੰ ਮੁੜ ਮਹਾਨ ਅਤੇ ਅਮੀਰ ਬਣਾ ਦੇਵੇਗੀ ਬਲਕਿ ਟਰੰਪ ਨੇ ਆਪਣੇ ਵਪਾਰਕ ਸਲਾਹਕਾਰ ਅਤੇ ਸੁਰੱਖਿਆਵਾਦੀ ਨੀਤੀਆਂ ਦੇ ਪੈਰੋਕਾਰ ਪੀਟਰ ਨਵਾਰੋ, ਸਟੀਵ ਬੋਨਨ, ਰਾਬਰਟ ਲਾਈਟਹਾਈਜ਼ਰ ਅਤੇ ਪਟੇ ਬੁਕਾਨਨ, ਜੋ ਮੁਕਤ ਵਪਾਰ ਸਮਝੌਤਿਆਂ ਦੇ ਆਲੋਚਕ, ਚੀਨ ਦੇ ਉਭਾਰ ਨੂੰ ਸਭ ਤੋਂ ਵੱਡੀ ਚੁਣੌਤੀ ਮੰਨਣ ਵਾਲੇ ਅਤੇ ਟੈਰਿਫ ਨੀਤੀਆਂ ਦੀ ਵਕਾਲਤ ਕਰਨ ਵਾਲੇ ਅਮਰੀਕੀ ਅਰਥ ਸ਼ਾਸਤਰੀ ਹਨ ਅਤੇ ਅਮਰੀਕੀ ਪੂੰਜੀਪਤੀਆਂ ਦੀ ਸਲਾਹ ਨਾਲ ਟੈਰਿਫ ਨੀਤੀ ਲਾਗੂ ਕੀਤੀ ਹੈ। ਉਨ੍ਹਾਂ ਮੁਤਾਬਕ ਦਰਾਮਦੀ ਮਾਲ ਉੱਤੇ ਟੈਕਸ ਦੀ ਇਹ ਨੀਤੀ ਅਮਰੀਕਾ ਨੂੰ ਮੁੜ ਅਮੀਰ ਬਣਾਉਣ, ਘਰੇਲੂ ਨਿਰਮਾਣ ਉਦਯੋਗ ਨੂੰ ਪੁਨਰਗਠਿਤ ਕਰਨ ਅਤੇ ਵਪਾਰ ਘਾਟਾ ਘਟਾਉਣ ਲਈ ਲਿਆਂਦੀ ਜਾ ਰਹੀ ਹੈ। ਇਸ ਤੋਂ ਇਲਾਵਾ ਕਰਜ਼ ਪੂਰਤੀ ਲਈ ਸਰਕਾਰੀ ਖਰਚਿਆਂ 'ਤੇ ਕੱਟ ਲਾਉਣ, ਅਮਰੀਕੀ ਦਬਕਾ ਕਾਇਮ ਰੱਖਣ ਲਈ ਪਨਾਮਾ ਨਹਿਰ, ਗਾਜ਼ਾ ਤੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ, ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਆਦਿ ਵਰਗੇ ਕੌਮੀ ਤ੍ਰਿਸਕਾਰ ਦੇ ਬਿਆਨ ਦੇਣੇ ਅਤੇ ਜੰਗੀ ਵਪਾਰਕ ਉਦੇਸ਼ਾਂ ਲਈ ਮੱਧ ਪੂਰਬ ਏਸ਼ੀਆ ਵਿੱਚ ਦਖਲਅੰਦਾਜ਼ੀ ਅਮਰੀਕੀ ਸਾਮਰਾਜ ਦੀ ਹਮਲਾਵਰ ਨੀਤੀ ਦਾ ਸਿੱਟਾ ਹੈ। ਆਰਥਿਕ ਅਤੇ ਫੌਜੀ ਮੁਹਾਣ 'ਤੇ ਅਮਰੀਕਾ ਦਾ ਇਹ ਹਮਲਾਵਰ ਰੁਖ ਮੁੱਖ ਤੌਰ 'ਤੇ ਚੀਨ ਅਤੇ ਬਾਕੀ ਸਾਮਰਾਜੀ ਮੁਲਕਾਂ ਨਾਲ ਮੁਕਾਬਲੇਬਾਜ਼ੀ ਵਿੱਚੋਂ ਪਛੜਨ ਦੇ ਖੌਫ਼ ਵਿੱਚੋਂ ਪੈਦਾ ਹੋਇਆ ਹੈ। ਸੰਸਾਰ ਵਪਾਰ ਵਿੱਚ ਅਮਰੀਕਾ ਦੀ ਪਹਿਲਾਂ ਵਾਲੀ ਸਮਰੱਥਾ, ਕਾਬਲੀਅਤ ਅਤੇ ਪ੍ਰਮੁੱਖਤਾ ਨਹੀਂ ਰਹੀ। ਸੱਤਰਵਿਆਂ ਦੇ ਦਹਾਕੇ ਵਿੱਚ ਸੰਸਾਰ ਵਪਾਰ ਵਿੱਚ ਅਮਰੀਕਾ ਦੀ ਹਿੱਸੇਦਾਰੀ 14% ਅਤੇ ਚੀਨ ਦੀ ਹਿੱਸੇਦਾਰੀ 1% ਤੋਂ ਵੀ ਘੱਟ ਦੀ ਸੀ। ਅੱਜ ਵਿਸ਼ਵ ਵਪਾਰ ਵਿੱਚ ਚੀਨ ਦੀ 14% ਅਤੇ ਅਮਰੀਕਾ ਦੀ 10% ਹਿੱਸੇਦਾਰੀ ਹੈ। ਇਸ ਤੋਂ ਇਲਾਵਾ ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਗੱਠਜੋੜ ਅਤੇ ਗਲੋਬਲ ਸਾਊਥ ਦੇ ਅਨੇਕ ਮੁਲਕਾਂ ਦੇ ਦੁਵੱਲੇ ਵਪਾਰਕ ਸਬੰਧਾਂ ਅਤੇ ਆਰਥਿਕ ਉੱਨਤੀ ਕਾਰਨ ਸੰਸਾਰ ਇੱਕ ਧਰੁਵੀ ਨਿਰਭਰਤਾ ਦੇ ਪੂਰਨ ਦਾਬੇ ਹੇਠ ਨਹੀਂ ਰਿਹਾ। ਇਸ ਸੂਰਤ ਵਿੱਚ ਟਰੰਪ ਦੁਆਰਾ ਮੁਕਤ ਵਪਾਰ ਦੀਆਂ ਨਵਉਦਾਰਵਾਦੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਸੁਰੱਖਿਆਵਾਦੀ ਆਰਥਿਕ ਰਾਸ਼ਟਰਵਾਦ ਨੂੰ ਤਰਜੀਹ ਦੇਣੀ ਬੜਾ ਘਾਤਕ ਸੁਫਨਾ ਹੈ ਜੋ ਅਮਰੀਕੀ ਸਰਦਾਰੀ ਦੀ ਗਿਰਾਵਟ ਦੀ ਪੁਸ਼ਟੀ ਕਰਦਾ ਹੈ।

ਕੀ ਮਹਿੰਗਾਈ ਰੋਕੀ ਜਾ ਸਕਦੀ ਹੈ ਕੀ ਮਹਿੰਗਾਈ ਰੋਕੀ ਜਾ ਸਕਦੀ ਹੈ ?ਔਰਤਾਂ ਦੇ ਸੰਵੇਦਨਸ਼ੀਲ ਮਾਮਲੇ ਅਤੇ ਨਿਆਂਪਾਲਿਕਾਔਰਤਾਂ ਦੇ ਸੰਵੇਦਨਸ਼ੀਲ ਮਾਮਲੇ ਅਤੇ ਨਿਆਂਪਾਲਿਕਾਮੌਜੂਦਾ ਹਾਲਾਤ ਅਤੇ ਪੰਜਾਬ ਦੀ ਖੇਤੀ ਨੀਤੀ ਮੌਜੂਦਾ ਹਾਲਾਤ ਅਤੇ ਪੰਜਾਬ ਦੀ ਖੇਤੀ ਨੀਤੀ ਪੰਜਾਬ ਦੇ ਅਰਥਚਾਰੇ ਲਈ ਬਦਲਵੀਂ ਨੀਤੀ ਦੀ ਲੋੜਪੰਜਾਬ ਦੇ ਅਰਥਚਾਰੇ ਲਈ ਬਦਲਵੀਂ ਨੀਤੀ ਦੀ ਲੋੜ

ਸਭ ਤੋਂ ਪਹਿਲਾਂ ਤਾਂ ਟਰੰਪ ਦੀ ਟੈਰਿਫ ਗਣਨਾ ਵਿਧੀ ਜੋ ਵਿਸ਼ਵ ਵਪਾਰ ਸੰਸਥਾ ਦੀ ਵੈੱਬਸਾਇਟ 'ਤੇ ਦਿੱਤੀ ਹੋਈ ਹੈ, ਦੋਸ਼ਪੂਰਨ ਹੈ। ਇਹ ਵਿਧੀ ਗੁੰਝਲਦਾਰ ਵਪਾਰਕ ਸਬੰਧਾਂ ਨੂੰ ਸਰਲ ਬਣਾ ਕੇ ਪੇਸ਼ ਕਰਦੀ ਹੈ। ਟੈਰਿਫ ਦੀ ਗਣਨਾ ਵਪਾਰ ਘਾਟੇ ਦੇ ਅਨੁਪਾਤ ਅਨੁਸਾਰ ਕੀਤੀ ਗਈ ਹੈ। ਕਿਸੇ ਇੱਕ ਮੁਲਕ ਨਾਲ ਵਪਾਰ ਘਾਟੇ ਨੂੰ ਉਸ ਦੇਸ਼ ਤੋਂ ਦਰਾਮਦ ਵਸਤੂਆਂ ਦੇ ਕੁੱਲ ਮੁੱਲ ਨਾਲ ਵੰਡ ਕੇ ਅਗਾਂਹ ਉਸ ਨੂੰ 2 ਨਾਲ ਵੰਡ ਕੇ ਟੈਰਿਫ ਦਰ ਤੈਅ ਕੀਤੀ ਗਈ ਹੈ। ਉਦਾਹਰਨ ਵਜੋਂ ਜੇ ਅਮਰੀਕਾ ਦਾ ਕੈਨੇਡਾ ਨਾਲ ਵਪਾਰ ਘਾਟਾ 100 ਅਰਬ ਡਾਲਰ ਦਾ ਹੈ ਤੇ ਉਸ ਦੀ ਕੈਨੇਡਾ ਤੋਂ ਦਰਾਮਦ 200 ਅਰਬ ਡਾਲਰ ਹੈ ਤਾਂ 100/200=0.5/2= 0.25% (25%)। ਸਾਮਰਾਜੀ ਦੌਰ ਅੰਦਰ ਅਸਾਵੇਂ ਵਿਕਾਸ ਕਾਰਨ ਦੁਨੀਆ ਪੱਛੜੇ ਅਤੇ ਵਿਕਸਿਤ ਮੁਲਕਾਂ ਵਿਚਕਾਰ ਵੰਡੀ ਹੋਈ ਹੈ ਜਿਸ ਕਰ ਕੇ ਪੂੰਜੀ, ਤਕਨੀਕ, ਬੁਨਿਆਦੀ ਢਾਂਚੇ, ਮੁਦਰਾ ਦੀ ਕੀਮਤ ਅਤੇ ਉਜਰਤਾਂ ਵਿਚਕਾਰ ਅੰਤਰ ਕਾਰਨ ਸੰਤੁਲਿਤ ਸੰਸਾਰ ਵਪਾਰ ਦਾ ਸੰਕਲਪ ਮੂਲੋਂ ਹੀ ਗ਼ਲਤ ਹੈ। ਦਿੱਲੀ ਅਤੇ ਸ਼ਿਕਾਗੋ ਦੇ ਮਜ਼ਦੂਰਾਂ ਦੀਆਂ ਉਜਰਤਾਂ ਵਿਚਕਾਰ ਜ਼ਮੀਨ ਅਸਮਾਨ ਦਾ ਫਰਕ ਹੋਣ ਕਰ ਕੇ ਅਤੇ ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਘੱਟ ਹੋਣ ਕਰ ਕੇ ਅਮਰੀਕੀ ਉਤਪਾਦਕ ਵਸਤਾਂ ਭਾਰਤੀ ਉਤਪਾਦਕ ਵਸਤਾਂ ਮੁਕਾਬਲੇ ਜ਼ਿਆਦਾ ਮਹਿੰਗੀਆਂ ਹੋਣਗੀਆਂ। ਇਸ ਲਈ ਪਰਸਪਰ ਟੈਰਿਫ ਬਰਾਬਰ ਅਰਥਚਾਰਿਆਂ ਵਾਲੇ ਦੇਸ਼ਾਂ ਵਿੱਚ ਹੋਰ ਮਾਇਨੇ ਰੱਖਦੇ ਹਨ ਤੇ ਅਸਾਵੇਂ ਵਿਕਾਸ ਕਾਰਨ ਇਸ ਦੀ ਮਾਰ ਗਰੀਬ ਮੁਲਕਾਂ ਦੇ ਲੋਕਾਂ ਉੱਤੇ ਵੱਧ ਪੈਂਦੀ ਹੈ।ਦੂਜਾ, ਅਮਰੀਕੀ ਸਾਮਰਾਜ ਟੈਰਿਫ ਨੂੰ ਕੂਟਨੀਤਕ ਹਥਿਆਰ ਵਜੋਂ ਵਰਤਦਾ ਹੈ, ਜਿਸ ਤਹਿਤ ਪੂੰਜੀਪਤੀਆਂ ਦੇ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸਾਮਰਾਜੀ ਪੂੰਜੀਵਾਦੀ ਤਾਕਤਾਂ ਮੰਡੀ ਦੇ ਵਿਸਤਾਰ ਅਤੇ ਪੂੰਜੀ ਦੇ ਇਕੱਤਰੀਕਰਨ ਲਈ ਟੈਰਿਫ ਨੂੰ ਕੌਮੀ ਨੀਤੀ ਵਜੋਂ ਵਰਤਦੇ ਹਨ। ਇਸ ਕੂਟਨੀਤਕ ਹਥਿਆਰ ਤਹਿਤ ਦੰਡਕਾਰੀ ਟੈਰਿਫ ਦੀਆਂ ਧਮਕੀਆਂ ਨਾਲ ਕਿਸੇ ਮੁਲਕ ਵਿੱਚ ਅਮਰੀਕੀ ਵਸਤਾਂ ਦੀ ਦਰਾਮਦ ਉੱਤੇ ਟੈਰਿਫ ਘੱਟ ਕਰਨ ਦਾ ਦਬਾਅ ਪਾਇਆ ਜਾਂਦਾ ਹੈ ਤਾਂ ਜੋ ਅਮਰੀਕੀ ਉਤਪਾਦਾਂ ਲਈ ਮੰਡੀ ਤੇ ਮੁਨਾਫੇ ਦੇ ਅੜਿੱਕੇ ਦੂਰ ਕੀਤੇ ਜਾ ਸਕਣ। ਉਦਾਹਰਨ ਵਜੋਂ 1994 ਵਿੱਚ ਅਮਰੀਕਾ, ਕੈਨੇਡਾ ਅਤੇ ਮੈਕਸਿਕੋ ਵਿਚਕਾਰ ਮੁਕਤ ਵਪਾਰ ਸਮਝੌਤਾ ਨਾਫਟਾ (ਉੱਤਰੀ ਅਮਰੀਕੀ ਮੁਕਤ ਵਪਾਰ ਸਮਝੌਤਾ) ਕੀਤਾ ਗਿਆ ਸੀ। ਇਸ ਸਮਝੌਤੇ ਤਹਿਤ ਮੈਕਸਿਕੋ ਵਿੱਚ ਖਪਤ ਕੀਤੇ ਜਾਣ ਵਾਲੇ ਭੋਜਨ ਦਾ ਵੱਡਾ ਹਿੱਸਾ (42%) ਅਮਰੀਕਾ ਤੋਂ ਬਰਾਮਦ ਕੀਤਾ ਗਿਆ, ਜਿਸ ਨਾਲ 13 ਲੱਖ ਕਿਸਾਨ ਖੇਤੀਬਾੜੀ ਵਿੱਚੋਂ ਬਾਹਰ ਹੋ ਗਏ। ਲੱਖਾਂ ਮੈਕਸਿਕਨ ਭੁੱਖਿਆਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਅਤੇ ਦੇਸ਼ ਦੇ ਕਿਸਾਨ ਪਰਿਵਾਰ ਕੁਪੋਸ਼ਣ ਤੇ ਗਰੀਬੀ ਦਾ ਸ਼ਿਕਾਰ ਹੋ ਗਏ। ਮੈਕਸਿਕੋ 'ਚ ਚੌਲ, ਸੋਇਆਬੀਨ, ਦਾਲਾਂ, ਕਣਕ ਅਤੇ ਮੱਕੀ ਅਮਰੀਕਾ ਤੋਂ ਦਰਾਮਦ ਕੀਤੇ ਜਾਣ ਲੱਗੇ ਜਿਸ ਨਾਲ ਖੇਤੀਬਾੜੀ ਖੇਤਰ ਦਾ ਦੀਵਾਲਾ ਨਿਕਲਣ ਨਾਲ ਲੱਖਾਂ ਕਿਸਾਨ ਖੁਦਕਸ਼ੀਆਂ ਕਰਨ ਲਈ ਮਜਬੂਰ ਹੋਏ। ਖੇਤੀਬਾੜੀ ਖੇਤਰ ਦੇ ਉਜਾੜੇ ਕਾਰਨ ਲੱਖਾਂ ਦੀ ਗਿਣਤੀ ਵਿੱਚ ਵਿਹਲੀ ਹੋਈ ਰਿਜ਼ਰਵ ਆਰਮੀ (ਕਿਸਾਨਾਂ ਦੇ ਨੌਜਵਾਨ ਧੀਆਂ-ਪੁੱਤ) ਕਾਨੂੰਨੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਪਰਵਾਸ ਕਰਨ ਲਈ ਮਜਬੂਰ ਹੋਈ ਜੋ ਅੱਜ ਕੱਲ੍ਹ ਅਮਰੀਕਾ ਵਿੱਚੋਂ ਦੇਸ਼-ਨਿਕਾਲੇ ਦਾ ਸਭ ਤੋਂ ਵੱਧ ਸ਼ਿਕਾਰ ਹੈ। ਨਾਫਟਾ ਅਧੀਨ ਮੈਕਸਿਕੋ ਦਾ ਡੇਅਰੀ ਅਤੇ ਪੋਲਟਰੀ ਖੇਤਰ ਤਬਾਹ ਹੋ ਗਿਆ। ਸ਼ਹਿਰਾਂ ਵਿੱਚ ਮਜ਼ਦੂਰਾਂ ਦੇ ਹੜ੍ਹ ਕਾਰਨ ਉਦਯੋਗਿਕ ਮਜ਼ਦੂਰੀ ਵਿੱਚ 10 ਪ੍ਰਤੀਸ਼ਤ ਦੀ ਗਿਰਾਵਟ ਆਈ। ਹੁਣ ਨਾਫਟਾ ਵਰਗੇ ਮੁਕਤ ਵਪਾਰ ਸਮਝੌਤਿਆਂ ਦੀ ਉਲੰਘਣਾ ਕਰਦਿਆਂ ਇਕਪਾਸੜ ਤੌਰ 'ਤੇ ਟੈਰਿਫ ਲਗਾ ਕੇ ਬਚੇ-ਖੁਚੇ ਮੈਕਸਿਕਨ ਉਦਯੋਗਾਂ ਅਤੇ ਖੇਤੀਬਾੜੀ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ। ਇਹੀ ਹਾਲਤ ਅਮਰੀਕੀ ਖੇਤੀਬਾੜੀ ਉਤਪਾਦਾਂ ਉੱਤੇ ਟੈਰਿਫ ਘਟਾਉਣ ਨਾਲ ਭਾਰਤ ਦੀ ਕਿਸਾਨੀ ਅਤੇ ਆਮ ਲੋਕਾਂ ਦੀ ਹੋਵੇਗੀ। ਭਾਰਤ ਵਿੱਚ ਅਮਰੀਕਾ ਦੇ ਮੁਕਾਬਲੇ ਪ੍ਰਤੀ ਵਿਅਕਤੀ ਆਮਦਨ ਵਿੱਚ ਪਾੜਾ ਹੋਣ ਕਾਰਨ, ਭਾਰਤ 'ਚ ਅਮਰੀਕੀ ਦਰਾਮਦ ਤੇ ਟੈਰਿਫ ਘਟਾਉਣ ਤੇ ਬਰਾਮਦ ਉੱਤੇ ਟੈਰਿਫ ਵਸੂਲਣ, ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ 'ਚ ਅੰਤਰ ਹੋਣ ਕਾਰਨ ਖੇਤੀਬਾੜੀ, ਪੋਲਟਰੀ ਅਤੇ ਡੇਅਰੀ ਖੇਤਰਾਂ ਵਿੱਚ ਉਜਾੜਾ ਹੋਵੇਗਾ। ਭਾਰਤ-ਅਮਰੀਕਾ ਦੁਵੱਲਾ ਵਪਾਰ ਸਮਝੌਤਾ (ਬੀਟੀਏ) ਭਾਰਤੀ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਲਈ ਵੱਡਾ ਖਤਰਾ ਖੜ੍ਹਾ ਕਰੇਗਾ ਤੇ ਇਸ ਲਈ ਅਮਰੀਕਾ ਦੇ ਪਰਸਪਰ ਟੈਰਿਫ ਗੈਰ-ਵਾਜਿਬ ਤੇ ਹਮਲਾਵਰ ਹਨ।ਗਲੋਬਲ ਆਰਥਿਕਤਾ ਉੱਤੇ ਕੰਟਰੋਲ ਲਈ ਨਵਉਦਾਰਵਾਦੀ ਜਨੂੰਨ ਦੇ ਨਾਲ-ਨਾਲ ਟਰੰਪ ਦੀਆਂ ਸੁਰੱਖਿਆਵਾਦੀ ਨੀਤੀਆਂ ਕਈ ਤਰ੍ਹਾਂ ਦੇ ਅੰਤਰ-ਵਿਰੋਧਾਂ ਦਾ ਵੀ ਸ਼ਿਕਾਰ ਹਨ। ਅਮਰੀਕਾ ਦੀ ਆਰਥਿਕ ਮਜ਼ਬੂਤੀ ਸਸਤੀ ਦਰਾਮਦ ਅਤੇ ਮਹਿੰਗੀ ਬਰਾਮਦ ਉੱਤੇ ਟਿਕੀ ਹੋਈ ਹੈ। ਅਮਰੀਕਾ ਦੇ ਮੁਕਾਬਲੇ ਸਸਤੀ ਲੇਬਰ ਅਤੇ ਸਸਤੇ ਕੱਚੇ ਸ੍ਰੋਤਾਂ ਕਾਰਨ ਚੀਨ ਸਮੇਤ ਸੰਸਾਰ ਦੇ ਦੂਰ ਤਟਵਰਤੀ ਖੇਤਰਾਂ ਵਿੱਚ ਉਤਪਾਦਨ ਅਮਰੀਕਾ ਨੂੰ ਸਸਤਾ ਪੈਂਦਾ ਹੈ। ਜੇ ਉਹ ਘਰੇਲੂ ਨਿਵੇਸ਼ ਉੱਤੇ ਜ਼ੋਰ ਦਿੰਦਾ ਹੈ ਤਾਂ ਅਮਰੀਕਾ ਵਿੱਚ ਉੱਚ ਉਜਰਤੀ ਦਰਾਂ ਤੇ ਮਹਿੰਗੀ ਢੋਆ-ਢੁਆਈ ਕਾਰਨ ਉਸ ਨੂੰ ਉਤਪਾਦਨ ਮਹਿੰਗਾ ਪਵੇਗਾ ਜਿਸ ਨਾਲ ਸੰਸਾਰ ਮੰਡੀ ਵਿੱਚ ਉਸ ਦੇ ਉਤਪਾਦ ਮੁਕਾਬਲਾ ਨਹੀਂ ਕਰ ਸਕਣਗੇ। ਵਿਦੇਸ਼ੀ ਦਰਾਮਦਾਂ ਨੂੰ ਸਜ਼ਾ ਦੇ ਕੇ ਅਤੇ ਅਮਰੀਕੀ ਕਾਰਪੋਰੇਸ਼ਨਾਂ ਨੂੰ ਸਥਾਨਕ ਉਤਪਾਦਨ ਲਈ ਮਜਬੂਰ ਕਰ ਕੇ ਅਮਰੀਕੀ ਉਤਪਾਦ ਗਲੋਬਲ ਮੰਡੀ ਦੇ ਕਾਬਲ ਨਹੀਂ ਹੋ ਸਕਦੇ। ਅਮਰੀਕਾ ਅੰਦਰ ਨਿਰਮਾਣ, ਮਹਿੰਗਾਈ, ਰੈਗੂਲੇਟਰੀ ਕਾਨੂੰਨਾਂ ਅਤੇ ਡਾਲਰ ਦੀ ਕੀਮਤ ਵੱਧ ਹੋਣ ਕਰ ਕੇ ਵੀ ਅਮਰੀਕੀ ਵਸਤਾਂ ਨੂੰ ਬਰਾਮਦ ਮੁਕਾਬਲੇ ਵਿੱਚੋਂ ਬਾਹਰ ਕਰਦਾ ਹੈ। ਐਪਲ, ਵਾਲਮਾਰਟ, ਮੈਕਡੋਨਲਡ, ਟੈਸਲਾ ਨੇ ਦੂਰ ਤੱਟਵਰਤੀ ਨਿਰਮਾਣ, ਸਸਤੇ ਕੱਚੇ ਮਾਲ ਅਤੇ ਮਜ਼ਦੂਰਾਂ ਦੀ ਸਸਤੀ ਉਜਰਤ ਲੁੱਟ ਕੇ ਹੀ ਆਪਣੇ ਸਾਮਰਾਜ ਖੜ੍ਹੇ ਕੀਤੇ ਹਨ। ਇਸ ਤੋਂ ਇਲਾਵਾ ਅਮਰੀਕਾ ਅੰਦਰ ਨਿਰਮਾਣ ਲਈ ਬੁਨਿਆਦੀ ਢਾਂਚਾ ਰਾਤੋ-ਰਾਤ ਖੜ੍ਹਾ ਨਹੀਂ ਹੋ ਸਕਦਾ। ਇਸ ਲਈ ਅਮਰੀਕੀ ਹਾਕਮ ਜਾਣਦੇ ਹਨ ਕਿ ਇਨ੍ਹਾਂ ਨੀਤੀਆਂ ਦਾ ਬੋਝ ਆਮ ਲੋਕਾਂ ਉੱਤੇ ਪੈਣ ਵਾਲਾ ਹੈ ਅਤੇ ਲੋਕ ਵਿਰੋਧ ਨੂੰ ਅਗਾਊਂ ਦਬਾਉਣ ਲਈ ਮਜ਼ਦੂਰ ਵਿਰੋਧੀ ਕਾਨੂੰਨਾਂ, ਪੁਲੀਸ ਦਹਿਸ਼ਤ ਤੇ ਪਰਵਾਸੀ ਵਿਰੋਧੀ ਕੌਮੀ ਸ਼ਾਵਨਵਾਦੀ ਭਾਵਨਾ ਨੂੰ ਹਵਾ ਦਿੰਦਿਆਂ ਉਨ੍ਹਾਂ ਨੂੰ ਦੇਸ਼-ਨਿਕਾਲਾ ਦਿੱਤਾ ਜਾ ਰਿਹਾ ਹੈ। ਜੇ ਟਰੰਪ ਭਵਿੱਖ ਵਿੱਚ ਘਰੇਲੂ ਉਦਯੋਗਾਂ ਦੇ ਪੁਨਰਗਠਨ ਲਈ ਟੈਰਿਫ ਨੀਤੀ 'ਤੇ ਅਮਲੀ ਤੌਰ 'ਤੇ ਸਖਤ ਨਾਲ ਪਹਿਰਾ ਜਾਰੀ ਰੱਖਦਾ ਹੈ ਤਾਂ ਇਸ ਦੇ ਨਤੀਜੇ ਵਿਸ਼ਵ ਬਾਜ਼ਾਰਾਂ ਵਿੱਚ ਉਥਲ-ਪੁਥਲ, ਅਸਥਿਰਤਾ, ਨੌਕਰੀਆਂ ਦੇ ਖਾਤਮੇ, ਮਹਿੰਗਾਈ, ਨਾ-ਬਰਾਬਰੀ, ਸਮਾਜਿਕ ਤਣਾਅ ਤੇ ਅਰਾਜਕਤਾ, ਗਲੋਬਲ ਸਪਲਾਈ ਚੇਨ 'ਚ ਗੜਬੜ, ਛੋਟੇ ਵਪਾਰਾਂ ਤੇ ਖੇਤੀਬਾੜੀ ਦਾ ਉਜਾੜਾ ਅਤੇ ਖਪਤਕਾਰਾਂ 'ਤੇ ਬੋਝ ਦੇ ਰੂਪ ਵਿੱਚ ਸਾਹਮਣੇ ਆਉਣਗੇ। ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਕੇਂਦਰੀ ਵਿਆਜ ਦਰਾਂ ਵਧਾਈਆਂ ਜਾਣਗੀਆਂ ਜਿਸ ਨਾਲ ਰੀਅਲ ਅਸਟੇਟ ਤੇ ਸਟਾਕ ਮਾਰਕਿਟ ਡਿੱਗੇਗੀ, ਮੁਦਰਾ ਬਾਜ਼ਾਰਾਂ ਵਿੱਚ ਅਸਥਿਰਤਾ ਪੈਦਾ ਹੋਵੇਗੀ, ਮੰਗ ਤੇ ਉਤਪਾਦਕਤਾ ਘਟੇਗੀ, ਨਿਵੇਸ਼ ਘਟੇਗਾ, ਮੁਨਾਫੇ ਦੀਆਂ ਦਰਾਂ ਡਿੱਗਣਗੀਆਂ ਤੇ ਖੜੋਤ ਨਾਲ ਵਾਧੂ ਪੈਦਾਵਾਰ ਦਾ ਸੰਕਟ ਪੈਦਾ ਹੋ ਜਾਵੇਗਾ। ਇਸ ਨਾਲ ਸੰਸਾਰ ਅਰਥਚਾਰਾ ਗੰਭੀਰ ਆਰਥਿਕ ਮੰਦੀ ਦੀ ਲਪੇਟ ਵਿੱਚ ਆ ਸਕਦਾ ਹੈ। ਜੇ ਇਹ ਪੂੰਜੀਵਾਦ ਸਨਕ ਜਾਰੀ ਰਹਿੰਦੀ ਹੈ ਤਾਂ ਇਹ ਸੰਕਟ 2008 ਦੇ ਅਮਰੀਕੀ ਸੰਕਟ ਨਾਲੋਂ ਕਿਤੇ ਵੱਧ ਗਹਿਰਾ ਸਾਬਤ ਹੋਵੇਗਾ। ਟੈਰਿਫ ਨੀਤੀ ਨਾਲ ਸੰਸਾਰ ਅਰਥਚਾਰੇ ਦੀ ਘੇਰਾਬੰਦੀ ਕਰ ਕੇ ਪੂਰੇ ਸੰਸਾਰ ਆਰਥਿਕ-ਵਪਾਰਕ ਤਾਣੇ-ਬਾਣੇ ਨੂੰ ਵਿਗਾੜ ਕੇ ਇਸ ਦਾ ਲਾਹਾ ਲੈਣ ਦੀ ਤਾਕ 'ਚ ਬੈਠਾ ਅਮਰੀਕੀ ਸਾਮਰਾਜ ਖੁਦ ਨਿਖੜ ਰਿਹਾ ਹੈ। ਵੱਖ-ਵੱਖ ਮਹਾਂਦੀਪਾਂ ਦੇ ਦੇਸ਼ ਅਮਰੀਕਾ ਤੋਂ ਆਰਥਿਕ ਤੇ ਫੌਜੀ ਨਿਰਭਰਤਾ ਘਟਾਉਣ ਲਈ ਦੁਵੱਲੇ ਵਪਾਰਕ ਸਬੰਧ ਵਧਾ ਰਹੇ ਹਨ ਅਤੇ ਕਈ ਦੇਸ਼ ਆਪਣੀ ਫੌਜੀ ਸਮਰੱਥਾ ਦੇ ਨਾਲ-ਨਾਲ ਪਰਮਾਣੂ ਨਿਰਭਰਤਾ ਲਈ ਵੀ ਅਹੁਲ ਰਹੇ ਹਨ। ਆਪਣੇ ਰਵਾਇਤੀ ਵਫਾਦਾਰ ਭਾਈਵਾਲਾਂ ਉੱਤੇ ਵਪਾਰਕ ਹਮਲੇ, ਪੱਛਮੀ ਖੇਮੇ ਵਿਰੋਧੀ ਰੂਸ-ਚੀਨ ਨੂੰ ਆਪਣੀ ਮੰਡੀ ਦੇ ਵਿਸਤਾਰ ਦਾ ਮੌਕਾ ਮੁਹੱਈਆ ਕਰਵਾਉਣਗੇ ਅਤੇ ਅਮਰੀਕਾ ਨੂੰ ਮੰਦੀ ਦੇ ਜੋਖ਼ਮ ਵਿੱਚ ਪਾਉਣਗੇ ਜਿਸ ਦੇ ਸਿਰ ਕੁੱਲ ਕਰਜ਼ (36.2 ਖਰਬ ਡਾਲਰ) ਪਹਿਲਾਂ ਹੀ ਉਸ ਦੀ ਕੁੱਲ ਜੀਡੀਪੀ (29 ਖਰਬ ਡਾਲਰ) ਤੋਂ ਵੱਧ ਹੈ। ਕੁਝ ਉਦਾਰਵਾਦੀ ਅਰਥ ਸ਼ਾਸਤਰੀ ਤਰਕ ਦਿੰਦੇ ਹਨ ਕਿ ਟੈਰਿਫ ਨਾਲ ਸਰਕਾਰ ਨੂੰ ਮਾਲੀਆ ਮਿਲਦਾ ਹੈ, ਘਰੇਲੂ ਉਦਯੋਗਾਂ ਨੂੰ ਹੁਲਾਰਾ ਮਿਲਦਾ ਹੈ, ਨੌਕਰੀਆਂ ਦੇ ਮੌਕੇ ਪੈਦਾ ਹੁੰਦੇ ਹਨ, ਸਥਾਨਕ ਅਰਥਚਾਰਿਆਂ ਦੀ ਮਜ਼ਬੂਤੀ ਨਾਲ ਕੌਮਾਂਤਰੀ ਆਵਾਜਾਈ ਘਟੇਗੀ ਜੋ ਘੱਟ ਪ੍ਰਦੂਸ਼ਣ ਤੇ ਵਾਤਾਵਰਨ ਪੱਖੀ ਹੈ ਪਰ ਇਨ੍ਹਾਂ ਪੂੰਜੀਵਾਦੀ-ਉਦਾਰਵਾਦੀ ਦਾਅਵਿਆਂ ਦੌਰਾਨ ਇਹ ਭੁਲਾ ਦਿੱਤਾ ਜਾਂਦਾ ਹੈ ਕਿ ਇਹ ਸਭ ਕਿਸ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਕਿਸ ਕੀਮਤ ਉੱਤੇ ਹੋਵੇਗਾ ? ਹਕੀਕੀ ਆਰਥਿਕ-ਸਿਆਸੀ ਸਵੈ-ਨਿਰਭਰਤਾ ਤੇ ਆਜ਼ਾਦੀ ਸਾਮਰਾਜੀ ਤੇ ਸਰਮਾਏਦਾਰੀ ਤੋਂ ਮੁਕਤ ਲੋਕ ਪੱਖੀ ਸਮਾਜ ਸਥਾਪਿਤ ਕਰ ਕੇ ਹੀ ਸੰਭਵ ਹੈ।

# ਧਰਤ ਵਿਹੂਣੇ ਲੋਕਾਂ ਦਾ ਜਾਇਆ, ਨਕਸਲਬਾੜੀ ਲਹਿਰ ਦਾ ਜੁਝਾਰੂ ਕਵੀ ਸੰਤ ਰਾਮ ਉਦਾਸੀ

**ਅਵਤਾਰ ਸਿੰਘ**

ਸੰਤ ਰਾਮ ਉਦਾਸੀ, ਮਨੂਵਾਦੀ ਵਰਣ ਵੰਡ ਤੋਂ ਪੀੜਤ ਦਲਿਤ ਸਮਾਜ 'ਚੋਂ ਵੀ ਸਮਾਜਿਕ ਆਰਥਿਕ ਅਤੇ ਜ਼ਿੰਦਗੀ ਦੇ ਹਰੇਕ ਪੱਖ ਤੋਂ ਹਾਸ਼ੀਏ ਤੇ ਧੱਕ ਕੇ ਸਭ ਤੋਂ ਨੀਵੀਂ ਥਾਂ ਤੇ ਸੁੱਟੀ, ਮਜ਼੍ਹਬੀ ਸਿੱਖ ਬਿਰਾਦਰੀ ਵਿੱਚ 20 ਅਪ੍ਰੈਲ 1939 ਨੂੰ ਮਾਤਾ ਧੰਨ ਕੌਰ ਅਤੇ ਪਿਤਾ ਮਿਹਰ ਸਿੰਘ ਪਿੰਡ ਰਾਏਸਰ ਬਰਨਾਲਾ ਦੇ ਘਰ ਜਨਮਿਆਂ। ਘਰ ਦੀ ਆਈ ਚਲਾਈ ਚਲਾਉਣ ਲਈ ਪਿਤਾ ਮਿਹਰ ਸਿੰਘ ਜ਼ਿਮੀਂਦਾਰਾਂ ਨਾਲ ਸੀਰੀ ਰਲਦਾ ਅਤੇ ਮਾਤਾ ਧੰਨ ਕੌਰ ਘਰੇਲੂ ਕੰਮ ਦੇ ਨਾਲ ਜਿੱਥੇ ਪਸ਼ੂ ਡੰਗਰ ਪਾਲਦੀ ਉੱਥੇ ਉਸ ਨੂੰ ਵੱਡੇ ਘਰਾਂ ਦੇ ਗੋਹਾ ਕੂੜੇ ਦਾ ਕੰਮ ਵੀ ਕਰਨਾ ਪੈਂਦਾ। ਘਰ ਦੀ ਗ਼ਰੀਬੀ ਕਾਰਨ ਸੰਤ ਰਾਮ ਉਦਾਸੀ ਨੂੰ ਜਨਮ ਤੋਂ ਹੀ ਤੰਗੀਆਂ ਤੁਰਸ਼ੀਆਂ ਤੇ ਸਮਾਜਿਕ ਦਾਬੇ ਦਾ ਸਾਹਮਣਾ ਕਰਨਾ ਪਿਆ, ਪਰ ਘਰ ਦੇ ਮਾੜੇ ਹਲਾਤਾਂ ਦੇ ਬਾਵਜੂਦ ਵੀ ਮਾਤਾ ਧੰਨ ਕੌਰ ਅਤੇ ਪਿਤਾ ਮਿਹਰ ਸਿੰਘ ਨੇ ਸੰਤ ਰਾਮ ਉਦਾਸੀ ਨੂੰ ਸਕੂਲ ਪੜ੍ਹਨ ਲਾ ਦਿੱਤਾ। ਮਾਪਿਆਂ ਦੀ ਮੱਦਦ ਲਈ ਸੰਤ ਰਾਮ ਉਦਾਸੀ ਸਕੂਲੀ ਛੁੱਟੀਆਂ ਵਿੱਚ ਹਾੜ੍ਹੀ ਦੀ ਵਾਢੀ ਕਰਦਾ, ਮੱਕੀ ਦੀਆਂ ਛੱਲੀਆਂ ਡੂੰਗਦਾ, ਕਪਾਹਾਂ ਚੁੱਗਦਾ, ਰਾਤਾਂ ਨੂੰ ਮਿੱਟੀ ਦੇ ਤੇਲ ਦੇ ਦੀਵੇ ਦੀ ਲੋਅ ਵਿੱਚ ਪੜ੍ਹਾਈ ਕਰਦਾ। ਸਕੂਲੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀ ਸੰਤ ਰਾਮ ਉਦਾਸੀ ਮਹਿਸੂਸ ਕਰਨ ਲੱਗਾ ਕਿ ਦੇਸ਼ ਅਜ਼ਾਦ ਹੋਣ ਤੋਂ ਬਾਅਦ ਵੀ ਮਜ਼ਦੂਰ ਦੇ ਸਾਇਕਲ ਦੀ ਢਿਚਕੂੰ-ਢਿਚਕੂੰ, ਮਜ਼ਦੂਰਾਂ ਦੇ ਬੱਚਿਆਂ ਦੀ ਕਪੋਸਣ ਕਾਰਨ ਢਿੱਲੀ ਹੋ ਰਹੀ ਤੜਾਗੀ, ਧਰਤ ਵਿਹੂਣੇ ਪਰ ਧਰਤੀ ਮਾਂ ਦੇ ਜਾਏ ਪੇਂਡੂ ਤੇ ਖੇਤ ਮਜ਼ਦੂਰਾਂ ਦੀਆਂ ਧੀਆਂ ਭੈਣਾਂ ਨੂੰ ਖ਼ੇਤਾਂ ਦੇ ਵੱਟਾਂ ਬੰਨਿਆਂ ਤੇ ਵਜਦੇ ਲਲਕਾਰੇ, ਕਿਰਤ ਕਰਨ ਦੇ ਬਾਵਜੂਦ ਵੀ ਠਿੱਬੇ ਛਿੱਤਰ, ਵਹਿਮਾਂ ਭਰਮਾਂ ਵਿੱਚ ਫਸੀ ਮਜ਼ਦੂਰ ਜਮਾਤ ਦੀ ਹੁੰਦੀ ਲੁੱਟ ਅਤੇ ਮਾਂ ਧਰਤੀ ਦੇ ਓਰੇ ਤੋਂ ਵਾਂਝੇ ਮਜ਼ਦੂਰਾਂ, ਛੋਟੀ ਕਿਸਾਨੀ ਦੀ ਮਰਨਾਊ ਹਾਲਤ। ਮਜ਼ਦੂਰ ਦੀ ਸੁੱਚੀ ਕਿਰਤ ਦਾ ਰਸ ਪੀਣ ਵਾਲੇ ਮਲਕ ਭਾਗੋਆਂ ਦੇ ਮਨ ਵਿੱਚ ਵਸੀ ਜਾਤ-ਪਾਤੀ ਨਫ਼ਰਤ ਜੋ ਕਿਰਤੀ ਨੂੰ ਗਿੱਟਲ-ਟੇਡ ਦਾ ਦਰਜਾ ਦੇ ਕੇ ਬੇਇੱਜ਼ਤ ਤੇ ਬੇਮਾਣਾ ਕਿਉਂ ਕਰਦੀ ਆ ਰਹੀ ਹੈ..?? ਆਦਿ ਸਵਾਲਾਂ ਦੇ ਜੁਵਾਬ ਲੱਭਣ ਲਈ ਸੰਤ ਰਾਮ ਉਦਾਸੀ ਜੀ ਗੁਰ ਨਾਨਕ ਸਾਹਿਬ ਤੋਂ ਲੈਕੇ ਮਾਰਕਸ-ਲੈਨਿਨ-ਮਾਓ ਤੱਕ ਚਿੰਤਨ ਕਰਦਿਆਂ ਇਸ ਸਿੱਟੇ ਪੁੱਜੇ ਕਿ 'ਲੋਕਾਂ ਦੀ ਅਜ਼ਾਦੀ ਤੇ ਖੁਸ਼ਹਾਲੀ ਲਈ ਦੇਸ਼ ਵਿੱਚ ਇਨਕਲਾਬ ਦੀ ਜ਼ਰੂਰਤ ਹੈ ਜੋ ਬਰਾਬਰੀ ਵਾਲਾ ਸਮਾਜ ਸਿਰਜ ਸਕੇ। ਜਿਸ ਕਰਕੇ ਉਨ੍ਹਾਂ ਦਾ ਝੁਕਾਅ ਭਾਰਤ ਅੰਦਰ ਇਨਕਲਾਬ ਲਈ ਕਰਨ ਲਈ ਉੱਠੀ ਨਕਸਲਬਾੜੀ ਦੀ ਹਥਿਆਰਬੰਦ ਖਾੜਕੂ ਲਹਿਰ ਵੱਲ ਹੋ ਗਿਆ। ਸੰਤ ਰਾਮ ਉਦਾਸੀ ਲੋਕਾਂ ਦੀ ਅਜ਼ਾਦੀ ਤੇ ਖ਼ੁਸ਼ਹਾਲੀ ਲਈ ਭਾਰਤ ਵਿੱਚ ਨਵ ਜਮਹੂਰੀ ਇਨਕਲਾਬ ਦਾ ਮੁੱਢ ਬੰਨ੍ਹਣ ਲਈ ਨਕਸਲਬਾੜੀ ਲਹਿਰ ਨੂੰ ਸਮਰਪਿਤ ਹੋ ਗਏ। ਨਕਸਲਬਾੜੀ ਦੇ ਹਥਿਆਰਬੰਦ ਘੋਲ ਦੌਰਾਨ ਨਕਸਲੀ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ, ਸਾਮਰਾਜ ਤੇ ਦੇਸ਼ੀ ਹਾਕਮਾਂ ਅਤੇ ਕਿਰਤੀ ਕਾਮਿਆਂ ਦੀ ਹੁੰਦੀ ਲੁੱਟ ਦੇ ਖਿਲਾਫ਼ ਸੰਤ ਰਾਮ ਉਦਾਸੀ ਨੇ ਪਿੰਡਾਂ ਸ਼ਹਿਰਾਂ, ਮਹੁੱਲਿਆਂ, ਵਿਹੜਿਆਂ, ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ 'ਚ ਜਾਕੇ ਆਮ ਜਨਤਾ, ਨੌਜਵਾਨ ਅਤੇ ਵਿਦਿਆਰਥੀਆਂ ਨੂੰ ਆਪਣੇ ਭਾਸ਼ਨਾਂ ਤੇ ਗੀਤਾਂ ਰਾਹੀ ਜਾਗ੍ਰਿਤ ਕੀਤਾ।



ਸੰਤ ਰਾਮ ਉਦਾਸੀ ਨਕਸਲਬਾੜੀ ਲਹਿਰ ਦੌਰਾਨ ਪੁਲਿਸ ਵੱਲੋਂ ਵਰਤਾਏ ਗਏ ਅੰਤਾਂ ਦੇ ਜ਼ੁਲਮ-ਤਸ਼ੱਦਦ ਅਤੇ ਸ਼ਹੀਦ ਹੋਣ ਵਾਲੇ ਨਕਸਲਬਾੜੀ ਕਾਮਰੇਡਾਂ ਦੇ ਗਮ ਦੀ ਚੀਸ਼ ਦਾ ਇਜ਼ਹਾਰ ਕਰਦਾ ਹੋਇਆ ਸ਼ਹੀਦਾਂ ਦੇ ਪਿੰਡਾਂ ਅਤੇ ਪੁਲਿਸ ਦੇ ਬੁੱਚੜਖਾਨਿਆਂ ਵੱਲੋਂ ਆ ਰਹੀ ਹਵਾ ਤੋਂ ਹਾਲ ਚਾਲ ਪੁੱਛਦਾ ਹੈ

'ਮਾਰੇ ਗਏ ਮਿੱਤਰਾਂ ਦੀ ਪਿੰਡ ਦੀਏ ਵਾਏ ਖੈਰ ਸੁੱਖ ਦਾ ਸੁਨੇਹੜਾ ਲਿਆ':.
'ਪਿੰਡ ਦੇ ਕਸਾਈਖ਼ਾਨੇ ਕੋਲਦੀ ਸੀ ਲੰਘੀਂ ਉਦੋਂ ਕਿਨ੍ਹਾਂ ਕੁ ਸੀ ਜ਼ੁਲਮਾਂ ਦਾ ਤਾਅ'
'ਦੱਸ ਮੇਰੇ ਵੀਰਨੇ ਤੋਂ ਕਿਹੜੀ ਗੱਲ ਪੁੱਛਦੇ ਸੀ ਸੱਥ ਵਿੱਚ ਪੁੱਠਾ ਲੰਮਕਾ'
ਮਾਰੇ ਗਏ ਮਿੱਤਰਾਂ ਦੀ ਪਿੰਡ ਦੀਏ ਵਾਏ...

ਭਾਰਤੀ ਸਟੇਟ ਨਕਸਲਬਾੜੀ ਲਹਿਰ, ਸੰਤ ਰਾਮ ਉਦਾਸੀ ਦੀ ਕਲਮ ਅਤੇ ਉਨ੍ਹਾਂ ਦੀ ਅਵਾਜ਼ ਤੋਂ ਘਬਰਾਈ ਹੋਈ ਸੀ। ਜਿਸ ਕਰਕੇ ਕਿਰਤੀ ਜਮਾਤ ਵਿੱਚ ਅਖੌਤੀ ਛੋਟੀ ਜਾਤ ਅਤੇ ਛੋਟੇ ਜਿਹੇ ਘਰ ਵਿੱਚ ਪੈਦਾ ਹੋਏ ਕਿਰਤੀ ਲੋਕਾਂ ਦੇ ਵੱਡੇ ਕਵੀ ਸੰਤ ਰਾਮ ਉਦਾਸੀ ਨੂੰ ਸੱਤਰਵਿਆਂ ਦੌਰ ਦੌਰਾਨ ਸਿਆਲਾਂ ਦੀ ਠਰੀ ਰਾਤ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਦੇ ਮਸ਼ਹੂਰ ਬੁਚੜਖਾਨੇ ਲੱਢਾ ਕੋਠੀ ਸੰਗਰੂਰ ਅੰਦਰ ਸੰਤ ਰਾਮ ਉਦਾਸੀ ਨੂੰ ਬੰਦ ਕਰਕੇ ਉਨ੍ਹਾਂ ਉਪਰ ਅੰਨਾ ਤਸ਼ੱਦਦ ਕੀਤਾ ਗਿਆ, ਪੁਲਿਸ ਤਸ਼ੱਦਦ ਦੇ ਦੌਰਾਨ ਉਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਖਤਮ ਕਰਨ ਲਈ ਅੱਖਾਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਗਿਆ, ਤਾਂ ਕਿ ਸੰਤ ਰਾਮ ਉਦਾਸੀ ਦੀ ਮੱਘਦੇ ਸੂਰਜ ਵਰਗੀ ਕਵਿਤਾ ਦਾ ਚਾਨਣ ਕਿਰਤੀ ਕਾਮਿਆਂ ਵਿੱਚ ਇਨਕਲਾਬੀ ਜਜਬਾ ਨਾ ਭਰ ਸਕੇ, ਪਰ, ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਅੱਜ ਵੀ ਸੰਘਰਸ਼ਸ਼ੀਲ ਲੋਕਾਂ ਦੇ ਹਰ ਅੰਦੋਲਨ ਵਿੱਚ ਚਾਨਣ ਵੰਡ ਕੇ ਇਨਕਲਾਬੀ ਜਜ਼ਬਾ ਪੈਦਾ ਕਰ ਰਹੀਆਂ ਹਨ। ਕੰਮੀਆਂ ਦੇ ਵਿਹੜੇ ਦਾ ਮੱਘਦਾ ਸੂਰਜ, ਧਰਤ ਵਿਹੂਣੇ ਲੋਕਾਂ ਦੇ ਜਾਏ, ਇਨਕਲਾਬੀ ਜਝਾਰੂ ਕਵੀ ਸੰਤ ਰਾਮ ਉਦਾਸੀ ਦੇ ਜਨਮ ਦਿਨ ਤੇ ਬਹੁਤ ਬਹੁਤ ਮੁਬਾਰਕਬਾਦ।


Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles,
Tiles on Walls, Kitchen, Washroom or anywhere in Home.
You can upgrade your Kitchen or Washroom


ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com

Universal Health
It's all about "U"
PHARMACY
Compounding & Home Health Care

Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਧਰਮ-ਸ਼ਰਮ ਸਭ ਛਿਪ ਖਲੋਏ-ਪੂੰਜੀ ਹੋਈ ਪ੍ਰਧਾਨ ਵੇ ਲੋਕਾ

ਨਰਭਿੰਦਰ
93544-30211

ਜਿਹੜੀ ਖੇਤਰੀ ਪਾਰਟੀ ਉਤਰੀ ਭਾਰਤ ਵਿਚ ਇਕ ਮਜ਼ਬੂਤ ਲੋਕਆਧਾਰ ਵਾਲੀ ਅਤੇ ਕੇਂਦਰੀ ਸੱਤਾ ਦਾ ਵਿਰੋਧ ਕਰਨ ਵਿਚ ਆਪਣੀ ਵਿਲੱਖਣ ਪਹਿਚਾਣ ਰੱਖਦੀ ਸੀ, ਦੀ ਹਾਲਤ ਕਾਰਪੋਰੇਟੀ ਪੂੰਜੀ ਦੇ ਦੌਰ ਵਿਚ ਐਸ ਨਿਘਾਰ ਤੱਕ ਪਹੁੰਚ ਜਾਵੇਗੀ, ਕਿਸੇ ਨੇ ਸੋਚਿਆ ਵੀ ਨਹੀਂ ਹੋਣਾ। ਅਕਾਲੀ ਦਲ, ਗੁਰਦੁਆਰਾ ਸੁਧਾਰ ਲਹਿਰ ਰਾਹੀਂ ਅੰਗਰੇਜ਼ਾਂ ਦੇ ਦੌਰ 'ਚ ਗੁਰਦੁਆਰਿਆਂ 'ਤੇ ਮਹੰਤਾਂ ਦੇ ਕਬਜ਼ਿਆਂ ਤੋਂ ਮੁਕਤ ਕਰਵਾਉਣ ਦੇ ਇਕ ਸੰਘਰਸ਼ ਵਿਚੋਂ ਹੋਂਦ 'ਚ ਆਇਆ ਸੀ। ਆਪਣੇ 100 ਸਾਲਾਂ ਦੇ ਸਫ਼ਰ ਵਿਚ ਇਹ ਨੇ ਅੰਗਰੇਜ਼ਾਂ ਵਿਰੁੱਧ ਚਲੀਆਂ ਲਹਿਰਾਂ ਅਤੇ ਫਿਰ 1947 ਤੋਂ ਪਿਛੋਂ ਰਾਜਾਂ ਨੂੰ ਵੱਧ ਅਧਿਕਾਰਾਂ ਦੀਆਂ ਮੰਗਾਂ ਨੂੰ ਲੈ ਕੇ ਆਪਣੀ ਇਕ ਅਹਿਮ ਭੂਮਿਕਾ ਵੀ ਉਸ ਸਮੇਂ ਨਿਭਾਈ ਜਦੋਂ ਸੱਤਾ 'ਤੇ ਕਾਂਗਰਸ ਦੀ ਮਜ਼ਬੂਤ ਗ੍ਰਿਫ਼ਤ ਸੀ ਅਤੇ ਉਸ ਦੌਰ 'ਚ ਵੱਖ-ਵੱਖ ਰਾਜਾਂ ਤੇ ਖੇਤਰੀ ਪਾਰਟੀਆਂ ਲਈ ਇਕ ਮਾਰਗ ਦਰਸ਼ਕ ਵੀ ਮੰਨਿਆ ਜਾਂਦਾ ਸੀ। ਕਾਂਗਰਸ ਵਲੋਂ ਲਾਈ 1975 ਦੀ ਐਮਰਜੈਂਸੀ ਵਿਰੁੱਧ ਲਾਏ ਮੋਰਚੇ ਨੇ, ਜਿਥੇ ਇਹਦੀ ਇਕ ਪਹਿਚਾਣ ਬਣਾਈ, ਉਥੇ ਇਸੇ ਦੌਰ 'ਚ ਪਹਿਲਾਂ ਜਨਸੰਘ ਤੇ ਫਿਰ ਭਾਜਪਾ ਨਾਲ ਇਹ ਦੀ ਨੇੜਤਾ ਇਕ ਅਟੁੱਟ ਯਾਹੀ 'ਚ ਬੱਝ ਗਈ। 1980ਵਿਆਂ ਤੋਂ ਅਤੇ ਵਿਸ਼ੇਸ਼ ਕਰਕੇ ਨਵਉਦਾਰਵਾਦੀ ਨੀਤੀਆਂ ਦੇ ਦੌਰ ਵਿਚ ਇਸ ਦੀ ਕਾਇਆਕਲਪ ਬਦਲਣ ਲੱਗੀ ਅਤੇ ਇਹਦੇ ਢਾਂਚੇ ਵਿਚ ਵੀ ਇਕ ਬੁਨਿਆਦੀ ਤਬਦੀਲੀ ਆਈ। ਪ੍ਰਕਾਸ਼ ਸਿੰਘ ਬਾਦਲ ਨੇ ਐਸੇ ਧੋਬੀ ਪਟਕੇ ਮਾਰੇ ਕਿ ਅਕਾਲੀ ਦਲ ਅਤੇ ਸਿੱਖਾਂ ਦੇ ਸਾਰੇ ਉਭਰਵੇਂ ਲੀਡਰਾਂ ਨੂੰ ਚਿੱਤ ਕਰ ਦਿੱਤਾ। ਦਰਅਸਲ 1970 ਤੋਂ ਪਹਿਲਾਂ ਜ਼ਿਆਦਾਤਰ ਲੀਡਰਸ਼ਿਪ ਵਿਚ ਸਿੱਧੇ ਧਰਮ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਦੀ ਰਵਾਇਤੀ ਭਾਰੂ ਸੀ, ਪਰ 1980ਵਿਆਂ ਤੇ ਵਿਸ਼ੇਸ਼ ਕਰਕੇ 1990 ਤੋਂ ਪਿਛੋਂ ਧਰਮ ਨਾ ਸਿਰਫ਼ ਰਾਜਨੀਤੀ ਲਈ ਪੌੜੀ ਦਾ ਧੰਦਾ ਬਣ ਗਿਆ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਜਸੀ ਜਮਾਤ ਲਈ ਸੋਨੇ ਦਾ ਧਨ ਵੀ ਬਣ ਗਿਆ। ਇਹੀ ਦੌਰ ਹੈ ਜਦੋਂ ਧਰਮ ਦੇ ਬਜ਼ਾਰੀਕਰਨ ਤੇ ਵਪਾਰੀਕਰਨ ਦਾ ਦੌਰ ਸ਼ੁਰੂ ਹੋਇਆ। ਘਾਰਮਿਕ ਮਰਿਆਦਾਵਾਂ ਜਾਂ ਕਦਰਾਂ ਕੀਮਤਾਂ ਤਾਂ ਛੂ-ਮੰਤਰ ਹੋ ਗਈਆਂ ਤੇ ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਆਪਣੇ ਪੁੱਤਰ ਸੁਖਬੀਰ ਬਾਦਲ ਦੇ ਹੱਥ ਅਕਾਲੀ ਦਲ ਦੀ ਵਾਗਡੋਰ 2008 ਵਿਚ ਸੌਂਪ ਦਿੱਤੀ ਸੀ ਤਾਂ ਧਰਮ-ਸ਼ਰਮ ਕਿਧਰੇ ਉੱਡ ਹੀ ਗਈ। ਇਸ ਸਮੇਂ ਤੱਕ ਬਾਰ-ਬਾਰ ਸੱਤਾ ਸੰਭਾਲਦਿਆਂ ਰਾਜਕੀ ਪੂੰਜੀ ਨੂੰ ਅਤੇ ਵੱਖ-ਵੱਖ ਢੰਗਾਂ ਰਾਹੀਂ ਇਕੱਠੀ ਕੀਤੀ ਪੂੰਜੀ ਨਾਲ ਇਹ ਪਰਿਵਾਰ ਨਾ ਸਿਰਫ਼ ਅਕਾਲੀ ਦਲ 'ਚੋਂ ਸਭ ਤੋਂ ਅਮੀਰ ਸਗੋਂ ਪੰਜਾਬ ਦੇ ਅਮੀਰਾਂ 'ਚੋਂ ਕਾਫ਼ੀ ਸਿਰ ਕੱਢ ਗਿਆ ਸੀ ਅਤੇ ਦੇਸ਼ ਦੇ ਅਰਬਾਂ-ਖਰਬਾਂ ਪਤੀਆਂ ਦੀ ਕਤਾਰ 'ਚ ਸ਼ਾਮਲ ਹੋ ਗਿਆ ਸੀ ਤੇ ਜਿਸ ਕੋਲ ਪੂੰਜੀ ਦੀ ਸਰਦਾਰੀ ਹੋਵੇ ਪਾਰਟੀ ਦੀ ਚੌਧਰ ਵੀ ਉਸੇ ਹੱਥ ਹੋਣੀ ਸੀ ਨਾਲੇ ਹੋਰਾਂ ਰਾਜਸੀ ਪਾਰਟੀਆਂ ਨਾਲੋਂ ਅਕਾਲੀ ਦਲ ਕੋਲ ਤਾਂ ਜਿਹੜਾ ਸੋਨੇ ਦਾ ਥਣ (ਗੁਰਦੁਆਰਿਆਂ ਦੀ ਮਾਇਆ ਦੀ ਸਾਂਭ ਸੰਭਾਲ) ਸੀ ਇਹ ਵੱਖਰਾ ਸੀ। ਸੁਖਬੀਰ ਨੇ ਆਪਣੇ ਪਿਓ ਦੀ ਵਿਰਾਸਤ ਨੂੰ ਅੱਗੇ ਤੋਰਦਿਆਂ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਟਕਸਾਲੀ ਅਕਾਲੀ ਜਿਹੜੇ ਜਾਂ ਤਾਂ ਉਮਰ ਭੋਗ ਚੁੱਕੇ ਸੀ ਜਾਂ ਵੇਲਾ ਵਿਹਾ ਚੁੱਕੇ ਸੀ, ਨੂੰ ਲਾਂਭੇ ਕਰਕੇ ਨਵੀਂ ਚਾਂਦੜਾ ਦੀ ਫੌਜ ਇਕੱਠੀ ਕਰ ਲਈ। ਸੁਖਬੀਰ ਨੇ ਵੋਟ ਗਣਿਤ 'ਚ ਪਿਓ ਨਾਲੋਂ ਅੱਗੇ ਜਾਂਦਿਆਂ ਡੇਰਿਆਂ ਨੂੰ ਖੁੱਲ੍ਹਾ ਵਰਤਿਆ। ਇਸ 'ਚ ਸਿਰਸੇ ਵਾਲਾ ਸੌਦਾ ਸਾਧ ਵੀ ਸੀ। ਇਸ ਸਮੇਂ ਤੱਕ ਭਾਜਪਾ ਤੇ ਸੰਘ ਦੀ ਦਖ਼ਲ-ਅੰਦਾਜ਼ੀ ਵੀ ਵੱਧ ਗਈ ਸੀ ਅਤੇ ਉਨ੍ਹਾਂ ਦੀ ਨੀਤੀ ਕਿ ਲੋਕਾਂ ਨੂੰ ਧੜਿਆਂ 'ਚ ਵੰਡ ਕੇ ਆਪਸੀ ਦੀਵਾਰਾਂ ਖੜ੍ਹੀਆਂ ਕਰ ਦਿਓ ਤੇ ਫਿਰ ਵੋਟ ਬੈਂਕ 'ਤੇ ਕਾਬਜ਼ ਹੋ ਜਾਓ। ਸੱਤਾ 'ਤੇ ਬਿਰਾਜਮਾਨ ਹੋ ਕੇ ਅਜਿਹੇ ਕੌਲੀ ਚੱਟ ਪਾਲੋ ਕਿ ਉਹ ਤੁਹਾਡੀ ਵਫਾਦਾਰੀ 'ਤੇ ਪਹਿਰਾ ਦਿੰਦੇ ਰਹਿਣ। ਇਸੇ 'ਚੋਂ ਬਰਗਾੜੀ ਤੇ ਹੋਰ ਬੇਅਦਬੀਆਂ ਦੇ ਕਾਂਡ ਨਿਕਲੇ। ਪਹਿਲਾਂ ਵੀ ਸੌਧੇ ਸਾਧ ਵਲੋਂ ਜੋ ਸਵਾਂਗ ਰਚ ਕੇ ਵੱਡੇ ਕਹਾੜੇ 'ਚੋਂ 'ਇਨਸਾਨ' ਬਣਾਉਣ ਲਈ ਮਿੱਠਾ ਪਾਣੀ ਪਿਲਾਇਆ ਗਿਆ ਸੀ। ਇਸ ਵਿਚ ਵੀ ਸੁਖਬੀਰ/ਪ੍ਰਕਾਸ਼ ਦੀ ਸਹਿਮਤੀ ਹੀ ਸੀ। ਵੈਸੇ ਜ਼ਿਕਰ ਕਰ ਦੇਈਏ ਕਿ ਸਿਰਸੇ ਦੇ ਡੇਰੇ ਦੀ 21 ਮੈਂਬਰੀ ਕਮੇਟੀ ਜਿਹੜੀ ਰਾਜਸੀ ਤੇ ਧਾਰਮਿਕ ਫੈਸਲੇ ਲੈਂਦੀ ਹੈ ਉਸ ਵਿਚ ਆਰ.ਐਸ.ਐਸ. ਦੀ ਧਿਰ ਭਾਰੂ ਹੈ। ਇਸ ਵੇਲੇ ਤੱਕ ਸੰਘ ਤੇ ਕਾਰਪੋਰੇਟੀ ਪੂੰਜੀ ਦੀ ਇਹ ਇਕ ਮਹੱਤਤਾ ਬਣ ਚੁੱਕੀ ਸੀ ਕਿ ਪੰਜਾਬ ਦੇ ਲੋਕ ਜਿਹੜੇ ਸੱਤਾ ਵਿਰੁੱਧ ਚੈਲਿੰਜ ਬਣਦੇ ਆ ਰਹੇ ਹਨ, ਨੂੰ ਕਿਸੇ ਨਾ ਕਿਸੇ ਤਰ੍ਹਾਂ ਆਪਸ ਵਿਚ ਉਲਝਾਇਆ ਜਾਵੇ ਅਤੇ ਇਨ੍ਹਾਂ ਦੇ ਅੰਦਰਲੀ ਅਨਿਆਂ ਤੇ ਜ਼ਬਰ ਵਿਰੁੱਧ ਲੜਨ ਦੀ ਸਮਰੱਥਾ ਨੂੰ ਨਿਪੁੰਸਕ ਕੀਤਾ ਜਾਵੇ ਜਾਂ ਔਜੜੇ ਰਾਹ ਪਾਇਆ ਜਾਵੇ। ਵੈਸੇ ਤਾਂ ਸਰਕਾਰੀ ਏਜੰਸੀਆਂ ਅਤੇ ਸ਼ੈਤਾਨੀ ਪੂੰਜੀ 70ਵਿਆਂ ਪਿਛੋਂ ਹੀ ਇਹ ਹੱਥ ਕੰਡਾ ਅਪਣਾਉਣ ਵੱਲ ਤੁਰ ਪਈ ਸੀ ਅਤੇ ਹਜ਼ਾਰਾਂ ਨੌਜਵਾਨਾਂ ਦੇ ਖ਼ੂਨ ਨਾਲ ਨਹਾ ਚੁੱਕੀ ਸੀ। ਇਸ ਸਮੇਂ ਵੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦਾ ਵਫਾਦਾਰ ਬਣਕੇ ਨਿਤਹਿਆ ਸੀ।

ਤਲਵੰਡੀ ਟੌਹੜਾ ਲੌਂਗੋਵਾਲ ਤੇ ਹੋਰ ਕੱਦਵਾਰ ਨੇਤਾਵਾਂ ਦੇ ਚਲੇ ਜਾਣ ਪਿਛੋਂ ਬਾਦਲ ਨੂੰ ਅੰਦਰੋਂ ਚੈਲਿੰਜ ਕਰਨ ਵਾਲਾ ਕੋਈ ਨਹੀਂ ਸੀ। ਜੇ ਹੈ ਸੀ ਤਾਂ ਕੰਵਲਜੀਤ ਸਿੰਘ, ਵਾਂਗੂੰ ਸੜਕ ਹਾਦਸੇ ਜਾਂ ਨਹਿਰ 'ਚ ਡੁੱਬ ਕੇ ਮਰ ਗਿਆ ਸੀ। ਮਾਝੇ ਦੇ ਟਕਸਾਲੀ ਆਗੂਆਂ 'ਚੋਂ ਬ੍ਰਹਮਪੁਰਾ ਵਰਗੇ ਜਿਹੜੇ ਦਰਮਿਆਨੀ ਕਿਸਾਨੀ 'ਚੋਂ ਸਨ, ਉਨ੍ਹਾਂ ਨੇ 5000 ਕਰੋੜ ਦੀ ਮਾਲਕੀ ਵਾਲੇ ਪਰਿਵਾਰ ਦਾ ਮੁਕਾਬਲਾ ਕਿਥੋਂ ਕਰ ਲੈਣਾ ਸੀ ਤੇ ਬੀਬੀ ਜਗੀਰ ਕੌਰ ਤਾਂ ਉਸ ਸਮੇਂ ਵੱਡੇ ਬਾਦਲ ਨਾਲ ਘਿਓ ਖਿਚੜੀ ਸੀ। ਚੰਦੂਮਾਜਰੇ ਵਰਗਿਆਂ ਲਈ ਧਰਮ ਤੇ ਪਵਿੱਤਰ ਰਾਜਨੀਤੀ ਦੀ ਥਾਂ ਮਲਾਈ ਛੇਕਣ ਦਾ ਭੁੱਸ ਪੈ ਚੁੱਕਾ ਸੀ। ਭੂੰਦੜ ਤੇ ਢੀਂਡਸਾ ਤਾਂ ਸਨ ਹੀ ਬਾਦਲ ਦੇ ਵਫਾਦਾਰ ਅਤੇ ਸੁਖਬੀਰ ਨੇ ਉਨ੍ਹਾਂ ਦੇ ਬੇਟਿਆਂ ਨੂੰ ਅੱਗੇ ਲਿਆ ਕੇ ਉਨ੍ਹਾਂ ਨੂੰ ਪਿੱਚ 'ਚੋਂ ਹੀ ਬਾਹਰ ਬੈਠਾ ਦਿੱਤਾ ਸੀ ਅਤੇ ਉਨ੍ਹਾਂ ਲਈ ਬੱਚਿਆਂ ਦਾ ਭਵਿੱਖ ਉਸਾਰਨਾ ਪਹਿਲ ਬਣ ਗਈ ਸੀ। ਇਸੇ ਦੌਰ 'ਚ ਬਰਗਾੜੀ ਤੇ ਹੋਰ ਬੇਅਦਬੀ ਦੀਆਂ ਘਟਨਾਵਾਂ, ਇਸ ਦਾ ਵਿਰੋਧ ਤੇ ਫਿਰ ਬਹਿਬਲ ਕਲਾਂ, ਕੋਟਕਪੂਰਾ ਘਟਨਾਵਾਂ ਵਾਪਰੀਆਂ। ਸੱਤਾ ਤਾਂ ਬਾਦਲਾਂ ਦੇ ਹੱਥ ਹੀ ਸੀ ਸਾਰੇ ਚੁੱਪ ਵੱਡੇ ਬਾਦਲ ਵੱਖ ਦੇਖਦੇ ਸਨ ਪਰ ਹਿੰਮਤ ਨਹੀਂ ਸੀ। ਇਸੇ ਸਮੇਂ ਤੱਕ ਟੌਹੜੇ ਨਾਲੋਂ ਅੱਗੇ ਜਾਂਦਿਆਂ ਸ਼੍ਰੋਮਣੀ ਕਮੇਟੀ ਤੇ ਪੰਜਾਂ ਤਖਤਾਂ ਦੇ ਜਥੇਦਾਰਾਂ ਨੂੰ ਬਾਦਲ ਨੇ ਆਪਣੀ ਗ੍ਰਿਫ਼ਤ ਲੈ ਲਿਆ ਸੀ। ਵੈਸੇ ਵੀ ਅਕਾਲ ਤਖਤ 80ਵਿਆਂ ਤੋਂ ਪਿਛੋਂ ਰਾਜਸੀ ਅਤੇ ਸਰਕਾਰੀ ਦਬਾਅ ਹੇਠ ਸਹਿਕਦਾ ਆ ਰਿਹਾ ਸੀ। 2007 ਤੋਂ 2017 ਦਰਮਿਆਨ ਜਦੋਂ ਸੌਦੇ ਸਾਧ ਨੇ ਸੁਆਂਗ ਰਚਿਆ ਜਾਂ ਬਰਗਾੜੀ ਕਾਂਡ ਵਾਪਰਿਆ ਸਰਕਾਰ ਅਕਾਲੀ ਦਲ ਦੀ ਹੀ ਸੀ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਤੇ ਅੱਤਿਆਚਾਰ ਵੀ ਸੱਤਾ ਦੇ ਆਦੇਸ਼ਾਂ ਉਤੇ ਹੋਏ ਸਨ। ਸਿੱਟੇ ਵਜੋਂ ਗਰਮਖਿਆਲੀ ਤੇ ਕੱਟੜ ਧਾਰਮਿਕ ਧਿਰਾਂ ਦੇ ਵਿਰੋਧ ਕਾਰਨ 2017 ਦੀਆਂ ਚੋਣਾਂ 'ਚ ਹਾਰ ਤੇ ਫਿਰ ਲਗਾਤਾਰ ਲੋਕ ਸਭਾ, ਵਿਧਾਨ ਸਭਾ ਚੋਣਾਂ 'ਚ ਨਮੋਸ਼ੀਜਨਕ ਹਾਰਾਂ ਪਿਛੋਂ ਅਕਾਲੀ ਦਲ ਅੰਦਰ ਵਿਰੋਧ ਦੀ ਸੁਰ ਸਹਿਜੇ ਬਗਾਵਤ ਤੱਕ ਵਧ ਰਹੀ ਸੀ। ਇਸ ਸਮੇਂ ਦੌਰਾਨ 2022 ਦੀਆਂ ਚੋਣਾਂ ਜਦੋਂ ਅਕਾਲੀ ਦਲ ਮਹਿਜ਼ ਤਿੰਨ ਸੀਟਾਂ ਹੀ ਜਿੱਤ ਸਕਿਆ ਸੀ ਤਾਂ ਪਿਛੋਂ ਇਕ ਕਮੇਟੀ ਬਣੀ ਜਿਹਨੇ ਸਮੀਖਿਆ ਕਰਨੀ ਸੀ ਕਿ 'ਹਾਰਾਂ ਦਾ ਕਾਰਨ ਕੀ ਹੈ।' ਮਾਰਚ 2024 'ਚ ਕਮੇਟੀ ਬਣੀ ਤੇ ਜੁਲਾਈ 2024 ਵਿਚ 13 ਮੈਂਬਰੀ ਕਮੇਟੀ ਨੂੰ ਜੋ ਵੱਖ-ਵੱਖ ਜ਼ਿਲ੍ਹਿਆਂ ਦੇ ਸਰਵੇ ਆਧਾਰ ਰਿਪੋਰਟ ਦਿੱਤੀ ਉਸ ਨੂੰ ਵਿਚਾਰਦਿਆਂ ਇਹ ਸੁਝਾਅ ਸਾਰੇ ਹਲਕਿਆਂ 'ਚੋਂ (ਫਿਰੋਜ਼ਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਨੂੰ ਛੱਡ ਕੇ) ਜੋ ਮੱਤ ਆਏ ਸਨ ਉਸ ਵਿਚ ਇਹ ਬਹੁਮਤ ਬਣਦਾ ਸੀ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਬਦਲਿਆ ਜਾਵੇ। ਦੱਸ ਦੇਈਏ ਕਿ ਇਸ 13 ਮੈਂਬਰੀ ਕਮੇਟੀ ਵਿਚ ਇਕਬਾਲ ਸਿੰਘ ਝੂੰਦਾਂ ਵੀ ਸਨ ਅਤੇ ਵਿਰਸਾ ਸਿੰਘ ਵਲਟੋਹਾ ਵੀ ਮੈਂਬਰ ਸਨ। ਇਹ 30 ਸਫ਼ਿਆਂ ਦੀ ਰਿਪੋਰਟ ਅਕਾਲੀ ਦਲ ਦੀ ਕੋਰ ਕਮੇਟੀ ਜਿਸ ਦੀ ਪ੍ਰਧਾਨਗੀ ਸੁਖਬੀਰ ਬਾਦਲ ਕਰਦਾ ਸੀ ਵਿਚ ਪੜ੍ਹੀ ਗਈ। ਪਰ ਲਾਗੂ ਕੌਣ ਕਰਦਾ। ਕੌਣ ਕਹੇ ਰਾਣੀ ਅੱਗਾ ਢੱਕ। 2017-2019-2022-2024 ਦੀਆਂ ਹਾਰਾਂ ਪਿਛੋਂ ਇਕ ਧਿਰ ਜਿਨ੍ਹਾਂ ਨਾਲ ਸੁਖਬੀਰ ਤੇ ਉਹਦੇ ਪੱਖੀਆਂ ਦਾ ਵਿਉਹਾਰ ਠੀਕ ਨਹੀਂ ਸਨ। ਨਮੋਸ਼ੀ ਦੀ ਹਾਲਤ ਵਿਚ ਰਹਿ ਰਹੇ ਸਨ। ਬਾਗੀ ਹੋ ਗਏ ਤੇ ਇਹ ਬਾਗੀ ਧੜਾ ਹੀ ਅਕਾਲ ਤਖਤ ਦੇ ਪੇਸ਼ ਹੋਇਆ। ਬੀ.ਜੇ.ਪੀ. ਨਾਲ ਅਕਾਲੀ ਦਲ ਦਾ ਅੱਖ ਮਟੱਕਾ ਕਿਸਾਨ ਸੰਘਰਸ਼ ਸਮੇਂ ਸ਼ੁਰੂ ਹੋ ਗਿਆ ਸੀ ਕਿਉਂਕਿ 2022 'ਚ ਕਿਸਾਨ ਵੋਟ ਬੈਂਕ ਨੂੰ ਖੁੱਸਣ ਦਾ ਡਰ ਸੀ, ਏਨੇ ਸਮੇਂ 'ਚ ਪੰਜਾਬ ਭਾਜਪਾ ਵਾਲੇ ਵੀ ਸੁਖਬੀਰ ਨਾਲ ਕੌੜ ਰੱਖਣ



ਲੱਗ ਪਏ ਸਨ। ਕੇਂਦਰ 'ਚ ਸੱਤਾ ਹੋਣ ਕਰਕੇ ਖੇਤਰੀ ਪਾਰਟੀ 'ਤੇ ਨਿਰਭਰਤਾ ਉਨ੍ਹਾਂ ਦੀ ਉਨੀਂ ਨਹੀਂ ਸੀ ਰਹੀ ਅਤੇ ਅਮਿਤ ਸ਼ਾਹ ਤਾਂ ਖੇਤਰੀ ਪਾਰਟੀਆਂ ਨੂੰ ਨੇਸਤਾਬੁੱਧ ਕਰਨ ਲਈ ਹਰ ਹੱਥ ਕੰਡੇ ਅਪਣਾਉਣ ਤੱਕ ਪਹੁੰਚਦਾ ਹੀ ਹੈ। ਇਹ ਜੱਗ ਜ਼ਾਹਿਰ ਹੈ।

ਅਕਾਲ ਤਖਤ ਨੇ ਸੁਣਵਾਈ ਪਹਿਲਾਂ ਟਾਲੀ ਤੇ ਫਿਰ ਕਿਵੇਂ ਵਿਚ ਵਿਚਾਲੇ ਪੈ ਕੇ ਮਸਲੇ ਨੂੰ ਸੁਲਝਾਉਣ ਦਾ ਰਾਹ ਕੱਢਿਆ ਇਹ ਦੀ ਜਾਣਕਾਰੀ ਜਾਂ ਸੁਖਬੀਰ, ਚੀਮਾ ਤੇ ਬੈਂਸ ਨੂੰ ਹੈ ਜਾਂ ਜਥੇਦਾਰਾਂ ਨੂੰ। ਇਸ ਸਮੇਂ ਤੱਕ ਅਕਾਲ ਤਖਤ ਵੀ ਮਹਾਨ ਸੀ ਤੇ ਜਥੇਦਾਰ ਵੀ ਸਰਵਉਚ ਪਦਵੀ ਦੇ ਮਾਲਕ ਸਨ। 2 ਦਸੰਬਰ 2024 ਨੂੰ ਜਥੇਦਾਰਾਂ ਨੇ ਅਕਾਲ ਤਖਤ ਦੀ ਫਸੀਲ ਤੋਂ ਜੋ ਕਿ ਉਹ ਸੁਖਬੀਰ ਬਾਦਲ ਨੇ ਪ੍ਰਵਾਨ ਕੀਤਾ। ਸੌਦਾ ਸਾਧ ਦੀ ਮੁਆਫ਼ੀ, ਬਰਗਾੜੀ, ਬੇਅਦਬੀ ਕਾਂਡ, ਬਹਿਬਲਪੁਰ ਤੇ ਕੋਟਕਪੂਰਾ ਕਾਂਡ, ਸੁਮੇਧ ਸੈਣੀ ਤੇ ਇਜ਼ਹਾਰ ਆਲਮ ਖਾਨ ਦੀਆਂ ਨਿਯੁਕਤੀਆਂ ਆਦਿ-ਆਦਿ ਗੁਨਾਹ ਕਬੂਲੇ, ਸੇਵਾ ਵੀ ਲਵਾਈ, ਬਰਸਾ ਫੜ ਕੇ ਚੋਲਾ ਪਾ ਕੇ ਭਾਂਡੇ ਮਾਂਜ ਕੇ ਸੇਵਾ ਵੀ ਨਿਭਾਈ ਤੇ ਫਿਰ ਸੇਵਾ ਮੁਕਤੀ ਦੀ ਅਰਦਾਸ ਵੀ ਕਰਵਾ ਲਈ।

ਪਰ ਇਸੇ ਸਮੇਂ ਸਿੰਘ ਸਾਹਿਬਾਨਾਂ ਨੇ ਇਕ ਹੋਰ ਫੈਸਲਾ ਦਿੱਤਾ ਅਤੇ ਸੱਤ ਮੈਂਬਰੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਬਣਾ ਦਿੱਤੀ ਜਿਹਨੇ ਬਾਗੀ-ਦਾਗੀ ਤੇ ਹੋਰ ਲਾਗੀ ਫਾਗੀ ਧੜਿਆਂ ਨੂੰ ਨਾਲ ਲੈ ਕੇ ਸਾਂਝੀ ਮੈਂਬਰਸ਼ਿਪ ਕਰਨੀ ਸੀ ਤੇ ਨਵੇਂ ਅਕਾਲੀ ਦੀ ਮੁੜ ਚੋਣ ਕਰਨੀ ਸੀ। ਸੁਖਬੀਰ ਬਾਦਲ ਤਾਂ ਪਹਿਲਾਂ ਹੀ ਰਸਮੀ ਤੌਰ 'ਤੇ ਅਸਤੀਫ਼ਾ ਦੇ ਚੁੱਕੇ ਸਨ। ਅਕਾਲੀ ਦਲ ਬਾਦਲ ਧੜੇ ਨੂੰ ਇਹ ਫੈਸਲਾ ਰਾਸ ਨਾ ਆਇਆ। ਬਾਗੀਆਂ ਲਈ ਤਾਂ ਮਹਿਜ਼ ਇੱਜ਼ਤਦਾਰ ਵਾਪਸੀ ਦਾ ਸਵਾਲ ਹੀ ਸੀ। ਪਰ ਇਸੇ ਦੌਰਾਨ ਪੰਜਾਬ 'ਚ ਇਹ ਸਿੱਖ ਲੋਕ ਰਾਏ ਬਣ ਗਈ ਸੀ ਕਿ ਸੁਖਬੀਰ ਬਾਦਲ ਤੇ ਬਾਦਲ ਪਰਿਵਾਰ ਨੂੰ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਲੈ ਕੇ ਅਕਾਲੀ ਦਲ ਤੱਕ ਵਿਚੋਂ ਲਾਂਭੇ ਕੀਤਾ ਜਾਵੇ। ਅਕਾਲੀ ਦਲ (ਬਾਦਲ) ਦੇ ਸਲਾਹਕਾਰਾਂ ਨੇ ਦਲ ਭੰਗ ਨਹੀਂ ਕੀਤਾ ਉਹਦਾ ਬਹਾਨਾ ਇਹ ਸੀ ਕਿ ਇਸ ਨਾਲ ਮਾਨਤਾ ਰੱਦ ਹੋਵੇਗੀ। ਗਾਹੇ ਬਗਾਹੇ ਵੱਖ-ਵੱਖ ਚਾਲਾਂ ਚਲ ਕੇ 7 ਮੈਂਬਰੀ ਕਮੇਟੀ ਨੂੰ ਨਿਪੁੰਸਕ ਕਰਨ ਦੀ ਕੋਸ਼ਿਸ਼ ਕੀਤੀ। ਪਹਿਲਾਂ ਤਾਂ ਇਸ 'ਚੋਂ ਕ੍ਰਿਪਾਲ ਸਿੰਘ ਬਡੂੰਗਰ ਅਸਤੀਫ਼ਾ ਦੇ ਗਏ ਤੇ ਫਿਰ

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਡ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਹਰਜਿੰਦਰ ਸਿੰਘ ਧਾਮੀ ਜਿਹੜੇ ਪ੍ਰਧਾਨ ਸੌਂਪੇ ਗਏ ਸਨ ਉਹ ਸ਼੍ਰੋਮਣੀ ਕਮੇਟੀ ਤੇ ਕਮੇਟੀ ਦੀ ਜ਼ਿੰਮੇਵਾਰੀ ਤੋਂ ਭੱਜ ਗਏ। ਬਾਕੀ ਪੰਜ ਮੈਂਬਰ ਬਚੇ-ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾਂ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ। ਉਸ ਸਮੇਂ ਤੱਕ ਗਿਆਨੀ ਰਘਬੀਰ ਸਿੰਘ ਅਜੇ ਸੇਵਾ ਮੁਕਤ ਨਹੀਂ ਸਨ ਹੋਏ, ਉਨ੍ਹਾਂ ਫੈਸਲਾ ਸੁਣਾ ਦਿੱਤਾ ਕਿ ਬਾਕੀ ਪੰਜ ਮੈਂਬਰੀ ਕਮੇਟੀ ਨਵੀਂ ਭਰਤੀ ਸ਼ੁਰੂ ਕਰੇਗੀ ਤੇ ਅਕਾਲ ਤਖਤ ਦੇ ਫੈਸਲੇ 'ਤੇ ਅਮਲ ਕਰੇਗੀ।

ਇਧਰ ਵਲਟੋਹਾ, ਜਥੇਦਾਰ ਹਰਪ੍ਰੀਤ ਸਿੰਘ ਵਾਦ-ਵਿਵਾਦ 'ਚ ਗਿਆਨੀ ਹਰਪ੍ਰੀਤ ਸਿੰਘ ਦੀ ਬਲੀ ਲੈ ਲਈ ਗਈ ਤੇ ਫਿਰ ਪਿਛੋਂ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਨੂੰ ਵੀ ਬਾਹਰ ਦਾ ਰਾਹ ਦਿਖਾ ਦਿੱਤਾ। ਅਕਾਲ ਤਖਤ ਦੀ ਮਹਾਨਤਾ ਸ਼੍ਰੋਮਣੀ ਕਮੇਟੀ ਤੇ ਕਮੇਟੀ 'ਤੇ ਕਾਬਜ਼ ਪਰਿਵਾਰ ਦੀ ਕਿਵੇਂ ਜੇਬ ਵਿਚ ਹੈ ਇਹ ਦਰਸਾ ਦਿੱਤਾ ਗਿਆ। ਇਧਰ ਅਕਾਲੀ ਦਲ ਨੇ ਆਪਣੀ ਭਰਤੀ ਦਸੰਬਰ 25 ਅਖੀਰ ਤੋਂ ਲੈ ਕੇ ਮਾਰਚ ਤੱਕ ਮੁਕੰਮਲ ਕਰ ਲਈ ਤੇ ਦਾਅਵਾ ਕੀਤਾ ਕਿ 25 ਲੱਖ ਮੈਂਬਰਸ਼ਿਪ ਕੀਤੀ ਹੈ। ਉਨ੍ਹਾਂ ਨੇ ਨਵੇਂ ਡੈਲੀਗੇਟ ਵੀ ਚੁਣ ਲਏ ਅਤੇ ਅਪ੍ਰੈਲ ਵਿਚ ਨਵੀਂ ਕਮੇਟੀ ਤੇ ਨਵੇਂ ਪ੍ਰਧਾਨ ਦੀ ਚੋਣ ਵੀ ਕਰ ਲਈ ਤੇ ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਚੁਣ ਲਿਆ ਹੈ। ਆਪਣੀ ਪ੍ਰਧਾਨਗੀ ਹਾਸਲ ਕਰਦਿਆਂ ਹੀ ਵਿਸਾਖੀ ਮੇਲੇ ਉਤੇ ਤਲਵੰਡੀ ਸਾਬੋ 'ਚ ਕਾਨਫਰੰਸ ਕਰਦਿਆਂ ਉਨ੍ਹਾਂ ਜੋ ਕਿ ਉਹ ਸ਼ਰਮਨਾਕ ਵੀ ਹੈ ਤੇ ਹਾਸੋਹੀਣਾ ਵੀ ਕਿ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਰਘਬੀਰ ਸਿੰਘ, ਗਿਆਨੀ ਸੁਲਤਾਨ ਸਿੰਘ ਬੀ.ਜੇ.ਪੀ. ਤੇ ਪੰਥ ਦੋਖੀ ਤਾਕਤਾਂ ਦੇ ਹੱਥ ਵਿਕ ਗਏ ਸਨ। ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਕੱਢ ਕੇ ਸਮੇਂ ਸਿਰ ਪੰਥ ਨੂੰ ਬਚਾ ਲਿਆ ਹੈ।" ਉਹੀ ਸੁਖਬੀਰ ਬਾਦਲ ਜੋ ਦੋ ਦਸੰਬਰ ਨੂੰ ਅਕਾਲ ਤਖਤ ਦੀ ਫਸੀਲ ਤੋਂ ਹੋਏ ਹੁਕਮਨਾਮੇ ਅਤੇ ਆਪਣੇ ਪਾਪਾਂ ਨੂੰ ਕਬੂਲਦਾ ਹੈ ਸਜ਼ਾ ਕਬੂਲਦਾ ਹੈ। ਸਜ਼ਾ ਪੂਰੀ ਕਰਦਾ ਹੈ, ਉਹ ਚਾਰ ਮਹੀਨੇ ਪਿਛੋਂ ਅਕਾਲ ਤਖਤ ਦੇ ਜਥੇਦਾਰਾਂ ਨੂੰ ਭਾਵ ਧਾਰਮਿਕ ਜੱਜਾਂ ਨੂੰ ਸੱਤਾ 'ਤੇ ਕਾਬਜ਼ ਹੋਣ ਪਿਛੋਂ ਕਟਹਿਰੇ 'ਚ ਖੜ੍ਹਾ ਕਰ ਰਿਹਾ ਹੈ। ਯਾਦ ਰਹੇ ਇਸੇ ਸਮੇਂ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੂੰ ਜੋ ਫ਼ਖਰ-ਏ-ਕੌਮ ਦਾ ਸਨਮਾਨ ਅਕਾਲ ਤਖਤ ਵਲੋਂ ਦਿੱਤਾ ਗਿਆ ਸੀ ਵਾਪਸ ਲੈ ਲਿਆ ਗਿਆ ਸੀ ਤੇ ਉਸ ਨੂੰ ਅਕਾਲੀ ਦਲ ਦਾ ਖਲਨਾਇਕ ਕਿਹਾ ਗਿਆ ਸੀ।

ਇਧਰ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਨੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕੀਤੀਆਂ, ਉਥੇ ਨਵੇਂ ਜਥੇਦਾਰ ਦੀ ਤਾਜਪੋਸ਼ੀ ਵੀ ਚੋਰੀਓਂ ਸਵੇਰੇ ਪੌਣੇ ਪੰਜ ਵਜੇ ਬਿਨਾਂ ਕਿਸੇ ਰਵਾਇਤੀ ਇਕੱਠ ਤੋਂ ਕੀਤੀ ਗਈ। ਇਹ ਆਮ ਸਿੱਖ ਸਮੁਦਾਏ ਦੀ ਧਾਰਨਾ ਹੈ ਕਿ ਵੱਡੇ ਬਾਦਲ ਤੋਂ ਲੈ ਕੇ ਛੋਟੇ ਬਾਦਲ ਤੱਕ ਜਥੇਦਾਰਾਂ ਨੂੰ ਘਰ ਸੱਦ ਕੇ ਫੈਸਲੇ ਕਰਵਾਉਂਦੇ ਰਹੇ ਹਨ। ਇਹ ਕਿਸੇ ਨਾ ਕਿਸੇ ਤਰ੍ਹਾਂ ਸੇਵਾ ਮੁਕਤ ਜਥੇਦਾਰਾਂ ਨੇ ਸੰਕੇਤ ਵੀ ਦਿੱਤੇ ਹਨ ਜਿਨ੍ਹਾਂ 'ਚ ਗਿਆਨੀ ਗੁਰਮੁਖ ਸਿੰਘ ਤੇ ਗਿਆਨੀ ਗੁਰਚਰਨ ਸਿੰਘ ਵੀ ਹਨ। ਜਿਨ੍ਹਾਂ ਕਿਹਾ ਕਿ ਸੌਦਾ ਸਾਧ ਵਲੋਂ ਕੋਈ ਵੀ ਮੁਆਫ਼ੀਨਾਮਾ ਨਹੀਂ ਸੀ ਆਇਆ ਨਾ ਹੀ ਜੋ ਮੁਆਫ਼ੀਨਾਮਾ ਉਨ੍ਹਾਂ ਤੱਕ ਪਹੁੰਚਿਆ। ਇਸ ਉਤੇ ਸੌਦੇ ਸਾਧ ਦੇ ਦਸਤਖਤ ਹੀ ਸਨ। ਪਿਛਲੇ ਪੰਜ ਸਿੰਘ ਸਾਹਿਬਾਨ ਜਿਨ੍ਹਾਂ 'ਚ ਤਿੰਨ ਜਥੇਦਾਰ ਸ਼ਾਮਲ ਸਨ, ਨੇ 2 ਦਸੰਬਰ ਨੂੰ ਜੋ ਫੈਸਲਾ ਸੁਣਾਇਆ ਸੀ ਤੇ ਜਿਵੇਂ ਸੁਣਾਇਆ ਸੀ ਇਸ ਉਤੇ ਵੀ ਸਭ ਹੈਰਾਨ ਸਨ। ਕੱਟੜਵਾਦੀ ਤਾਂ ਇਹ ਸਮਝਦੇ ਸਨ ਕਿ ਜਥੇਦਾਰਾਂ ਨੇ ਰਿਐਤਦਿਲੀ ਵਰਤੀ ਸੁਖਬੀਰ ਬਾਦਲ ਪ੍ਰਤੀ ਪਰ ਸੁਖਬੀਰ ਬਾਦਲ ਦਾ ਧੜਾ ਇਹ ਕਹਿੰਦਾ ਹੈ ਕਿ ਇਹ ਫੈਸਲਾ ਬੀ.ਜੇ.ਪੀ. ਦੇ ਇਸ਼ਾਰਿਆਂ 'ਤੇ ਹੋਇਆ ਹੈ। ਖੁਦ ਸੁਖਬੀਰ ਬਾਦਲ ਤਲਵੰਡੀ ਸਾਬੋ ਕਹਿੰਦਾ ਹੈ ਸ਼੍ਰੋਮਣੀ ਕਮੇਟੀ ਵਧਾਈ ਦੀ ਪਾਤਰ ਹੈ ਜਿਹਨੇ ਅਕਾਲ ਤਖਤ 'ਤੇ ਹੋਏ ਕਬਜ਼ੇ ਨੂੰ ਛੁਡਾ ਲਿਆ ਹੈ। ਕਮਾਲ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ 'ਤੇ ਭਾਰੂ ਹੁੰਦਿਆਂ ਹੋਇਆਂ ਵੀ ਕਬਜ਼ਾਧਾਰੀ ਤਖਤ 'ਤੇ ਕਾਬਜ਼ ਹੋ ਗਏ ਤੇ ਹੁਣ ਸੁਖਬੀਰ ਬਾਦਲ ਦੀ ਪ੍ਰਧਾਨਗੀ ਬਹਾਲ ਕਰਾਉਣ ਪਿਛੋਂ ਕਬਜ਼ਾਧਾਰੀਆਂ ਨੂੰ ਖਦੇੜ ਦਿੱਤਾ ਗਿਆ।

ਇਧਰ ਅਕਾਲ ਤਖਤ ਵਲੋਂ ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਲਈ ਬਣੀ ਕਮੇਟੀ ਜਿਸ 'ਚ ਹੁਣ ਪੰਜ ਮੈਂਬਰ ਹਨ, ਨੇ ਪਿਛਲੇ ਦਿਨੀਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਵਲੋਂ 20 ਲੱਖ 14 ਹਜ਼ਾਰ ਮੈਂਬਰਸ਼ਿਪ ਫਾਰਮ ਮੁਕੰਮਲ ਕਰ ਲਏ ਗਏ ਹਨ ਅਤੇ ਅਜੇ ਮਹਿਜ਼ ਇਕ ਮਹੀਨਾ ਹੀ ਮੈਂਬਰਸ਼ਿਪ ਹੋਈ ਹੈ। ਇਹ ਭਰਤੀ ਤਿੰਨ ਮਹੀਨੇ ਚਲਾਈ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਉਹ ਭਾਰਤੀ ਅਕਾਲ ਤਖਤ ਦੇ ਆਦੇਸ਼ਾਂ ਅਨੁਸਾਰ ਅਧਾਰ ਕਾਰਡ ਵੋਟਰ ਕਾਰਡ ਦੇ ਹਵਾਲਿਆਂ 'ਤੇ ਤਸਦੀਲਾਂ ਨਾਲ ਕਰਨਗੇ ਅਤੇ ਇਸ ਦਾ ਡਿਜੀਟਲ ਰਿਕਾਰਡ ਵੀ ਸਰਵਜਨਕ ਕਰਨਗੇ। ਬਾਦਲ ਧੜੇ ਦੇ ਆਗੂ ਇਸ ਨਵੇਂ ਦਲ ਦੀ ਭਰਤੀ ਕਮੇਟੀ ਨੂੰ ਸਿਰਫ਼ ਨਿਗਰਾਨ ਕਮੇਟੀ ਕਹਿ ਕੇ ਰੱਦ ਰਹੀ ਹੈ। ਪੁਰਾਣੇ ਜਥੇਦਾਰ ਬਾਦਲ ਗਏ ਹਨ, ਬਾਗੀ ਧੜਾ ਨਵੀਂ ਭਰਤੀ ਲਈ ਅੱਡੀਆਂ ਚੁੱਕੀ ਖੜ੍ਹਾ ਹੈ। ਕਾਬਜ਼ ਧਿਰ ਨੇ 25 ਤੋਂ 27 ਲੱਖ ਦੀ ਭਰਤੀ ਕਰ ਲਈ ਹੈ।

ਉਧਰ ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਅਕਾਲੀ ਦਲ (ਅੰਮ੍ਰਿਤਸਰ) ਸਿਮਰਨਜੀਤ ਸਿੰਘ ਮਾਨ ਵੀ ਆਪਣੇ-ਆਪਣੇ ਅਕਾਲੀ ਦਲਾਂ ਦੀ ਭਰਤੀ ਕਰ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਤੇ ਬਾਗੀ ਧੜੇ ਦੇ ਕੁਝ ਲੋਕ ਬਾਦਲ ਧੜੇ ਨੂੰ ਅਕਾਲ ਤਖਤ ਤੋਂ ਭਗੌੜਾ ਦਲ ਵੀ ਕਹਿ ਰਹੇ ਹਨ। ਨਵੀਂ ਭਰਤੀ ਲਈ ਅਕਾਲ ਤਖਤ ਵਲੋਂ ਬਣਾਈ ਕਮੇਟੀ ਜੇ ਤਿੰਨ ਮਹੀਨੇ ਪਿਛੋਂ ਅਕਾਲੀ ਦਲ ਦੇ ਮੈਂਬਰਾਂ ਦੀ ਗਿਣਤੀ ਨਸ਼ਰ ਕਰਦੀ ਹੈ ਤਾਂ ਅੱਜ 20 ਲੱਖ 14 ਹਜ਼ਾਰ ਤੋਂ ਵੱਧ ਕੇ ਦੁਗਣੀ ਤਾਂ ਹੋਣੀ ਹੀ ਚਾਹੀਦੀ ਹੈ। ਪੈਰ ਇਹ ਗਣਿਤ ਵਿਚ ਨਾ ਜਾਂਦਿਆਂ ਇਹ ਗੱਲ ਸਾਫ਼ ਹੈ ਕਿ ਅਕਾਲ ਤਖਤ ਵਲੋਂ ਬੇਸ਼ੱਕ ਅਕਾਲੀ ਦਲ ਨੂੰ ਨਵਾਂ ਮੁਹਾਂਵਰਾ ਦੇਣ ਦੀ ਸੁਹਿਰਦ ਕੋਸ਼ਿਸ਼ ਵੀ ਕਿਉਂ ਨਾ ਕੀਤੀ ਗਈ ਹੋਵੇ ਅਤੇ ਇਕ ਅਕਾਲੀ ਦਲ ਬਣਾਉਣ ਦੀ ਭਾਵਨਾ ਤਹਿਤ ਹੀ ਅਜਿਹਾ ਫੈਸਲਾ ਕਿਉਂ ਨਾ ਲਿਆ ਗਿਆ ਹੋਵੇ। ਪਰ ਇਹ ਨਾ ਹਕੀਕੀ ਹੋਵੇਗਾ ਨਾ ਹੀ ਯਥਾਰਥਕ। ਉਧਰ ਅਕਾਲ ਤਖਤ ਤੇ ਜਥੇਦਾਰ ਵੀ ਬਦਲ ਚੁੱਕੇ ਹਨ ਅਤੇ ਨਵੇਂ ਜਥੇਦਾਰ ਗੜਗੱਜ ਬਾਰੇ ਬਹੁਤ ਕੁਝ ਆ ਰਿਹਾ ਹੈ। ਇਹਦੇ ਬਾਰੇ ਸਾਨੂੰ ਜ਼ਿਕਰ ਕਰਨ ਦੀ ਲੋੜ ਨਹੀਂ ਪਰ ਉਹ ਫੈਸਲਾ ਉਹ ਲਵੇਗਾ ਜੋ ਉਸਦੇ ਆਕਾਵਾਂ ਨੂੰ ਮਨਜ਼ੂਰ ਹੋਵੇਗਾ। ਪਰ ਸਿੱਖ ਜਗਤ ਵਿਚ ਸੁਖਬੀਰ ਬਾਦਲ ਤੇ ਉਹਦੇ ਧੜੇ ਪ੍ਰਤੀ ਜੋ ਭਾਵਨਾਵਾਂ ਨੇ ਪਿਛਲੇ ਸਮਿਆਂ 'ਚ ਜ਼ੋਰ ਫੜਿਆ ਹੈ, ਉਹਦੇ ਮੁਤਾਬਕ ਇਹ ਲੀਡਰਸ਼ਿਪ ਉਨ੍ਹਾਂ ਨੂੰ ਮਨਜ਼ੂਰ ਨਹੀਂ। ਇਹ ਗੱਲ ਤਾਂ ਦੋ ਦਸੰਬਰ 2024 ਨੂੰ ਅਕਾਲ ਤਖਤ ਦੀ ਫਸੀਲ ਤੋਂ ਸਿੰਘ ਸਾਹਿਬਾਨ ਨੇ ਕਹਿ ਦਿੱਤਾ ਸੀ ਕਿ 'ਮੌਜੂਦਾ ਅਕਾਲੀ ਲੀਡਰਸ਼ਿਪ ਤੇ ਸੁਖਬੀਰ ਬਾਦਲ ਪੰਥ ਨੂੰ ਅਗਵਾਈ ਦੇਣ ਵਿਚ ਆਪਣਾ ਨੈਤਿਕ ਅਧਾਰ ਗੁਆ ਚੁੱਕੀ ਹੈ।' ਭਾਵ ਲੋਕਾਈ ਇਹਨੂੰ ਪ੍ਰਵਾਨ ਨਹੀਂ। ਪਰ ਉਨ੍ਹਾਂ ਆਪਣੇ ਆਪ ਨੂੰ ਆਪੇ ਥਾਪੀ ਦੇ ਕੇ ਸਥਾਪਤ ਕਰ ਲਿਆ ਹੈ।

ਸੰਕੇਤ ਬਹੁਤ ਸਾਫ਼ ਹੈ। ਵੱਡੀ ਕਾਰਪੋਰੇਟ ਪੂੰਜੀ ਤੇ ਸੱਤਾਧਾਰੀ ਜਮਾਤ ਰਾਜ ਸੱਤਾ 'ਤੇ ਕਬਜ਼ਾ ਬਣਾਈ ਰੱਖਣ ਲਈ ਜਿਥੇ ਸੁਖਬੀਰ ਬਾਦਲ ਦੇ ਧੜੇ ਨੂੰ ਸਥਾਪਤ ਕਰਨ ਲਈ ਭੂਮਿਕਾ ਨਿਭਾਵੇਗੀ, ਉਥੇ ਦੂਸਰੀਆਂ ਤਾਕਤਾਂ ਨੂੰ ਵੀ ਵੱਖ-ਵੱਖ ਢੰਗਾਂ ਤੇ ਸਾਧਨਾਂ ਰਾਹੀਂ ਥਾਪੜੇ ਦਿੰਦੀ ਰਹੇਗੀ ਤਾਂ ਕਿ ਪੰਜਾਬ ਨੂੰ ਪੰਜਾਬ ਵਿਚ ਹੀ ਆਪਸੀ ਖਾਨਾਜੰਗੀ ਵਿਚ ਉਲਝਾ ਕੇ ਰੱਖਿਆ ਜਾਵੇ। ਸੰਘ ਦੇ ਕੌਣ ਗੜਵਈ ਹਨ ਕਿਹੜੇ ਸਿੱਖ ਅਸੂਲਾਂ 'ਤੇ ਪਹਿਰਾ ਦਿੰਦੇ ਹਨ। ਇਹ ਇਕ ਐਸਾ ਭੰਬਲਭੂਸਾ ਹੈ, ਜਿਸ 'ਚ ਦਮਦਮੀ ਟਕਸਾਲ ਦਾ ਮੁਖੀ ਧੁੰਮਾ ਤੱਕ ਵੀ ਪਾਕਿ ਪਵਿੱਤਰ ਨਹੀਂ। ਦਰਅਸਲ ਕਾਰਪੋਰੇਟੀ ਪੂੰਜੀ ਦੇ ਦੌਰ 'ਚ ਜਦੋਂ ਧਰਮ ਤੇ ਰਾਜਨੀਤੀ ਦਾ ਬਾਜ਼ਾਰੀਕਰਨ ਤੇ ਵਪਾਰੀਕਰਨ ਹੋ ਚੁੱਕਾ ਹੋਵੇ, ਲੋਕ ਇਸ ਤ੍ਰਾਸਦਿਕ ਹਾਲਤ ਨੂੰ ਪੜ੍ਹਨ ਤੇ ਸਮਝਣ ਲਈ ਇਕ ਸਮਾਂ ਲੈਣਗੇ। ਪੰਜਾਬ ਲਈ ਇਹ ਹਾਲਤ ਆਉਣ ਵਾਲੇ ਸਮੇਂ ਲਈ ਚਿੰਤਾਜਨਕ ਹਨ।

# ਇੱਕ ਪਾਦਰੀ ਦਾ ਪੁੱਤਰ ਚਮਤਕਾਰਾਂ, ਜਾਤ-ਪਾਤ ਤੋਂ ਮੁਨਕਰ ਹੋ ਤਰਕਸ਼ੀਲ ਲਹਿਰ ਦਾ ਮੋਢੀ ਕਿਵੇਂ ਬਣਿਆ ?

*ਡਾ. ਅਬਰਾਹਿਮ ਕਾਵੂਰ (10 ਅਪਰੈਲ 1889– 18 ਸਤੰਬਰ, 1978) ਦਾ ਜਨਮ ਕੇਰਲਾ ਦੇ ਸ਼ਹਿਰ ਤਿਰੂਵਾਲਾ ਵਿਖੇ ਹੋਇਆ ਸੀ । ਉਸ ਦੇ ਪਿਤਾ ਰੈਵ ਕਾਵੂਰ ਇੱਕ ਗਿਰਜੇ ਦੇ ਪਾਦਰੀ ਸਨ । ਘਰ ਵਿੱਚ ਈਸਾਈ ਧਰਮ ਦਾ ਬੋਲਬਾਲਾ ਸੀ । ਹਰ ਆਉਣ ਵਾਲਾ ਮਹਿਮਾਨ ਭੇਟ ਵਜੋਂ ਬਾਈਬਲ ਦੇ ਕੁਝ ਸਲੋਕ ਲੈ ਕੇ ਹਾਜ਼ਰ ਹੁੰਦਾ ਅਤੇ ਜਾਣ ਸਮੇਂ ਵੀ ਬਾਈਬਲ ਦੀਆਂ ਸਿੱਖਿਆਵਾਂ ਹੀ ਉਸ ਨਾਲ ਹੁੰਦੀਆਂ ।*

**ਮੇਘ ਰਾਜ ਮਿੱਤਰ**




ਹੁਣ ਸੁਆਲ ਇਹ ਖੜ੍ਹਾ ਹੁੰਦਾ ਹੈ ਕਿ ਗਿਰਜੇ ਦੇ ਪਾਦਰੀ ਦਾ ਪੁੱਤਰ ਅਬਰਾਹਿਮ ਕਾਵੂਰ ਜਿਸ ਨੂੰ ਗੁੜ੍ਹਤੀ ਵੀ ਈਸਾਈ ਧਰਮ ਦੀ ਮਿਲੀ ਸੀ, ਉਹ ਤਰਕਸ਼ੀਲ ਲਹਿਰ ਦਾ ਮੋਢੀ ਕਿਵੇਂ ਬਣ ਗਿਆ ? ਡਾ. ਕਾਵੂਰ ਦੀਆਂ ਪੁਸਤਕਾਂ ਦੇ ਅਨੁਵਾਦ ਕਰਨ ਲੱਗਿਆਂ ਮੈਂ ਉਸ ਦੇ ਜੀਵਨ ਵਿੱਚ ਵਾਪਰੀਆਂ ਕੁਝ ਵਿਸ਼ੇਸ਼ ਘਟਨਾਵਾਂ ਦਾ ਅਧਿਐਨ ਕੀਤਾ ਅਤੇ ਇਸ ਨਤੀਜੇ 'ਤੇ ਪੁੱਜਿਆ ਕਿ ਹੇਠ ਲਿਖੀਆਂ ਘਟਨਾਵਾਂ ਨੇ ਕਾਵੂਰ ਨੂੰ ਤਰਕ ਨਾਲ ਜ਼ਿੰਦਗੀ ਜਿਉਣਾ ਸਿਖਾਇਆ ਸੀ।

ਡਾ. ਅਬਰਾਹਿਮ ਕਾਵੂਰ ਅਤੇ ਉਸ ਦੇ ਭਰਾ ਬਹਿਨਾਨ ਕਾਵੂਰ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਤਿਰੂਵਾਲਾ ਛੱਡ ਕੇ 1921 ਤੋਂ 1924 ਤਕ ਕੋਲਕਾਤਾ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨੀ ਪਈ। ਕੋਲਕਾਤਾ ਗੰਗਾ ਕਿਨਾਰੇ ਵਸਿਆ ਸ਼ਹਿਰ ਹੈ। ਇਸ ਲਈ ਕੇਰਲਾ ਦੇ ਵਸਨੀਕ ਇਨ੍ਹਾਂ ਵਿਦਿਆਰਥੀਆਂ ਨੂੰ ਸ਼ਰਧਾ ਦੀ ਨਜ਼ਰ ਨਾਲ ਵੇਖਦੇ ਸਨ ਕਿ ਇਹ ਕਿੰਨੇ ਭਾਗਾਂ ਵਾਲੇ ਹਨ ਜਿਹਨਾਂ ਨੂੰ ਗੰਗਾ ਵਿੱਚ ਇਸ਼ਨਾਨ ਕਰਨ ਦਾ ਮੌਕਾ ਮਿਲਦਾ ਹੈ ਪਰ ਜਦੋਂ ਕਾਵੂਰ ਗੰਗਾ ਵਿੱਚ ਇਸ਼ਨਾਨ ਕਰਦਾ ਹੈ ਤਾਂ ਇੱਕ ਮਨੁੱਖੀ ਮ੍ਰਿਤਕ ਦੇਹ ਦਾ ਜੁਦਾ ਹੋਇਆ ਹੱਥ ਉਸ ਦੇ ਸਿਰ ਨਾਲ ਆ ਛੂੰਹਦਾ ਹੈ। ਦਰਅਸਲ, ਬਹੁਤ ਸਾਰੇ ਹਿੰਦੂ ਆਪਣੇ ਮ੍ਰਿਤਕ ਮੈਂਬਰਾਂ ਦਾ ਕ੍ਰਿਆ ਕਰਮ ਕਰਨ ਲਈ ਉਸ ਦੇ ਮ੍ਰਿਤਕ ਸਰੀਰ ਨੂੰ ਗੰਗਾ ਵਿੱਚ ਰੋੜ ਦਿੰਦੇ ਸਨ। ਡਾ. ਅਬਰਾਹਿਮ ਕਾਵੂਰ ਵੇਖਦਾ ਹੈ ਕਿ ਕਿਵੇਂ ਗੰਗਾ ਵਿੱਚ ਮ੍ਰਿਤਕਾਂ ਦੀਆਂ ਦੇਹਾਂ ਆ ਕੇ ਪਾਣੀ ਨੂੰ ਗੰਦਾ ਕਰਦੀਆਂ ਹਨ। ਇਸ ਲਈ ਉਹ ਫ਼ੈਸਲਾ ਕਰਦਾ ਹੈ ਕਿ ਉਹ ਆਪਣੇ ਸ਼ਹਿਰ ਵਾਸੀਆਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਲਈ ਇਸ ਪਾਣੀ ਦੀਆਂ ਬੋਤਲਾਂ ਨਹੀਂ ਲੈ ਕੇ ਜਾਵੇਗਾ। ਗੰਗਾ ਦੇ ਪਾਣੀ ਦੀ ਬਜਾਏ ਉਹ ਆਪਣੇ ਸ਼ਹਿਰ ਦੇ ਨਜ਼ਦੀਕੀ ਰੇਲਵੇ ਸਟੇਸ਼ਨ ਤੋਂ ਭਰੀਆਂ ਬੋਤਲਾਂ ਦਾ ਪਾਣੀ ਹੀ ਉਨ੍ਹਾਂ ਨੂੰ ਦੇ ਦਿੰਦਾ ਹੈ। ਅਗਲੇ ਸਾਲ ਉਹ ਇਸ ਪਾਣੀ ਨਾਲ ਠੀਕ ਹੋਏ ਵਿਅਕਤੀਆਂ ਦੇ ਚਮਤਕਾਰਾਂ ਦੇ ਕਿੱਸੇ ਸੁਣਦਾ ਹੈ। ਇਸ ਤਰ੍ਹਾਂ ਦਰਸਾਈਆਂ ਕਰਾਮਾਤਾਂ ਦੀਆਂ ਕਹਾਣੀਆਂ ਉਸ ਦੇ ਮਨ ਵਿੱਚ ਸੁਆਲ ਖੜ੍ਹੇ ਕਰਦੀਆਂ ਹਨ। ਉਂਜ ਵੀ ਕੇਰਲਾ ਦੀਆਂ ਪਵਿੱਤਰ ਰਸਮਾਂ ਅਤੇ ਬੁਰੇ ਸ਼ਗਨਾਂ ਦਾ ਕਲਕੱਤੇ ਦੇ ਸ਼ੁਭ ਮੂਹਰਤਾਂ ਅਤੇ ਸ਼ੁਭ ਲਗਨਾਂ ਨਾਲੋਂ ਹਜ਼ਾਰਾਂ ਗੁਣਾਂ ਦਾ ਵਖਰੇਵਾਂ ਵੀ ਉਸ ਦੇ ਮਨ ਵਿੱਚ ਸ਼ੰਕੇ ਉਪਜਾਉਂਦਾ। ਜਦੋਂ ਕਿਸੇ ਵੀ ਵਿਅਕਤੀ ਦੇ ਮਨ ਵਿੱਚ ਸੁਆਲ ਖੜ੍ਹੇ ਹੋਣੇ ਸ਼ੁਰੂ ਹੋ ਜਾਣ ਤਾਂ ਉਹ ਆਪਣੀਆਂ ਪੰਜਾਂ ਗਿਆਨ ਇੰਦਰੀਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦਾ ਹੈ। ਉਹ ਅੱਖਾਂ ਨਾਲ ਵੇਖਦਾ ਹੈ, ਕੰਨਾਂ ਨਾਲ ਸੁਣਦਾ ਹੈ, ਸੁਗੰਧ-ਦੁਰਗੰਧ ਨੂੰ ਨੱਕ ਨਾਲ ਸੁੰਘਦਾ ਹੈ। ਚਮੜੀ ਨਾਲ ਮਹਿਸੂਸ ਕਰਦਾ ਅਤੇ ਜੀਭ ਨਾਲ ਸੁਆਦ ਵੀ ਚੱਖਦਾ ਹੈ। ਇਹ ਸਾਰੇ ਸੰਵੇਦੀ ਅਨੁਭਵ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਦੀ ਸੋਚ ਵਿੱਚ ਤਬਦੀਲੀ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਲੋਕਾਂ ਵੱਲੋਂ ਸੁਣਾਈਆਂ ਜਾਂਦੀਆਂ ਕਰਾਮਾਤੀ ਗੱਲਾਂ ਪ੍ਰਤੀ ਉਸ ਦੀ ਪਹੁੰਚ ਵਿਗਿਆਨਕ ਬਣਦੀ ਗਈ। ਸੋਚਾਂ ਵਿੱਚ ਡੁੱਬੇ ਕਾਵੂਰ ਨੇ ਤਿਰੂਵਾਲਾ ਦੀਆਂ ਸੜਕਾਂ ਉੱਤੇ ਹਾਏ-ਹੱਲਾ ਕਰਦੇ ਨਬੂੰਦਰੀ ਬ੍ਰਾਹਮਣਾਂ ਨੂੰ ਜਦੋਂ ਵੇਖਿਆ ਤਾਂ ਉਸ ਦੀਆਂ ਕਲਪਨਾਵਾਂ ਦੀ ਲੜੀ ਟੁੱਟ ਗਈ। ਇਹ ਬ੍ਰਾਹਮਣ ਇਹ ਰੌਲਾ ਇਸ ਲਈ ਪਾਉਂਦੇ ਸਨ ਤਾਂ ਜੋ ਕੋਈ ਨੀਵੀਂ ਜਾਤੀ ਦਾ ਆਦਮੀ ਉਨ੍ਹਾਂ ਨੂੰ ਛੂਹ ਨਾ ਜਾਵੇ ਜਿਸ ਕਾਰਨ ਉਹ ਭਿੱਟੇ ਜਾ ਸਕਦੇ ਸਨ। ਅਜਿਹੀ ਘਟਨਾ ਦਾ ਵਰਨਣ ਕਰਦਿਆਂ ਡਾ. ਕਾਵੂਰ ਨੇ ਆਪਣੀ ਕਿਤਾਬ 'ਦੇਵ ਦੈਂਤ ਤੇ ਰੂਹਾਂ' ਵਿੱਚ ਲਿਖਿਆ ਹੈ ਕਿ ਇੱਕ ਵਾਰ ਉਹ ਨਦੀ ਪਾਰ ਕਰਨ ਲਈ ਕਿਸ਼ਤੀ ਵਿੱਚ ਜਾਣ ਦੀ ਸੋਚ ਰਿਹਾ ਸੀ ਤਾਂ ਇੱਕ ਵੱਡਾ ਨਬੂੰਦਰੀ ਬ੍ਰਾਹਮਣ ਕਿਸ਼ਤੀ ਵਿੱਚ ਸਵਾਰ ਹੋ ਗਿਆ ਅਤੇ ਉਸ ਨੂੰ ਕਿਸ਼ਤੀ ਚਲਾਉਣ ਲਈ ਕਹਿਣ ਲੱਗਿਆ ਪਰ ਕਾਵੂਰ ਨੇ ਆਪਣੇ ਸਹਿਯੋਗੀ ਕੁਨਹੀਰਾਮਨ ਨੂੰ ਧੱਕੇ ਨਾਲ ਬਿਠਾ ਕੇ ਕਿਸ਼ਤੀ ਰੇੜਨ ਲਈ ਕਹਿ ਦਿੱਤਾ। ਇੱਕ ਅਛੂਤ ਨੂੰ ਕਿਸ਼ਤੀ ਚਲਾਉਂਦਿਆਂ ਵੇਖ ਕੇ ਨਬੂੰਦਰੀ ਨੇ ਕਿਸ਼ਤੀ ਵਿੱਚੋਂ ਛਾਲ ਮਾਰ ਦਿੱਤੀ। ਉਹ ਤੈਰਨਾ ਨਹੀਂ ਸੀ ਜਾਣਦਾ ਜਿਸ ਕਰ ਕੇ ਉਹ ਡੁੱਬਣ ਲੱਗਿਆ। ਜਦੋਂ ਕੁਨਹੀਰਾਮਨ ਨੇ ਉਸ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਤਾਂ ਉਸ ਨੇ ਬਹੁਤ ਸ਼ਰਮਿੰਦਗੀ ਮਹਿਸੂਸ ਕੀਤੀ। ਬਚਪਨ ਵਿੱਚ ਵਾਪਰੀਆਂ ਅਜਿਹੀਆਂ ਘਟਨਾਵਾਂ ਨੇ ਕਾਵੂਰ ਦੀ ਸੋਚ ਨੂੰ ਜਾਤ-ਪਾਤ ਰਹਿਤ ਕਰ ਦਿੱਤਾ ਸੀ।

1928 ਵਿੱਚ ਡਾ. ਅਬਰਾਹਿਮ ਕਾਵੂਰ ਨੇ ਸੈਂਟਰਲ ਕਾਲਜ ਜਾਫਨਾ ਵਿੱਚ ਬਤੌਰ ਲੈਕਚਰਾਰ ਨੌਕਰੀ ਸ਼ੁਰੂ ਕੀਤੀ। ਪਹਿਲੇ ਹੀ ਦਿਨ ਕਾਲਜ ਵਿੱਚ ਮੀਂਹ ਪਵਾਉਣ ਲਈ ਪ੍ਰਾਰਥਨਾ ਕੀਤੀ ਗਈ ਜਿਸ ਵਿੱਚ ਸਾਰੇ ਪ੍ਰੋਫੈਸਰ ਅਤੇ ਵਿਦਿਆਰਥੀ ਇਕੱਠੇ ਹੋਏ ਸਨ। ਭੋਜਨ ਕਰਨ ਸਮੇਂ ਜਦੋਂ ਕਾਵੂਰ ਨੇ ਕਾਲਜ ਦੇ ਪ੍ਰਿੰਸੀਪਲ ਨੂੰ ਪੁੱਛਿਆ ਕਿ ਬਰਸਾਤ ਕਿਵੇਂ ਹੁੰਦੀ ਹੈ, ਤਾਂ ਉਹ ਕਹਿਣ ਲੱਗਿਆ ਕਿ ਤਾਪਮਾਨ, ਹਵਾ ਦੀ ਦਿਸ਼ਾ, ਹਵਾ ਦੇ ਦਬਾਉ ਅਤੇ ਨਮੀ ਤੇ ਬੱਦਲਾਂ ਦੀ ਉਪਲਬਧੀ ਆਦਿ ਕਾਰਨ ਹੁੰਦੇ ਹਨ ਜੋ ਬਰਸਾਤ ਪਵਾਉਂਦੇ ਹਨ। ਉਹਾਂ ਨੇ ਪ੍ਰਿੰਸੀਪਲ ਨੂੰ ਕਿਹਾ ਕਿ ਤੁਸੀਂ ਇਨ੍ਹਾਂ ਕਾਰਨਾਂ ਵਿੱਚ ਪ੍ਰਾਰਥਨਾ ਨੂੰ ਸ਼ਾਮਲ ਨਹੀਂ ਕੀਤਾ। ਕੀ ਇਸ ਦਾ ਵੀ ਕੋਈ ਰੋਲ ਹੁੰਦਾ ਹੈ ?" ਪ੍ਰਿੰਸੀਪਲ ਸਾਹਿਬ ਕਹਿਣ ਲੱਗੇ; ਕਾਵੂਰ ਤੂੰ ਮੈਨੂੰ ਇਸ ਨੁਕਤੇ 'ਤੇ ਫਸਾ ਲਿਆ ਹੈ। ਛੱਡ ਆਪਾਂ ਭੋਜਨ ਖਾਣ ਵੱਲ ਧਿਆਨ ਦੇਈਏ।" ਇਸ ਤਰ੍ਹਾਂ ਹੀ ਇਸੇ ਕਾਲਜ ਵਿੱਚ ਇੱਕ ਹੋਰ ਘਟਨਾ ਨੇ ਕਾਵੂਰ ਨੂੰ ਜ਼ਿੰਦਗੀ ਪ੍ਰਤੀ ਆਪਣੀ ਸੋਚ ਨੂੰ ਪ੍ਰਸਾਰਨ ਪ੍ਰਤੀ ਚੌਕਸ ਕੀਤਾ। ਹੋਇਆ ਇੰਜ ਕਿ ਬਨਸਪਤੀ ਵਿਗਿਆਨ ਪੜ੍ਹਾਉਣ ਨਾਲ-ਨਾਲ ਉਸ ਨੂੰ ਵੱਡੀਆਂ ਜਮਾਤਾਂ ਨੂੰ ਬਾਈਬਲ ਪੜ੍ਹਾਉਣ ਦਾ ਵਿਸ਼ਾ ਵੀ ਦੇ ਦਿੱਤਾ ਗਿਆ। ਬਾਈਬਲ ਵਿੱਚ ਲਿਖੀਆਂ ਗੱਲਾਂ ਜਦੋਂ ਉਸ ਨੇ ਵਿਦਿਆਰਥੀਆਂ ਨੂੰ ਦੱਸੀਆਂ ਤਾਂ ਉਹ ਸਾਰੇ ਬਾਈਬਲ ਵਿੱਚੋਂ ਬਹੁਤ ਚੰਗੇ ਨੰਬਰ ਪ੍ਰਾਪਤ ਕਰ ਕੇ ਪਾਸ ਹੋ ਗਏ ਪਰ ਅਗਲੇ ਸਾਲ ਉਸ ਨੂੰ ਬਾਈਬਲ ਦਾ ਵਿਸ਼ਾ ਪੜ੍ਹਾਉਣ ਲਈ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਦੋਂ ਉਸ ਨੇ ਇਸ ਸੰਬੰਧੀ ਪੁੱਛਿਆ ਤਾਂ ਪ੍ਰਿੰਸੀਪਲ ਦਾ ਜੁਆਬ ਸੀ,ਇਹ ਗੱਲ ਠੀਕ ਹੈ ਕਿ ਤੇਰੇ ਸਾਰੇ ਵਿਦਿਆਰਥੀ ਵਧੀਆ ਨੰਬਰ ਲੈ ਕੇ ਬਾਈਬਲ ਵਿੱਚੋਂ ਪਾਸ ਹੋ ਗਏ ਹਨ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਸਾਰੇ ਵਿਦਿਆਰਥੀਆਂ ਦਾ ਵਿਸ਼ਵਾਸ ਧਰਮ ਵਿੱਚੋਂ ਖ਼ਤਮ ਹੋ ਗਿਆ ਹੈ।" ਕਾਵੂਰ ਨੇ ਵਿਆਹ ਕਰਵਾਉਣ ਸਮੇਂ ਆਪਣੀ ਪਤਨੀ ਅੱਕਾ ਕਾਵੂਰ ਤੋਂ ਇਹ ਵਾਅਦਾ ਲਿਆ ਸੀ ਕਿ ਅਸੀਂ ਆਪਣੀ ਸੰਤਾਨ ਦੀ ਪਾਲਣਾ ਬਗ਼ੈਰ ਕਿਸੇ ਧਾਰਮਿਕ ਵਿਚਾਰ ਤੋਂ ਕਰਾਂਗੇ।

ਡਾ. ਅਬਰਾਹਿਮ ਕਾਵੂਰ ਨੇ ਆਪਣੇ ਪੁੱਤਰ ਦਾ ਨਾਂ ਏਰੀਸ ਇਸ ਲਈ ਰੱਖਿਆ ਸੀ ਕਿਉਂਕਿ ਉਸ ਦਾ ਜਨਮ ਏਰੀਸ ਰਾਸ਼ੀ ਵਿੱਚ ਹੋਇਆ ਸੀ ਅਤੇ ਉਨ੍ਹੀਂ ਦਿਨੀਂ ਉਹ ਜੋਤਿਸ਼ ਦੀ ਸੱਚਾਈ ਜਾਨਣ ਵਿੱਚ ਦਿਲਚਸਪੀ ਲੈਣ ਲੱਗ ਪਿਆ ਸੀ। ਬਾਅਦ ਵਿੱਚ ਉਸ ਨੇ ਜੋਤਿਸ਼ ਬਾਰੇ ਸਿੱਟਾ ਕੱਢਿਆ ਕਿ ਇਹ ਇੱਕ ਤੁੱਕਾ ਹੈ, ਜਿਸ ਦਾ ਠੀਕ ਹੋ ਜਾਂਦਾ ਹੈ, ਉਹ ਕੋਠੇ 'ਤੇ ਖੜ੍ਹਾ ਹੋ ਕੇ ਜੋਤਿਸ਼ ਦਾ ਪ੍ਰਚਾਰ ਤੇ ਪਸਾਰ ਕਰਨਾ ਸ਼ੁਰੂ ਕਰ ਦਿੰਦਾ ਹੈ, ਜਿਸ ਦਾ ਗਲਤ ਹੋ ਜਾਂਦਾ ਹੈ, ਉਹ ਚੁੱਪ ਕਰ ਕੇ ਘਰ ਬੈਠ ਜਾਂਦਾ ਹੈ। ਡਾ. ਕਾਵੂਰ ਅਤੇ ਉਸ ਦੀ ਪਤਨੀ ਨੇ 1928 ਤੋਂ 1959 ਤਕ ਸੈਂਕੜੇ ਕੇਸਾਂ ਅਤੇ ਘਟਨਾਵਾਂ ਦੀ ਜਾਂਚ-ਪੜਤਾਲ ਕੀਤੀ ਅਤੇ ਇਨ੍ਹਾਂ ਨੂੰ ਹੱਲ ਕੀਤਾ। ਇਨ੍ਹਾਂ ਸਾਰਿਆਂ ਦੇ ਨੋਟ ਡਾਕਟਰ ਕਾਵੂਰ ਨੇ ਸੰਭਾਲ ਲਏ। ਉਸ ਨੇ ਆਪਣੇ ਸਾਰੇ ਕੇਸਾਂ ਦੀ ਖੋਜ-ਪੜਤਾਲ ਉਸ ਸਮੇਂ ਉਪਲਬਧ ਵਿਗਿਆਨਕ ਜਾਣਕਾਰੀ ਅਤੇ ਅਮਲੀ ਪ੍ਰਯੋਗਾਂ ਰਾਹੀਂ ਕੀਤੀ ਸੀ। ਉਸ ਨੇ ਵਿਗਿਆਨ ਨੂੰ ਜ਼ਿੰਦਗੀ ਦੇ ਅਮਲ ਨਾਲ ਜੋੜਿਆ ਸੀ। 1959 ਤਕ ਉਹ ਧਾਰਮਿਕ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਕਾਲਜਾਂ ਵਿੱਚ ਨੌਕਰੀ ਕਰਦਾ ਰਿਹਾ

ਰਿਟਾਇਰ ਹੋਣ ਤੋਂ ਬਾਅਦ ਡਾ. ਅਬਰਾਹਿਮ ਕਾਵੂਰ ਨੇ ਆਪਣੀ ਜ਼ਿੰਦਗੀ ਦੇ ਸਾਰੇ ਤਜਰਬੇ ਲੋਕਾਂ ਨਾਲ ਸਾਂਝੇ ਕਰਨੇ ਸ਼ੁਰੂ ਕੀਤੇ। ਵੱਖ-ਵੱਖ ਕਰਾਮਾਤੀ ਸ਼ਕਤੀਆਂ ਦੇ ਅਖੌਤੀ ਦਾਅਵੇਦਾਰਾਂ ਨੂੰ ਭਜਾਉਣ ਲਈ ਉਸ ਨੇ 23 ਸ਼ਰਤਾਂ ਵਾਲੀ ਆਪਣੀ ਚੁਣੌਤੀ 1963 ਵਿੱਚ ਜਾਰੀ ਕੀਤੀ। ਅੱਜ ਅੱਧੀ ਸਦੀ ਬੀਤਣ ਦੇ ਬਾਵਜੂਦ ਪੰਜਾਬ ਦੇ ਤਰਕਸ਼ੀਲਾਂ ਨੇ ਉਸ ਚੁਣੌਤੀ ਨੂੰ ਬਰਕਰਾਰ ਰੱਖਿਆ ਹੋਇਆ ਹੈ। 1974 ਵਿੱਚ ਉਸ ਦੀ ਪਤਨੀ ਦੀ ਮੌਤ ਹੋ ਗਈ ਸੀ ਪਰ ਉਸ ਦੀ ਇੱਛਾ ਅਨੁਸਾਰ ਉਸ ਦੀ ਮ੍ਰਿਤਕ ਦੇਹ ਸ੍ਰੀਲੰਕਾ ਦੇ ਸਰਕਾਰੀ ਹਸਪਤਾਲ ਨੂੰ ਦਾਨ ਕਰ ਦਿੱਤੀ ਗਈ। ਉਸ ਦੀ ਮੌਤ ਉੱਪਰ ਕਿਸੇ ਕਿਸਮ ਦੀ ਕੋਈ ਧਾਰਮਿਕ ਰਸਮ ਅਦਾ ਨਾ ਕੀਤੀ ਗਈ। 1984 ਵਿੱਚ ਪੈਦਾ ਹੋਈ ਪੰਜਾਬ ਦੀ ਤਰਕਸ਼ੀਲ ਲਹਿਰ ਨੇ ਡਾ. ਕਾਵੂਰ ਤੋਂ ਅਗਵਾਈ ਲੈਂਦਿਆਂ ਅੱਜ ਲੱਖਾਂ ਹੀ ਵਿਅਕਤੀਆਂ ਨੂੰ ਤਰਕਸ਼ੀਲਤਾ ਦੇ ਰਸਤੇ 'ਤੇ ਤੋਰਿਆ ਹੀ ਨਹੀਂ ਸਗੋਂ ਹਜ਼ਾਰਾਂ ਘਰਾਂ ਵਿੱਚ ਹੁੰਦੀਆਂ ਕਸਰਾਂ ਦੇ ਕੇਸਾਂ ਨੂੰ ਠੀਕ ਵੀ ਕੀਤਾ ਹੈ। ਪੰਜਾਬ ਦੇ ਤਰਕਸ਼ੀਲ ਇਸ ਸ਼ਖ਼ਸੀਅਤ ਦੇ ਸਦਾ ਲਈ ਕਰਜ਼ਦਾਰ ਰਹਿਣਗੇ ਕਿਉਂਕਿ ਉਸ ਨੇ ਸਿਰਫ਼ ਕੇਸਾਂ ਨੂੰ ਠੀਕ ਕਰਨ ਦਾ ਢੰਗ ਹੀ ਨਹੀਂ ਸਿਖਾਇਆ ਸਗੋਂ ਇਨ੍ਹਾਂ ਨੂੰ ਲਿਖਣਾ ਅਤੇ ਅਖ਼ਬਾਰਾਂ, ਮੈਗਜ਼ੀਨਾਂ ਤੇ ਕਿਤਾਬਾਂ ਰਾਹੀਂ ਪ੍ਰਚਾਰਨਾ ਵੀ ਸਿਖਾਇਆ ਹੈ। ਇਹ ਇੱਕ ਸੱਚਾਈ ਹੈ ਕਿ ਕੁਝ ਤਾਰਿਆਂ ਦੇ ਲੋਪ ਹੋਣ ਤੋਂ ਬਾਅਦ ਵੀ ਉਨ੍ਹਾਂ ਦੀ ਰੋਸ਼ਨੀ ਧਰਤੀ 'ਤੇ ਪਹੁੰਚਦੀ ਰਹਿੰਦੀ ਹੈ। ਤਰਕਸ਼ੀਲਤਾ ਦਾ ਇਹ ਝੰਡਾਬਰਦਾਰ ਭਾਵੇਂ ਸਾਨੂੰ 18 ਸਤੰਬਰ, 1978 ਨੂੰ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ ਸੀ ਪਰ ਉਸ ਦੀਆਂ ਲਿਖਤਾਂ ਆਉਣ ਵਾਲੀ ਇੱਕ ਸਦੀ ਤਕ ਪੰਜਾਬ ਦੇ ਲੋਕਾਂ ਲਈ ਚਾਨਣ ਮੁਨਾਰਾ ਬਣੀਆਂ ਰਹਿਣਗੀਆਂ।

*ਜਨਮ ਦਿਹਾੜੇ 'ਤੇ ਵਿਸ਼ੇਸ਼*

# ਕਾਰਲ ਮਾਰਕਸ, ਮਾਰਕਸਵਾਦ ਅਤੇ ਸਮੇਂ ਦੀ ਲੋੜ

**-ਹਰਜੀਤ**

ਦੁਨੀਆ ਭਰ ਦੇ ਕਿਰਤੀਆਂ ਅਤੇ ਦੱਬੇ ਕੁਚਲੇ ਲੋਕਾਂ ਲਈ ਕਾਰਲ ਮਾਰਕਸ ਮੁਕਤੀ ਦਾ ਮਸੀਹਾ ਸੀ। 5 ਮਈ 1818 ਨੂੰ ਜਰਮਨੀ ਦੀ ਧਰਤੀ 'ਤੇ ਪੈਦਾ ਹੋਈ ਇਸ ਮਹਾਨ ਸ਼ਖ਼ਸੀਅਤ ਨੇ ਸਮਾਜ ਦੇ ਵਿਕਾਸ ਦਾ ਨਿਚੋੜ ਕੱਢਕੇ ਯੁੱਗ ਪਲਟਾਊ ਸਿਧਾਂਤ ਦੀ ਸਿਰਜਣਾ ਕੀਤੀ ਅਤੇ ਮਜ਼ਦੂਰ ਜਮਾਤ ਨੂੰ ਇਕ ਵਿਗਿਆਨਕ ਸਿਧਾਂਤਕ ਹਥਿਆਰ ਨਾਲ ਲੈਸ ਕੀਤਾ, ਜਿਸ ਨੇ ਲੁੱਟ ਰਹਿਤ ਸਮਾਜ ਉਸਾਰਨ 'ਚ ਕਾਰਗਰ ਸੰਦ ਦਾ ਕੰਮ ਦੇਣਾ ਹੈ।

19ਵੀਂ ਸਦੀ ਦੇ ਪਹਿਲੇ ਅੱਧ ਤੱਕ ਸੰਸਾਰ ਸਭਿਅਤਾ ਦਰਸ਼ਨ (ਫਿਲਾਸਫੀ), ਰਾਜਨੀਤਕ ਆਰਥਿਕਤਾ ਅਤੇ ਸਮਾਜਵਾਦ ਦੇ ਖੇਤਰਾਂ 'ਚ ਜਿਸ ਹੱਦ ਤੱਕ ਵਿਕਾਸ ਕਰ ਚੁੱਕੀ ਸੀ ਅਤੇ ਮਨੁੱਖ ਦੇ ਮਨ 'ਚ ਇਸ ਬਾਰੇ ਜੋ ਸਵਾਲ ਉਠ ਰਹੇ ਸਨ, ਉਨ੍ਹਾਂ ਦੇ ਜਵਾਬ ਤੁਰੰਤ ਲੋੜੀਂਦੇ ਸਨ। ਇਹ ਕਾਰਲ ਮਾਰਕਸ ਹੀ ਸੀ, ਜਿਸਨੇ ਸਭ ਤੋਂ ਪੂਰਨ ਅਤੇ ਵਿਗਿਆਨਕ ਉੱਤਰ ਦਿੱਤੇ। ਮਾਰਕਸ ਦਾ ਸਿਧਾਂਤ ਕਿਸੇ ਵੀ ਤਰਾਂ, ਕਿਸੇ ਵੀ ਰੂਪ 'ਚ ਅੰਧਵਿਸ਼ਵਾਸ, ਪਿਛਾਖੜ ਅਤੇ ਬੁਰਜੂਆ ਜ਼ੁਲਮ-ਸਿਤਮ ਨਾਲ ਸਮਝੌਤਾ ਨਹੀਂ ਕਰਦਾ। ਇਸੇ ਕਾਰਨ ਦੁਨੀਆ ਭਰ ਦੀ ਸਰਮਾਏਦਾਰੀ ਮਾਰਕਸ ਦੀਆਂ ਸਿੱਖਿਆਵਾਂ ਨੂੰ ਸਭ ਤੋਂ ਵੱਧ ਨਫਰਤ ਕਰਦੀ ਹੈ ਅਤੇ ਪ੍ਰਮੁੱਖ ਦੁਸ਼ਮਣ ਸਮਝਦੀ ਹੈ।

ਦਰਸ਼ਨ ਦੇ ਖੇਤਰ 'ਚ ਮਾਰਕਸ ਦਾ ਦਰਸ਼ਨ ਪਦਾਰਥਵਾਦ ਹੈ। ਇਸ ਸੰਬੰਧ 'ਚ ਉਸਨੇ ਹੀਗਲ ਦੇ ਵਿਰੋਧ ਵਿਕਾਸ ਅਤੇ ਫਿਊਰਬਾਖ ਦੇ ਪਦਾਰਥਵਾਦ ਨੂੰ ਇਕ ਲੜੀ ਚ ਪਰੋਕੇ ਬੱਝਵੇਂ ਰੂਪ 'ਚ ਪੇਸ਼ ਕੀਤਾ। ਵਿਕਾਸ ਦਾ ਸਭ ਤੋਂ ਪੂਰਾ ਅਤੇ ਡੂੰਘਾ ਸਿਧਾਂਤ ਵਿਰੋਧ ਵਿਕਾਸ ਹੈ, ਜੋ ਗਿਆਨ ਦੀ ਸਾਪੇਖਤਾ ਨੂੰ ਮੰਨਦਾ ਹੈ। ਮਾਰਕਸ ਨੇ ਕੁਦਰਤ ਬਾਰੇ ਆਪਣੇ ਗਿਆਨ ਨੂੰ ਸਮੁੱਚੇ ਸਮਾਜ ਦੇ ਗਿਆਨ ਤੱਕ ਵਧਾਇਆ। ਉਸਦਾ ਇਤਿਹਾਸਕ ਪਦਾਰਥਵਾਦ ਵਿਗਿਆਨਕ ਵਿਚਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਉਸਨੇ ਸਾਬਤ ਕੀਤਾ ਵਿਚਾਰ ਨਹੀਂ ਪਦਾਰਥ ਬੁਨਿਆਦ ਹੈ, ਕਿ ਸਮਾਜ ਦਾ ਵਿਕਾਸ ਮਨੁੱਖ ਦੀ ਸੋਚ ਤੋਂ ਸੁਤੰਤਰ ਹੈ। ਇਹ ਸੰਸਾਰ ਇਤਿਹਾਸ ਦੇ ਸਮੁੱਚੇ ਸੰਕਲਪ ਵਿਚ ਇਨਕਲਾਬ ਸੀ।

ਉਸਨੇ ਦੱਸਿਆ ਕਿ ਰਾਜਨੀਤਕ ਸੰਸਥਾਵਾਂ ਆਰਥਿਕ ਨੀਂਹ ਉੱਤੋਂ ਉੱਸਰੇ ਉਸਾਰ-ਢਾਂਚੇ ਹਨ। ਉਨ੍ਹਾਂ 'ਚੋਂ ਸਭ ਤੋਂ ਅਗਾਂਹਵਧੂ ਵੀ ਜਿਵੇਂ ਰਿਪਬਲਿਕ, ਪ੍ਰੋਲੇਤਾਰੀ ਉਪੱਰ ਬੁਰਜੂਆਜ਼ੀ ਦੇ ਰਾਜ ਨੂੰ ਪੱਕੇ ਪੈਰੀਂ ਕਰਦੇ ਹਨ।

ਫਿਰ ਮਾਰਕਸ ਇਸ ਆਰਥਿਕ ਨੀਂਹ ਦੇ ਅਧਿਐਨ 'ਚ ਟੁੱਟ ਗਿਆ। ਉਸਦੀ 'ਕੈਪੀਟਲ' ਆਧੁਨਿਕ ਸਮਾਜ ਦੇ ਆਰਥਿਕ ਸਿਸਟਮ ਨੂੰ ਸਮਰਪਿਤ ਹੈ। ਸਰਮਾਏ ਅਤੇ ਕਿਰਤ ਵਿਚਕਾਰ ਸਬੰਧ ਦੱਸਦੇ ਹੋਏ ਉਸਨੇ ਦੱਸਿਆ ਕਿ ਹਰ ਜਿਣਸ ਦਾ ਮੁੱਲ, ਉਸਦੀ ਪੈਦਾਵਾਰ ਉੱਤੇ ਖਰਚ ਹੋਈ ਸਮਾਜਿਕ ਮਿਹਨਤ ਦੀ ਮਾਤਰਾ ਤੋਂ ਤੈਅ ਹੁੰਦਾ ਹੈ। ਕਿ ਮਜ਼ਦੂਰ ਦੀ ਮਿਹਨਤ ਤੋਂ ਪੈਦਾ ਹੋਈ ਵਾਧੂ ਕਦਰ ਹੀ ਸਰਮਾਏਦਾਰ ਜਮਾਤ ਦੇ ਮੁਨਾਫ਼ੇ, ਧੰਨ-ਦੌਲਤ ਦਾ ਸੋਮਾ ਹੈ। ਉਸਨੇ ਦੱਸਿਆ ਕਿ ਕਿਵੇਂ ਪੈਦਾਵਾਰ ਜ਼ਿਆਦਾ ਤੋਂ ਜ਼ਿਆਦਾ ਸਮਾਜਿਕ ਬਣ ਗਈ ਹੈ ਪਰ ਸਮੂਹਿਕ ਮਿਹਨਤ ਦੀ ਪੈਦਾਵਾਰ ਮੁੱਠੀ ਭਰ ਸਰਮਾਏਦਾਰਾਂ ਵੱਲੋਂ ਹੜਪ ਲਈ ਜਾਂਦੀ ਹੈ। 'ਕੈਪੀਟਲ' ਵਿਚ ਮਾਰਕਸ ਨੇ ਜਿਨਸੀ ਆਰਥਿਕਤਾ ਦੇ ਸਭ ਤੋਂ ਮੁੱਢਲੇ ਰੂਪ ਸਾਦੇ ਵਟਾਂਦਰੇ ਤੋਂ ਇਸਦੇ ਸਰਵਉੱਚ ਰੂਪ ਵੱਡੇ ਪੈਮਾਨੇ ਦੀ ਪੈਦਾਵਾਰ ਤੱਕ ਸਰਮਾਏਦਾਰੀ ਦੇ ਵਿਕਾਸ ਨੂੰ ਦੱਸਿਆ।

ਮਾਰਕਸ ਨੇ ਸਰਮਾਏਦਾਰੀ ਅਧੀਨ ਉਜਰਤੀ ਗੁਲਾਮੀ ਦੇ ਸਾਰਤੱਤ ਦੀ ਵਿਆਖਿਆ ਕੀਤੀ, ਇਸਦੇ ਵਿਕਾਸ ਦੇ ਨਿਯਮਾਂ ਨੂੰ ਦੱਸਿਆ ਅਤੇ ਉਸ ਸਮਾਜਿਕ ਸ਼ਕਤੀ ਦੀ ਵਿਆਖਿਆ ਕੀਤੀ ਜੋ ਨਵੇਂ ਵਿਕਾਸ ਦੀ ਰਚਣਹਾਰ ਹੋਣ ਦੇ ਸਮਰੱਥ ਸੀ। ਉਸਨੇ ਜਮਾਤੀ ਘੋਲ ਦਾ ਸਿਧਾਂਤ ਲਿਆਂਦਾ। ਇੰਜ ਮਾਰਕਸ ਦਾ ਸਮਾਜਵਾਦ ਵਿਗਿਆਨਕ ਸੀ, ਕਲਪਨਿਕ ਨਹੀਂ। ਉਸਨੇ ਕਿਹਾ ਕਿ ਪਿਛਲਾ ਸਾਰਾ ਇਤਿਹਾਸ ਜਮਾਤੀ ਘੋਲ ਦਾ ਇਤਿਹਾਸ ਹੈ। ਪਰ ਉਹ ਐਥੋਂ ਤੱਕ ਸੀਮਤ ਨਹੀਂ ਰਿਹਾ। ਉਸਨੇ ਸਾਬਤ ਕੀਤਾ ਕਿ (1) ਜਮਾਤਾਂ ਦੀ ਹੋਂਦ ਕੇਵਲ ਉਤਪਾਦਨ ਦੇ ਵਿਕਾਸ ਵਿਚ ਖਾਸ ਇਤਿਹਾਸਕ ਦੌਰਾਂ ਨਾਲ ਜੁੜੀ ਹੋਈ ਹੈ । (2) ਕਿ ਜਮਾਤੀ ਘੋਲ ਦਾ ਲਾਜ਼ਮੀ ਸਿੱਟਾ ਪ੍ਰੋਲਤਾਰੀ ਦੀ ਤਾਨਾਸ਼ਾਹੀ ਹੁੰਦਾ ਹੈ (3) ਕਿ ਇਹ ਤਾਨਾਸ਼ਾਹੀ ਆਪਣੇ ਆਪ ਵਿਚ ਸਭਨਾਂ ਜਮਾਤਾਂ ਦਾ ਅੰਤ ਅਤੇ ਜਮਾਤ ਰਹਿਤ ਸਮਾਜ ਵੱਲ ਤਬਦੀਲੀ ਬਣਦੀ ਹੈ।

ਸੰਖੇਪ 'ਚ ਮਾਰਕਸ ਦੇ ਆਰਥਿਕ ਸਿਧਾਂਤ ਨੇ ਸਰਮਾਏਦਾਰੀ ਦੇ ਆਮ ਪ੍ਰਬੰਧ ਵਿਚ ਪ੍ਰੋਲੇਤਾਰੀ ਦੀ ਅਸਲੀ ਸਥਿਤੀ ਦੱਸੀ। ਉਸਦੇ ਦਾਰਸ਼ਨਿਕ ਪਦਾਰਥਵਾਦ ਨੇ ਸਾਰੀਆਂ ਦੱਬੀਆਂ-ਕੁਚਲੀਆਂ ਜਮਾਤਾਂ ਨੂੰ ਆਰਥਿਕ ਗੁਲਾਮੀ ਤੋਂ ਬਾਹਰ ਨਿਕਲਣ ਦਾ ਰਾਹ ਦੱਸਿਆ।

ਮਾਰਕਸ ਨੇ ਇਹ ਸਾਰਾ ਕੁਝ ਆਪਣੇ ਮਨ ਤੋਂ ਨਹੀਂ ਰਚ ਜਾਂ ਲਿਖ ਲਿਆ। ਉਸਨੇ ਆਪਣੇ ਸਮੇਂ ਦੀ ਇਨਕਲਾਬੀ ਲਹਿਰ ਵਿਚ ਭਾਗ ਲਿਆ। ਉਸ ਤੋਂ ਸਧਾਰਨੀਕਰਨ ਕੀਤੇ ਅਤੇ ਫਿਰ ਉਨ੍ਹਾਂ ਨੂੰ ਅਮਲ ਵਿਚ ਪਰਖਿਆ। ਮਾਓ ਨੇ ਇਸ ਗੱਲ ਨੂੰ ਬਹੁਤ ਚਿਤਰਮਈ ਢੰਗ ਨਾਲ ਪੇਸ਼ ਕੀਤਾ ਹੈ: -"ਮਾਰਕਸ ਨੇ ਇਨਕਲਾਬੀ ਲਹਿਰ ਦੇ ਅਮਲ 'ਚ ਹਿੱਸਾ ਲਿਆ ਤੇ ਇਨਕਲਾਬੀ ਸਿਧਾਂਤ ਵੀ ਘੜਿਆ। ਜਿਨਸ ਜੋ ਕਿ ਸਰਮਾਏਦਾਰੀ ਦਾ ਸਭ ਤੋਂ ਸਧਾਰਨ ਤੱਤ ਹੈ, ਤੋਂ ਸ਼ੁਰੂ ਕਰਕੇ ਉਸਨੂੰ ਸਰਮਾਏਦਾਰ ਸਮਾਜ ਦੇ ਆਰਥਿਕ ਢਾਂਚੇ ਦਾ ਸਭ ਪਾਸਿਓਂ ਅਧਿਐਨ ਕੀਤਾ। ਕਰੋੜਾਂ ਲੋਕਾਂ ਨੇ ਜਿਨਸਾਂ ਨੂੰ ਵੇਖਿਆ ਹੈ ਅਤੇ ਰੋਜ਼ਾਨਾ ਉਸਦਾ ਵਰਤੋਂ ਵਿਹਾਰ ਕਰਦੇ ਹਨ। ਉਹ ਉਨ੍ਹਾਂ ਦੇ ਐਨੇ ਆਦੀ ਹੋ ਗਏ ਹਨ ਕਿ ਉਹ ਉਸਦਾ ਕੋਈ ਨੋਟਿਸ ਨਹੀਂ ਲੈਂਦੇ। ਇਕੱਲੇ ਮਾਰਕਸ ਨੇ ਜਿਨਸਾਂ ਦਾ ਵਿਗਿਆਨਕ ਤੌਰ 'ਤੇ ਅਧਿਐਨ ਕੀਤਾ। ਉਸਨੇ ਉਨ੍ਹਾਂ ਦੇ ਹਕੀਕੀ ਵਿਕਾਸ ਵਿਚ ਖੋਜ ਦਾ ਜ਼ਬਰਦਸਤ ਕੰਮ ਕੀਤਾ ਅਤੇ ਜੋ ਸਰਵਵਿਆਪਕ ਤੌਰ ਤੇ ਮੌਜੂਦ ਹੈ,



ਉਸ ਤੋਂ ਇਕ ਪੂਰਨ ਤੌਰ 'ਤੇ ਵਿਗਿਆਨਕ ਸਿਧਾਂਤ ਕੱਢਿਆ। ਉਸ ਨੇ ਕੁਦਰਤ, ਇਤਿਹਾਸ ਤੇ ਪ੍ਰੋਲੇਤਾਰੀ ਇਨਕਲਾਬ ਦਾ ਅਧਿਐਨ ਕੀਤਾ ਅਤੇ ਵਿਰੋਧ ਵਿਕਾਸੀ ਪਦਾਰਥਵਾਦ, ਇਤਿਹਾਸਕ ਪਦਾਰਥਵਾਦ ਅਤੇ ਪ੍ਰੋਲੇਤਾਰੀ ਇਨਕਲਾਬ ਦੇ ਸਿਧਾਂਤ ਦੀ ਸਿਰਜਣਾ ਕੀਤੀ। ਇੰਜ ਮਾਰਕਸ, ਸਭ ਤੋਂ ਪੂਰਨ ਤੌਰ 'ਤੇ ਸਰਵਉਤਮ ਵਿਕਸਤ ਬੁੱਧੀਜੀਵੀ ਬਣ ਗਿਆ, ਜੋ ਮਨੁੱਖੀ ਹਿਮਾਲਯ ਦੇ ਸਿਖਰ ਦੀ ਨੁਮਾਇੰਦਗੀ ਕਰਦਾ ਹੈ। ਉਹ ਉਨ੍ਹਾਂ ਤੋਂ ਜਿਹੜੇ ਸਿਰਫ ਕਿਤਾਬੀ ਪੜ੍ਹਾਈ ਹੀ ਕਰਦੇ ਹਨ, ਬੁਨਿਆਦੀ ਤੌਰ 'ਤੇ ਵੱਖਰਾ ਸੀ। ਮਾਰਕਸ ਨੇ ਅਮਲੀ ਘੋਲਾਂ ਦੌਰਾਨ ਵਿਸਥਾਰੀ ਜਾਂਚ ਪੜਤਾਲ ਅਤੇ ਅਧਿਅਨ ਕੀਤੇ, ਸਧਾਰਣੀਕਰਨ ਕੀਤੇ ਅਤੇ ਫਿਰ ਆਪਣੇ ਸਿੱਟਿਆਂ ਦੀ ਅਮਲੀ ਘੋਲਾਂ ਦੌਰਾਨ ਪਰਖ ਕਰਕੇ ਪੁਸ਼ਟੀ ਕੀਤੀ - ਇਹ ਹੈ ਜਿਸਨੂੰ ਅਸੀਂ ਸਿਧਾਂਤਕ ਕਹਿੰਦੇ ਹਾਂ।" (ਪਾਰਟੀ ਦੀ ਕੰਮ ਸ਼ੈਲੀ ਸੁਧਾਰੋ)

1848 'ਚ ਮਾਰਕਸ ਅਤੇ ਐਂਗਲਜ਼ ਵਲੋਂ ਲਿਖਿਆ ਗਿਆ ਕਮਿਊਨਿਸਟ ਮੈਨੀਫੈਸਟੋ ਕਮਿਊਨਿਸਟ ਲੀਗ ਦੀ ਦੂਜੀ ਕਾਂਗਰਸ ਲਈ ਤਿਆਰ ਕੀਤਾ ਗਿਆ ਸੀ। ਇਸ ਵਿਚ ਪਾਰਟੀ ਪ੍ਰੋਗਰਾਮ ਦੇ ਬੁਨਿਆਦੀ ਅਸੂਲ ਦਿੱਤੇ ਗਏ ਹਨ। ਅੱਜ ਵੀ ਇਹ ਸਭ ਤੋਂ ਵੱਧ ਪ੍ਰਮਾਣਿਕ, ਪੂਰਨ ਮੈਨੀਫੈਸਟੋ ਹੈ। ਜਿਸ ਵਿਚ ਇੱਕੋ ਇਕ ਸੋਧ ਸਿਰਫ ਪੈਰਿਸ ਕਮਿਊਨ ਪਿੱਛੋਂ ਕੀਤੀ ਗਈ ਹੈ ਕਿ ਪ੍ਰੋਲੇਤਾਰੀ ਇਨਕਲਾਬ ਤੋਂ ਪਿੱਛੋਂ ਪੁਰਾਣੀ ਰਾਜ ਮਸ਼ੀਨਰੀ ਨੂੰ ਤਹਿਸ ਨਹਿਸ ਕੀਤਾ ਜਾਵੇਗਾ। ਪਹਿਲੀ ਕੌਮਾਂਤਰੀ ਵਿਚ ਮਾਰਕਸ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਦੇ ਹੋਏ ਐਂਗਲਜ਼ ਲਿਖਦਾ ਹੈ ਕਿ "ਇੰਟਰਨੈਸ਼ਨਲ ਵਿਚ ਮਾਰਕਸ ਦੀ ਸਰਗਰਮੀ ਦਾ ਵਰਨਣ ਕਰਨਾ ਇਸ ਸਭਾ ਦਾ ਇਤਿਹਾਸ ਲਿਖਣਾ ਹੈ, ਜਿਹੜੀ ਹਰ ਹਾਲਤ ਵਿਚ ਯੂਰਪੀ ਕਿਰਤੀਆਂ ਦੀ ਯਾਦ 'ਚ ਅਜੇ ਤੱਕ ਜਿਉਂਦੀ ਹੈ।" (ਕਾਰਲ ਮਾਰਕਸ)

ਇਨਕਲਾਬੀ ਸਿਧਾਂਤ ਨਾਲ ਲੈਸ ਹੋਣ ਅਤੇ ਇਨਕਲਾਬੀ ਅਮਲ ਵਿਚ ਹਿੱਸਾ ਲੈਣ ਕਾਰਨ ਮਾਰਕਸ ਬਾਹਰਮੁੱਖੀ ਬਣ ਗਿਆ ਸੀ। ਜਦੋਂ ਵੀ ਉਹਨੂੰ ਲੱਗਿਆ ਕਿ ਅਮਲ ਦੇ ਨਤੀਜੇ, ਉਸ ਵਲੋਂ ਕੀਤੀਆਂ ਵਿਆਖਿਆਵਾਂ ਦੀ ਪੁਸ਼ਟੀ ਨਹੀਂ ਕਰਦੇ ਤਾਂ ਉਸਨੇ ਆਪਣੀਆਂ ਵਿਆਖਿਆਵਾਂ ਨੂੰ ਬਦਲ ਦਿੱਤਾ। ਆਇਰਲੈਂਡ ਦਾ ਮਸਲਾ ਲੈ ਲਓ। ਪਹਿਲਾਂ ਉਸਨੂੰ ਲੱਗਿਆ ਕਿ ਬਰਤਾਨਵੀ ਮਜ਼ਦੂਰ ਜਮਾਤ ਦੀ ਲਹਿਰ ਰਾਹੀਂ ਆਇਰਲੈਂਡ ਨੂੰ ਆਜ਼ਾਦੀ ਮਿਲੇਗੀ। ਪਰ ਜਦੋਂ ਬਰਤਾਨੀਆਂ ਦੀ ਮਜ਼ਦੂਰ ਜਮਾਤ ਨੇ ਉਦਾਰਵਾਦੀਆਂ ਦੇ ਅਸਰ ਹੇਠ ਆਕੇ ਆਪਣੀ ਭੂਮਿਕਾ ਨਾ ਨਿਭਾਈ ਅਤੇ ਆਇਰਿਲੈਂਡ ਦੀ ਮਜ਼ਦੂਰ ਜਮਾਤ ਨੇ ਜ਼ਿਆਦਾ ਮਜ਼ਬੂਤ ਅਤੇ ਇਨਕਲਾਬੀ ਰੂਪ ਅਖਤਿਆਰ ਕਰ ਲਏ ਤਾਂ ਮਾਰਕਸ ਨੇ ਆਪਣਾ ਸਟੈਂਡ ਬਦਲ ਲਿਆ ਅਤੇ ਕਿਹਾ ਕਿ ਜਦ ਤੱਕ ਆਇਰਲੈਂਡ ਬਰਤਾਨਵੀ ਜੂਲੇ ਤੋਂ ਆਜ਼ਾਦ ਨਹੀਂ ਹੁੰਦਾ, ਬਰਤਾਨਵੀ ਮਜ਼ਦੂਰ ਜਮਾਤ, ਆਜ਼ਾਦ ਨਹੀਂ ਹੋ ਸਕਦੀ। ਉਸਨੇ ਆਇਰਿਲੈਂਡ ਦੀ ਬਰਤਾਨੀਆਂ ਤੋਂ ਅੱਡ ਹੋਣ ਦੀ ਵਕਾਲਤ ਕੀਤੀ, ਚਾਹੇ ਅੱਡ ਹੋਣ ਪਿੱਛੋਂ ਵੀ ਫੈਡਰੇਸ਼ਨ ਬਣ ਸਕਦੀ ਹੈ । ਅਸੂਲ 'ਚ ਸੰਘਵਾਦ ਦਾ ਵਿਰੋਧੀ ਹੋਣ ਦੇ ਬਾਵਜੂਦ ਵੀ ਉਸਨੇ ਪ੍ਰੋਲਤਾਰੀ ਦੇ ਹਿੱਤ 'ਚ ਇਹ ਸਟੈਂਡ ਲਿਆ, ਜੋ ਉਸ ਅਨੁਸਾਰ ਤੀਬਰ ਸਮਾਜਿਕ ਵਿਕਾਸ ਲਈ ਸਭ ਤੋਂ ਲਾਹੇਵੰਦਾ ਸੀ।

ਨੈਪੋਲੀਅਨ ਬੋਨਾਪਾਰਟ ਦੇ ਮਾਮਲੇ ਵਿਚ ਵੀ ਦੇਖੀਏ। ਮਾਰਕਸ ਨੇ ਨੈਪੋਲਿਅਨ ਬੋਨਾਪਾਰਟ ਦੇ ਰਾਜ ਵਿਚ ਦੇਖਿਆ ਕਿ ਉਹ ਬੁਰਜੂਆਜ਼ੀ ਦੀ ਨਹੀਂ ਬਲਕਿ ਕਿਸਾਨੀ ਦੀ ਨੁਮਾਇੰਦਗੀ ਕਰ ਰਿਹਾ ਸੀ ਅਤੇ ਉਸਨੇ ਉਸਨੂੰ ਇੰਜ ਹੀ ਕਿਹਾ ਕਿ ਰਾਜ ਕਦੇ ਕਦੇ ਜਮਾਤ ਤੋਂ ਉੱਪਰ ਵੀ ਉੱਠ ਜਾਂਦਾ ਹੈ। ਇਹ ਮਾਰਕਸ ਦੀ ਵਿਸ਼ੇਸ਼ਤਾ ਸੀ ਕਿ ਜੋ ਕੁਝ ਉਸਨੇ ਦੇਖਿਆ, ਉਸਨੂੰ ਲਿਖਿਆ, ਚਾਹੇ ਇਹ ਉਸਦੇ ਸਿਧਾਂਤ ਵਿਰੁੱਧ ਵੀ ਕਿਉਂ ਨਾ ਗਿਆ।

ਪੈਰਿਸ ਕਮਿਊਨ ਦੇ ਮਾਮਲੇ ਵਿਚ ਉਸਨੇ ਪਹਿਲਾਂ ਪੈਰਿਸ ਦੇ ਕਿਰਤੀਆਂ ਨੂੰ ਚੇਤਾਵਨੀ ਦਿੱਤੀ ਕਿ ਹਕੂਮਤ ਦਾ ਤਖਤਾ ਉਲਟਣ ਦਾ ਕੋਈ ਵੀ ਯਤਨ ਘੋਰ ਨਿਰਾਸ਼ਾ ਵਾਲੀ ਗਲਤੀ ਹੋਵੇਗੀ। ਪਰ ਜਦੋਂ ਕਿਰਤੀਆਂ ਉਤੇ ਫੈਸਲਾਕੁੰਨ ਲੜਾਈ ਠੋਸ ਦਿੱਤੀ ਗਈ ਅਤੇ ਕਿਰਤੀਆਂ ਨੇ ਇਹ ਕਬੂਲ ਕਰ ਲਈ ਅਤੇ ਬਗ਼ਾਵਤ ਫੁੱਟ ਪਈ ਤਾਂ ਅਸੁਖਾਵੀਆਂ ਭਵਿੱਖਬਾਣੀਆਂ ਦੇ ਬਾਵਜੂਦ ਇਸਨੂੰ ਜੀ ਆਇਆਂ ਕਿਹਾ, ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਕਿਹਾ ਕਿ "ਉਨ੍ਹਾਂ ਨੇ ਸਵਰਗ 'ਤੇ ਹੱਲਾ ਬੋਲ ਦਿੱਤਾ ਹੈ।" ਹਾਲਾਂਕਿ ਪ੍ਰੋਲੇਤਾਰੀ ਦੀ ਇਹ ਬਗ਼ਾਵਤ ਫੇਲ੍ਹ ਹੋ ਗਈ, ਇਹਦਾ ਜੀਵਨ ਛੋਟਾ ਸੀ ਅਤੇ ਉਸਦੀ ਕਮਜ਼ੋਰੀ ਪ੍ਰਤੱਖ ਸੀ, ਪਰ ਮਾਰਕਸ ਨੇ ਇਹ ਅਧਿਐਨ ਸ਼ੁਰੂ ਕਰ ਦਿੱਤਾ ਕਿ ਇਸ ਨੇ ਕਿਹੜੇ ਰੂਪ ਲੱਭੇ ਹਨ। ਉਸਨੇ ਦੱਸਿਆ ਕਿ ਕਮਿਊਨ ਉਹ ਰੂਪ ਹੈ ਜਿਹੜਾ ਤੋੜੀ ਗਈ ਰਾਜ ਬਣਤਰ ਦੀ ਥਾਂ ਲੈ ਸਕਦਾ ਹੈ ਅਤੇ ਜਿਸ ਦਾ ਥਾਂ ਲੈਣਾ ਲਾਜ਼ਮੀ ਹੈ। ਇੰਜ ਕਮਿਊਨਿਸਟ ਮੈਨੀਫੈਸਟੋ ਇਸ ਦਾ 'ਹਾਕਮ ਸ਼੍ਰੇਣੀ ਦੇ ਤੌਰ ਜਥੇਬੰਦ ਪ੍ਰੋਲੇਤਾਰੀ', ਦਾ ਖਿਆਲੀ ਜਵਾਬ ਦਿੰਦਾ ਸੀ, ਦੀ ਥਾਂ ਹੁਣ ਪੈਰਿਸ ਕਮਿਊਨ ਦੇ ਤਜਰਬੇ ਦੇ ਸਾਰਤੱਤ ਨੇ ਲੈ ਲਈ। ਰੂਸ ਅਤੇ ਚੀਨ ਦੇ ਇਨਕਲਾਬਾਂ ਨੇ ਇਸ ਨਿਚੋੜ ਦੇ ਸਹੀ ਹੋਣ ਦੀ ਪੁਸ਼ਟੀ ਕੀਤੀ ਹੈ।

ਮਾਰਕਸ ਅਰਾਜਕਤਾਵਾਦੀਆਂ ਵਾਂਗ ਆਦਰਸ਼ਵਾਦੀ ਸੁਪਨੇ ਨਹੀਂ ਲੈਂਦਾ ਕਿ ਰਾਜ ਨੂੰ ਇੱਕੋ ਹੱਲੇ ਖਤਮ ਕਰ ਦਿੱਤਾ ਜਾਵੇਗਾ, ਉਹ ਇਸਦੇ ਹੌਲੀ ਹੌਲੀ ਮੁਰਝਾਉਣ ਦੀ ਗੱਲ ਕਰਦਾ ਹੈ। ਸਮਾਜਵਾਦ ਦੇ ਲੰਬੇ ਸੰਗਰਾਂਦੀ ਦੌਰ (Transition Period) ਦੀ ਗੱਲ ਕਰਦਾ ਹੈ, ਜਿਸ ਵਿਚ ਰਾਜ ਦਾ ਰੂਪ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਹੋਵੇਗਾ। ਗੋਥਾ ਪ੍ਰੋਗਰਾਮ ਦੀ ਪੁਣ ਛਾਣ ਵਿਚ ਉਸਨੇ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦੇ ਸਵਾਲ ਨੂੰ ਬਹੁਤ ਪੜਚੋਲਿਆ ਅਤੇ ਵਿਸਥਾਰ ਨਾਲ ਲਿਆ ਹੈ।

ਮਾਰਕਸ ਦਾ ਸਮਾਂ ਬੁਰਜੂਆਜੀ ਦੇ ਵਿਕਾਸਸ਼ੀਲ ਦੌਰ ਦਾ ਸਮਾਂ ਸੀ । ਐਂਗਲਜ਼ ਦੇ ਸਮੇਂ ਤੱਕ ਇਸ ਪੜਾਅ 'ਚ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ ਉਸ ਨੇ ਇਸ ਨੂੰ ਵੀ ਨੋਟ ਕੀਤਾ । ਪਰ ਇਹ ਸਪੱਸ਼ਟ ਹੋਈਆਂ ਅਤੇ ਇਨ੍ਹਾਂ ਨੇ ਸ਼ਕਲ ਧਾਰ ਲਈ। ਲੈਨਿਨ ਦੇ ਸਮੇਂ 'ਚ ਸਾਮਰਾਜਵਾਦ। ਲੈਨਿਨ ਨੇ ਨਵੇਂ ਦੌਰ ਵਿਚ ਮਾਰਕਸ ਐਂਗਲਜ਼ ਦੇ ਸਿਧਾਂਤਾਂ ਦਾ ਸਿਰਜਣਾਤਮਕ ਅਧਿਐਨ ਕੀਤਾ ਅਤੇ ਰੂਸ 'ਚ ਪ੍ਰੋਲੇਤਾਰੀ ਦਾ ਰਾਜ ਕਾਇਮ ਕੀਤਾ। ਚੀਨ ਚ ਮਾਓ ਨੇ ਇਹੋ ਕੀਤਾ। ਇੰਜ ਲੈਨਿਨਵਾਦ ਅਤੇ ਮਾਓ ਵਿਚਾਰਧਾਰਾ, ਸਾਮਰਾਜ ਅਤੇ ਪ੍ਰੋਲੇਤਾਰੀ ਇਨਕਲਾਬਾਂ ਦੇ ਯੁੱਗ ਦਾ ਮਾਰਕਸਵਾਦ ਹੀ ਹਨ।

ਦੁਨੀਆ ਨੇ ਇਕ ਸਮਾਜਿਕ ਵਿਗਿਆਨ, ਪ੍ਰੋਲੇਤਾਰੀ ਦੀ ਲੜਾਈ ਦੇ ਹਥਿਆਰ, ਮਾਰਕਸਵਾਦ ਅਤੇ ਉਸ ਦੀ ਰਾਜਸਤਾ ਦੀ ਸਮਰੱਥਾ ਦੀ ਮਹਾਨਤਾ ਨੂੰ ਦੇਖਿਆ ਹੈ, ਜਦੋਂ ਦੁਨੀਆ ਦੇ ਤੀਜੇ ਹਿੱਸੇ 'ਚ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਸਮਾਜਵਾਦ ਸਥਾਪਤ ਹੋ ਗਈ ਸੀ। ਇਸ ਦੀ ਸਮਰੱਥਾ ਕਰ ਕੇ ਹੀ ਸੰਸਾਰ ਸਾਮਰਾਜ ਅਤੇ ਬੁਰਜੂਆਜ਼ੀ ਨੇ ਇਸ ਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ ਵਜੋਂ ਲਿਆ। ਅੱਜ ਭਾਵੇਂ ਮੁੱਖ ਤੌਰ' ਤੇ ਆਪਣੇ ਅੰਦਰੂਨੀ ਕਾਰਨਾਂ ਕਰਕੇ ਸਮਾਜਵਾਦ ਨੂੰ ਸੱਟ ਪੈ ਗਈ ਹੈ, ਪਰ ਮਾਰਕਸਵਾਦ ਦੀ ਸਰਵਵਿਆਪਕ ਸਚਾਈ ਦੀ ਪ੍ਰਸੰਗਿਕਤਾ ਉਸੇ ਤਰਾਂ ਬਣੀ ਹੋਈ ਹੈ। ਕਿਉਂਕਿ ਮਾਰਕਸਵਾਦ ਮਾਰਕਸ ਦੀਆਂ ਅੰਤਰਮੁੱਖੀ ਇੱਛਾਵਾਂ 'ਚੋਂ ਪੈਦਾ ਨਹੀਂ ਸੀ ਹੋਇਆ ਸਗੋਂ ਸਮਾਜ ਦਾ ਵਿਕਾਸ ਇੱਥੇ ਪਹੁੰਚ ਗਿਆ ਸੀ। ਇੰਜ ਮਾਰਕਸਵਾਦ ਸਮਾਜ ਦੇ ਵਿਕਾਸ ਦੇ ਮੁਤਾਬਿਕ ਸਭ ਤੋਂ ਵਿਕਸਤ ਸਿਧਾਂਤ ਪ੍ਰਣਾਲੀ ਹੈ।

ਮਾਰਕਸ ਦੇ ਜਨਮ ਦਿਹਾੜੇ 'ਤੇ ਉਸਨੂੰ ਸਹੀ ਅਰਥਾਂ 'ਚ ਯਾਦ ਕਰਨ ਦਾ ਅਰਥ ਹੈ, ਇਸ ਵਿਗਿਆਨਕ ਸਚਾਈ ਉੱਪਰ ਸਾਮਰਾਜੀਆਂ ਅਤੇ ਹੋਰ ਪਿਛਾਖੜੀ ਤਾਕਤਾਂ ਦੇ ਚੌਤਰਫੇ ਹਮਲਿਆਂ ਨਾਲ ਭਿੜਦਿਆਂ ਇਸ ਦੀ ਰਾਖੀ ਕਰਨਾ ਅਤੇ ਅਮਲ ਅੰਦਰ ਇਸ ਨੂੰ ਸਾਕਾਰ ਕਰਨਾ।

ਆਓ, ਮਾਰਕਸ ਦੇ ਸਿਧਾਂਤਾਂ ਨੂੰ ਆਤਮਸਾਤ ਕਰਨ ਅਤੇ ਅਮਲੀ ਜਾਮਾ ਪਹਿਨਾਉਣ ਲਈ ਹੋਰ ਵੀ ਸੁਹਿਰਦਤਾ ਨਾਲ ਕੋਸ਼ਿਸ਼ਾਂ ਜੁਟਾਈਏ।

**('ਸਮਕਾਲੀ ਦਿਸ਼ਾ' ਦੇ ਧੰਨਵਾਦ ਸਹਿਤ)**



ਡਾ. ਸੁਖਦੇਵ ਸਿੰਘ ਝੰਡ
647-567-9128

# ਕੀ ਆਤੰਕਵਾਦ ਦੀ ਕਮਰ ਟੁੱਟ ਗਈ ਏ ...

ਬੁਰਾ ਹੋਇਆ ਏ, ਬਹੁਤ ਹੀ ਮਾੜਾ ਹੋਇਆ ਏ। ....22 ਅਪ੍ਰੈਲ ਨੂੰ ਪਹਿਲਗਾਮ ਵਿੱਚ ਵਾਪਰੀ ਹੈ, ਇਹ ਦਰਦਨਾਕ ਘਟਨਾ। ਟੀ.ਵੀ. ਤੇ ਅਖ਼ਬਾਰਾਂ ਦੀਆਂ ਖ਼ਬਰਾਂ 'ਚ ਵੇਖਣ/ਸੁਣਨ ਵਿੱਚ ਆਇਆ ਹੈ ਕਿ ਇੱਕ ਵਿਸ਼ੇਸ਼ ਧਰਮ ਦੀ ਪਛਾਣ ਤੋਂ ਬਾਅਦ 26 ਜਣਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕਿਹਾ ਜਾਂਦਾ ਏ ਕਿ ਗੋਲ਼ੀ ਮਾਰਨ ਤੋਂ ਪਹਿਲਾਂ ਉਨ੍ਹਾਂ ਬਦਨਸੀਬਾਂ ਦੇ ਪਛਾਣ-ਪੱਤਰ ਵੇਖੇ ਗਏ। ਇਹ ਆਮ ਘਟਨਾ ਨਹੀਂ ਏ। ਹਿਰਦਿਆਂ ਨੂੰ ਖ਼ਤਰਨਾਕ ਝਟਕਾ ਦੇਣ ਵਾਲੀ ਘਟਨਾ ਹੈ। ਕਈ ਸੁਆਲ ਉੱਠ ਰਹੇ ਨੇ, ਇਸ ਦਿਲ-ਹਿਲਾਊ ਘਟਨਾ ਬਾਰੇ।

25 ਸਾਲ ਪਹਿਲਾਂ 20 ਮਾਰਚ 2000 ਨੂੰ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਿੰਡ 'ਛਟੀ ਸਿੰਘਪੁਰਾ' 'ਚ ਵੀ ਅਜਿਹੀ ਹੀ ਮੰਦਭਾਗੀ ਘਟਨਾ ਵਾਪਰੀ ਸੀ। ਏਸੇ ਤਰ੍ਹਾਂ ਹੀ ਇੱਕ ਵਿਸ਼ੇਸ਼ ਧਰਮ ਦੇ 35 ਜਣੇ ਧਰਮ ਦੇ ਨਾਂ 'ਤੇ ਹੀ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਉਨ੍ਹਾਂ ਦਾ ਧਰਮ ਹੋਰ ਸੀ। ਉਹ ਸ਼ਾਇਦ ਸਾਰੇ ਸਿੱਖ ਸਨ। ਉਦੋਂ ਵੀ ਕਈ ਸੁਆਲ ਉੱਠੇ ਸਨ ਪਰ ਉਨ੍ਹਾਂ ਦਾ ਕਿਸੇ ਕੋਲੋਂ ਵੀ ਕੋਈ ਤਸੱਲੀਬਖ਼ਸ਼ ਜੁਆਬ ਨਹੀਂ ਮਿਲਿਆ ਸੀ। ਕਿਸੇ 'ਲਸ਼ਕਰੇ ਤੋਇਬਾ' ਨਾਂ ਦੀ ਕਾਤਲਾਨਾ ਜੱਥੇਬੰਦੀ ਦਾ ਨਾਂ ਸੁਣਨ 'ਚ ਆਇਆ ਸੀ ਪਰ ਫਿਰ ਕੋਈ ਉਘ-ਸੁੱਘ ਨਹੀਂ ਨਿਕਲੀ ਸੀ।

14 ਫ਼ਰਵਰੀ 2019 ਨੂੰ ਫ਼ੌਜੀ ਟਰੱਕਾਂ 'ਤੇ ਸ੍ਰੀਨਗਰ ਨੂੰ ਜਾਂਦਿਆਂ ਰਸਤੇ ਵਿੱਚ ਪੁਲਵਾਮਾ ਵਿੱਚ ਸੈਂਟਰਲ ਰਿਜ਼ਰਵ ਪੁਲਿਸ ਫ਼ੋਰਸ ਦੇ 40 ਫ਼ੌਜੀ ਅੱਤਵਾਦੀਆਂ ਦੇ ਹੱਥੋਂ ਮਾਰੇ ਗਏ ਸਨ। ਉਦੋਂ ਵੀ ਕਈ ਸੁਆਲ ਉੱਠੇ ਸਨ ਜਿਨ੍ਹਾਂ ਦਾ ਕੋਈ ਜੁਆਬ ਨਹੀਂ ਸੀ ਮਿਲਿਆ। ਮੁੱਖ ਸੁਆਲ ਇਹ ਵੀ ਸੀ ਕਿ ਉਨ੍ਹਾਂ ਅਰਧ-ਫ਼ੌਜੀ ਬਲਾਂ ਨੂੰ ਸ੍ਰੀਨਗਰ ਦੇ ਸੜਕੀ ਰਸਤੇ ਰਾਹੀਂ ਕਿਉਂ ਲਿਜਾਇਆ ਗਿਆ ਸੀ ? ਕੀ ਉਨ੍ਹਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਸ੍ਰੀਨਗਰ ਵਧੇਰੇ ਸੁਰੱਖਿਅਤ ਨਹੀਂ ਪਹੁੰਚਾਇਆ ਜਾ ਸਕਦਾ ਸੀ ?

ਹੁਣ ਵੀ ਕਈ ਉੱਠ ਰਹੇ ਹਨ।

ਹਫ਼ਤਾ ਪਹਿਲਾਂ ਹੀ ਵਿਆਹੀ ਭਾਰਤੀ ਨੇਵੀ ਦੇ ਉੱਚ-ਅਫ਼ਸਰ ਲੈਫ਼ਟੀਨੈਂਟ ਵਿਨੈ ਨਰਵਾਲ ਦੀ ਵਿਧਵਾ ਪੁੱਛ ਰਹੀ ਏ:

"ਅਮਰਨਾਥ ਗੁਫ਼ਾ ਦੀ ਯਾਤਰਾ ਵੇਲੇ ਸ਼ਰਧਾਲੂਆਂ ਦੀ ਰੱਖਿਆ ਲਈ ਫ਼ੌਜੀ ਵੱਡੀ ਗਿਣਤੀ ਵਿੱਚ ਤਾਇਨਾਤ ਕੀਤੇ ਜਾਂਦੇ ਨੇ। ਸੈਲਾਨੀਆਂ ਦੀ ਰੱਖਿਆ ਲਈ ਕਿਉਂ ਨਹੀਂ ? ਮੇਰੇ ਫ਼ੌਜੀ ਅਫ਼ਸਰ ਪਤੀ ਨੂੰ ਫ਼ੌਜੀ ਸੁਰੱਖਿਆ ਕਿਉਂ ਨਹੀਂ ਮੁਹੱਈਆ ਕੀਤੀ ਗਈ ?

10 ਸਾਲ ਦਾ ਇੱਕ ਬੱਚਾ ਸਰਕਾਰ ਕੋਲੋਂ ਪੁੱਛ ਰਿਹਾ ਏ, ਮੇਰੇ ਬਾਪ ਦੀ ਰੱਖਿਆ ਲਈ ਕਿਉਂ ਨਹੀਂ ਲਗਾਏ ਗਏ ਫ਼ੌਜੀ ?

ਅਨੇਕਾਂ ਸੁਆਲ ਨੇ, ਜਿਨ੍ਹਾਂ ਦਾ ਕੋਈ ਜੁਆਬ ਨਹੀਂ ਏ। ਨਾ ਸਰਕਾਰ ਕੋਲ ਤੇ ਨਾ ਹੀ ਸੁਰੱਖਿਆ ਅਧਿਕਾਰੀਆਂ ਕੋਲ।

ਅਲਬੱਤਾ! ਪਿਛਲੇ ਸਾਲ ਕਸ਼ਮੀਰ 'ਚ ਹੋਈ 35 ਲੱਖ ਸੈਲਾਨੀਆਂ ਦੀ ਆਮਦ 'ਤੇ ਪ੍ਰਧਾਨ ਮੰਤਰੀ ਜੀ ਬੜੇ ਖ਼ੁਸ਼ ਸਨ। ਉਹ ਕਹਿ ਰਹੇ ਸਨ :

"ਧਾਰਾ-370 ਤੋਂ ਜਾਣੇ ਕੇ ਬਾਅਦ ਅਤੰਕਵਾਦ ਦੀ ਕਮਰ ਟੁਟ ਗਈ ਹੈ। ਦੇਸ਼ ਵਾਸੀਓ! ਮੁਝੇ ਬਤਾਓ ਕਿ ਯੇਹ ਟੂਟੀ ਹੈ ਕਿ ਨਹੀਂ ਟੂਟੀ? ਮੈਂ ਤੋ ਕਹਿਤਾ ਹੂੰ ਕਿ ਯੇ ਬੁਰੀ ਤਰਹਾ ਸੇ ਟੂਟ ਗਈ ਹੈ।"

ਪਰ ਆਤੰਕਵਾਦ ਦੀ ਕਮਰ ਧਾਰਾ-370 ਟੁੱਟਣ ਨਾਲ ਟੁੱਟੀ ਨਹੀਂ। ਇਸ ਦਾ ਪ੍ਰਤੱਖ ਸਬੂਤ ਸਾਰਿਆਂ ਦੇ ਸਾਹਮਣੇ ਹੈ। ਪਹਿਲਗਾਮ ਵਿੱਚ 22 ਅਪ੍ਰੈਲ ਨੂੰ ਹੋਈ ਇਹ ਦਰਦਨਾਕ ਘਟਨਾ। ਇਹ ਕਮਰ ਸਹੀ ਸਲਾਮਤ ਹੈ ਤੇ ਪਾਕਿਸਤਾਨ ਉੱਪਰ ਜੁਆਬੀ ਹਮਲੇ ਨਾਲ ਨਹੀਂ ਟੁੱਟ ਸਕਦੀ। ਅਲਬੱਤਾ! ਦੋਹਾਂ ਦੇਸ਼ਾਂ ਵਿਚਕਾਰ ਅਮਨ-ਸ਼ਾਂਤੀ ਕਾਇਮ ਹੋ ਜਾਣ ਅਤੇ ਹਾਲਾਤ ਆਮ ਹੋ ਜਾਣ ਤੋਂ ਬਾਅਦ ਸ਼ਾਇਦ ਟੁੱਟ ਹੀ ਜਾਵੇ।



## ਕੈਨੇਡਾ ਦਾ 'ਟੋਬਾ ਗੋਲਡ ਕੱਪ 2025' ਫ਼ੀਲਡ ਹਾਕੀ ਟੂਰਨਾਮੈਂਟ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਨੇ ਜਿੱਤਿਆ



ਵਿਨੀਪੈਗ : ਮੌਜੂਦਾ ਸਮੇਂ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆ ਸਾਹਮਣੇ ਸਭ ਤੋਂ ਵੱਡੀ ਚੁਣੌਤੀ, ਆਪਣੀ ਨਵੀਂ ਪੀੜੀ ਨੂੰ ਸਾਂਭਣ ਦੀ ਹੈ। ਨਸ਼ਾ, ਗੈਂਗਵਾਰ, ਮਾਰ-ਧਾੜ ਸਭਿਆਚਾਰ ਵਰਗੀਆਂ ਸਮਾਜਿਕ ਕੁਰੀਤੀਆਂ ਵਿਚ ਧਸਦੀ ਜਾ ਰਹੀ ਜਵਾਨੀ ਨੂੰ ਜੇਕਰ ਕਿਸੇ ਸਾਰਥਿਕ ਪਾਸੇ ਨਾ ਲਾਇਆ ਗਿਆ ਤਾਂ ਇਹ ਭਲੀਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਭਵਿੱਖ ਖ਼ਤਰੇ ਵਿਚ ਹੈ। ਇਨ੍ਹਾਂ ਕੁਰੀਤੀਆਂ ਤੋਂ ਬਚਾਉਣ ਦਾ ਇੱਕ ਕਾਰਗਰ ਤਰੀਕਾ ਹੋ ਸਕਦਾ ਹੈ ਕਿ ਬਚਿਆ ਦੇ ਮਨਾਂ ਵਿਚ ਖੇਡਾਂ ਪ੍ਰਤੀ ਸ਼ੌਕ ਪ੍ਰਫੁਲਿਤ ਕੀਤਾ ਜਾਵੇ। ਵਿਨੀਪੈਗ ਦੀ ਧਰਤੀ ਤੇ ਜਿੱਥੇ ਹਰ ਕੋਈ ਟੂਰਨਾਮੈਂਟ, ਮੇਲਾ, ਧਾਰਮਿਕ ਸਮਾਗਮ ਜਾ ਸਭਿਆਚਾਰਕ ਪ੍ਰੋਗਰਾਮ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਸਾਡੀ ਨਵੀਂ ਪਨੀਰੀ ਨੂੰ ਫ਼ੀਲਡ ਹਾਕੀ ਨਾਲ ਜੋੜਨ ਲਈ ਸਥਾਨਕ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ 7ਵਾਂ ਸ਼ਾਨਦਾਰ "ਟੋਬਾ ਗੋਲਡ ਕੱਪ 2025" ਫ਼ੀਲਡ ਹਾਕੀ ਟੂਰਨਾਮੈਂਟ ਅਪ੍ਰੈਲ 26 (ਸ਼ਨੀਵਾਰ) 'ਤੇ ਅਪ੍ਰੈਲ 27 (ਐਤਵਾਰ) ਨੂੰ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਨੀਪੈਗ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿਚ ਕੈਨੇਡਾ ਦੀਆ ਪ੍ਰਸਿੱਧ ਅੱਠ ਟੀਮਾਂ ਨੇ ਹਿੱਸਾ ਲਿਆ। ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪੂਲ "ਏ" ਵਿਚ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ, ਅਕਾਲ ਵਾਰੀਅਰਜ਼ ਕਲੱਬ ਕੈਲਗਰੀ, ਬਰੈਂਪਟਨ ਫ਼ੀਲਡ ਹਾਕੀ ਕਲੱਬ ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ, ਜਦ ਕਿ ਪੂਲ "ਬੀ" ਵਿਚ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵਿਨੀਪੈਗ, ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ, ਆਜ਼ਾਦ ਹਾਕੀ ਫ਼ੀਲਡ ਕਲੱਬ ਟੋਰਾਂਟੋ 'ਤੇ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਦੀਆਂ ਟੀਮਾਂ ਸ਼ਾਮਲ ਸਨ। ਇਹ ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ 'ਤੇ ਖੇਡਿਆ ਗਿਆ। ਲੀਗ ਮੈਚਾਂ ਵਿਚ ਪੂਲ ਏ 'ਚੋਂ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ 'ਤੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ 'ਤੇ ਪੂਲ 'ਬੀ' 'ਚੋਂ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ 'ਤੇ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਨੇ ਆਪਣੇ ਆਪਣੇ ਲੀਗ ਮੈਚ ਜਿੱਤ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ।

ਪਹਿਲੇ ਸੈਮੀਫਾਈਨਲ 'ਚ ਨਿਰਧਾਰਿਤ ਸਮੇਂ ਵਿਚ ਦੋ ਦੋ ਗੋਲਾਂ ਨਾਲ ਬਰਾਬਰ ਰਹਿਣ ਤੋਂ ਬਾਅਦ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿਚ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਨੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ ਨੂੰ ਚਾਰ ਦੇ ਮੁਕਾਬਲੇ ਪੰਜ ਗੋਲਾਂ ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ। ਦੂਜੇ ਸੈਮੀਫਾਈਨਲ 'ਚ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਨੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ ਨੂੰ ਇਕ ਦੇ ਮੁਕਾਬਲੇ ਚਾਰ ਗੋਲਾਂ ਨਾਲ ਜਿੱਤ ਪ੍ਰਾਪਤ ਕੀਤੀ। ਸਪੋਰਟਸ ਕਲੱਬ (ਹਾਕਸ) ਕੈਲਗਰੀ ਵੱਲੋਂ ਇਹ ਚਾਰ ਫ਼ੀਲਡ ਗੋਲ ਕੀਤੇ ਜਦਕਿ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ ਦੇ ਦਮਨਜੀਤ ਸਿੰਘ ਵੱਲੋਂ ਪੈਨਲਟੀ ਕਾਰਨਰ ਨਾਲ ਕੀਤਾ ਗਿਆ।

ਫਾਈਨਲ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਤੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਵਿਚ ਬਹੁਤ ਹੀ ਫਸਵਾਂ ਮੁਕਾਬਲਾ ਸੀ। ਇਸ ਮੈਚ ਵਿਚ ਨਿਰਧਾਰਿਤ ਸਮੇਂ ਵਿਚ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ ਤਾਂ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿਚ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਨੇ ਤਿੰਨ ਗੋਲ ਕੀਤੇ ਅਤੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਸਿਰਫ਼ ਦੋ ਗੋਲ ਹੀ ਕਰ ਸਕੀ। ਤੀਸਰੇ ਸਥਾਨ ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ ਨੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ ਨੂੰ ਸਿਫ਼ਰ ਦੇ ਮੁਕਾਬਲੇ ਚਾਰ ਗੋਲਾਂ ਨਾਲ ਮਾਤ ਦਿੱਤੀ।

ਸਪਾਂਸਰ ਨੇ ਇਨਾਮਾਂ ਦੀ ਵੰਡ ਲਈ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2500 ਡਾਲਰ, ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 1500 ਡਾਲਰ ਤੇ ਤੀਸਰੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ ਹਜ਼ਾਰ ਡਾਲਰ ਦੇ ਨਕਦ ਇਨਾਮਾਂ ਤੋਂ ਇਲਾਵਾ ਟਰਾਫ਼ੀਆਂ ਵੀ ਦਿੱਤੀਆਂ ਗਈਆਂ।

ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਦੇ ਗੁਰਕੀਰਤ ਸਿੰਘ ਨੂੰ ਇਸ ਟੂਰਨਾਮੈਂਟ ਦਾ ਵਧੀਆ ਖਿਡਾਰੀ ਐਲਾਨਿਆ ਗਿਆ 'ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ ਦੇ ਰੌਬਿਨ ਥਿੰਦ ਨੂੰ ਇਸ ਟੂਰਨਾਮੈਂਟ ਵਿਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਟੋਬਾ ਵਾਰੀਅਰਜ਼ ਵਿਨੀਪੈਗ ਅਤੇ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਦੇ ਜੂਨੀਅਰ ਬੱਚਿਆ ਦੇ ਲੀਗ ਮੈਚ ਵੀ ਕਰਵਾਏ ਗਏ ਜਿਸ ਵਿਚ ਸਟੇਡੀਅਮ ਵਿਚ ਮੌਜੂਦ ਦਰਸ਼ਕਾਂ ਨੇ ਖ਼ੂਬ ਅਨੰਦ ਲਿਆ। ਇਸ ਟੂਰਨਾਮੈਂਟ ਦੌਰਾਨ ਵਿਨੀਪੈਗ ਦੇ ਮਸ਼ਹੂਰ ਕਚੌਰੀ ਰੈਸਟੋਰੈਂਟ ਵੱਲੋਂ ਵਿਸ਼ੇਸ਼ ਤੋੜੇ ਤੇ ਚਾਹ, ਪਕੌੜੇ ਅਤੇ ਕਚੌਰੀ ਦੀ ਸੇਵਾ ਕੀਤੀ ਗਈ ਅਤੇ ਗੁਰੂਘਰ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਸਟੇਡੀਅਮ ਵਿਚ ਮੌਜੂਦ ਦਰਸ਼ਕਾਂ ਲਈ ਵੀ ਚਾਰ ਦਿਲ ਖਿਚਵੇਂ ਇਨਾਮ ਦਿੱਤੇ ਗਏ। ਇਸ ਦੌਰਾਨ ਤਾਸ਼ (ਸੀਪ) ਦੇ ਮੁਕਾਬਲੇ ਵੀ ਕਰਵਾਏ ਗਿਆ।

ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਜੂਨੀਅਰ ਹਾਕੀ ਲੜਕੇ ਤੇ ਲੜਕੀਆਂ ਦੀ ਟਰੇਨਿੰਗ ਵੀ ਚੱਲ ਰਹੀ ਹੈ। ਬੱਚਿਆਂ ਦੀ ਇਨ ਡੋਰ ਪ੍ਰੈਕਟਿਸ ਹਰ ਸਨਿੱਚਰਵਾਰ ਸ਼ਾਮ ਪੰਜ ਵਜੇ 'ਤੇ ਸੀਨੀਅਰ ਟੀਮ ਦੀ ਪ੍ਰੈਕਟਿਸ ਐਤਵਾਰ ਸ਼ਾਮ ਨੂੰ ਚਾਰ ਵਜੇ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਚ ਚੱਲ ਰਹੀ ਹੈ। ਹੋਰ ਕਿਸੇ ਵੀ ਜਾਣਕਾਰੀ ਲਈ ਤੁਸੀਂ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।

ਸੁਰਿੰਦਰ ਮਾਵੀ 204-510-6284, ਸੁਖਮਿੰਦਰ ਸਿੰਘ 204-914-1000, ਪਰਮਜੀਤ ਲੋਪੋ 204-930-2166, ਸ਼ਮਸ਼ੇਰ ਸਿੱਧੂ 204-294-6761, ਅਮਰਦੀਪ ਸਿੰਘ 204-688-1521 ਤੇ ਸੁਰਿੰਦਰ ਸਿੱਧੂ 431-998-0656. ਟੋਬਾ ਵਾਰੀ ਅਰਜ਼ ਹਾਕੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਖਿਡਾਰੀਆਂ, ਵਲੰਟੀਅਰਜ਼, ਸਪਾਂਸਰ 'ਤੇ ਦਰਸ਼ਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ 'ਤੇ ਮਾਪਿਆਂ ਨੂੰ ਖ਼ਾਸ ਤੌਰ 'ਤੇ ਬੇਨਤੀ ਕੀਤੀ ਕਿ ਬੱਚਿਆਂ ਨੂੰ ਹਾਕੀ ਵੱਲ ਪ੍ਰੇਰਿਤ ਕਰਨ 'ਤੇ ਬੱਚਿਆਂ ਦੀ ਰਜਿਸਟਰੇਸ਼ਨ ਕਰਵਾਉਣ।

# ਆਦਰਸ਼ ਸਕੂਲਾਂ ਦੀ ਅਸਲੀਅਤ ਅਤੇ ਚਾਉਕੇ ਸਕੂਲ ਮਾਮਲੇ 'ਚ ਸੂਬਾ ਸਰਕਾਰ ਦਾ ਰਵੱਈਆ

**ਨਵਕਿਰਨ ਸਿੰਘ ਪੱਤੀ**
+9198885-44001)

ਪਿਛਲੇ ਕਈ ਹਫਤਿਆਂ ਤੋਂ ਬਠਿੰਡਾ ਜ਼ਿਲ੍ਹੇ ਵਿੱਚ ਪੈਂਦੇ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਵੱਲੋਂ ਆਪਣੇ ਹੱਕਾਂ ਲਈ ਲੜਿਆ ਜਾ ਰਿਹਾ ਸੰਘਰਸ਼ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅਧਿਆਪਕਾਂ ਵੱਲੋਂ ਸਕੂਲ ਮੈਨੇਜਮੈਂਟ ਖਿਲਾਫ ਵਿੱਢੇ ਸੰਘਰਸ਼ ਦਰਮਿਆਨ ਸੂਬਾ ਸਰਕਾਰ ਦੀ ਜਿੰਮੇਬਾਰੀ ਬਣਦੀ ਸੀ ਕਿ ਮਸਲੇ ਦਾ ਢੁਕਵਾਂ ਹੱਲ ਕੱਢਿਆ ਜਾਂਦਾ ਪਰ ਮਸਲਾ ਹੱਲ ਕਰਨ ਦੀ ਬਜਾਏ ਸੂਬਾ ਸਰਕਾਰ ਨੰਗੇ ਚਿੱਟੇ ਰੂਪ ਵਿੱਚ ਸਕੂਲ ਪ੍ਰਬੰਧਕਾਂ ਦੀ ਪਿੱਠ ਉੱਪਰ ਖੜ੍ਹ ਗਈ। ਸੰਘਰਸ਼ਸ਼ੀਲ ਅਧਿਆਪਕਾਂ ਅਤੇ ਉਨ੍ਹਾਂ ਦੀਆਂ ਹਮਾਇਤੀ ਜਥੇਬੰਦੀਆਂ ਦੇ ਆਗੂਆਂ ਨੂੰ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਕੇ ਤਸ਼ੱਦਦ ਕਰਨ ਤੋਂ ਬਾਅਦ ਜੇਲ੍ਹ ਭੇਜਣ ਦੇ ਮਾਮਲੇ ਨੇ 'ਆਪ' ਸਰਕਾਰ ਦੇ ਲੋਕ ਵਿਰੋਧੀ ਕਿਰਦਾਰ ਨੂੰ ਨੰਗਾ ਕੀਤਾ ਹੈ।

ਸਾਡੇ ਲਈ ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਆਖਰ ਸਰਕਾਰ ਸਕੂਲ ਪ੍ਰਬੰਧਕ ਕਮੇਟੀ ਦੀ ਨੰਗੀ ਚਿੱਟੀ ਹਮਾਇਤ ਵਿੱਚ ਕਿਉਂ ਉੱਤਰੀ ਹੈ। ਮੁੱਖ ਰੂਪ ਵਿੱਚ ਇਸਦੇ ਦੋ ਪਹਿਲੂ ਹਨ ਪਹਿਲਾ ਪਹਿਲੂ ਤਾਂ ਇਹ ਹੈ ਕਿ ਸੂਬਾ ਸਰਕਾਰ ਵੱਲੋਂ ਪਿਛਲੇ ਕੁੱਝ ਮਹੀਨਿਆਂ ਤੋਂ ਪੰਜਾਬ ਨੂੰ ਪੁਲਿਸ ਰਾਜ ਵੱਲ ਵਧਾਇਆ ਜਾ ਰਿਹਾ ਹੈ ਅਤੇ 'ਆਪ' ਸਰਕਾਰ ਦੇ ਇਸ਼ਾਰੇ ਤਹਿਤ ਪੁਲਿਸ ਵੱਲੋਂ ਸਿਰਫ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਨੂੰ ਹੀ ਨਹੀਂ ਸਗੋਂ ਪੰਜਾਬ ਵਿਚ ਉੱਠਣ ਵਾਲੀ ਹਰ ਹੱਕ-ਸੱਚ ਦੀ ਆਵਾਜ਼ ਨੂੰ ਪੁਲੀਸ ਦੇ ਜ਼ਬਰ ਨਾਲ ਕੁਚਲਣ ਦੀ ਨੀਤੀ ਅਖਤਿਆਰ ਕੀਤੀ ਹੋਈ ਹੈ ਸ਼ੰਭੂ,ਖਨੌਰੀ ਬਾਰਡਰ ਉੱਪਰ ਚੱਲ ਰਹੇ ਪੱਕੇ ਮੋਰਚੇ ਹਟਾਉਣ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਚੰਡੀਗੜ੍ਹ ਮਾਰਚ ਨੂੰ ਅਸਫਲ ਬਨਾਉਣ ਸਮੇਂ ਸਰਕਾਰ ਵੱਲੋਂ ਅਪਣਾਈ ਨੀਤੀ ਸਪੱਸ਼ਟ ਹੋ ਚੁੱਕੀ ਹੈ।

ਦੂਜਾ ਪਹਿਲੂ ਇਹ ਹੈ ਕਿ ਇਹ ਪੰਜਾਬ ਵਿੱਚ ਖੁੱਲ੍ਹੇ ਆਦਰਸ਼ ਸਕੂਲ ਸਿੱਖਿਆ ਦੇ ਨਿੱਜੀਕਰਨ ਦੀ ਪ੍ਰਤੱਖ ਉਦਾਹਰਨ ਹਨ ਅਤੇ ਨਿੱਜੀਕਰਨ, ਉਦਾਰੀਕਰਨ, ਵਪਾਰੀਕਰਨ ਦੀਆਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਤਤਪਰ 'ਆਪ' ਸਰਕਾਰ ਨਹੀਂ ਚਾਹੁੰਦੀ ਕਿ ਪੰਜਾਬ ਵਿੱਚ ਕਿਤੇ ਵੀ ਨਿੱਜੀਕਰਨ ਦੀ ਨੀਤੀ ਨੂੰ ਚੁਣੌਤੀ ਮਿਲੇ। ਇਸੇ ਕਰਕੇ ਸਿੱਖਿਆ, ਸਿਹਤ, ਬਿਜਲੀ ਖੇਤਰ ਵਿੱਚ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣ ਲਈ ਕਾਹਲੀ ਪਈ ਭਗਵੰਤ ਮਾਨ ਸਰਕਾਰ ਜ਼ਬਰ 'ਤੇ ਉੱਤਰ ਆਈ ਹੈ।

ਸਰਕਾਰ ਦੀ ਜ਼ਾਬਰ ਨੀਤੀ ਅੱਗੇ ਸਥਿਤੀ ਇਹ ਬਣੀ ਕਿ ਆਦਰਸ਼ ਸਕੂਲ ਅਧਿਆਪਕਾਂ ਨੂੰ ਇਕ ਹਫਤੇ ਵਿੱਚ ਕਈ ਵਾਰ ਪੁਲਿਸ ਲਾਠੀਚਾਰਜ ਦਾ ਸਾਹਮਣਾ ਕਰਨਾ ਪਿਆ। ਪਹਿਲਾਂ ਪੁਲਿਸ ਪ੍ਰਸ਼ਾਸ਼ਨ ਵੱਲੋਂ 26 ਮਾਰਚ ਨੂੰ ਕਾਰਵਾਈ ਕਰਦਿਆਂ ਆਦਰਸ਼ ਸਕੂਲ ਚਾਉਕੇ ਅੱਗੇ ਧਰਨਾ ਦੇ ਰਹੇ ਅਧਿਆਪਕਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਲਾਠੀਚਾਰਜ ਕਰਕੇ ਖਦੇੜ ਦਿੱਤਾ ਗਿਆ। ਪੁਲਿਸ ਕਾਰਵਾਈ ਖਿਲਾਫ ਅਗਲੇ ਦਿਨ ਅਧਿਆਪਕਾਂ ਨੇ ਭਰਾਤਰੀ ਜਥੇਬੰਦੀਆਂ ਦੀ ਹਮਾਇਤ ਨਾਲ ਸਕੂਲ ਨੂੰ ਜਿੰਦਾ ਲਗਾ ਦਿੱਤਾ ਤਾਂ ਪ੍ਰਸ਼ਾਸਨ ਵੱਲੋਂ ਫਿਰ ਕਾਰਵਾਈ ਕਰਦਿਆਂ ਪ੍ਰਦਰਸ਼ਨਕਾਰੀਆਂ ਨੂੰ ਸਕੂਲ ਅੱਗੋਂ ਗ੍ਰਿਫਤਾਰ ਕਰ ਲਿਆ। 5 ਅਪਰੈਲ ਨੂੰ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਦੀਆਂ ਗ੍ਰਿਫ਼ਤਾਰੀਆਂ ਦੇ ਮਾਮਲੇ ਨੂੰ ਲੈ ਕੇ ਜਦੋਂ ਜਨਤਕ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਥਾਣਾ ਸਦਰ ਰਾਮਪੁਰਾ ਪਹੁੰਚੇ ਤਾਂ ਪੁਲੀਸ ਵੱਲੋਂ ਉਨ੍ਹਾਂ ਉੱਪਰ ਜ਼ਬਰ ਕੀਤਾ ਗਿਆ।ਅਧਿਆਪਕਾਂ ਦੀ ਹਮਾਇਤ 'ਤੇ ਆਈਆਂ ਮਹਿਲਾ ਕਿਸਾਨ ਆਗੂਆਂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਨੂੰ ਪੁਲਿਸ ਵੱਲੋਂ ਗਿਣਮਿੱਥ ਕੇ ਨਿਸ਼ਾਨਾ ਬਣਾਇਆ ਗਿਆ। ਮਹਿਲਾ ਪੁਲਿਸ ਮੁਲਾਜ਼ਮਾਂ ਵੱਲੋਂ ਜਾਣਬੁੱਝ ਕੇ ਜਨਤਕ ਤੌਰ 'ਤੇ ਹਰਿੰਦਰ ਬਿੰਦੂ ਦੇ ਥੱਪੜ ਮਾਰੇ ਗਏ ਤਾਂ ਕਿ ਉਸਨੂੰ ਜ਼ਲੀਲ ਕੀਤਾ ਜਾ ਸਕੇ। ਪੁਲਿਸ ਇੱਥੇ ਹੀ ਨਹੀਂ ਰੁਕੀ ਬਲਕਿ ਹਰਿੰਦਰ ਬਿੰਦੂ, ਪਰਮਜੀਤ ਕੌਰ ਪਿੱਥੋ ਸਮੇਤ ਦਰਜ਼ਨਾਂ ਅਧਿਆਪਕਾਂ ਤੇ ਕਿਸਾਨਾਂ ਨੂੰ ਗ੍ਰਿਫਤਾਰ ਕਰਕੇ ਥਾਣੇ ਅੰਦਰ ਤਸ਼ੱਦਦ ਕਰਦਿਆਂ ਜੇਲ੍ਹ ਭੇਜ ਦਿੱਤੇ ਗਏ।ਪੁਲਿਸ ਇਸ ਹੱਦ ਤੱਕ ਗਈ ਕਿ 13 ਮਹੀਨਿਆਂ ਦੀ ਬੱਚੀ ਅਤੇ ਉਸਦੀ ਮਾਂ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ।

ਮਹਿਲਾ ਅਧਿਆਪਕਾਂ ਤੇ ਬਜ਼ੁਰਗ ਕਿਸਾਨ ਔਰਤਾਂ ਸਮੇਤ ਜੇਲ੍ਹ ਤੋਂ 10 ਅਪਰੈਲ ਦੀ ਦੇਰ ਸ਼ਾਮ ਜ਼ਮਾਨਤ ਤਹਿਤ ਰਿਹਾਅ ਹੋਈਆਂ ਮਹਿਲਾ ਕਿਸਾਨ ਆਗੂਆਂ ਹਰਿੰਦਰ ਬਿੰਦੂ ਤੇ ਪਰਮਜੀਤ ਕੌਰ ਪਿੱਥੋ ਅਗਲੇ ਦਿਨ 11 ਅਪਰੈਲ ਨੂੰ ਸਰਕਾਰੀ ਹਸਪਤਾਲ ਬਾਲਿਆਂਵਾਲੀ ਵਿੱਚ ਇਲਾਜ ਲਈ ਪਹੁੰਚੀਆਂ ਤਾਂ ਡਾਕਟਰਾਂ ਵੱਲੋਂ ਉਹਨਾਂ ਨੂੰ ਹਸਪਤਾਲ ਦਾਖਲ ਕਰਨ ਉਪਰੰਤ ਸਬੰਧਤ ਪੁਲੀਸ ਨੂੰ ਰੁੱਕਾ ਭੇਜਣ ਦੇ ਬਾਵਜੂਦ ਕੋਈ ਪੁਲੀਸ ਅਧਿਕਾਰੀ ਤਿੰਨ ਦਿਨ ਬੀਤਣ ਦੇ ਬਾਵਜੂਦ ਉਨ੍ਹਾਂ ਦੇ ਬਿਆਨ ਦਰਜ ਕਰਨ ਨਹੀਂ ਪਹੁੰਚਿਆ ਸੀ। ਇਸ ਸਮੇਂ ਬਠਿੰਡਾ ਦੇ ਸਰਕਾਰੀ ਹਸਪਤਾਲ 'ਚ ਦਾਖਲ ਇਹਨਾਂ ਮਹਿਲਾ ਕਿਸਾਨ ਆਗੂਆਂ ਨੇ ਮੁੱਖ ਮੰਤਰੀ ਪੰਜਾਬ, ਡੀਜੀਪੀ ਪੰਜਾਬ ਅਤੇ ਐਸਐਸਪੀ ਬਠਿੰਡਾ ਨੂੰ ਪੱਤਰ ਭੇਜ ਕੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

ਉਂਝ ਇਹ ਮਸਲਾ ਇਕੱਲੇ ਚਾਉਕੇ ਸਕੂਲ ਦਾ ਨਹੀਂ ਹੈ ਬਲਕਿ ਪਿਛਲੇ ਵਰ੍ਹਿਆਂ ਦੌਰਾਨ ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਆਦਰਸ਼ ਸਕੂਲ ਹੋਵੇ ਜਿਸ ਅੱਗੇ ਧਰਨਾ ਨਾ ਲੱਗਿਆ ਹੋਵੇ ਕਿਉਂਕਿ ਇਹਨਾਂ ਸਕੂਲਾਂ ਦੀ ਬੁਨਿਆਦ ਹੀ ਗਲਤ ਹੈ।ਅਸਲ ਵਿੱਚ ਇਹਨਾਂ ਆਦਰਸ਼ ਸਕੂਲਾਂ ਵਾਲੇ ਕੰਡੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਨੇ ਬੀਜੇ ਸਨ।ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦੇ ਪੇਂਡੂ ਖੇਤਰ ਦੇ ਬੱਚਿਆਂ ਨੂੰ ਅੰਗਰੇਜ਼ੀ ਮੀਡੀਅਮ 'ਚ ਮੁਫ਼ਤ ਸਿੱਖਿਆ ਮੁਹੱਈਆ ਕਰਵਾਉਣ ਦੇ ਨਾਮ ਹੇਠ ਸੂਬੇ ਵਿੱਚ ਕਰੀਬ 25 ਆਦਰਸ਼ ਸਕੂਲ ਖੋਲ੍ਹੇ ਸਨ। ਪਬਲਿਕ ਪ੍ਰਾਈਵੇਟ ਪਾਰਟਨਰ (ਪੀਪੀਪੀ) ਸਕੀਮ ਤਹਿਤ ਖੋਲ੍ਹੇ ਇਹਨਾਂ ਸਕੂਲਾਂ 70:30 ਦੇ ਹਿਸਾਬ ਨਾਲ ਚਲਾਉਣ ਦਾ ਫੈਸਲਾ ਲਿਆ ਗਿਆ ਸੀ ਭਾਵ 30 ਫ਼ੀਸਦੀ ਹਿੱਸੇਦਾਰੀ ਨਿੱਜੀ ਖੇਤਰ ਦੀ ਹੋਵੇਗੀ ਜਦਕਿ ਬਾਕੀ ਦਾ 70 ਫ਼ੀਸਦੀ ਹਿੱਸਾ ਸੂਬਾ ਸਰਕਾਰ ਨੇ ਅਦਾ ਕਰਨਾ ਸੀ। ਪੰਚਾਇਤਾਂ ਨੇ ਇਹਨਾਂ ਸਕੂਲਾਂ ਦੀ ਉਸਾਰੀ ਲਈ ਮੁੱਖ ਮਾਰਗਾਂ 'ਤੇ ਪੈਂਦੀਆਂ ਮਹਿੰਗੇ ਭਾਅ ਦੀ ਪੰਚਾਇਤੀ ਜ਼ਮੀਨਾਂ ਮੁਫਤ ਦਿੱਤੀਆਂ ਗਈਆ।ਇਨਾਂ ਸਕੂਲਾਂ ਨੂੰ ਚਲਾਉਣ ਲਈ ਜਿਹੜੀਆਂ ਨਿੱਜੀ ਸੰਸਥਾਵਾਂ/ਵਿਅਕਤੀਆਂ ਨੂੰ ਜਿੰਮੇਬਾਰੀ ਦਿੱਤੀ ਗਈ, ਉਹਨਾਂ ਦਾ ਇੱਕੋ ਮਨੋਰਥ ਪੈਸਾ ਕਮਾਉਣਾ ਸੀ। 'ਸੱਤਾ' ਨੇੜਲੀਆਂ ਮੈਨੇਜਮੈਂਟਾਂ ਨੇ ਲੱਖਾਂ ਰੁਪਏ ਇਨ੍ਹਾਂ ਸਕੂਲਾਂ ਤੋਂ ਕਮਾਏ ਜਿਸ ਕਾਰਨ ਇਹ ਸਕੂਲ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ।

ਇਨਾਂ ਸਕੂਲਾਂ 'ਚ ਪਹਿਲਾਂ ਸੀਬੀਐਸਈ ਮਾਧੀਅਮ ਸੀ ਪਰ ਕਾਂਗਰਸ ਸਰਕਾਰ ਨੇ 2020-2021 ਦੇ ਵਿਦਿਅਕ ਸੈਸ਼ਨ ਤੋਂ ਇਹਨਾਂ ਆਦਰਸ਼ ਸਕੂਲਾਂ ਨੂੰ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕਸ਼ਨ (ਸੀਬੀਐਸਈ) ਦੇ ਦਾਇਰੇ 'ਚੋਂ ਕੱਢ ਕੇ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਦੇ ਅਧੀਨ ਲਿਆਉਣ ਨੂੰ ਮਨਜ਼ੂਰੀ ਦੇ ਦਿੱਤੀ ਸੀ।

ਪਿਛਲੇ ਵਰ੍ਹਿਆਂ ਦੌਰਾਨ ਇਹ ਵੀ ਤੱਥ ਵੇਖਣ ਨੂੰ ਮਿਲੇ ਹਨ ਕਿ ਆਦਰਸ਼ ਸਕੂਲਾਂ ਦੀਆਂ ਕੁੱਝ ਮੈਨੇਜਮੈਂਟਾਂ ਤਾਂ ਮੋਟੇ ਮੁਨਾਫੇ ਕਮਾ ਕੇ ਇਹਨਾਂ ਸਕੂਲਾਂ ਨੂੰ 'ਲਵਾਰਸ' ਛੱਡ ਗਈਆਂ ਹਨ ਅਤੇ ਹੁਣ ਪਿੰਡਾਂ ਦੇ ਲੋਕਾਂ ਨੂੰ ਆਪਣੇ ਹੀਲਿਆਂ-ਵਸੀਲਿਆਂ ਨਾਲ ਸਕੂਲ ਚਲਾਉਣੇ ਪੈ ਰਹੇ ਹਨ ਜਿਵੇਂ ਕਿ ਜਿਲਾ ਫਿਰੋਜ਼ਪੁਰ 'ਚ ਪੈਂਦੇ ਪਿੰਡ ਬੁੱਕਣਖ਼ਾਨ ਵਾਲਾ ਦੇ ਆਦਰਸ਼ ਸਕੂਲ ਦਾ ਪ੍ਰਬੰਧ ਹੁਣ ਪਿੰਡ ਦੇ ਲੋਕਾਂ ਵੱਲੋਂ 'ਗ੍ਰਾਮ ਵਿਕਾਸ ਐਜੂਕਸ਼ਨ ਸੁਸਾਇਟੀ' ਬਣਾ ਕੇ ਚਲਾਉਣਾ ਪੈ ਰਿਹਾ ਹੈ।

ਸਪੱਸ਼ਟ ਹੈ ਕਿ ਪੀਪੀਪੀ ਯੋਜਨਾਂ ਤਹਿਤ ਖੋਲ੍ਹੇ ਇਹ ਆਦਰਸ਼ ਸਕੂਲ ਸਿੱਖਿਆ ਦੇ ਨਿੱਜੀਕਰਨ ਦੀ ਉੱਘੜਵੀਂ ਮਿਸਾਲ ਹਨ ਅਤੇ ਇਹਨਾਂ ਸਕੂਲਾਂ ਵਿੱਚ ਸਭ ਤੋਂ ਮਾੜੀ ਹਾਲਤ ਇਹਨਾਂ ਸਕੂਲਾਂ ਦੇ ਅਧਿਆਪਕਾਂ ਦੀ ਹੈ। ਇਹਨਾਂ ਸਕੂਲਾਂ ਦੇ ਅਧਿਆਪਕਾਂ ਦਾ ਜਿੱਥੇ ਨਿਗੂਣੀਆਂ ਤਣਖਾਹਾਂ ਉੱਪਰ ਆਰਥਿਕ, ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਉੱਥੇ ਹੀ ਸਕੂਲ ਵਿੱਚੋਂ ਕਿਸੇ ਵੀ ਸਮੇਂ ਕੱਢੇ ਜਾਣ ਦੀ ਤਲਵਾਰ ਹਮੇਸ਼ਾਂ ਲਟਕਦੀ ਰਹਿੰਦੀ ਹੈ। ਇਨ੍ਹਾਂ ਅਧਿਆਪਕਾਂ ਨਾਲ ਧੱਕੇਸ਼ਾਹੀ ਇਹ ਹੋ ਰਹੀ ਹੈ ਕਿ ਸਰਕਾਰੀ ਜ਼ਮੀਨਾਂ ਉੱਪਰ ਬਣੇ ਇਹਨਾਂ 'ਆਦਰਸ਼' ਸਕੂਲਾਂ ਨੂੰ ਚਲਾਉਣ ਲਈ ਸਰਕਾਰ ਵੱਲੋਂ 70 ਫੀਸਦ ਹਿੱਸਾ ਪਾਉਣ ਦੇ ਬਾਵਜੂਦ ਅਧਿਆਪਕਾਂ ਦੀਆਂ ਤਣਖਾਹਾਂ ਦਾ ਮਾਮਲਾ ਨਿੱਜੀ ਸੰਸਥਾਂ ਉੱਪਰ ਸੁੱਟਿਆ ਹੋਇਆ ਹੈ। ਸਰਕਾਰ ਵੱਲੋਂ ਵੱਖ-ਵੱਖ ਸਮੇਂ ਜਾਰੀ ਕੀਤੇ ਪੱਤਰਾਂ ਅਨੁਸਾਰ ਇਹਨਾਂ ਆਦਰਸ਼ ਸਕੂਲਾਂ ਦੇ ਅਧਿਆਪਕਾਂ ਸਮੇਤ ਸਮੂਹ ਕਰਮਚਾਰੀਆਂ ਨੂੰ ਪੰਜਾਬ ਸਿੱਖਿਆ ਵਿਕਾਸ ਬੋਰਡ (ਪੀਈਡੀਬੀ) ਜਾਂ ਸਿੱਖਿਆ ਵਿਭਾਗ ਦੇ ਕਰਮਚਾਰੀ ਨਹੀਂ ਮੰਨਿਆ ਜਾ ਸਕਦਾ। ਆਦਰਸ਼ ਸਕੂਲਾਂ ਦਾ ਸਟਾਫ ਵੀ ਪੰਜਾਬ ਸਰਕਾਰ ਤੋਂ ਇਹੋ ਸਵਾਲ ਪੁੱਛਦਾ ਹੈ ਕਿ ਜਦੋਂ ਇਨ੍ਹਾਂ ਸਕੂਲਾਂ ਨੂੰ ਚਲਾਉਣ ਦੇ 70 ਪ੍ਰਤੀਸ਼ਤ ਖਰਚੇ ਸਰਕਾਰ ਦਿੰਦੀ ਹੈ ਅਤੇ ਸਾਰਾ ਸਟਾਫ ਯੋਗਤਾ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਸਟਾਫ ਨੂੰ ਸਿੱਖਿਆ ਵਿਭਾਗ ਦੇ ਕਰਮਚਾਰੀ ਕਿਉਂ ਨਹੀਂ ਮੰਨਿਆ ਜਾ ਸਕਦਾ?

ਹਕੀਕਤ ਇਹ ਹੈ ਕਿ ਪ੍ਰਸ਼ਾਸ਼ਨ ਦੀ ਇਕਪਾਸੜ ਕਾਰਵਾਈ ਸਿਰਫ ਆਦਰਸ਼ ਸਕੂਲ ਚਾਉਕੇ ਦੇ ਮਾਮਲੇ ਵਿੱਚ ਹੀ ਨਜ਼ਰ ਨਹੀਂ ਆਈ ਬਲਕਿ ਸੂਬਾ ਸਰਕਾਰ ਦਾ ਕਿਰਦਾਰ ਹੀ ਲੋਕ ਵਿਰੋਧੀ ਨਜ਼ਰ ਆ ਰਿਹਾ ਹੈ। ਸਰਕਾਰ ਦੀ ਸਸਕੇਰੀ ਪੁਲਿਸ ਵੱਲੋਂ ਜਨਵਰੀ 2025 ਤੋਂ 31 ਮਾਰਚ ਤੱਕ ਮਹਿਜ਼ 90 ਦਿਨਾਂ ਵਿੱਚ 41 ਪੁਲਿਸ ਐਨਕਾਉਂਟਰ ਕੀਤੇ ਗਏ ਹਨ।ਨਸ਼ਾ ਤਸਕਰੀ ਵਿੱਚ ਸ਼ਾਮਲ ਵੱਡੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਦਰਜ਼ਨਾਂ ਨਸ਼ੇ ਦੇ ਛੋਟੇ-ਮੋਟੇ ਮਾਮਲਿਆਂ ਵਿੱਚ ਸ਼ਾਮਲ ਪਰਿਵਾਰਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾ ਦਿੱਤੇ ਗਏ ਹਨ।

ਕਿਸਾਨ ਲਹਿਰ ਇਕਜੁੱਟ ਨਾ ਹੋਣ ਦਾ ਫਾਇਦਾ ਵੀ ਕਿਸੇ ਨਾ ਕਿਸੇ ਰੂਪ ਵਿੱਚ 'ਸੱਤਾ' ਧਿਰ ਨੂੰ ਮਿਲਿਆ ਹੈ। ਇਕ ਪਾਸੇ ਚੰਡੀਗੜ੍ਹ ਮਾਰਚ ਰੋਕਣ ਲਈ ਪੰਜਾਬ ਭਰ ਵਿੱਚ ਕੀਤੀਆਂ ਗ੍ਰਿਫਤਾਰੀਆਂ ਅਤੇ ਦੂਜੇ ਪਾਸੇ ਖਨੌਰੀ ਤੇ ਸ਼ੰਭੂ ਮੋਰਚੇ ਹਟਾਉਣ ਲਈ ਕੀਤੇ ਪੁਲਿਸ ਜ਼ਬਰ ਦਾ ਸੂਬੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਸਖਤ ਨੋਟਿਸ ਲੈਂਦਿਆਂ ਸਰਕਾਰ ਖਿਲਾਫ ਇਕਜੁੱਟ ਸੱਦਾ ਦੇਣਾ ਬਣਦਾ ਸੀ ਪਰ ਅਜਿਹਾ ਨਾ ਹੋਣ ਕਾਰਨ ਸਰਕਾਰ ਦਾ ਜ਼ਾਬਰ ਕੁਹਾੜਾ ਤਿੱਖਾ ਹੋ ਗਿਆ ਹੈ।

ਖੈਰ ਇਸ ਸਭ ਦੇ ਬਾਵਜੂਦ ਸੂਬੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ 12 ਅਪਰੈਲ ਨੂੰ ਰਾਮਪੁਰਾ ਵਿਖੇ ਕੀਤੀ ਗਈ ਵਿਸ਼ਾਲ ਰੈਲੀ ਅਤੇ ਰੈਲੀ ਉਪਰੰਤ ਰਾਮਪੁਰੇ ਦੀਆਂ ਸੜਕਾਂ 'ਤੇ ਭਗਵੰਤ ਮਾਨ ਸਰਕਾਰ ਤੇ ਪੁਲੀਸ ਪ੍ਰਸ਼ਾਸਨ ਦੀ ਧੱਕੇਸ਼ਾਹੀ ਖ਼ਿਲਾਫ ਕੀਤੇ ਰੋਹ ਭਰਪੂਰ ਮੁਜ਼ਾਹਰੇ ਨੇ ਸਰਕਾਰ ਦੇ ਹੱਲੇ ਦਾ ਜੁਆਬ ਦਾ ਦਿੱਤਾ ਹੈ।

ਚਾਉਕੇ ਸਕੂਲ ਮਾਮਲੇ ਵਿੱਚ ਸੰਘਰਸਸ਼ੀਲ ਜਥੇਬੰਦੀਆਂ ਵੱਲੋਂ ਹੁਣ ਮੰਗ ਕੀਤੀ ਜਾ ਰਹੀ ਹੈ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ, ਮਹਿਲਾਵਾਂ ਤੇ ਅਧਿਆਪਕਾਂ ਸਣੇ ਕਿਸਾਨਾਂ, ਮਜ਼ਦੂਰਾਂ 'ਤੇ ਜਬਰ ਢਾਹੁਣ ਵਾਲੇ ਪੁਲੀਸ ਕਰਮਚਾਰੀਆਂ ਸਣੇ ਸਭਨਾਂ ਦੋਸ਼ੀਆਂ 'ਤੇ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਮੀਦ ਹੈ ਕਿ ਚਾਉਕੇ ਸਕੂਲ ਦੀ ਮੈਨੇਜਮੈਂਟ ਦੀਆਂ ਆਪਹੁਦਰੀਆਂ ਖਿਲਾਫ ਸ਼ੁਰੂ ਇਹ ਸੰਘਰਸ਼ ਨਿੱਜੀਕਰਨ ਦੀ ਨੀਤੀ ਦਾ ਮੂੰਹ ਤੋੜ ਜੁਆਬ ਦਿੰਦਿਆਂ ਆਦਰਸ਼ ਸਕੂਲਾਂ ਦੇ ਸਰਕਾਰੀਕਰਨ ਦੀ ਮੰਗ ਨੂੰ ਉਭਾਰੇਗਾ।

# ਦਹਿਸ਼ਤੀ ਹਮਲੇ ਅਤੇ ਲਾਸ਼ਾਂ ’ਤੇ ਘਿਣਾਉਣੀ ਸਿਆਸਤ



ਬੂਟਾ ਸਿੰਘ
ਮਹਿਮੂਦਪੁਰ
94634-74342

22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਨੇੜੇ ਬੈਸਰਾਨ ਵਿਚ, ਜੋ ਆਪਣੀ ਕੁਦਰਤੀ ਖ਼ੂਬਸੂਰਤੀ ਕਾਰਨ ਸੈਲਾਨੀਆਂ ਲਈ ‘ਮਿੰਨੀ ਸਵਿਟਰਜ਼ਰਲੈਂਡ’ ਵਜੋਂ ਮਸ਼ਹੂਰ ਹੈ, ਦਹਿਸ਼ਤਗਰਦਾਂ ਵੱਲੋਂ 26 ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕਰ ਦੇਣ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਉਹ ਥੋੜ੍ਹੀ ਹੈ। ਇਨ੍ਹਾਂ ਵਿਚ ਚੌਵੀ ਹਿੰਦੂ ਸੈਲਾਨੀਆਂ ਦੇ ਨਾਲ ਇਕ ਈਸਾਈ ਸੈਲਾਨੀ ਅਤੇ ਇਕ ਸਥਾਨਕ ਖੱਚਰ ਵਾਲਾ ਸਈਅਦ ਆਦਿਲ ਹੁਸੈਨ ਸ਼ਾਹ ਵੀ ਸੀ। ਪਰ ਇਸ ਤੋਂ ਵੀ ਘਿਣਾਉਣੀ ਹੈ ਹੁਕਮਰਾਨ ਭਗਵਾ ਬਰਗੇਡ ਦੀ ਫਿਰਕੂ ਸਿਆਸਤ ਜੋ ਇਸ ਕਤਲੇਆਮ ਦੇ ਬਹਾਨੇ ਕਸ਼ਮੀਰੀ ਅਤੇ ਮੁਸਲਮਾਨ ਭਾਈਚਾਰਿਆਂ ਵਿਰੁੱਧ ਨਫ਼ਰਤ ਫੈਲਾਕੇ ਆਪਣੇ ਫਾਸ਼ੀਵਾਦੀ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਹਿੰਸਕ ਮਾਹੌਲ ਬਣਾ ਰਹੀ ਹੈ। ਹੋ ਸਕਦਾ ਹੈ ਦਹਿਸ਼ਤਗਰਦਾਂ ਨੇ ਸੈਲਾਨੀਆਂ ਦਾ ਧਰਮ ਪੁੱਛਕੇ ਗੋਲੀਆਂ ਮਾਰੀਆਂ ਹੋਣ, ਪਰ ਆਰਐੱਸਐੱਸ-ਭਾਜਪਾ ਦਾ ਪ੍ਰਚਾਰ ਤੰਤਰ ‘ਧਰਮ ਪੁੱਛਣ’ ਦਾ ਬਿਰਤਾਂਤ ਪ੍ਰਚਾਰਕੇ ਸਮੁੱਚੇ ਮੁਸਲਮਾਨ ਫਿਰਕੇ ਨੂੰ ਦਹਿਸ਼ਤਵਾਦ ਦਾ ਹਮਾਇਤੀ ਦੱਸਣ ਦੀ ਘਿਣਾਉਣੀ ਖੇਡ ਖੇਡ ਰਿਹਾ ਹੈ। ਸੋਸ਼ਲ ਮੀਡੀਆ ਪਲੈਟਫਾਰਮਾਂ ਉੱਪਰ ਮੁਸਲਮਾਨਾਂ ਵਿਰੁੱਧ ਕਿੰਨੀ ਡੂੰਘੀ ਨਫ਼ਰਤ ਫੈਲਾਈ ਜਾ ਰਹੀ ਹੈ, ਇਸਦਾ ਨਮੂਨਾ ਇਹ ‘ਸ਼ਰਧਾਂਜਲੀ’ ਸੰਦੇਸ਼ ਹੈ: ਆਜ ਸੇ ਸ਼ੁਰੂ ਕਰੋ ਜੋ ਉਨਹੋਨੇ ਕੀਯਾ/ਨਾਮ ਪੂਛੋ, ਪੇਟ ਪਰ ਲਾਤ ਮਾਰੋ/ਨਾਮ ਪੂਛੋ, ਕਾਮ ਸੇ ਨਿਕਾਲੋ/ਨਾਮ ਪੂਛੋ, ਸਮਾਨ ਮਤ ਖ਼ਰੀਦੋ/ਨਾਮ ਪੂਛੋ, ਟੈਕਸੀ ਕੈਂਸਲ ਕਰੋ/ਨਾਮ ਪੂਛੋ, ਔਰ ਪੂਰੀ ਤਰ੍ਹਾ ਸੇ ਬਹਿਸ਼ਕਾਰ ਕਰੋ/ਏਕ ਸੇ ਦੋ ਹਫ਼ਤੋਂ ਕੀ ਪ੍ਰੇਸ਼ਾਨੀ ਹੋਗੀ/ਲੇਕਿਨ ਨਤੀਜੇ ਬਹੁਤ ਅੱਛੇ ਆਏਂਗੇ। ਵਪਾਰੀ ‘ਬਾਬਾ’ ਰਾਮਦੇਵ ਦਾ ‘ਸ਼ਰਬਤ ਜਹਾਦ’ ਦਾ ਬਿਆਨ ਦਰਸਾਉਂਦਾ ਹੈ ਕਿ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕਿੰਨੀ ਤਰ੍ਹਾਂ ਦੇ ਭਗਵਾ ਲਸ਼ਕਰ ਆਪੋ ਆਪਣੇ ਮੋਰਚਿਆਂ ’ਤੇ ਸਰਗਰਮ ਹਨ।

ਇਹ ਕਾਂਡ ਵਾਪਰਦੇ ਸਾਰ ਹੀ ਮੋਦੀ ਸਾਊਦੀ ਅਰਬ ਦੇ ਦੌਰੇ ਤੋਂ ਤੁਰੰਤ ਵਾਪਸ ਆ ਗਿਆ, ਸਮੁੱਚੀ ਭਗਵਾ ਲੀਡਰਸ਼ਿੱਪ ਨੇ ਵੀ ਬਾਕੀ ਸਾਰੇ ‘ਰੁਝੇਵੇਂ’ ਛੱਡਕੇ ‘ਸਰਹੱਦ ਪਾਰਲੇ ਦਹਿਸ਼ਤਵਾਦ’ ਵਿਰੁੱਧ ਕਮਰ ਕੱਸ ਲਈ ਅਤੇ ਐਲਾਨ ਕਰ ਦਿੱਤਾ ਕਿ ਇਸ ਕਾਂਡ ਪਿੱਛੇ ‘ਟੀਆਰਐੱਫ’ (ਦੀ ਰਜਿਸਟੈਂਸ ਫਰੰਟ) ਦਾ ਹੱਥ ਹੋਣ ਦਾ ਸ਼ੱਕ ਹੈ ਜੋ ਕੱਟੜ ਇਸਲਾਮਿਕ ਧੜੇ ਲਸ਼ਕਰ-ਏ-ਤਾਇਬਾ ਵੱਲੋਂ ਆਪਣੇ ਤੋਂ ਧਿਆਨ ਹਟਾਉਣ ਲਈ ਖੜ੍ਹੀ ਕੀਤੀ ਗਈ ਓਹਲਾ ਜਥੇਬੰਦੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਚਾਰ ਜਾਂ ਛੇ ‘ਦਹਿਸ਼ਤਗਰਦਾਂ’ ਨੇ ਫ਼ੌਜੀ ਭੇਸ ਧਾਰਕੇ ਹਮਲਾ ਕੀਤਾ ਅਤੇ ਇਸ ਕਤਲੇਆਮ ਦੀ ਜ਼ਿੰਮੇਵਾਰੀ ‘ਰਜ਼ਿਸਟੈਂਸ ਫਰੰਟ’ ਵੱਲੋਂ ਲਈ ਗਈ ਹੈ। ਡੂੰਘਾਈ ਵਿਚ ਜਾਂਚ ਕੀਤੇ ਬਿਨਾਂ ਹੀ ਸਟੇਟ ਦੀਆਂ ਏਜੰਸੀਆਂ ਨੂੰ ਇਹ ਪਤਾ ਕਿਵੇਂ ਲੱਗ ਗਿਆ ਕਿ ਹਮਲਾ ਕਰਨ ਵਾਲੇ ਪਾਕਿਸਤਾਨੀ ਸਨ ਅਤੇ ਦੋ ਸਥਾਨਕ ਕਸ਼ਮੀਰੀਆਂ, ਆਨੰਤਨਾਗ ਦੇ ਆਦਿਲ ਗੁਰੀ ਅਤੇ ਪੁਲਵਾਮਾ ਦੇ ਅਹਿਸਾਨ, ਨੇ ਉਨ੍ਹਾਂ ਦੀ ਮੱਦਦ ਕੀਤੀ? ਇਸ ਬਹਾਨੇ ਹੁਣ ਕਸ਼ਮੀਰੀਆਂ ਦੇ ਘਰ ਢਾਹ ਕੇ ‘ਬੁਲਡੋਜ਼ਰ ਨਿਆਂ’ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਵੱਡੇ ਪੱਧਰ ’ਤੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ।

ਜੇ ਭਾਰਤੀ ਰਾਜ ਅਤੇ ਇਸ ਦੀਆਂ ਸੁਰੱਖਿਆ ਏਜੰਸੀਆਂ ਐਨੀਆਂ ਹੀ ਕਾਰਜ-ਕੁਸ਼ਲ ਹਨ ਕਿ ਕੁਝ ਘੰਟਿਆਂ ਵਿਚ ਹੀ ਦਹਿਸ਼ਤਵਾਦੀ ਕਾਂਡਾਂ ਲਈ ਜ਼ਿੰਮੇਵਾਰ ਤਾਕਤਾਂ ਦੀ ਸ਼ਨਾਖ਼ਤ ਕਰਨ ਦੇ ਸਮਰੱਥ ਹਨ ਤਾਂ ਪਹਿਲਗਾਮ ਜਾਂ ਪੁਲਵਾਮਾ ਵਰਗੇ ਹਮਲਿਆਂ ਨੂੰ ਰੋਕਣ ਲਈ ਅਗਾਊਂ ਕਦਮ ਕਿਉਂ ਨਹੀਂ ਚੁੱਕਦੀਆਂ? ਪੁਲਵਾਮਾ ਹਮਲੇ ਸਮੇਂ ਵੀ ਕਿਹਾ ਗਿਆ ਸੀ ਕਿ ਖ਼ੁਫੀਆ ਏਜੰਸੀਆਂ ਦੀ ਅਸਫ਼ਲਤਾ ਨਹੀਂ ਹੈ। ਫਰੰਟਲਾਈਨ ਰਸਾਲੇ ਵੱਲੋਂ ਤੱਥਾਂ ਦੀ ਛਾਣਬੀਣ ਕਰਨ ’ਤੇ ਇਹ ਸਾਹਮਣੇ ਆਇਆ ਸੀ ਕਿ ਏਜੰਸੀਆਂ ਕੋਲ ਹਮਲੇ ਦੇ ਖ਼ਦਸ਼ੇ ਦੀਆਂ 13 ਖ਼ੁਫ਼ੀਆ ਰਿਪੋਰਟਾਂ ਸਨ। ਫਿਰ ਹਮਲਾ ਕਿਵੇਂ ਹੋ ਗਿਆ? ਜੇ ਖ਼ੁਫ਼ੀਆ ਏਜੰਸੀਆਂ ਨੂੰ ਅਪ੍ਰੈਲ ਦੇ ਪਹਿਲੇ ਹਫ਼ਤੇ ਕੁਝ ਸੂਹ ਮਿਲ ਗਈ ਸੀ ਕਿ ‘ਸਰਹੱਦ ਪਾਰੋਂ ਦਹਿਸ਼ਤਗਰਦਾਂ’ ਨੇ ਘੁਸਪੈਠ ਕੀਤੀ ਹੈ ਅਤੇ ਉਨ੍ਹਾਂ ਵੱਲੋਂ ਕੁਝ ਹੋਟਲਾਂ ਦੀ ਛਾਣਬੀਣ ਕੀਤੀ ਗਈ ਹੈ, ਫਿਰ ਸੈਲਾਨੀਆਂ ਉੱਪਰ ਸੰਭਾਵੀ ਹਮਲੇ ਨੂੰ ਨਾਕਾਮ ਕਰਨ ਲਈ ਕੀ ਸੁਰੱਖਿਆ ਪੇਸ਼ਬੰਦੀ ਕੀਤੀ ਗਈ? ਐਨੀ ਵੱਡੀ ਗਿਣਤੀ ਵਿਚ ਗਏ ਸੈਲਾਨੀਆਂ ਨੂੰ ਮੁੱਢਲੀ ਸੁਰੱਖਿਆ ਵੀ ਮੁਹੱਈਆ ਕਿਉਂ ਨਹੀਂ ਕਰਵਾਈ ਗਈ? ਕੀ ਹਮਲੇ ਹੋਣ ਦੀ ਖੁੱਲ੍ਹ ਜਾਣ-ਬੁੱਝਕੇ ਦਿੱਤੀ ਜਾਂਦੀ ਹੈ ਤਾਂ ਜੋ ਲਾਸ਼ਾਂ ਉੱਪਰ ਭਾਜਪਾ ਘਿਣਾਉਣੀ ਸਿਆਸਤ ਕਰ ਸਕੇ? ਕੀ ਸਾਰਾ ਦੋਸ਼ ਪਾਕਿਸਤਾਨ ਉੱਪਰ ਮੜ੍ਹਕੇ ਭਗਵਾ ਹਕੂਮਤ ਜਵਾਬਦੇਹੀ ਤੋਂ ਮੁਕਤ ਹੋ ਸਕਦੀ ਹੈ? ਸਵਾਲ ਤਾਂ ਇਹ ਵੀ ਹੈ ਕਿ ਅਜਿਹੇ ਕਾਂਡ ਭਾਜਪਾ ਦੇ ਰਾਜ ਵਿਚ ਹੀ ਕਿਉਂ ਵਾਪਰਦੇ ਹਨ। ਕੀ ਅਜਿਹੇ ਕਤਲੇਆਮ ‘ਹਿੰਦੂ ਅੱਤਵਾਦੀ’ ਕਰਦੇ ਹਨ ਜਿਵੇਂ ਅਮਰੀਕਾ ਦੀ ਸਾਬਕਾ ਸੈਕਟਰੀ ਆਫ ਸਟੇਟ ਮੈਡੇਲੀਨ ਅਲਬਰਾਈਟ ਨੇ ਆਪਣੀ ਕਿਤਾਬ ‘ਦੀ ਮਾਈਟੀ ਅਤੇ ਦੀ ਅਲਮਾਈਟੀ’ ਦੀ ਆਦਿਕਾ ਵਿਚ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਹਵਾਲੇ ਨਾਲ ਲਿਖਿਆ ਸੀ ਕਿ ਚਿੱਠੀ ਸਿੰਘਪੁਰਾ ਵਿਚ 38 ਸਿੱਖਾਂ ਦੇ ਕਤਲੇਆਮ ਲਈ ‘ਹਿੰਦੂ ਅੱਤਵਾਦੀ’ ਜ਼ਿੰਮੇਵਾਰ ਹਨ?

ਗੋਦੀ ਮੀਡੀਆ ਆਪਣੀ ਖ਼ਸਲਤ ਅਨੁਸਾਰ ਅਖਾਉਤੀ ਮਾਹਰਾਂ (ਸਾਬਕਾ ਫ਼ੌਜੀ ਅਧਿਕਾਰੀਆਂ ਜਾਂ ਆਪੇ ਬਣੇ ‘ਸੁਰੱਖਿਆ ਮਾਹਰਾਂ’) ਨੂੰ ਸ਼ਾਮਲ ਕਰਕੇ ਇਹ ਜਨੂੰਨ ਭੜਕਾਉਣ ਵਿਚ ਸ਼ਾਮਲ ਹੈ ਅਤੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਇਕ ਹੋਰ ‘ਸਰਜੀਕਲ ਸਟਰਾਈਕ’ ਕਰਨ ਦੇ ਜੰਗਬਾਜ਼ ਸੱਦੇ ਦੇ ਰਿਹਾ ਹੈ। ਆਪਣੇ 23 ਅਪ੍ਰੈਲ ਦੇ ਭਾਸ਼ਣ ਵਿਚ ਮੋਦੀ ਨੇ ਪਾਕਿਸਤਾਨ ਦਾ ਨਾਂ ਲਏ ਬਗੈਰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਅਤੇ ਦਹਿਸ਼ਤੀਆਂ ਦੇ ਸੁਰਖਿਅਤ ਅੱਡੇ ਮਿੱਟੀ ’ਚ ਮਿਲਾ ਦੇਣ ਦਾ ਵਾਅਦਾ ਕੀਤਾ ਹੈ। ਮੋਦੀ-ਸ਼ਾਹ ਵਜ਼ਾਰਤ ਨੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਪੁਰਾਣੇ ਸਮਝੌਤੇ ਤਹਿਤ ਜਾ ਰਿਹਾ ਦਰਿਆਈ ਪਾਣੀ ਬੰਦ ਕਰਨ, ਪਾਕਿਸਤਾਨੀ ਦੂਤਾਵਾਸ ਦੇ ਅਧਿਕਾਰੀਆਂ ਅਤੇ ਪਾਕਿਸਤਾਨੀ ਨਾਗਰਿਕਾਂ ਨੂੰ ਭਾਰਤ ਵਿੱਚੋਂ ਨਿਕਲ ਜਾਣ ਵਰਗੇ ਆਦੇਸ਼ ਦੇ ਕੇ ਅਤੇ ਪਾਕਿਸਤਾਨੀ ਯੂ ਟਿਊਬ ਚੈਨਲਾਂ ਉੱਪਰ ਪਾਬੰਦੀ ਲਾ ਕੇ ਆਪਣੇ ਰਾਸ਼ਟਰਵਾਦੀ ਵੋਟ ਬੈਂਕ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸਰਕਾਰ ਇਸ ਕਾਂਡ ਲਈ ਜ਼ਿੰਮੇਵਾਰ ਤਾਕਤਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਦ੍ਰਿੜ ਹੈ। ਨਿਰਸੰਦੇਹ ਪਾਕਿਸਤਾਨੀ ਰਾਜ ਕੱਟੜ ਇਸਲਾਮੀ ਤਾਕਤਾਂ ਦੀ ਪੁਸ਼ਤਪਨਾਹੀ ਕਰਦਾ ਹੈ। ਪਾਕਿਸਤਾਨੀ ਹਕੂਮਤ ਨੂੰ ਠੋਸ ਸਬੂਤਾਂ ਨਾਲ ਕੌਮਾਂਤਰੀ ਪੱਧਰ ’ਤੇ ਨਿਖੇੜਨ ਦੀ ਬਜਾਏ ਭਾਜਪਾ ਦਾ ਇਹ ਜੰਗਬਾਜ਼ ਪੈਂਤੜਾ ਦੋਹਾਂ ਮੁਲਕਾਂ ਦੇ ਸੰਬੰਧਾਂ ਨੂੰ ਜਾਣ-ਬੁੱਝਕੇ ਹੋਰ ਵਿਗਾੜਨ ਵਾਲਾ ਹੈ। ਜਿੱਥੋਂ ਤੱਕ ਦਰਿਆਈ ਪਾਣੀਆਂ ਦਾ ਸਵਾਲ ਹੈ, ਪਾਕਿਸਤਾਨ ਦਾ ਸਿੰਜਾਈ ਪ੍ਰਬੰਧ ਜ਼ਿਆਦਾਤਰ ਦਰਿਆਈ ਪਾਣੀਆਂ ਉੱਪਰ ਨਿਰਭਰ ਹੋਣ ਕਾਰਨ ਇਸ ਨਾਲ ਲੰਮੇ ਸਮੇਂ ’ਚ ਉੱਥੋਂ ਦੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਮਾਹਰਾਂ ਅਨੁਸਾਰ ਫੌਰੀ ਤੌਰ ’ਤੇ ਇਸਦਾ ਪਾਕਿਸਤਾਨ ਨੂੰ ਜਾ ਰਹੇ ਪਾਣੀ ਉੱਪਰ ਕੋਈ ਖ਼ਾਸ ਅਸਰ ਨਹੀਂ ਪਵੇਗਾ। ਅਜਿਹੇ ਕਦਮਾਂ ਨਾਲ ਦੋਹਾਂ ਮੁਲਕਾਂ ਦੇ ਸੰਬੰਧ ਹੋਰ ਵਿਗੜਨਗੇ ਅਤੇ ਆਮ ਲੋਕਾਂ ਨੂੰ ਹੋਰ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਜੰਮੂ-ਕਸ਼ਮੀਰ ਨੂੰ ਦਹਾਕਿਆਂ ਤੋਂ ਫ਼ੌਜੀ ਛਾਉਣੀ ਬਣਾਏ ਹੋਣ ਦੇ ਬਾਵਜੂਦ ਪੂਰਾ ਸੁਰੱਖਿਆ ਅਤੇ ਸੂਹੀਆਤੰਤਰ ਸੈਲਾਨੀਆਂ ਨੂੰ ਸੁਰੱਖਿਆ ਦੇਣ ਚ ਅਸਫ਼ਲ ਕਿਉਂ ਰਿਹਾ? ਇਸ ਲਈ ਕੌਣ ਜ਼ਿੰਮੇਵਾਰ ਹੈ, ਪਾਕਿਸਤਾਨ ਨੂੰ ਸਬਕ ਸਿਖਾਉਣ ਦੇ ਐਲਾਨਾਂ ਦੇ ਕੰਨ-ਪਾੜਵੇਂ ਸ਼ੋਰ ਹੇਠ ਇਨ੍ਹਾਂ ਸਵਾਲਾਂ ਨੂੰ ਦਬਾਇਆ ਜਾ ਰਿਹਾ ਹੈ। ਇਸ ਬੇਹੱਦ ਸੰਵੇਦਨਸ਼ੀਲ ਮੌਕੇ ’ਤੇ ਕੱਟੜ ਇਸਲਾਮਿਕ ਦਹਿਸ਼ਤਵਾਦੀ ਗਰੁੱਪਾਂ ਨੂੰ ਪਾਲਣ-ਪੋਸਣ ’ਚ ਅਤੇ ਕਸ਼ਮੀਰ ਮਸਲੇ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਵਰਤਣ ’ਚ ਪਾਕਿਸਤਾਨ ਦੀ ਹੁਕਮਰਾਨ ਜਮਾਤ ਦੀ ਲੋਕ-ਦੁਸ਼ਮਣ ਭੂਮਿਕਾ ਦੀ ਗੱਲ ਕਰਦਿਆਂ ਸਾਨੂੰ ਭਾਰਤੀ ਹਾਕਮ ਜਮਾਤ ਵੱਲੋਂ ਕਸ਼ਮੀਰੀ ਲੋਕਾਂ ਨਾਲ ਦਹਾਕਿਆਂ ਤੋਂ ਕੀਤੀ ਜਾ ਰਹੀਆਂ ਵਧੀਕੀਆਂ, ਅਤੇ ਖ਼ਾਸ ਕਰਕੇ ਆਰਐੱਸਐੱਸ-ਭਾਜਪਾ ਹਕੂਮਤ ਵੱਲੋਂ ਸਮੁੱਚੇ ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲਕੇ ਕਸ਼ਮੀਰ ਦੀ ਨਿਆਰੀ ਹਸਤੀ ਮਿਟਾਉਣ ਦੀ ਨੀਤੀ ਨੂੰ ਹਰਗਿਜ਼ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਜਿਸਨੇ ਕਸ਼ਮੀਰੀਆਂ ਨੂੰ ਹੋਰ ਜ਼ਿਆਦਾ ਬੇਗਾਨਗੀ ਅਤੇ ਅਲਹਿਦਗੀ ਵੱਲ ਧੱਕਿਆ ਹੈ।

ਨਾ ਮੋਦੀ-ਸ਼ਾਹ ਵਜ਼ਾਰਤ ਨੇ ਮਨੀਪੁਰ ਦੇ ਕਤਲੇਆਮ ’ਚ ਆਪਣੀ ਨੀਤੀ ਦੀ ਭੂਮਿਕਾ ਨੂੰ ਸਵੀਕਾਰਿਆ, ਨਾ ਹੁਣ ਇਹ




ਆਪਣੀ ਕਸ਼ਮੀਰ ਨੀਤੀ ਵੱਲੋਂ ਮਚਾਈ ਤਬਾਹੀ ਦੀ ਜ਼ਿੰਮੇਵਾਰੀ ਲੈਣਗੇ। ਭਾਜਪਾ ਆਗੂਆਂ ਨੇ ਸੁਰੱਖਿਆ ’ਚ ਕੋਤਾਹੀ ਦਾ ਠੀਕਰਾ ਕਸ਼ਮੀਰ ਸਰਕਾਰ ਸਿਰ ਭੰਨਣ ਦੀ ਕੋਸ਼ਿਸ਼ ਵੀ ਕੀਤੀ ਜਦਕਿ ਇਹ ਜੱਗ ਜ਼ਾਹਰ ਹੈ ਕਿ 2019 ਤੋਂ ਲੈ ਕੇ ਜੰਮੂ-ਕਸ਼ਮੀਰ ਦੇ ਪ੍ਰਸ਼ਾਸਨ ਦਾ ਸੰਚਾਲਨ ਕੇਂਦਰ ਸਰਕਾਰ ਵੱਲੋਂ ਥੋਪੇ ਨੌਕਰਸ਼ਾਹ ਕਰ ਰਹੇ ਹਨ। ਪਾਕਿਸਤਾਨ ਦਾ ਹੱਥ ਹੋਣ ਦੇ ਬਿਰਤਾਂਤ ਦੀ ਓਟ ਲੈ ਕੇ ਭਗਵਾ ਹਕੂਮਤ ਜਵਾਬਦੇਹੀ ਤੋਂ ਬਚ ਨਹੀਂ ਸਕਦੀ। ਪੰਜ ਸਾਲ ਤੋਂ ਹਕੂਮਤ ਦਾਅਵਾ ਕਰ ਰਹੀ ਹੈ ਕਿ 2019 ’ਚ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਅਤੇ ਦਹਿਸ਼ਤਵਾਦ ਦਾ ਲੱਕ ਤੋੜਕੇ ਇਸਨੇ ਕਸ਼ਮੀਰ ਦਾ ਮਸਲਾ ‘ਹਮੇਸ਼ਾ ਲਈ ਹੱਲ’ ਕਰ ਦਿੱਤਾ ਹੈ ਅਤੇ ਕਸ਼ਮੀਰ ਵਿਚ ਸ਼ਾਂਤੀ ਅਤੇ ਤਰੱਕੀ ਦਾ ਨਵਾਂ ਯੁਗ ਸ਼ੁਰੂ ਹੋ ਗਿਆ ਹੈ। ਹਿੰਦੂ ਰਾਸ਼ਟਰਵਾਦ ਦੇ ਜ਼ਹਿਰੀਲੇ ਪ੍ਰਚਾਰ ਦੇ ਡੰਗੇ ਅਤੇ ਇਨ੍ਹਾਂ ਹਕੂਮਤੀ ਦਾਅਵਿਆਂ ਨਾਲ ਨਸ਼ਿਆਏ ਹਿੰਦੂ ਜਨੂੰਨੀ ਟੋਲੇ ਕਸ਼ਮੀਰੀਆਂ ਨੂੰ ਜ਼ਲੀਲ ਕਰਨ ਲਈ ਸੋਸ਼ਲ ਮੀਡੀਆ ਉੱਪਰ ਇਹ ਜਸ਼ਨੀਂ ਐਲਾਨ ਕਰਦੇ ਦੇਖੇ ਗਏ ਕਿ ਹੁਣ ਉਹ ਕਸ਼ਮੀਰ ਘਾਟੀ ’ਚ ਜਾ ਕੇ ਪਲਾਟ ਖ਼ਰੀਦ ਸਕਣਗੇ ਅਤੇ ਕਸ਼ਮੀਰੀਆਂ ਕੁੜੀਆਂ ਨਾਲ ਵਿਆਹ ਕਰਾਉਣਗੇ। ਸੰਘ ਬਰਗੇਡ, ਜੋ ਆਰਥਕ-ਸਮਾਜਿਕ ਬੇਚੈਨੀ ’ਚੋਂ ਪੈਦਾ ਹੋਏ ਹਰ ਮਸਲੇ ਨੂੰ ‘ਰਾਸ਼ਟਰੀ ਸੁਰੱਖਿਆ’ ਦਾ ਮਸਲਾ ਬਣਾ ਕੇ ਸਟੇਟ ਦੀ ਹਥਿਆਰਬੰਦ ਤਾਕਤ ਦੇ ਜ਼ੋਰ ਕੁਚਲਣ ਦਾ ਸ਼ੁਕੀਨ ਹੈ, ਵੱਲੋਂ ਲਿਆਂਦੀ ‘ਸ਼ਾਂਤੀ’ ਦੇ ਭਰਮਾਏ ਸੈਲਾਨੀਆਂ ਨੂੰ ਇਸਦਾ ਮੁੱਲ ਆਪਣੀਆਂ ਜਾਨਾਂ ਗਵਾ ਕੇ ਤਾਰਨਾ ਪਿਆ ਹੈ। ਹਜ਼ਾਰਾਂ ਸੈਲਾਨੀਆਂ ਦੀ ਸੁਰੱਖਿਆ ਲਈ ਉੱਥੇ ਨੇੜੇ-ਤੇੜੇ ਵੀ ਕੋਈ ਸੁਰੱਖਿਆ ਟੁਕੜੀ ਨਹੀਂ ਸੀ। ਪਿਛਲੇ ਸਮੇਂ ’ਚ ਆਮ ਲੋਕਾਂ ਉੱਪਰ ‘ਦਹਿਸ਼ਤਗਰਦ’ ਹਮਲੇ ਵਧੇ ਹਨ। ਸੈਲਾਨੀਆਂ ਦਾ ਕਤਲੇਆਮ ਉਨ੍ਹਾਂ ਹਮਲਿਆਂ ਦੀ ਅਗਲੀ ਕੜੀ ਹੈ। ਕੀ ਇਸਦੀ ਮੁੱਖ ਜ਼ਿੰਮੇਵਾਰ ਆਰਐੱਸਐੱਸ-ਭਾਜਪਾ ਨਹੀਂ ਹੈ ਜਿਸਨੇ ਸੈਲਾਨੀਆਂ ਨੂੰ ਗੁੰਮਰਾਹ ਕਰਕੇ ਖ਼ਤਰੇ ਦੇ ਮੂੰਹ ਧੱਕਿਆ, ਜਾਂ ਜਾਣ-ਬੁੱਝਕੇ ਉੱਥੋਂ ਸੁਰੱਖਿਆ ਹਟਾ ਦਿੱਤੀ ਤਾਂ ਜੋ ਅਜਿਹਾ ਕੋਈ ਕਾਂਡ ਵਾਪਰਨ ਦੀ ਸੂਰਤ ’ਚ ਇਸਦਾ ਲਾਹਾ ਲਿਆ ਜਾ ਸਕੇ?

ਹਰ ਅਮਨਪਸੰਦ ਇਨਸਾਨ ਚਾਹੁੰਦਾ ਹੈ ਕਿ ਅਜਿਹੇ ਘਿਣਾਉਣੇ ਜੁਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਮਿਲੇ ਅਤੇ ਇਸ ਪਿੱਛੇ ਕੰਮ ਕਰਦੀਆਂ ਇਨਸਾਨੀਅਤ ਵਿਰੋਧੀ ਤਾਕਤਾਂ ਦੇ ਖ਼ੂਨੀ ਚਿਹਰੇ ਬੇਪਰਦ ਹੋਣ। ਸਭ ਨੂੰ ਪਤਾ ਹੈ ਕਿ ਚਾਹੇ ਚਿੱਠੀਸਿੰਘ ਪੁਰਾ ਹੋਵੇ, ਗੋਧਰਾ ਅੱਗਜ਼ਨੀ ਕਾਂਡ ਹੋਵੇ, ਪਾਰਲੀਮੈਂਟ ਉੱਪਰ ਹਮਲਾ ਹੋਵੇ ਜਾਂ ਪੁਲਵਾਮਾ, ਭਾਜਪਾ ਦੇ ਰਾਜ ਵਿਚ ਹੋਏ ਕਿਸੇ ਵੀ ਕਤਲੇਆਮ ਦੀ ਸਹੀ ਜਾਂਚ ਨਹੀਂ ਕਰਵਾਈ ਜਾਂਦੀ। ਹੁਣ ਵੀ ਇਹੀ ਵਾਪਰੇਗਾ। ਇਸ ਕਤਲੇਆਮ ਦਾ ਰਾਜਨੀਤਕ ਲਾਹਾ ਲਿਆ ਜਾਵੇਗਾ ਅਤੇ ਫਿਰ ਭਗਵਾ ਬਰਗੇਡ ਮੁਸਲਮਾਨਾਂ/ਕਸ਼ਮੀਰੀਆਂ ਵਿਰੁੱਧ ਕੋਈ ਹੋਰ ਮੁੱਦਾ ਖੜ੍ਹਾ ਕਰ ਲਵੇਗਾ। ਪਰ ਜੋ ਮਾਰੇ ਗਏ, ਉਨ੍ਹਾਂ ਨੂੰ ਨਿਆਂ ਦੇਣ ਦਾ ਸਵਾਲ ਅਤੇ ਅਸਲ ਮੁਜਰਮਾਂ ਨੂੰ ਬੇਪੜਦ ਕਰਨ ਦਾ ਸਵਾਲ ਪਹਿਲਾਂ ਵਾਂਗ ਹੀ ਬੇਹੱਲ ਰਹੇਗਾ। ਅਜਿਹਾ ਜ਼ਹਿਰੀਲਾ ਜੰਗਬਾਜ਼ ਪ੍ਰਚਾਰ ਭਾਰਤ ਅਤੇ ਪਾਕਿਸਤਾਨ ਦੋਹਾਂ ਹਕੂਮਤਾਂ ਨੂੰ ਰਾਸ ਆਉਂਦਾ ਹੈ। ‘ਰਾਸ਼ਟਰੀ ਹਿਤ’ ਦੋਹਾਂ ਹਕੂਮਤਾਂ ਲਈ ਆਪੋ ਆਪਣੇ ਮੁਲਕ ਦੇ ਆਰਥਕ ਤੇ ਹੋਰ ਮਸਲਿਆਂ ਤੋਂ ਧਿਆਨ ਭਟਕਾਉਣ ਲਈ ਬਹੁਤ ਕਾਰਗਰ ਸੰਦ ਹੈ ਅਤੇ ਇਸ ਨੂੰ ਬਖ਼ੂਬੀ ਵਰਤਿਆ ਜਾ ਰਿਹਾ ਹੈ।

ਮੀਡੀਆ ਰਿਪੋਰਟਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਤੋਂ ਸਪਸ਼ਟ ਹੈ ਕਿ ਇਸ ਕਾਂਡ ਤੋਂ ਬਾਅਦ ਕਸ਼ਮੀਰੀਆਂ ਨੇ ਜ਼ਖ਼ਮੀਆਂ ਅਤੇ ਹੋਰ ਸੈਲਾਨੀਆਂ ਦੀ ਤਹਿ-ਦਿਲੋਂ ਹਮਦਰਦੀ ਨਾਲ ਮੱਦਦ ਕੀਤੀ ਅਤੇ ਉਹ ਵੱਡੀ ਗਿਣਤੀ ’ਚ ਸੜਕਾਂ ’ਤੇ ਆ ਕੇ ਇਸ ਕਤਲੇਆਮ ਦਾ ਵਿਰੋਧ ਕਰ ਰਹੇ ਹਨ। ਖ਼ੁਦ ਸੈਲਾਨੀਆਂ ਨੇ ਕਸ਼ਮੀਰੀਆਂ ਦੀ ਮਹਿਮਾਨਨਿਵਾਜ਼ੀ ਅਤੇ ਇਸ ਸੰਕਟ ਦੀ ਘੜੀ ਦਿਖਾਈ ਇਨਸਾਨੀਅਤ ਨੂੰ ਬੇਹੱਦ ਸਲਾਹਿਆ ਹੈ। ਇਸਦੇ ਬਾਵਜੂਦ, ਸੰਘ ਪਰਿਵਾਰ ਅਤੇ ਇਸਦਾ ਪ੍ਰਚਾਰਤੰਤਰ ਕਸ਼ਮੀਰੀਆਂ ਵਿਰੁੱਧ ਨਫ਼ਰਤ ਫੈਲਾਉਣ ਲਈ ਪੂਰੀ ਬੇਸ਼ਰਮੀਂ ਨਾਲ ਸਰਗਰਮ ਹੈ। ਸੋਸ਼ਲ ਮੀਡੀਆ ਉੱਪਰ ਜਿਨਸੀ ਹਿੰਸਾ ਵਾਲੇ ਸੰਦੇਸ਼ਾਂ ਦੀ ਭਰਮਾਰ ਹੈ। ਨਤੀਜੇ ਵੀ ਸਪਸ਼ਟ ਹਨ। ਮੁਲਕ ਦੇ ਵੱਖ-ਵੱਖ ਹਿੱਸਿਆਂ ’ਚੋਂ ਕਸ਼ਮੀਰੀ ਵਿਦਿਆਰਥੀਆਂ ਉੱਪਰ ਹਮਲਿਆਂ ਦੀਆਂ ਬੇਹੱਦ ਚਿੰਤਾਜਨਕ ਰਿਪੋਰਟਾਂ ਆ ਰਹੀਆਂ ਹਨ। ਪੁਲਵਾਮਾ ਹਮਲੇ ਤੋਂ ਬਾਅਦ ਵੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਕਸ਼ਮੀਰੀਆਂ ਨੂੰ ਜਿਸਮਾਨੀ ਹਮਲਿਆਂ, ਮਕਾਨ ਖਾਲੀ ਕਰਨ ਦੀਆਂ ਧਮਕੀਆਂ ਅਤੇ ਹੋਰ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਉਨ੍ਹਾਂ ਉੱਪਰ ਗ਼ਦਾਰ ਅਤੇ ਦਹਿਸ਼ਤਗਰਦ ਦਾ ਠੱਪਾ ਲਾਇਆ ਗਿਆ ਸੀ। ਹੁਣ ਵੀ ਉਸੇ ਤਰ੍ਹਾਂ ਦੀ ਮੁਹਿੰਮ ਵਿੱਢ ਦਿੱਤੀ ਗਈ ਹੈ। ਸ੍ਰੀਨਗਰ ਆਧਾਰਤ ਵਿਦਿਆਰਥੀ ਜਥੇਬੰਦੀ, ਜੰਮੂ-ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੰਜਾਬ, ਹਿਮਾਂਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਖੰਡ ਅਤੇ ਜੰਮੂ ਵਿੱਚੋਂ ਕਸ਼ਮੀਰੀ ਵਿਦਿਆਰਥੀਆਂ, ਖ਼ਾਸ ਕਰਕੇ ਲੜਕੀਆਂ ਦੇ ਰੋਜ਼ਾਨਾ 600 ਤੋਂ ਲੈ ਕੇ 700 ਫੋਨ ਆ ਰਹੇ ਹਨ। ਆਪਣੇ ਬਚਾਅ ਲਈ ਉਨ੍ਹਾਂ ਨੇ ਖ਼ੁਦ ਨੂੰ ਹੋਸਟਲਾਂ ਜਾਂ ਕਿਰਾਏ ਦੇ ਕਮਰਿਆਂ ਵਿਚ ਬੰਦ ਕਰ ਲਿਆ ਹੈ ਅਤੇ ਉਹ ਬੇਹੱਦ ਜ਼ਰੂਰੀ ਕੰਮ ਲਈ ਵੀ ਬਾਹਰ ਨਹੀਂ ਨਿਕਲ ਸਕਦੇ। ਫਿਰਕੂ ਅਨਸਰ ਉਨ੍ਹਾਂ ਦੇ ਦਰਵਾਜ਼ੇ ਭੰਨਦੇ ਹੋਏ ਗੰਦੀਆਂ ਗਾਹਲਾਂ ਕੱਢਦੇ ਹਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਇਨ੍ਹਾਂ ਧਮਕੀਆਂ ਤੋਂ ਭੈਭੀਤ ਇਹ ਲੜਕੀਆਂ ਸੁਰੱਖਿਆ ਲਈ ਮੱਦਦ ਦੀ ਮੰਗ ਕਰਦੀਆਂ ਹਨ। ਦਿੱਲੀ ਦੇ ਕੁਝ ਨਿਊਜ਼ ਰੂਮਾਂ ਵਿਚ ਵੀ ਕਸ਼ਮੀਰੀ ਪੱਤਰਕਾਰਾਂ ਨੂੰ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਕਰਨ ਦੀਆਂ ਰਿਪੋਰਟਾਂ ਹਨ।

ਭਾਰਤ ਦੇ ਲੋਕਾਂ ਨੂੰ ਹੁਕਮਰਾਨ ਭਾਜਪਾ ਦੇ ਜ਼ਹਿਰੀਲੇ ਰਾਸ਼ਟਰਵਾਦੀ ਪ੍ਰਚਾਰ ਦੇ ਵਹਿਣ ’ਚ ਵਗਣ ਦੀ ਬਜਾਏ ਅਜਿਹੀ ਨਾਜ਼ੁਕ ਘੜੀ ਅਤਿਅੰਤ ਸੂਝ ਤੋਂ ਕੰਮ ਲੈਂਦਿਆਂ ਭਾਜਪਾ-ਸੰਘ ਦੀ ਪਾਟਕ-ਪਾਊ ਸਿਆਸਤ ਤੋਂ ਬਚਣਾ ਚਾਹੀਦਾ ਹੈ ਅਤੇ ਨਿਰਪੱਖ ਕੌਮਾਂਤਰੀ ਜਾਂਚ ਲਈ ਦਬਾਅ ਪਾਉਣਾ ਚਾਹੀਦਾ ਹੈ ਤਾਂ ਜੋ ਇਹ ਸਾਹਮਣੇ ਆਵੇ ਕਿ ਇਸ ਵਿਚ ਗੁਆਂਢੀ ਪਾਕਿਸਤਾਨ ਸਰਕਾਰ ਦਾ ਕਿੰਨਾ ਹੱਥ ਹੈ ਅਤੇ ਇਸ ਵਿਚ ਭਾਜਪਾ ਦੇ ਕਸ਼ਮੀਰ ਨੀਤੀ ਦੀ ਕੀ ਭੂਮਿਕਾ ਹੈ।



# ਇਕ-ਦੂਜੇ ਤੋਂ ਨਿਖੜ ਰਿਹੈ ਅੱਜ ਦਾ ਮਨੁੱਖ



ਸੁਖਵਿੰਦਰ ਲੀਲ੍ਹ,
ਲੁਧਿਆਣਾ

ਅੱਜ ਦਾ ਮਨੁੱਖ ਇਸ ਤੇਜ ਰਫਤਾਰ ਜ਼ਿੰਦਗੀ ਨਾਲ ਕਦਮ ਮਿਲਾਉਣ ਦੇ ਚੱਕਰ ਵਿੱਚ ਜਾਣੇ ਅਣਜਾਣੇ ਬਹੁਤ ਸਾਰੀਆਂ ਮਾਨਸਿਕ ਉਲਝਣਾ ਵਿੱਚ ਫਸਦਾ ਜਾ ਰਿਹਾ ਹੈ। ਉਹ ਆਪਣੀ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਵੇਖਦਾ ਅਤੇ ਵਧੇਰੇ ਪੈਸਾ ਕਮਾਉਣ ਦੀ ਖਾਤਰ ਕਈ ਵਾਰੀ ਮਾੜਾ ਰਸਤਾ ਵੀ ਅਖਤਿਆਰ ਕਰ ਬੈਠਦਾ ਹੈ। ਵਿਗਿਆਨ ਦੇ ਇਸ ਯੁੱਗ ਅੰਦਰ ਬੱਚਿਆਂ ਤੋਂ ਬੁੱਢਿਆਂ ਤੱਕ ਹਰ ਕੋਈ ਹੱਥਾਂ ਵਿੱਚ ਫੜੇ ਮੁਬਾਇਲਾਂ ਦੀ ਬੁਰੀ ਤਰਾਂ ਗ੍ਰਿਫਤ ਵਿੱਚ ਆ ਚੁੱਕਿਆ ਹੈ। ਘਰ ਦੀ ਚਾਰਦਿਵਾਰੀ ਅੰਦਰ ਬੈਠਿਆਂ ਵੀ ਹਰ ਪਰਿਵਾਰ ਦਾ ਮੈਂਬਰ ਇਕੱਠੇ ਬੈਠਣ ਦੇ ਬਾਵਜ਼ੂਦ ਦੂਸਰੇ ਤੋਂ ਦੂਰ ਹੋ ਚੁੱਕੇ ਹਨ। ਦੂਸਰੇ ਪਾਸੇ ਅੱਜ ਦੇ ਮੁਕਾਬਲੇ ਪੁਰਾਣੇ ਸ਼ਮਿਆ ਵਿੱਚ ਭਾਵੇਂ ਮਨੁੱਖ ਦੀਆਂ ਜਿਉਣ ਹਾਲਤਾਂ ਬਹੁਤੀਆਂ ਵਧੀਆ ਨਹੀਂ ਸਨ,ਪਰ ਇਸ ਸਭ ਦੇ ਬਾਵਜੂਦ ਮਨੁੱਖ ਅੰਦਰ ਮਾਨਸਿਕ ਸ਼ੰਤੁਸਟੀ ਅਤੇ ਆਪਸੀ ਪ੍ਰੇਮ ਪਿਆਰ ਭਾਵਨਾ ਬਹੁਤ ਜਿਆਦਾ ਸੀ। ਜਿਸ ਦੇ ਚੱਲਦੇ ਉਹ ਆਪਣੀਆਂ ਦੁੱਖ ਤਕਲੀਫਾਂ ਨੂੰ ਦੂਸਰਿਆਂ ਨਾਲ ਸਾਂਝੀਆਂ ਕਰ ਕੇ ਘਟਾ ਲਿਆ ਕਰਦਾ ਸੀ। ਉਹ ਆਪਣੇ ਆਲੇ ਦੁਆਲੇ ਨਾਲ ਘੁਲ-ਮਿਲ ਕੇ ਕੁਦਰਤ ਦੇ ਨੇੜੇ ਰਹਿੰਦਾ ਆਪਣੀ ਘਰੇਲੂ ਜ਼ਿੰਦਗੀ ਤੋਂ ਸੰਤੁਸਟ ਅਰਾਮਦਾਇਕ ਤਰੀਕੇ ਨਾਲ ਜ਼ਿੰਦਗੀ ਬਤੀਤ ਕਰਦਾ ਸੀ। ਉਹ ਆਪਣੇ ਸੱਭਿਆਚਾਰ ਤੇ ਸਮਾਜਿਕ ਗਤੀਵਿਧੀਆਂ ਦੇ ਦਾਇਰੇ ਅੰਦਰ ਰਹਿੰਦਾ ਹੋਇਆ, ਉਸ ਸਮੇਂ ਮੌਜ਼ੂਦ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਵਿੱਚ ਹੀ ਖੁਸ਼ੀ ਪ੍ਰਾਪਤ ਕਰ ਲਿਆ ਕਰਦਾ ਸੀ। ਮਨੁੱਖ ਦੀਆਂ ਜਿਆਦਾਤਰ ਜਰੂਰਤਾਂ ਸਾਂਝੀਆਂ ਹੋਣ ਕਾਰਨ ਆਪਸ ਵਿੱਚ ਇੱਕ ਦੂਸਰੇ ਨਾਲ ਮਿਲ ਕੇ ਪੂਰੀਆਂ ਹੋ ਜਾਦੀਆਂ ਸਨ। ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਬਹੁਤੀ ਭੱਜ ਦੌੜ ਕਰਨ ਦੀ ਜਰੂਰਤ ਨਹੀਂ ਪੈਂਦੀ ਸੀ। ਇੱਕੋ ਪਿੰਡ ਦੇ ਲੋਕ ਇੱਕ ਘਰ ਪਰਿਵਾਰ ਵਾਂਗ ਰਹਿੰਦੇ ਸਨ।

ਸਾਂਝੇ ਪਰਿਵਾਰਾਂ ਦੇ ਚੱਲਦੇ ਬੱਚੇ ਦਾਦਾ-ਦਾਦੀ ਦੀ ਦੇਖ-ਰੇਖ ਹੇਠ ਕਦੋਂ ਜਵਾਨ ਹੋ ਜਾਂਦੇ ਮਾਂ ਬਾਪ ਨੂੰ ਬਹੁਤਾ ਪਤਾ ਨਹੀਂ ਚੱਲਦਾ ਸੀ। ਘਰਾਂ ਵਿੱਚ ਇਕੱਠੇ ਰਹਿੰਦੇ ਬੱਚਿਆਂ ਵੱਲੋਂ ਪਰਿਵਾਰਾਂ ਦੀ ਆਮ ਗੱਲਬਾਤ ਰਾਹੀਂ ਹੀ ਇਤਿਹਾਸਕ ਜਾਣਕਾਰੀ ਹਾਸਲ ਕਰ ਲਈ ਜਾਂਦੀ ਸੀ। ਪਿੰਡਾਂ ਅੰਦਰ ਭਾਈਚਾਰਕ ਸਾਂਝ ਦੀ ਨਿਸ਼ਾਨੀ ਕਿਸਾਨੀ ਵੱਲੋਂ ਮਜ਼ਦੂਰ ਵਰਗ ਦੇ ਲੋਕਾਂ ਨੂੰ ਆਪਣਾ ਸਾਂਝੀਦਾਰ ਮੰਨਦੇ ਉਨਾਂ ਦੀ ਦੁੱਖ-ਸੁੱਖ ਵਿੱਚ ਅੱਗੇ ਹੋ ਕੇ ਖੜਨ ਨਾਲ ਸਾਫ ਝੱਲਕਦੀ ਸੀ। ਉਨ੍ਹਾਂ ਮਜ਼ਦੂਰਾਂ ਵੱਲੋਂ ਵੀ ਆਪਣੇ ਲਈ ਕੀਤੀ ਮਦਦ ਦੇ ਬਦਲੇ ਵਿੱਚ ਮਜ਼ਦੂਰੀ ਦੇ ਰੂਪ 'ਚ ਖੇਤੀ ਦੇ ਕੰਮਾਂ ਧੰਦਿਆਂ ਜਾਂ ਘਰੇਲੂ ਕੰਮਾਂ ਰਾਹੀਂ ਭਰਪਾਈ ਕੀਤੀ ਜਾਂਦੀ ਸੀ। ਉਨ੍ਹਾਂ ਲੋਕਾਂ ਵਿੱਚ ਆਪਸੀ ਪਿਆਰ ਇੰਨਾਂ ਗੂੜਾ ਹੁੰਦਾ ਸੀ ਕਿ ਕਿਸੇ ਤਰ੍ਹਾਂ ਦੀ ਗਰੀਬੀ ਜਾਂ ਮੰਦਹਾਲੀ ਮੌਕੇ ਉਹ ਨਿਰਾਸ਼ ਨਹੀਂ ਹੁੰਦੇ ਸਨ। ਉਹ ਆਪਣੇ ਔਖੇ ਤੋਂ ਔਖੇ ਸਮੇਂ ਨੂੰ ਵੀ ਹੌਂਸਲੇ ਨਾਲ ਲੰਘਾਉਣ ਦੀ ਹਿੰਮਤ ਰੱਖਦੇ ਸਨ। ਥੋੜ੍ਹੀ ਬਹੁਤੀ ਪੜ੍ਹਾਈ ਕਰਨ ਲਈ ਪਿੰਡਾਂ ਅੰਦਰ ਇੱਕ ਹੀ ਸਕੂਲ ਹੋਣ ਕਰਕੇ ਸਾਰੇ ਮੁੰਡੇ-ਕੁੜੀਆਂ ਇੱਕਠੇ ਪੜ੍ਹਦੇ ਸਕੂਲ ਅੰਦਰ ਆਪਣੀ ਸੱਭਿਆਚਾਰਕ ਤੇ ਭਾਈਚਾਰਕ ਸਾਂਝ ਦੀਆਂ ਮੁੱਢਲੀਆਂ ਬਾਰੀਕੀਆਂ ਨੂੰ ਬਚਪਨ ਵਿੱਚ ਹੀ ਪ੍ਰਾਪਤ ਕਰ ਲਿਆ ਕਰਦੇ ਸਨ।



ਅੱਜ ਜਿਵੇਂ ਮਨੁੱਖ ਨੇ ਆਪਣੇ ਆਪ ਨੂੰ ਅਗਾਂਹਵਧੂ ਲੀਹਾਂ ਉੱਪਰ ਤੋਰਿਆ ਤੇ ਪੜ੍ਹ-ਲਿਖ ਕੇ ਜ਼ਿੰਦਗੀ ਦੀਆਂ ਨਵੀਆਂ ਸੁੱਖ ਸਹੂਲਤਾਂ ਨੂੰ ਮਾਨਣ ਵੱਲ ਵਧਿਆ ਜਾ ਰਿਹਾ ਹੈ, ਉਵੇਂ ਹੀ ਹੌਲੀ-ਹੌਲੀ ਉਹ ਆਪਣੇ ਕੁਦਰਤੀ ਵਾਤਾਵਰਣ, ਸੱਭਿਆਚਾਰ, ਆਪਸੀ ਭਾਈਚਾਰਕ ਸਾਂਝ ਅਤੇ ਪਰਵਾਰਿਕ ਰਿਸ਼ਤਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਕਾਰਨ, ਜਿੱਥੇ ਸਾਡੇ ਆਪਸੀ ਰਿਸ਼ਤੇ ਤਾਰ ਤਾਰ ਹੋ ਰਹੇ ਹਨ, ਉੱਥੇ ਮਨੁੱਖ ਉਨ੍ਹਾਂ ਰਿਸ਼ਤਿਆਂ ਦੀ ਅਣਹੋਂਦ ਕਾਰਨ ਕਈ ਤਰਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦੀ ਲਪੇਟ 'ਚ ਫਸਦਾ ਜਾ ਰਿਹਾ ਹੈ। ਅਜਿਹੀ ਮਾਨਸਿਕਤਾ ਅਤੇ ਸਹਿਣਸ਼ੀਲਤਾ ਦੀ ਘਾਟ ਕਾਰਨ ਆਏ ਦਿਨ ਦੇਸ਼ ਅੰਦਰ ਆਪਣੇ ਆਪ ਤੋਂ ਇਲਾਵਾ ਦੂਸਰੇ ਨੂੰ ਜਾਨੋਂ ਮਾਰਨ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਹ ਵਰਤਾਰਾ ਰੁਕਣ ਦੀ ਥਾਂ ਦਿਨੋ-ਦਿਨ ਵਧਦਾ ਹੀ ਨਜ਼ਰੀ ਪੈਂਦਾ ਹੈ, ਜਿਨ੍ਹਾਂ ਵਿੱਚ ਨੌਜਵਾਨ ਵਰਗ ਤੇ ਅਧੇੜ ਉਮਰ ਦੇ ਵਰਗ ਦੀ ਗਿਣਤੀ ਬਹੁਤ ਜਿਆਦਾ ਹੈ। ਜਿਵੇਂ ਕਿ ਆਤਮ-ਹੱਤਿਆ ਕਿਸੇ ਵੀ ਮਸਲੇ ਦਾ ਹੱਲ ਨਹੀਂ, ਪਰ ਫਿਰ ਵੀ ਮਨੁੱਖ ਵੱਲੋਂ ਇਸ ਤਰ੍ਹਾਂ ਦੇ ਨਿਰਾਸ਼ਾਜਨਕ ਫੈਸਲੇ ਲੈਣੇ ਜਿੱਥੇ ਸਾਡੇ ਲਈ ਚਿੰਤਾ ਦਾ ਵਿਸ਼ਾ ਹਨ,ਉੱਥੇ ਸਾਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦੇ ਹਨ।

ਇਸ ਵਰਤਾਰੇ ਨੂੰ ਲੈ ਕੇ ਭਾਵੇਂ ਮਾਹਿਰਾਂ ਅਨੁਸਾਰ ਹੋਰ ਵੀ ਸਮਾਜਿਕ ਤੇ ਆਰਥਿਕ ਕਾਰਨ ਹਨ। ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਕਾਰਨ ਨੌਜਵਾਨ ਵਰਗ ਬੇਰੁਜਗਾਰੀ ਦੀ ਮਾਰ ਹੇਠ ਕਈ ਤਰਾਂ ਦੇ ਨਸ਼ਿਆਂ ਦੀ ਲਪੇਟ ਵਿੱਚ ਆ ਰਹੇ ਹਨ। ਇਸੇ ਤਰ੍ਹਾਂ ਦੇਸ਼ ਦੇ ਆਮ ਲੋਕਾਂ ਦਾ ਗਰੀਬੀ ਰੇਖਾ ਵੱਲ ਲਗਾਤਾਰ ਵੱਧਣਾ ਅਤੇ ਅਮੀਰਾਂ ਦਾ ਹੋਰ ਅਮੀਰ ਹੁੰਦੇ ਜਾਣਾ ਵੀ ਇਕ ਕਾਰਨ ਬਣਦਾ ਜਾ ਰਿਹਾ ਹੈ। ਅੱਗੇ ਭਾਰਤ ਦੇਸ਼ ਦੀ ਬਹੁ-ਪ੍ਰਤੀਸਤ ਪੂੰਜੀ ਕੁਝ ਕੁ ਖਾਸ ਵਿਅਕਤੀਆਂ ਦੇ ਹੱਥਾਂ ਵਿੱਚ ਹੋਣ ਕਾਰਨ ਉਸ ਵਰਗ ਕੋਲ ਉਹ ਸਾਰੀਆਂ ਸੁੱਖ ਸਹੂਲਤਾਂ ਮੌਜ਼ੂਦ ਹਨ, ਜੋ ਹਰ ਮਨੁੱਖ ਦੀ ਬਿਹਤਰ ਜ਼ਿੰਦਗੀ ਜਿਉਣ ਲਈ ਜਰੂਰੀ ਹਨ। ਇਸ ਪੂੰਜੀਵਾਦੀ ਸਮਾਜ ਅੰਦਰ ਮੱਧ ਵਰਗੀ ਲੋਕਾਂ ਨੇ ਵੀ ਸਰਮਾਏਦਾਰ ਲੋਕਾਂ ਪਿੱਛੇ ਲੱਗ ਵੇਖੋ ਵੇਖੀ ਉਹੀ ਸਹੂਲਤਾਂ ਮਾਨਣ ਲਈ ਹਰ ਤਰਾਂ ਦੇ ਹੱਥ-ਕੰਡੇ ਅਪਨਾਉਣੇ ਸ਼ੁਰੂ ਕਰ ਦਿੱਤੇ ਹਨ। ਬਹੁਤੀ ਵਾਰੀ ਤਾਂ ਲੋਕ ਆਪਣੇ ਪੈਰ ਚਾਦਰ ਤੋਂ ਬਾਹਰ ਕੱਢਣ ਲੱਗੇ ਭੋਰਾ ਵੀ ਨਹੀਂ ਸੋਚਦੇ। ਹਰ ਕੋਈ ਆਪਣੇ ਪਰਿਵਾਰ ਦੇ ਦਬਾਅ ਹੇਠ ਟੌਹਰ ਬਣਾਉਣ ਖਾਤਰ ਬਿਨਾ ਕੁਝ ਸੋਚੇ ਸਮਝੇ ਹੀ ਖਰਚ ਕਰ ਰਿਹਾ ਹੈ। ਜਿਸ ਕਾਰਨ ਆਮ ਲੋਕਾਂ ਵੱਲੋਂ ਲਏ ਗਏ ਫੈਸਲੇ ਉਨਾਂ ਲਈ ਬੇ-ਅਰਾਮੀ ਦੀ ਜ਼ਿੰਦਗੀ ਅਤੇ ਕਈ ਤਰ੍ਹਾਂ ਦੀਆਂ ਸਰੀਰਕ ਤੇ ਸਮਾਜਿਕ ਦੁੱਖ ਤਕਲੀਫਾਂ ਦੇ ਕਾਰਨ ਬਣ ਰਹੇ ਹਨ।

ਮੌਜੂਦਾ ਦੌਰ ਦਾ ਮਨੁੱਖ ਪਦਾਰਥ ਦੇ ਚੱਕਰਵਿਊ ਵਿੱਚ ਫਸਿਆ ਸਮੇਂ ਦੇ ਨਾਲ ਚੱਲਣ ਲਈ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਮਾਣਦਾ ਅੱਗੇ ਵਧਦਾ ਵਿਖਾਈ ਤਾਂ ਦੇ ਰਿਹਾ ਹੈ, ਪਰ ਅੰਦਰੋਂ ਉਹ ਖਾਲੀ ਖੋਲ ਦੀ ਤਰਾਂ ਖੋਖਲਾ ਹੁੰਦਾ ਜਾ ਰਿਹਾ ਹੈ। ਜਿਸ ਦੇ ਚਲਦੇ ਉਹ ਪਰਿਵਾਰਕ ਰਿਸਤੇ ਨਾਤਿਆਂ ਨੂੰ ਅਣਗੌਲ਼ੇ ਕਰਦਾ ਆਲੇ ਦੁਆਲੇ ਤੋਂ ਬੇਖਬਰ ਬਿਨਾ ਚੰਗਾ-ਮਾੜਾ ਸੋਚੇ ਘਰੋਂ ਕੰਮ ਉੱਤੇ ਅਤੇ ਕੰਮ ਤੋਂ ਘਰ ਮਸ਼ੀਨ ਦੀ ਤਰ੍ਹਾਂ ਭੱਜਿਆ ਫਿਰਦਾ ਹੈ। ਇਸ ਸਾਰੇ ਕਾਸੇ ਨੂੰ ਵੇਖਣ ਤੋਂ ਇੰਝ ਲੱਗਦਾ ਕਿ ਸਿ ਸਮਾਜ ਅੰਦਰ ਮਨੁੱਖ ਦੇ ਦਿਮਾਗ ਦੀ ਚਾਬੀ ਕਿਸੇ ਹੋਰ ਕੋਲ ਹੈ ਤੇ ਉਹ ਤਾਂ ਬਸ ਖਿਡੌਣਾ ਰੂਪੀ ਹੱਡ-ਮਾਸ ਦਾ ਪਿੰਜਰ ਬਣਿਆ ਖਿਡੌਣੇ ਵਿੱਚ ਭਰੀ ਚਾਬੀ ਵਾਂਗ ਦੌੜ ਰਿਹਾ ਹੈ। ਉਸ ਕੋਲ ਆਪਣੇ ਜਾਂ ਆਲੇ ਦੁਆਲੇ ਵਾਰੇ ਚੰਗਾ-ਮਾੜਾ ਸੋਚਣ ਦਾ ਟਾਈਮ ਹੀ ਨਹੀਂ ਰਿਹਾ ਜਾਂ ਇੰਝ ਕਹਿ ਲਈਏ ਕਿ ਉਸ ਨੂੰ ਸੋਚਣ ਦਾ ਟਾਈਮ ਹੀ ਨਹੀਂ ਦਿੱਤਾ ਜਾ ਰਿਹਾ।

ਭਾਵੇਂ ਹਰੇਕ ਵਿਅਕਤੀ ਨੂੰ ਸਮਾਜ 'ਚ ਅੱਗੇ ਵਧਣ ਦੇ ਯਤਨ ਕਰਨੇ ਚਾਹੀਦਾ ਹਨ, ਪਰ ਇਹ ਸਮਝ ਲੈਣਾ ਵੀ ਜਰੂਰੀ ਹੈ ਕਿ ਜਲਦੀ ਅਮੀਰ ਬਣਨ ਲਈ ਗਲਤ ਢੰਗ ਨਾਲ ਕਮਾਇਆ ਗਿਆ ਧਨ ਆਦਮੀ ਨੂੰ ਮਾਨਸਿਕ ਤੌਰ ਤੇ ਤੰਗ ਪ੍ਰੇਸ਼ਾਨ ਹੀ ਕਰਦਾ ਹੈ।ਕਈ ਵਾਰੀ ਤਾਂ ਲੋੜ ਤੋਂ ਜਿਆਦਾ ਪੈਸਾ ਪਰਿਵਾਰਾਂ ਵਿੱਚ ਬੱਚਿਆਂ ਨੂੰ ਦਿਮਾਗੀ ਅੰਗਹੀਣ ਬਣਾ ਦਿੰਦਾ ਹੈ ਅਤੇ ਬੱਚਿਆਂ ਨੂੰ ਗਲਤ ਰਸਤੇ ਵੱਲ ਲਿਜਾਣ ਦਾ ਕਾਰਨ ਬਣ ਜਾਂਦਾ ਹੈ। ਕੁਲ ਮਿਲਾ ਕੇ ਅਸੀਂ ਆਪਣੀ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਗੰਢਾਂ ਨੂੰ ਹੋਰ ਮਜਬੂਤ ਕਰਨ ਦੀ ਥਾਂ ਤੇ ਪੈਸੇ ਤੇ ਦਿਖਾਵੇਬਾਜੀ ਦੇ ਪਿੱਛੇ ਲੱਗ ਕੇ ਆਪ ਹੀ ਢਿੱਲਿਆਂ ਕਰ ਲਿਆ ਹੈ ਅਤੇ ਆਪਣੇ ਆਪ ਨੂੰ ਇਕੱਲੇਪਣ ਦੇ ਸ਼ਿਕਾਰ ਬਣਨ ਲਈ ਰਾਹ ਪੱਧਰਾ ਕਰ ਲਿਆ ਹੈ।

ਇਸੇ ਤਰਾਂ ਸਕੂਲਾਂ ਅੰਦਰ ਵੀ ਮਨੁੱਖੀ ਮਸ਼ੀਨਾਂ ਹੀ ਤਿਆਰ ਕੀਤੀਆਂ ਜਾ ਰਹੀਆਂ ਹਨ।ਵੱਧ ਤੋਂ ਵੱਧ ਨੰਬਰ ਪ੍ਰਾਪਤ ਕਰਨ ਦੀ ਦੌੜ ਅਤੇ ਸਿਲੇਬਸਾਂ ਦੇ ਬੋਝ ਹੇਠਾਂ ਵਿਦਿਆਰਥੀਆਂ ਨੂੰ ਬੁਰੀ ਤਰਾਂ ਲਤਾੜਿਆ ਜਾ ਰਿਹਾ ਹੈ।ਸਕੂਲ ਦੀਆਂ ਲਾਇਬਰੇਰੀਆਂ ਵਿੱਚ ਪਈਆਂ ਚੰਗੀਆ ਕਿਤਾਬਾਂ ਤਾਂ ਸਿਰਫ ਅਲਮਾਰੀਆਂ ਦਾ ਸਿੰਗਾਰ ਬਣ ਕੇ ਰਹਿ ਗਈਆਂ ਹਨ। ਸਮਾਜਿਕ ਗਿਆਨ ਆਪਸੀ ਰਹਿਣ-ਸਹਿਣ, ਭਾਈਚਾਰਕ ਸਾਂਝ ਦਾ ਪਾਠ ਤਾਂ ਜਿਵੇਂ ਕਿਸੇ ਸਿਲੇਬਸ ਦਾ ਹਿੱਸਾ ਹੀ ਨਹੀਂ ਰਹੇ। ਮਾਪਿਆਂ ਵੱਲੋਂ ਬੱਚਿਆਂ ਨੂੰ ਇੱਕ ਦੂਸਰੇ ਤੋਂ ਅੱਗੇ ਲੰਘਣ ਦੀ ਦੌੜ ਵਿੱਚ ਸ਼ਾਮਲ ਹੋਣ ਲਈ ਮਜ਼ਬੂਰ ਕਰਕੇ ਉਨਾਂ ਨੂੰ ਆਪਸੀ ਦੋਸਤਾਂ-ਮਿੱਤਰਾਂ ਵਾਲੇ ਰਿਸਤਿਆਂ ਤੋਂ ਦੂਰ ਹੋਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਮਾਪੇ ਨਾ ਚਾਹੁੰਦੇ ਹੋਏ ਵੀ ਵੇਖੋ-ਵੇਖੀ ਆਪਣੇ ਬੱਚੇ ਦੇ ਚੰਗੇ ਭਵਿੱਖ ਲਈ ਅਧਿਆਪਕਾਂ ਦੇ ਦਬਾਅ ਹੇਠ ਆ ਕੇ ਪ੍ਰਾਈਵੇਟ ਟਿਊਸ਼ਨ ਲੈਣ ਲਈ ਮਜ਼ਬੂਰ ਹੋਏ ਮਾਨਸਿਕ ਦਬਾਅ ਝਲਦੇ ਲਗਾਤਾਰ ਚਿੜ-ਚਿੜੇਪਨ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ।ਅੱਜ ਸਾਡੇ ਬੱਚਿਆਂ ਕੋਲ ਖੇਡਣ-ਕੁੱਦਣ ਲਈ ਸਮਾਂ ਹੀ ਨਹੀਂ, ਜੇਕਰ ਕਿਸੇ ਕੋਲ ਥੋੜਾ ਬਹੁਤ ਸਮਾਂ ਹੈ ਵੀ ਤਾਂ ਉਹ ਮੁਬਾਇਲਾਂ, ਟੀ.ਵੀ ਜਾਂ ਕੰਪਿਊਟਰ ਗੇਮਾਂ ਦੀ ਭੇਂਟ ਚੜ੍ਹ ਜਾਂਦਾ ਹੈ।

ਅੱਜ ਮਾਪੇ ਬੱਚਿਆਂ ਨੂੰ ਆਪਣੇ ਮੁਤਾਬਿਕ ਚਲਾਉਣ ਦੀ ਨਾ-ਕਾਮਯਾਬ ਕੋਸ਼ਿਸ਼ਾਂ ਕਾਰਨ ਨਿਰਾਸ਼ਾ ਦੇ ਆਲਮ ਵਿੱਚੋਂ ਲੰਘ ਰਹੇ ਹਨ। ਘਰਾਂ ਅੰਦਰ ਪਰਿਵਾਰਕ ਰਿਸਤਿਆਂ ਦੀ ਅਣਹੋਂਦ ਕਾਰਨ ਬੱਚੇ ਆਪਣੇ ਸਭਿਆਚਾਰ ਤੋਂ ਬੇ-ਮੁੱਖ ਹੋਏ ਇਲੈਕਟਰੋਨਿਕਸ ਮੀਡੀਆ ਵੱਲੋਂ ਪਰੋਸੇ ਜਾ ਰਹੇ ਘਟੀਆ ਫਿਲਮਾਂ, ਲੱਚਰ ਗੀਤਾਂ ਦੀ ਗ੍ਰਿਫਤ ਵਿੱਚ ਬੁਰੀ ਤਰਾਂ ਫਸ ਚੁੱਕੇ ਹਨ।ਅੱਜ ਦਾ ਬੱਚਾ ਆਪਣੇ ਮਾਂ-ਬਾਪ ਦੀ ਕਹੀ ਕਿਸੇ ਵੀ ਗੱਲ ਨੂੰ ਮੰਨਣ ਤੋਂ ਇਨਕਾਰੀ ਹੈ। ਜਿਸ ਕਾਰਨ ਮਾਪੇ ਆਪਣੇ ਬੱਚਿਆਂ ਦੀ ਬਦਲ ਰਹੀ ਮਾਨਸਿਕਤਾ ਨੂੰ ਲੈ ਕੇ ਚਿੰਤਾ ਦੇ ਆਲਮ ਵਿੱਚ ਗੁਜਰ ਰਹੇ ਹਨ। ਬੱਚੇ ਵੱਡੇ ਛੋਟੇ ਦੇ ਸਤਿਕਾਰ ਨੂੰ ਬਿਲਕੁਲ ਭੁਲਾ ਚੁੱਕੇ ਹਨ ਜਾਂ ਕਹਿ ਦੇਈਏ ਉਨਾ ਨੂੰ ਇਨਾਂ ਗੱਲਾਂ ਦਾ ਗਿਆਨ, ਜੋ ਕਦੇ ਸਾਂਝਿਆ ਪਰਿਵਾਰਾਂ ਵਿੱਚੋਂ ਆਪਣੇ ਆਪ ਮਿਲਦਾ ਰਹਿੰਦਾ ਸੀ, ਹੁਣ ਉਹ ਮਿਲਣਾ ਬੰਦ ਹੋ ਗਿਆ ਹੈ। ਪਰਿਵਾਰਾਂ ਵਿੱਚ ਇੱਕ ਜਾਂ ਦੋ ਬੱਚੇ ਹੋਣ ਕਾਰਨ ਉਹ ਆਪਣੇ ਮਾਪਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਰਹੇ ਹਨ ਤੇ ਲੋਕ ਆਪਣੇ ਲਾਡਲੇ ਪੁੱਤਰ-ਧੀਆਂ ਦੇ ਕਿਸੇ ਗਲਤ ਫੈਸਲੇ ਦੇ ਡਰੋਂ ਉਨਾ ਦੀ ਹਰ ਗੱਲ ਮੰਨਣ ਲਈ ਮਜ਼ਬੂਰ ਹੋ ਚੁੱਕੇ ਹਨ।

ਅਸੀਂ ਆਪਣੇ ਕੁਝ ਕੁ ਸੁਆਰਥਾਂ ਬਦਲੇ ਆਪਣੀ ਔਲਾਦ ਨੂੰ ਆਪਣਿਆਂ ਤੋਂ ਦੂਰ ਕਰਕੇ ਆਪਸੀ ਮਿਲਵਰਤਨ ਵਾਲੇ ਅਮੀਰ ਸੱਭਿਆਚਰਕ ਤੇ ਭਾਈਚਾਰਕ ਸਾਂਝ ਤੋਂ ਦੂਰ ਕਰਨ ਦੇ ਭਾਈਵਾਲ ਆਪਣੇ ਲਈ ਆਪ ਹੀ ਆਪਣੇ ਪੈਰ ਕੁਹਾੜੀ ਮਾਰਨ ਦਾ ਕੰਮ ਕਰ ਲਿਆ ਹੈ। ਇਸ ਤਰ੍ਹਾਂ ਦੇ ਪੈਦਾ ਹੋ ਚੁੱਕੇ ਬੇਵਿਸਵਾਸੀ ਵਾਲੇ ਮਾਹੌਲ ਵਿੱਚ ਫਿਰ ਆਮ ਆਦਮੀ ਸੰਤੁਸ਼ਟ ਕਿਵੇਂ ਰਹਿ ਸਕਦਾ ਹੈ। ਉਸਨੂੰ ਨੂੰ ਤਾਂ ਹਰ ਸਮੇਂ ਆਪਣੇ ਧੀ-ਪੁੱਤਰ ਦੀ ਚੰਗੀ ਜ਼ਿੰਦਗੀ ਬਣਾਉਣ ਲਈ ਇਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਕਿੱਧਰੇ ਉਸ ਦਾ ਬੱਚਾ ਕਿਸੇ ਗਲਤ ਸੰਗਤ ਵਿੱਚ ਰਹਿ ਕੇ ਵਿਗੜ ਨਾ ਜਾਵੇ। ਦੇਸ ਦੇ ਰਾਜਨੀਤਕ ਲੋਕਾਂ ਦੇ ਕਿਰਦਾਰਾਂ ਤੋਂ ਆਮ ਲੋਕਾਂ ਦਾ ਭਰੋਸਾ ਲਗਾਤਾਰ ਘੱਟਦਾ ਜਾ ਰਿਹਾ। ਸਮੁੱਚੇ ਦੇਸ਼ ਅੰਦਰ ਬੇਵਿਸ਼ਵਾਸੀ ਵਾਲਾ ਮਾਹੌਲ ਪੈਦਾ ਹੋ ਰਿਹਾ ਹੈ।

ਇਹ ਵੀ ਸੱਚ ਹੈ ਕਿ ਸਮਾਂ ਹਮੇਸ਼ਾਂ ਅੱਗੇ ਵੱਲ ਨੂੰ ਵੱਧਦਾ ਤੇ ਚੱਲਦਾ ਹੈ ਅਤੇ ਸਮਾਜਿਕ ਵਿਕਾਸ ਦੇ ਨਾਲ ਸਭਿਆਚਾਰਕ ਤਬਦੀਲੀਆਂ ਦਾ ਆਉਣਾ ਵੀ ਲਾਜ਼ਮੀ ਹੈ, ਪਰ ਇਸ ਦੇ ਬਾਵਜ਼ੂਦ ਸਾਨੂੰ ਆਪਣੇ ਪੁਰਖਿਆਂ ਦੀਆਂ ਜੜਾਂ ਨਾਲੋਂ ਦੂਰ ਨਹੀਂ ਹੋਣਾ ਚਾਹੀਦਾ। ਕੁਦਰਤ ਦਾ ਵੀ ਨਿਯਮ ਹੈ ਕਿ ਜੋ ਰੁੱਖ ਆਪਣੀਆਂ ਜੜਾਂ ਨਾਲ ਜੁੜਿਆ ਰਹਿੰਦਾ ਹੈ, ਉਹੀ ਧਰਤੀ ਉਪਰ ਲੰਬਾ ਸਮਾ ਸਥਾਪਤ ਰਹਿ ਸਕਦਾ ਹੈ। ਸਾਨੂੰ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਆਪਣੀ ਜ਼ਿੰਦਗੀ ਨੂੰ ਤਰਕ ਨਾਲ ਸੋਚ ਕੇ ਅੱਗੇ ਤੋਰਨਾ ਚਾਹੀਦਾ ਹੈ। ਸ਼ਾਇਦ ਇਹ ਗੱਲਾਂ ਵੇਖਣ-ਸੁਣਨ ਵਿੱਚ ਨਿੱਕੀਆਂ ਤੇ ਆਮ ਲਗਦੀਆਂ ਹੋਣਗੀਆਂ, ਪਰ ਸੱਚਾਈ ਇਹੀ ਹੈ ਕਿ ਮੌਜ਼ੂਦਾ ਦੌਰ ਦਾ ਮਨੁੱਖ ਦੂਸਰੇ ਮਨੁੱਖ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਉਸ ਨੂੰ ਚਾਰ-ਚਫੇਰੇ ਕੋਈ ਵੀ ਆਪਣਾ ਵਿਖਾਈ ਨਹੀਂ ਦਿੰਦਾ ਤੇ ਉਹ ਬਿਗਾਨੇਪਣ ਦਾ ਅਹਿਸਾਸ ਕਰਦਾ ਹੋਇਆ, ਅਖੀਰ ਨਿਰਾਸ਼ਤਾ ਦੇ ਆਲਮ ਵੱਲ ਵਧਦਾ ਬਹੁਤ ਸਾਰੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ।






ਜਥੇਬੰਦਕ ਧਰਮਾਂ ਦਾ ਮਾਇਆ ਜਾਲ

17

# ਪਾਠ-ਪੂਜਾ ਅਧਾਰਿਤ ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਪੁਜਾਰੀਆਂ ਦੇ ਨਕਲੀ ਧਰਮਾਂ ਵਿੱਚ ਪਾਠ-ਪੂਜਾ ਦਾ ਬੜਾ ਅਹਿਮ ਸਥਾਨ ਹੈ।ਵੱਖ-ਵੱਖ ਧਰਮਾਂ ਵਿੱਚ ਪਾਠ-ਪੂਜਾ ਦੇ ਵੱਖ-ਵੱਖ ਢੰਗ ਪ੍ਰਚਲਤ ਹਨ। ਇਨ੍ਹਾਂ ਧਰਮਾਂ ਵਿੱਚ ਨੇਮ ਨਾਲ ਪੂਜਾ-ਪਾਠ ਕੀਤੇ ਬਿਨਾਂ ਕੋਈ ਵਿਅਕਤੀ ਅਸਲੀ ਧਰਮੀ ਨਹੀਂ ਅਖਵਾ ਸਕਦਾ। ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਅੱਖਾਂ ਮੀਟ ਕੇ, ਹੱਥ ਜੋੜ ਕੇ, ਲੰਮੇ ਪੈ ਕੇ, ਪੈਰੀਂ ਢਹਿ ਕੇ, ਪੂਰਨ ਸ਼ਰਧਾ ਨਾਲ ਪੂਜਾ-ਪਾਠ ਕਰਨ ਵਾਲਾ ਹੀ ਧਰਮ ਵਿੱਚ ਸਤਿਕਾਰਯੋਗ ਸਥਾਨ ਹਾਸਿਲ ਕਰ ਸਕਦਾ ਹੈ। ਇਹੀ ਵਜ੍ਹਾ ਹੈ ਕਿ ਹਰ ਕੋਈ ਧਰਮੀ ਬਣਨ ਜਾਂ ਦਿਸਣ ਲਈ ਬਾਹਰੀ ਤੌਰ ਤੇ ਬੜਾ ਪੂਜਾ ਪਾਠ ਕਰਦਾ ਦਿਖਾਈ ਦਿੰਦਾ ਹੈ, ਅੰਦਰੋਂ ਉਸਦੀ ਸੁਰਤ ਬੇਸ਼ਕ ਕਿਤੇ ਹੋਰ ਘੁੰਮਦੀ ਹੋਵੇ। ਨੇਮ ਨਾਲ ਪਾਠ ਕਰਨ ਵਾਲੇ ਜਾਂ ਨਿਮਾਜਾਂ ਜਾਂ ਅਰਦਾਸਾਂ ਕਰਨ ਵਾਲੇ ਲੋਕ ਸੁਤੇ ਸਿੱਧ ਹੀ ਆਪਣਾ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਬਹੁਤੀ ਵਾਰ ਪਤਾ ਹੀ ਨਹੀਂ ਲਗਦਾ ਕਿ ਕਦੋਂ ਉਨ੍ਹਾਂ ਆਪਣਾ ਪਾਠ ਸ਼ੁਰੂ ਕੀਤਾ ਸੀ ਤੇ ਕਦੋਂ ਖਤਮ ਹੋ ਗਿਆ।

ਪੂਜਾ ਪਾਠ ਦਾ ਅੱਖਰੀ ਅਰਥ ਦੇਖੀਏ ਤਾਂ ਇਹੀ ਸਮਝ ਪੈਂਦੀ ਹੈ ਕਿ ਪੁਜਾਰੀਆਂ ਦੇ ਆਪੂੰ ਬਣਾਏ ਰੱਬ ਜਾਂ ਰੱਬ ਦੇ ਬਣਾਏ ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ, ਰਹਿਬਰਾਂ, ਗੁਰੂਆਂ ਜਾਂ ਇਨ੍ਹਾਂ ਸਭ ਦੀਆਂ ਬਣਾਈਆਂ ਮੂਰਤੀਆਂ ਜਾਂ ਮੂਰਤਾਂ ਅੱਗੇ ਆਪਣੇ ਕਸ਼ਟ ਨਿਵਾਰਨ, ਜੀਵਨ ਦੀਆਂ ਸਭ ਖੁਸ਼ੀਆਂ ਤੇ ਸੁੱਖ-ਸਹੂਲਤਾਂ ਹਾਸਿਲ ਕਰਨ, ਅਗਲੇ ਜਨਮਾਂ ਵਿੱਚ ਸੁੱਖ ਮਾਨਣ, ਸਵਰਗਾਂ ਵਿੱਚ ਸੀਟ ਪੱਕੀ ਕਰਨ, ਨਰਕ ਤੋਂ ਬਚਣ ਆਦਿ ਦੇ ਮਨਸ਼ੇ ਨਾਲ ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਧੂਫ-ਬੱਤੀ ਕਰਨੀ, ਡੰਡੌਤ ਕਰਨੀ, ਆਰਤੀ ਕਰਨੀ, ਪਾਠ ਕਰਨੇ, ਭਜਨ-ਬੰਦਗੀ ਕਰਨੀ, ਕਠਿਨ ਤਪ ਕਰਨੇ, ਵਰਤ/ਰੋਜ਼ੇ ਰੱਖਣੇ, ਪਰੇਅਰ/ਅਰਦਾਸ ਕਰਨੀ, ਸੁੱਖਣਾ ਸੁਖਣੀ, ਮੰਨਤ ਮੰਨਣੀ, ਮੰਤਰ ਪੜ੍ਹਨੇ, ਬਲੀ ਦੇਣੀ, ਧਰਮ ਅਸਥਾਨਾਂ ਦੀ ਯਾਤਰਾ ਕਰਨੀ, ਸਰੋਵਰਾਂ ਵਿੱਚ ਖਾਸ ਮੌਕਿਆਂ ਤੇ ਇਸ਼ਨਾਨ ਕਰਨੇ ਆਦਿ ਸਭ ਪੂਜਾ ਪਾਠ ਦਾ ਹੀ ਹਿੱਸਾ ਹੈ। ਜਿਹੜੇ ਧਰਮ ਮੂਰਤੀਆਂ ਜਾਂ ਮੂਰਤਾਂ, ਵਿਅਕਤੀਆਂ ਜਾਂ ਬੁੱਤਾਂ ਦੀ ਪੂਜਾ ਵਿੱਚ ਵਿਸ਼ਵਾਸ਼ ਨਹੀਂ ਰੱਖਦੇ, ਉਹ ਆਪਣੇ ਧਰਮ ਗੁਰੂਆਂ ਦੇ ਗਿਆਨ ਦੇ ਗ੍ਰੰਥਾਂ ਦੀ ਮੂਰਤੀ ਵਾਂਗ ਪੂਜਾ ਕਰਦੇ, ਵਿਧੀ ਨਾਲ ਪਾਠ ਕਰਾਉਂਦੇ, ਅਰਦਾਸਾਂ ਕਰਦੇ ਆਮ ਦੇਖੇ ਜਾ ਸਕਦੇ ਹਨ।

ਇਥੇ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਜਿਥੇ ਵਿਧੀ ਜਾਂ ਮਰਿਯਾਦਾ ਅਨੁਸਾਰ ਪੂਜਾ ਕਰਨ ਵਾਲਾ ਸ਼ਰਧਾਲੂ ਹੈ, ਉਥੇ ਸ਼ਰਧਾਲੂਆਂ ਤੋਂ ਹਰ ਤਰ੍ਹਾਂ ਦੇ ਕਰਮਕਾਂਡ ਜਾਂ ਪੂਜਾ ਪਾਠ ਕਰਾਉਣ ਵਾਲਾ ਪੁਜਾਰੀ ਹੈ। ਜਿਹੜਾ ਹਰ ਤਰ੍ਹਾਂ ਦੇ ਪੂਜਾ ਪਾਠ ਲਈ ਸ਼ਰਧਾਲੂ ਤੋਂ ਦਾਨ-ਦੱਛਣਾ (ਫੀਸ) ਲੈਂਦਾ ਹੈ। ਹਰ ਪੁਜਾਰੀ ਆਪਣੇ ਸ਼ਰਧਾਲੂ ਕੋਲੋਂ ਜਨਮ ਤੋਂ ਮਰਨ ਅਤੇ ਫਿਰ ਮਰਨ ਤੋਂ ਬਾਅਦ ਵੀ ਪਰਿਵਾਰ ਤੋਂ ਪੂਜਾ ਪਾਠ ਲਈ ਫੀਸ ਚਾਰਜ ਕਰਦਾ ਹੈ। ਕਿਸੇ ਵੀ ਧਾਰਮਿਕ ਫਿਰਕੇ ਦਾ ਇਤਿਹਾਸ ਪੜ੍ਹ ਕੇ ਵੇਖ ਲਓ, ਉਸ ਧਰਮ ਨੂੰ ਸ਼ੁਰੂ ਕਰਨ ਵਾਲੇ ਪੈਗੰਬਰ ਜਾਂ ਗੁਰੂ ਨੇ ਨਾ ਕਦੇ ਇਸ ਤਰ੍ਹਾਂ ਦੇ ਫੋਕਟ ਪੂਜਾ ਪਾਠਾਂ ਨੂੰ ਮਾਨਤਾ ਦਿੱਤੀ ਹੈ ਤੇ ਨਾ ਹੀ ਇਨ੍ਹਾਂ ਰੱਬ ਦੇ ਵਿਚੋਲੇ ਬਣ ਬੈਠੇ ਪੁਜਾਰੀਆਂ ਨੂੰ ਕੋਈ ਮਾਨਤਾ ਹੈ। ਪਰ ਹਰ ਧਰਮ ਨਾਲ ਇਹੀ ਮੰਦਭਾਗਾ ਭਾਣਾ ਵਰਤਿਆ ਹੈ ਕਿ ਇਨ੍ਹਾਂ ਧਰਮਾਂ ਨੂੰ ਸ਼ੁਰੂ ਕਰਨ ਵਾਲੇ ਧਰਮ ਗੁਰੂਆਂ ਦੇ ਇਸ ਸੰਸਾਰ ਤੋਂ ਜਾਣ ਬਾਅਦ ਪੁਜਾਰੀ ਨਵੇਂ ਰੂਪ ਵਿੱਚ ਨਵੇਂ ਕਰਮਕਾਂਡ ਜਾਂ ਮਰਿਯਾਦਾਵਾਂ ਤੇ ਨਵੇਂ ਧਾਰਮਿਕ ਚਿੰਨ ਜਾਂ ਪਹਿਰਾਵੇ ਲੈ ਕੇ ਪ੍ਰਗਟ ਹੋ ਜਾਂਦੇ ਹਨ ਅਤੇ ਪੈਗੰਬਰਾਂ ਦੇ ਮਨੁੱਖਤਾਵਾਦੀ ਤੇ ਸਰਬਤ ਦੇ ਭਲੇ ਦੇ ਸੰਦੇਸ਼ ਨੂੰ ਫਿਰਕਿਆਂ ਦੀ ਸੋਚ ਵਿੱਚ ਵੰਡ ਕੇ ਧਰਮ ਤੇ ਕਾਬਿਜ਼ ਹੋ ਜਾਂਦੇ ਹਨ। ਜਿਸ ਨਾਲ ਗੁਰੂਆਂ ਪੀਰਾਂ ਦਾ ਸਾਰੀ ਮਨੁੱਖਤਾ ਨੂੰ ਗਲਵਕੜੀ ਵਿੱਚ ਲੈਣ ਵਾਲਾ ਸਾਂਝੀਵਾਲਤਾ ਦਾ ਸੰਦੇਸ਼ ਮਨੁੱਖਤਾ ਦੇ ਗਲ਼ ਦੀ ਫਾਹੀ ਬਣ ਜਾਂਦਾ ਹੈ। ਅੱਜ ਹਰ ਧਰਮ ਵਿੱਚ ਪੁਜਾਰੀਆਂ ਦੀਆਂ ਪੂਜਾ ਪਾਠ ਦੀਆਂ ਮਰਿਯਾਦਾਵਾਂ ਹਰ ਧਰਮੀ ਮਨੁੱਖ ਲਈ ਬੇੜੀਆਂ ਬਣ ਕੇ ਉਸਦੀ ਸੋਚ ਨੂੰ ਸੰਕੀਰਣ ਬਣਾ ਰਹੀਆਂ ਹਨ। ਅੱਜ ਹਰ ਧਰਮੀ ਮਨੁੱਖ ਦੀ ਸੋਚ ਮਨੁੱਖਤਾਵਾਦੀ ਹੋਣ ਦੀ ਥਾਂ ਫਿਰਕਾਵਾਦੀ ਹੋ ਗਈ ਹੈ। ਧਰਮ ਦੇ ਨਾਮ ਤੇ ਬਣੇ ਫਿਰਕਿਆਂ ਦੇ ਸ਼ਰਧਾਲੂ ਆਪਣੇ ਨਿੱਜ ਜਾਂ ਵੱਧ ਤੋਂ ਵੱਧ ਆਪਣੇ ਫਿਰਕੇ ਬਾਰੇ ਹੀ ਸੋਚਦੇ ਹਨ, ਮਾਨਵਤਾ ਦੇ ਸਾਂਝੇ ਦੁੱਖਾਂ-ਦਰਦਾਂ, ਤੰਗੀਆਂ-ਤੁਰਸ਼ੀਆਂ, ਖੁਸ਼ੀਆਂ-ਗਮੀਆਂ ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਰਿਹਾ। ਹਰ ਕੋਈ ਆਪਣੇ ਫਿਰਕੇ ਨੂੰ ਵੱਡਾ ਕਰਨ ਦੇ ਪ੍ਰਚਾਰ ਵਿੱਚ ਲੱਗਾ ਹੋਇਆ ਹੈ, ਭਾਵੇਂ ਉਸ ਲਈ ਉਨ੍ਹਾਂ ਨੂੰ ਮਨੁੱਖਤਾ ਦਾ ਖੂਨ ਵਹਾਉਣਾ ਪਵੇ ਤੇ ਚਾਹੇ ਮਨੁੱਖਤਾ ਵਿਰੋਧੀ ਹਾਕਮਾਂ ਨਾਲ ਸਾਂਝ ਪਾਉਣੀ ਪਵੇ ਜਾਂ ਸਮਾਜ ਵਿਰੋਧੀ ਤੱਤਾਂ ਨਾਲ ਹੱਥ ਮਿਲਾਉਣਾ ਪਵੇ। ਇਥੋਂ ਤੱਕ ਕਿ ਹੁਣ ਧਰਮਾਂ ਵਲੋਂ ਵੱਖ-ਵੱਖ ਲੋਕ ਤਿਉਹਾਰਾਂ ਨੂੰ ਵੀ ਧਰਮਾਂ ਦੀ ਵਲਗਣ ਵਿੱਚ ਲਿਆ ਕਿ ਫਿਰਕਿਆਂ ਵਿੱਚ ਬੰਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਇਨ੍ਹਾਂ ਤਿਉਹਾਰਾਂ ਦੀਆਂ ਸਭਿਆਚਾਰਕ ਤੇ ਲੋਕ ਪੱਖੀ ਤੰਦਾਂ ਨੂੰ ਤੋੜ ਕੇ ਪੂਰੀ ਤਰ੍ਹਾਂ ਧਾਰਮਿਕ ਰੰਗਤ ਦਿੱਤੀ ਜਾਂਦੀ ਹੈ ਤਾਂ ਕਿ ਸਾਰੇ ਲੋਕ ਸਾਂਝੇ ਤੌਰ ਤੇ ਲੋਕ ਤਿਉਹਾਰ ਮਨਾਉਣ ਦੀ ਥਾਂ ਆਪਣੇ ਆਪਣੇ ਫਿਰਕੇ ਵਿੱਚ ਫਸੇ ਰਹਿਣ। ਪਿਛਲੇ 60-70 ਸਾਲਾਂ ਵਿੱਚ ਸਿੱਖ ਪੁਜਾਰੀਆਂ ਨੇ ਅਨੇਕਾਂ ਲੋਕ ਤਿਉਹਾਰਾਂ ਨੂੰ ਧਾਰਮਿਕ ਰੰਗਤ ਦੇ ਕੇ ਉਨ੍ਹਾਂ ਦਾ ਸਿੱਖੀਕਰਨ ਕਰ ਦਿੱਤਾ ਹੈ, ਅਜਿਹਾ ਹੀ ਬਾਕੀ ਧਰਮਾਂ ਵਾਲਿਆਂ ਨੇ ਸਭ ਲੋਕ ਤਿਉਹਾਰਾਂ ਨੂੰ ਆਪਣੇ ਗੁਰੂ, ਪੈਗੰਬਰ ਜਾਂ ਇਤਿਹਾਸਕ ਘਟਨਾਵਾਂ ਨਾਲ ਜੋੜ ਕੇ ਉਨ੍ਹਾਂ ਨੂੰ ਆਪਣੇ-ਆਪਣੇ ਫਿਰਕੇ ਦੇ ਧਰਮ ਅਸਥਾਨਾਂ ਤੱਕ ਸੀਮਤ ਕਰ ਲਿਆ ਹੈ। ਪੁਜਾਰੀਆਂ ਤੇ ਇਨ੍ਹਾਂ ਦੇ ਸ਼ਰਧਾਲੂਆਂ ਦੀ ਇਸ ਫਿਰਕੂ ਸੋਚ ਕਾਰਨ ਹੀ 6000 ਸਾਲਾਂ ਦੇ ਧਰਮਾਂ ਦੇ ਇਤਿਹਾਸ ਵਿੱਚ 12000 ਤੋਂ ਵੱਧ ਛੋਟੇ-ਵੱਡੇ ਧਰਮ ਯੁੱਧ ਹੋ ਚੁੱਕੇ ਹਨ। ਦੁਨੀਆਂ ਦੇ ਇਤਿਹਾਸ ਵਿੱਚ ਹਾਕਮ ਜਮਾਤਾਂ ਵਲੋਂ ਜ਼ਰ, ਜ਼ੋਰੂ, ਜ਼ਮੀਨ ਲਈ ਕੀਤੇ ਯੁੱਧਾਂ ਵਿੱਚ ਇਤਨਾ ਖੂਨ ਨਹੀਂ ਵਹਾਇਆ ਗਿਆ, ਜਿਤਨਾ ਪੁਜਾਰੀਆਂ ਨੇ ਧਰਮ ਦੇ ਨਾਮ ਤੇ ਹੋਏ ਧਰਮ ਯੁੱਧਾਂ ਜਾਂ ਜ਼ਹਾਦਾਂ ਤੇ ਫਿਰਕੂ ਦੰਗਿਆਂ ਵਿੱਚ ਵਹਾਇਆ ਹੈ। ਭਾਵੇਂ ਇਹ ਵੀ ਇਤਿਹਾਸ ਦਾ ਕੌੜਾ ਸੱਚ ਹੈ ਕਿ ਦੁਨੀਆਂ ਵਿੱਚ ਹੋਏ ਤਕਰੀਬਨ ਬਹੁਤੇ ਯੁੱਧ ਪੁਜਾਰੀਆਂ ਤੇ ਹਾਕਮ ਜਮਾਤਾਂ ਦੀ ਸਾਂਝੀ ਸਾਜ਼ਿਸ਼ ਦਾ ਨਤੀਜਾ ਸਨ।

ਜਿਸ ਤਰ੍ਹਾਂ ਆਮ ਤੌਰ 'ਤੇ ਪੁਜਾਰੀਆਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਸਾਰੇ ਧਰਮ ਬਰਾਬਰ ਹਨ, ਸਾਰੇ ਧਰਮ ਅਸਥਾਨ ਰੱਬ ਦੇ ਘਰ ਹਨ, ਸਾਰੇ ਧਰਮਾਂ ਦਾ ਰੱਬ ਇੱਕ ਹੈ। ਇਸ ਲਈ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਫਿਰ ਜੇ ਰੱਬ ਇੱਕ ਹੈ ਤੇ ਸਾਰੇ ਧਰਮ ਸਥਾਨ ਉਸਦਾ ਘਰ ਹਨ ਤਾਂ ਧਰਮ ਇੱਕ ਕਿਉਂ ਨਹੀਂ? ਜਾਂ ਉਸ ਰੱਬ ਦੀ ਪੂਜਾ ਦਾ ਢੰਗ ਇੱਕ ਕਿਉਂ ਨਹੀਂ? ਚਲੋ ਜੇ ਮੰਨ ਲਈਏ ਰੱਬ ਤਾਂ ਇੱਕ ਹੈ, ਪਰ ਵੱਖ-ਵੱਖ ਧਰਮ ਗੁਰੂਆਂ ਜਾਂ ਪੈਗੰਬਰਾਂ ਦੀ ਵਿਚਾਰਧਾਰਾ ਵੱਖਰੀ ਹੋਣ ਕਰਕੇ ਧਰਮ ਵੀ ਵੱਖ-ਵੱਖ ਹਨ ਤੇ ਪੂਜਾ ਪਾਠ ਵੀ ਵੱਖ-ਵੱਖ ਹਨ? ਫਿਰ ਰੱਬ ਦੇ ਘਰ ਮਸਜਿਦ ਵਿੱਚ ਹਿੰਦੂ ਆਪਣੀ ਮੂਰਤੀ ਪੂਜਾ ਜਾਂ ਆਰਤੀ ਕਿਉਂ ਨਹੀਂ ਕਰ ਸਕਦਾ? ਮੁਸਲਮਾਨ ਨੂੰ ਰੱਬ ਦੇ ਘਰ ਹਿੰਦੂ ਮੰਦਰ ਵਿੱਚ ਜਾ ਕੇ ਨਮਾਜ ਪੜ੍ਹਨ ਦਾ ਹੱਕ ਕਿਉਂ ਨਹੀਂ? ਜੇ ਇਕੋ ਰੱਬ ਨੂੰ ਮੰਨਣ ਵਾਲਾ ਮੁਸਲਮਾਨ ਗਾਂ ਦਾ ਮਾਸ ਖਾ ਸਕਦਾ ਹੈ ਤੇ ਉਸੇ ਰੱਬ ਦਾ ਭਗਤ ਹਿੰਦੂ ਸੂਰ ਖਾ ਸਕਦਾ ਹੈ ਤਾਂ ਫਿਰ ਕਿਸੇ ਸ਼ਰਾਰਤੀ ਵਲੋਂ ਗਾਂ ਦੀ ਪੂਛ ਮੰਦਰ ਵਿੱਚ ਸੁੱਟਣ ਜਾਂ ਸੂਰ ਦੇ ਮਾਸ ਦਾ ਟੁਕੜਾ ਮਸਜਿਦ ਵਿੱਚ ਰੱਖਣ ਨਾਲ ਦੰਗੇ ਕਿਉਂ ਭੜਕ ਜਾਂਦੇ ਹਨ? ਜੇ ਕੋਈ ਸਿੱਖ, ਰੱਬ ਦੇ ਘਰ ਮੰਦਰ ਚਲਾ ਜਾਵੇ, ਹਿੰਦੂ, ਰੱਬ ਦੇ ਘਰ ਚਰਚ ਚਲਾ ਜਾਵੇ, ਮੁਸਲਮਾਨ, ਰੱਬ ਦੇ ਘਰ ਗੁਰਦੁਆਰੇ ਚਲਾ ਜਾਵੇ ਤਾਂ ਧਰਮ ਨੂੰ ਖਤਰਾ ਕਿਉਂ ਪੈਦਾ ਹੋ ਜਾਂਦਾ ਹੈ, ਜਦੋਂ ਕਿ ਰੱਬ ਇੱਕ ਹੈ, ਸਾਰੇ ਧਰਮ ਅਸਥਾਨ ਉਸਦੇ ਘਰ ਹਨ?

ਪੁਜਾਰੀਆਂ ਵਲੋਂ ਅਕਸਰ ਇਹ ਪ੍ਰਚਾਰ ਵੀ ਕੀਤਾ ਜਾਂਦਾ ਹੈ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਮਾਨ ਤੇ ਇਸਾਈ ਪੱਕਾ ਇਸਾਈ ਬਣੇ, ਇਹ ਸਭ ਕਹਿਣ ਦਾ ਮਕਸਦ ਲੋਕਾਂ ਨੂੰ ਪੱਕੇ ਧਰਮੀ ਬਣਾਉਣਾ ਨਹੀਂ, ਸਗੋਂ ਪੱਕੇ ਫਿਰਕੂ ਬਣਾਉਣਾ ਹੈ ਤਾਂ ਕਿ ਲੋਕ ਅੱਖਾਂ ਮੀਟ ਕੇ, ਸਿਰ ਸੁੱਟ ਕੇ ਸਾਰੀ ਉਮਰ ਧਰਮ ਦੇ ਨਾਮ ਤੇ ਬਣੀ, ਜਿਸ ਦੁਕਾਨ ਤੋਂ ਇੱਕ ਵਾਰ ਸੌਦਾ ਲੈਣਾ ਸ਼ੁਰੂ ਕਰ ਦੇਵੇ, ਬਸ ਉਸਦਾ ਹੀ ਸ਼ਰਧਾਲੂ ਬਣਿਆ ਰਹੇ ਤਾਂ ਕਿ ਪੁਜਾਰੀ ਮਨਮਰਜ਼ੀ ਨਾਲ ਉਸਦੀ ਲੁੱਟ ਕਰਦਾ ਰਹੇ। ਜੇ ਇਹ ਦੁਕਾਨਦਾਰੀ ਨਹੀਂ ਤਾਂ ਫਿਰ ਇਸ ਵਿੱਚ ਕੀ ਫਰਕ ਪੈਂਦਾ ਹੈ ਕਿ ਕੌਣ ਮੰਦਰ ਜਾਂਦਾ ਹੈ ਤੇ ਕੌਣ ਗੁਰਦੁਆਰੇ ਜਾਂ ਮਸਜਿਦ ਜਾਂ ਚਰਚ? ਜਦੋਂ ਸਾਰੇ ਧਰਮ ਅਸਥਾਨ ਇਕੋ ਰੱਬ ਦੇ ਘਰ ਹਨ ਤੇ ਸਾਰੇ ਧਰਮ ਰੂਪੀ ਰਸਤਿਆਂ ਦੀ ਮੰਜ਼ਿਲ ਇੱਕ ਰੱਬ ਹੈ। ਅਸਲ ਵਿੱਚ ਅਜਿਹਾ ਨਹੀਂ ਹੈ, ਕਿਉਂਕਿ ਧਰਮ ਪੁਜਾਰੀ ਲੋਕਾਂ ਨੂੰ ਭੇਡਾਂ ਬੱਕਰੀਆਂ ਬਣਾ ਕੇ, ਉਪਰ ਆਪਣੇ ਫਿਰਕੇ ਦਾ ਲੇਬਲ ਲਾ ਕੇ ਰੱਖਣਾ ਚਾਹੁੰਦੇ ਹਨ ਤਾਂ ਕਿ ਉਹ ਜਦੋਂ ਚਾਹੁਣ, ਜਿਧਰ ਨੂੰ ਚਾਹੁਣ ਉਨ੍ਹਾਂ ਨੂੰ ਹੱਕ ਸਕਣ ਜਾਂ ਕਿਸੇ ਵੀ ਹਾਕਮ ਦੇ ਰਾਜ ਨੂੰ ਵਧਾਉਣ ਜਾਂ ਧਰਮ ਦਾ ਰਾਜ ਸਥਾਪਿਤ ਕਰਨ ਦੇ ਨਾਮ ਤੇ ਲੋਕਾਂ ਨੂੰ ਬਲ਼ੀ ਦਾ ਬੱਕਰਾ ਬਣਾ ਸਕਣ।

ਜਿਸ ਤਰ੍ਹਾਂ ਪਹਿਲਾਂ ਵੀ ਨਕਲੀ ਧਰਮਾਂ ਦੀ ਵਿਆਖਿਆ ਦੌਰਾਨ ਅਸੀਂ ਵਿਚਾਰਿਆ ਸੀ ਕਿ ਤਕਰੀਬਨ ਸਾਰੇ ਨਕਲੀ ਧਰਮ ਮਨੁੱਖ ਦੀ ਲੋਭੀ ਤੇ ਡਰ ਦੀ ਪ੍ਰਵਿਰਤੀ ਸਿਰ ਚੱਲਦੇ ਹਨ। ਪੁਜਾਰੀ, ਮਨੁੱਖ ਦੀਆਂ ਇਨ੍ਹਾਂ ਦੋਨਾਂ ਕਮਜ਼ੋਰੀਆਂ ਤੋਂ ਭਲੀ-ਭਾਂਤ ਜਾਣੂ ਹਨ, ਇਸ ਲਈ ਪੁਜਾਰੀਆਂ ਨੇ ਪੂਜਾ ਪਾਠ ਦੇ ਜੋ ਢੰਗ ਬਣਾਏ ਹੋਏ ਹਨ, ਉਹ ਮਨੁੱਖ ਦੀਆਂ ਇਨ੍ਹਾਂ ਦੋਨਾਂ ਕਮਜ਼ੋਰੀਆਂ ਦੀ ਪੂਰਤੀ ਦੇ ਸਾਧਨ ਮਾਤਰ ਹਨ। ਬੇਸ਼ੱਕ ਪੁਜਾਰੀ ਨੂੰ ਸਭ ਪਤਾ ਹੈ ਕਿ ਇਨ੍ਹਾਂ ਪੂਜਾ ਪਾਠਾਂ ਨਾਲ ਨਾ ਕਦੇ ਕਿਸੇ ਦਾ ਕੁਝ ਸੰਵਰਿਆ ਹੈ ਤੇ ਨਾ ਸੰਵਰੇਗਾ, ਪਰ ਫਿਰ ਵੀ ਪੁਜਾਰੀ ਮਨੁੱਖ ਨੂੰ ਇਨ੍ਹਾਂ ਦੀ ਪੂਰਤੀ ਦਾ ਲਾਲਚ ਦੇ ਕੇ ਸਦੀਆਂ ਤੋਂ ਲੁੱਟਦਾ ਆ ਰਿਹਾ ਹੈ। ਜ਼ਰਾ ਧਿਆਨ ਨਾਲ ਸੋਚੋ ਕਿ ਜੇ ਪੂਜਾ ਪਾਠ ਨਾਲ ਲੋਭ ਜਾਂ ਡਰ ਦੀ ਪੂਰਤੀ ਹੁੰਦੀ ਤਾਂ ਫਿਰ ਉਹੀ ਪੁਜਾਰੀ ਪੂਜਾ, ਪਾਠ, ਅਰਦਾਸ ਆਦਿ ਕਰਨ ਲਈ ਤੁਹਾਡੇ ਅੱਗੇ ਹੱਥ ਕਿਉਂ ਅੱਡਦਾ ਹੈ? ਉਹ ਖੁਦ ਪੂਜਾ ਪਾਠ ਕਰਕੇ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਕਿਉਂ ਨਹੀਂ ਕਰ ਲੈਂਦਾ? ਜਾਂ ਉਹ ਆਪਣਾ ਡਰ ਦੂਰ ਕਰ ਲੈਂਦਾ, ਉਹ ਖੁਦ ਤਾਂ ਡਰਦਾ ਮਾਰਾ ਧਰਮ ਦੇ ਆਗੂਆਂ, ਪ੍ਰਬੰਧਕਾਂ, ਸ਼ਰਧਾਲੂਆਂ ਦੇ ਪੈਰੀਂ ਪਿਆ ਹੁੰਦਾ ਹੈ। ਨਕਲੀ ਧਰਮਾਂ ਦੇ ਪੁਜਾਰੀ ਤਾਂ ਨਕਲੀ ਹੈਨ ਹੀ, ਸ਼ਰਧਾਲੂ ਵੀ ਨਕਲੀ ਬਣ ਗਿਆ ਹੈ। ਪੂਜਾ ਪਾਠ ਦੀਆਂ ਸੱਚਾਈਆਂ ਉਨ੍ਹਾਂ ਦੇ ਸਾਹਮਣੇ ਹੁੰਦੀਆ ਹਨ, ਪਰ ਫਿਰ ਵੀ ਡਰ ਜਾਂ ਲਾਲਚ ਅਧੀਨ ਸੋਚਦਾ ਹੈ ਕਿ ਸ਼ਾਇਦ ਕੁਝ ਸਚਾਈ ਹੋਵੇ? ਇਹੀ ਵਜ੍ਹਾ ਹੈ ਕਿ ਅੱਜ ਹਰ ਧਰਮ ਦਾ ਸ਼ਰਧਾਲੂ ਧਰਮ ਅਸਥਾਨ ਆਪਣੇ ਲੋਭ ਦੀ ਪੂਰਤੀ ਲਈ ਜਾਂਦਾ ਹੈ, ਪੁਜਾਰੀ ਉਸਨੂੰ ਸਾਰੀਆਂ ਪੂਜਾ ਵਿਧੀਆਂ, ਉਸਦੀਆਂ ਨਿੱਜੀ ਖਾਹਸ਼ਾਂ ਜਾਂ ਇਛਾਵਾਂ ਦੀ ਪੂਰਤੀ ਲਈ ਹੀ ਦੱਸਦਾ ਹੈ। ਕੋਈ ਵਿਅਕਤੀ ਕਿਸੇ ਧਰਮ ਮੰਦਰ ਵਿੱਚ ਮਨੁੱਖਤਾ ਦੀ ਸੇਵਾ, ਰੱਬ ਦੀ ਸੇਵਾ ਕਰਨ ਜਾਂ ਸਿੱਖਣ ਨਹੀਂ ਜਾਂਦਾ, ਸਗੋਂ ਉਸਦੀ ਦੂਜਿਆਂ ਦੀ ਸੇਵਾ ਵਿੱਚ ਵੀ ਉਸਦਾ ਆਪਣਾ ਨਿੱਜ ਸਵਾਰਥ ਛੁਪਿਆ ਹੁੰਦਾ ਹੈ। ਉਨ੍ਹਾਂ ਦੀ ਸੇਵਾ ਵੀ ਆਪਣੇ ਲੋਭ ਦੀ ਪੂਰਤੀ ਲਈ ਹੀ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਪੁਜਾਰੀ ਮਨੁੱਖ ਵਿਚ ਬਚਪਨ ਤੋਂ ਹੀ ਪਹਿਲਾਂ ਰੱਬ ਦਾ ਡਰ ਪਾਉਂਦਾ ਹੈ ਤੇ ਫਿਰ ਇਹ ਸਥਾਪਤ ਕਰਦਾ ਹੈ ਕਿ ਸਭ ਕੁਝ ਦੇਣ ਵਾਲਾ ਰੱਬ ਹੀ ਹੈ। ਹੁਣ ਜਿਹੜਾ ਵਿਅਕਤੀ ਰੱਬ ਨੂੰ ਆਪਣੇ ਹੱਕ ਵਿੱਚ ਭੁਗਤਾ ਕੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦਾ ਹੈ, ਉਸਨੂੰ ਪੁਜਾਰੀ ਦੁਆਰਾ ਦੱਸੀ ਵਿਧੀ ਅਨੁਸਾਰ ਪੂਜਾ ਪਾਠ ਕਰਨਾ ਪਵੇਗਾ। ਇਹੀ ਕਾਰਨ ਹੈ ਕਿ ਮਨੁੱਖ ਧਰਮ ਅਸਥਾਨਾਂ ਵਿੱਚ ਧਰਮ ਕਮਾਉਣ ਜਾਂ ਸਿੱਖਣ ਨਹੀਂ ਜਾਂਦਾ, ਸਗੋਂ ਇਸ ਡਰ ਵਿੱਚ ਜਾਂਦਾ ਹੈ ਕਿ ਜੋ ਉਸ ਕੋਲ ਹੈ, ਉਹ ਖੁਸ ਨਾ ਜਾਵੇ ਅਤੇ ਜੋ ਨਹੀਂ ਹੈ, ਉਹ ਪੂਜਾ ਪਾਠ ਕਰਕੇ ਮਿਲ ਜਾਵੇ।

ਮਨੁੱਖ ਦੀ ਇਸ ਡਰ ਤੇ ਲੋਭ ਦੀ ਪ੍ਰਵਿਰਤੀ ਨੇ ਉਸ ਕੋਲੋਂ ਪੁਜਾਰੀਆਂ ਮਗਰ ਲੱਗ ਕੇ ਕੀ ਕੁਝ ਨਹੀਂ ਕਰਵਾਇਆ। ਪੁਜਾਰੀ ਨੇ ਮਨੁੱਖ ਤੋਂ ਆਪਣੇ ਹੱਥੀਂ ਬਣਾਏ ਪੱਥਰ ਦੇ ਬੁੱਤਾਂ ਅੱਗੇ ਲੰਮੇ ਪਾਇਆ, ਮਨੁੱਖਾਂ, ਦਰਖਤਾਂ, ਜਾਨਵਰਾਂ ਜਾਂ ਕੁਦਰਤੀ ਸ਼ਕਤੀਆਂ ਅੱਗ, ਹਵਾ, ਪਾਣੀ, ਬਿਜਲੀ ਆਦਿ ਦੀ ਪੂਜਾ ਕਰਵਾਈ। ਇਹੀ ਕਾਰਨ ਹੈ ਕਿ ਕੰਪਿਊਟਰ ਯੁਗ ਦਾ ਪੜ੍ਹਿਆ ਲਿਖਿਆ ਤੇ ਮੌਡਰਨ ਸੋਚ ਦਾ ਧਾਰਨੀ ਮਨੁੱਖ ਵੀ ਧਾਰਮਿਕ ਖੇਤਰ ਵਿੱਚ ਹਜਾਰਾਂ ਸਾਲ ਪਹਿਲੇ ਮਨੁੱਖ ਨਾਲੋਂ ਬੌਧਿਕ ਪੱਧਰ ਤੇ ਵਿਕਸਤ ਨਹੀਂ ਹੋਇਆ। ਉਹ ਅੱਜ ਵੀ ਅੱਗ, ਪਾਣੀ, ਹਵਾ, ਪੱਥਰ, ਦਰਖਤ, ਜਾਨਵਰ, ਮਨੁੱਖ, ਫੋਟੋ ਆਦਿ ਦੀ ਪੂਜਾ ਕਰਦਾ ਹੈ, ਉਸਨੂੰ ਧੂਪ ਬੱਤੀ ਕਰਦਾ ਹੈ, ਉਸਦੇ ਅੱਗੇ ਮਨੋ ਕਾਮਨਾਵਾਂ ਪੂਰੀਆਂ ਹੋਣ ਲਈ ਅਰਦਾਸਾਂ ਕਰਦਾ ਹੈ। ਆਪਣੀ ਕਿਸਮਤ ਨੂੰ ਆਪ ਘੜਨ ਦੇ ਸਮਰੱਥ ਹੋਣ ਦੀ ਥਾਂ ਕਿਸੇ ਪਾਂਧੇ, ਪੰਡਤ, ਜੋਤਸ਼ੀ, ਸਾਧ, ਬਾਬੇ, ਪੁੱਛਾਂ ਦੇਣ ਵਾਲੇ ਅੱਗੇ ਹੱਥ ਅੱਡੀ ਬੈਠਾ ਹੁੰਦਾ ਹੈ। ਪੁਜਾਰੀ ਨੇ ਉਸਨੂੰ ਮਾਨਸਿਕ ਤੌਰ ਤੇ ਇਤਨਾ ਕਮਜ਼ੋਰ ਕਰ ਦਿੱਤਾ ਹੈ ਕਿ ਜੇ ਕਿਸੇ ਧਰਮ ਗੁਰੂ ਨੇ ਪੱਥਰਾਂ, ਦਰਖਤਾਂ, ਜਾਨਵਰਾਂ, ਮਨੁੱਖਾਂ ਦੀ ਪੂਜਾ 'ਚੋਂ ਕੱਢ ਕੇ ਗਿਆਨਵਾਨ ਬਣਾਉਣ ਲਈ ਧਰਮ ਗ੍ਰੰਥ ਦਿੱਤੇ ਤਾਂ ਕਿ ਮਨੁੱਖ ਉਨ੍ਹਾਂ ਨੂੰ ਪੜ੍ਹ ਕੇ, ਵਿਚਾਰ ਕੇ, ਗਿਆਨਵਾਨ ਹੋ ਕੇ ਪੁਜਾਰੀ ਦੇ ਭਰਮਜਾਲ ਵਿਚੋਂ ਨਿਕਲ ਸਕੇ, ਪਰ ਮਨੁੱਖ ਦੀ ਤਰਾਸਦੀ ਦੇਖੋ, ਸ਼ੈਤਾਨ ਪੁਜਾਰੀ ਮਗਰ ਲੱਗ ਕੇ ਉਸਨੇ ਗ੍ਰੰਥਾਂ ਨੂੰ ਵੀ ਮੂਰਤੀਆਂ ਵਾਂਗ ਪੂਜਣਾ ਲੱਗਾ, ਉਸਦੀ ਧੂਫ-ਬੱਤੀ ਕਰਨ ਲੱਗਾ, ਉਸ ਅੱਗੇ ਹੱਥ ਜੋੜ ਅਰਦਾਸਾਂ ਕਰਨ ਲੱਗਾ। ਗ੍ਰੰਥਾਂ ਦੇ ਗਿਆਨ ਨੂੰ ਆਪਣੀਆਂ ਨਿੱਜੀ ਮੰਗਾਂ ਦੀ ਪੂਰਤੀ ਜਾਂ ਵਿਰੋਧੀਆਂ ਦਾ ਨੁਕਸਾਨ ਕਰਨ ਦੇ ਭਰਮ ਅਧੀਨ ਫੋਕਟ ਮੰਤਰ ਪਾਠਾਂ, ਅਰਦਾਸਾਂ, ਨਿਤਨੇਮਾਂ, ਨਮਾਜਾਂ, ਪ੍ਰੇਅਰਾਂ ਲਈ ਵਰਤਣ ਲੱਗਾ। ਉਸਨੇ ਧਰਮ ਗ੍ਰੰਥਾਂ ਦੇ ਗਿਆਨ ਦੇ ਸ਼ਰਧਾ ਪੂਰਨ, ਦੁੱਖ ਭੰਜਨੀ, ਮਨੋ-ਕਾਮਨਾ ਪੂਰਨ ਗੁਟਕੇ ਬਣਾ ਲਏ ਹਨ, ਉਨ੍ਹਾਂ ਦੇ ਪਾਠਾਂ ਨਾਲ ਆਪਣੇ ਫਾਇਦੇ ਤੇ ਵਿਰੋਧੀਆਂ ਦੇ ਨੁਕਸਾਨ ਦੇ ਭਰਮ ਪਾਲ਼ੇ ਹੋਏ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਪੁਜਾਰੀ ਦੇ ਪੂਜਾ ਪਾਠ ਦੇ ਭਰਮ ਜਾਲ ਵਿਚੋਂ ਨਿਕਲੇ ਕਿਵੇਂ? ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਤੋਂ ਇਹ ਸ੍ਰਿਸ਼ਟੀ ਬਣੀ ਹੈ, ਸਾਰਾ ਮੈਟਰ ਇੱਕ ਵਾਰ ਹੀ ਬਣ ਗਿਆ ਸੀ। ਇਹ ਮੈਟਰ (ਮਾਦਾ ਜਾਂ ਸਮਾਨ) ਨਾ ਵਧਦਾ ਹੈ ਤੇ ਨਾ ਘਟਦਾ ਹੈ। ਇਹ ਕਰੋੜਾਂ ਸਾਲਾਂ ਤੋਂ ਸਿਰਫ ਰੀਸਾਈਕਲ ਹੀ ਹੋ ਰਿਹਾ ਹੈ। ਜੋ ਵੀ ਇਸ ਧਰਤੀ ਤੇ ਪੈਦਾ ਹੁੰਦਾ ਹੈ, ਉਹ ਆਪਣੀ ਉਮਰ ਜਾਂ ਸਮਰਥਾ ਅਨੁਸਾਰ ਇਸਨੂੰ ਖਾਂਦਾ, ਖਰਚਦਾ, ਵਰਤਦਾ ਹੈ ਤੇ ਫਿਰ ਇੱਕ ਦਿਨ ਮਰਨ ਬਾਅਦ ਆਪ ਵੀ ਇਥੇ ਹੀ ਰੀਸਾਈਕਲ ਹੋ ਜਾਂਦਾ ਹੈ। ਸਾਡੇ ਇਸ ਪਲੈਨਿਟ (ਗ੍ਰਹਿ) ਤੇ ਨਾ ਕੁਝ ਬਾਹਰੋਂ ਆ ਰਿਹਾ ਹੈ ਤੇ ਨਾ ਹੀ ਕਿਤੇ ਬਾਹਰ ਜਾ ਰਿਹਾ ਹੈ। ਕੁਦਰਤ ਵਿੱਚ ਇਹ ਵਰਤਾਰਾ ਲੱਖਾਂ-ਕ੍ਰੋੜਾਂ ਸਾਲਾਂ ਤੋਂ ਚੱਲ ਰਿਹਾ ਹੈ, ਪਰ ਨਾਲ ਹੀ ਇਹ ਗੱਲ ਵੀ ਸਮਝਣ ਵਾਲੀ ਹੈ

ਕਿ ਇਹ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਵਾਪਰ ਰਿਹਾ ਹੈ, ਮਨੁੱਖ ਇਨ੍ਹਾਂ ਨਿਯਮਾਂ ਨੂੰ ਸਮਝ ਕੇ ਲਾਭ ਵੀ ਲੈ ਸਕਦਾ ਹੈ ਤੇ ਨੁਕਸਾਨ ਵੀ ਕਰ ਜਾਂ ਕਰਵਾ ਸਕਦਾ ਹੈ। ਪਰ ਨਾਲ ਹੀ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਕੁਦਰਤ ਦੇ ਇਨ੍ਹਾਂ ਅਟੱਲ ਨਿਯਮਾਂ ਉੱਤੇ ਕਿਸੇ ਦੇ ਪੂਜਾ ਪਾਠ, ਮੰਤਰ ਪਾਠ, ਟੂਣੇ ਟਾਮਣੇ, ਮੰਤਰ-ਜੰਤਰ, ਭਗਤੀ, ਬੰਦਗੀ, ਸਿਮਰਨ ਆਦਿ ਦਾ ਕੋਈ ਅਸਰ ਨਹੀਂ ਹੁੰਦਾ, ਇਹ ਨਿਯਮ ਨਾ ਕਦੇ ਪੂਜਾ-ਪਾਠ ਨਾਲ ਬਦਲੇ ਹਨ ਤੇ ਨਾ ਹੀ ਬਦਲਣਗੇ।

ਇਸ ਲਈ ਸਾਨੂੰ ਲੋੜ ਇਹ ਗੱਲ ਸਮਝਣ ਦੀ ਹੈ ਕਿ ਅਸੀਂ ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝੀਏ, ਉਨ੍ਹਾਂ ਅਨੁਸਾਰ ਚੱਲਣ ਦਾ ਯਤਨ ਕਰੀਏ, ਉਨ੍ਹਾਂ ਨਿਯਮਾਂ ਵਿੱਚ ਰਹਿ ਕੇ ਆਪਣੀ ਸਰੀਰਕ ਤੇ ਮਾਨਸਿਕ ਤਰੱਕੀ ਲਈ ਯਤਨ ਕਰੀਏ। ਅਸਲੀ ਧਰਮ ਮਨੁੱਖ ਨੂੰ ਲੋਭੀ ਤੇ ਡਰਾਕਲ ਨਹੀਂ ਬਣਾਉਂਦਾ ਸਗੋਂ ਅਸਲੀ ਧਰਮ ਤਾਂ ਮਨੁੱਖ ਨੂੰ ਕੁਦਰਤ ਦੇ ਨਿਯਮਾਂ ਵਿੱਚ (ਰੱਬ ਦੇ ਹੁਕਮ ਵਿੱਚ) ਰਹਿੰਦੇ ਹੋਏ ਸਬਰ ਸੰਤੋਖ ਦੇ ਜੀਵਨ ਦੀ ਜਾਚ ਸਿਖਾਉਂਦਾ ਹੈ। ਮਨੁੱਖ ਨੂੰ ਰੱਬ ਤੋਂ ਡਰਨ ਦੀ ਨਹੀਂ, ਸਗੋਂ ਉਸਦੇ ਨਿਯਮਾਂ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਜਾਚ ਸਿੱਖਣ ਦੀ ਲੋੜ ਹੈ। ਜਿਨ੍ਹਾਂ ਨੇ ਇਨ੍ਹਾਂ ਨਿਯਮਾਂ ਨੂੰ ਸਮਝਿਆ ਹੈ, ਉਨ੍ਹਾਂ ਨੇ ਆਪਣੇ ਲਈ ਤੇ ਸਾਰੀ ਮਨੁੱਖਤਾ ਲਈ ਅਨੇਕਾਂ ਸੁੱਖ ਸਹੂਲਤਾਂ ਪੈਦਾ ਕੀਤੀਆਂ ਹਨ, ਪਰ ਧਰਮ ਦੀ ਪੂਜਾ ਪਾਠ ਨਾ ਕਿਸੇ ਸ਼ਰਧਾਲੂ ਦਾ ਕੁਝ ਸੰਵਾਰ ਸਕੀ ਹੈ ਤੇ ਨਾ ਹੀ ਮਨੁੱਖਤਾ ਦਾ ਕੋਈ ਭਲਾ ਕਰ ਸਕੀ ਹੈ। ਹੁਣ ਤੱਕ ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝ ਕੇ ਮੈਟਰ ਦੀ ਖੋਜ ਕਰਨ ਵਾਲੇ ਸਾਇੰਸਦਾਨਾਂ ਨੇ ਤਾਂ ਮਨੁੱਖਤਾ ਲਈ ਹਜ਼ਾਰਾਂ ਸਹੂਲਤਾਂ ਪੈਦਾ ਕੀਤੀਆਂ ਹਨ, ਪਰ ਇਨ੍ਹਾਂ ਨਕਲੀ ਧਰਮਾਂ ਦੇ ਪੁਜਾਰੀਆਂ ਜਾਂ ਸ਼ਰਧਾਲੂਆਂ ਦੇ ਪੂਜਾ ਪਾਠਾਂ ਦੀ ਮਨੁੱਖਤਾ ਨੂੰ ਕੀ ਦੇਣ ਹੈ? ਹੁਣ ਇਨ੍ਹਾਂ ਨੂੰ ਪੁਛਣ ਦਾ ਵਕਤ ਆ ਗਿਆ ਹੈ? ਸਾਨੂੰ ਜਾਗਰੂਕ ਹੋਣ ਦੀ ਲੋੜ ਹੈ, ਤਾਂ ਹੀ ਅਸੀਂ ਇਨ੍ਹਾਂ ਪੁਜਾਰੀਆਂ ਜਾਂ ਇਨ੍ਹਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਨੂੰ ਕਹਿਣ ਦੀ ਹਿੰਮਤ ਕਰ ਸਕਾਂਗੇ ਕਿ ਦੱਸੋ ਤੁਹਾਡੇ ਪੂਜਾ ਪਾਠਾਂ ਨੇ ਮਨੁੱਖ ਦਾ, ਸਮਾਜ ਦਾ, ਮਾਨਵਤਾ ਦਾ ਕੀ ਭਲਾ ਕੀਤਾ ਹੈ?

ਜੇ ਤੁਸੀਂ 6000 ਸਾਲਾਂ ਵਿੱਚ ਕੁਝ ਨਹੀਂ ਕਰ ਸਕੇ ਤਾਂ ਬੰਦ ਕਰੋ ਆਪਣੀਆਂ ਇਹ ਲੁੱਟ ਦੀਆਂ ਫਿਰਕੂ ਦੁਕਾਨਾਂ, ਸਾਨੂੰ ਅਸਲੀ ਧਰਮ ਤੇ ਅਸਲੀ ਰੱਬ ਦੀ ਸੋਝੀ ਹੋ ਚੁੱਕੀ ਹੈ। ਸਾਨੂੰ ਰੱਬ ਦੇ ਹੁਕਮ ਦੀ ਸੋਝੀ ਹੋ ਚੁੱਕੀ ਹੈ, ਅਸੀਂ ਹੁਣ ਤੁਹਾਡੇ ਪਾਖੰਡੀ ਜਾਲ਼ ਵਿੱਚ ਨਹੀਂ ਫਸਣਾ। ਅਖੀਰ ਵਿੱਚ ਇੱਕ ਨੁਕਤਾ ਇਹ ਵੀ ਸਮਝ ਲੈਣਾ ਜ਼ਰੂਰੀ ਹੈ ਕਿ ਧਰਮ ਵਸਤੂਆਂ (ਮੈਟਰ) ਦਾ ਵਿਸ਼ਾ ਨਹੀਂ, ਸਗੋਂ ਮਨ (ਆਤਮਾ, ਦਿਮਾਗ, ਚੇਤੰਨਤਾ) ਦਾ ਵਿਸ਼ਾ ਹੈ, ਵਸਤੂਆਂ (ਮਾਦਾ, ਮੈਟਰ) ਸਾਇੰਸ ਦਾ ਵਿਸ਼ਾ ਹੈ। ਜੇ ਅਸੀਂ ਵਸਤੂਆਂ ਪ੍ਰਾਪਤ ਕਰਨੀਆਂ ਹਨ ਤਾਂ ਇਹ ਧਰਮ ਅਸਥਾਨਾਂ ਦੀ ਪੂਜਾ ਪਾਠ ਤੋਂ ਨਹੀਂ ਮਿਹਨਤ ਤੇ ਕੁਦਰਤ ਦੇ ਨਿਯਮਾਂ ਅਨੁਸਾਰ ਮਿਲਣਗੀਆਂ। ਪਰ ਜੇ ਸਾਡੀ ਭਾਲ਼ ਮਨ ਦੀ ਸ਼ਾਂਤੀ, ਖੁਸ਼ੀ, ਖੇੜਾ, ਅਨੰਦ, ਮਨ ਦੀਆਂ ਕਮਜ਼ੋਰੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੋਂ ਬਚਣ, ਸਰਬੱਤ ਦਾ ਭਲਾ ਆਦਿ ਹੈ ਤਾਂ ਫਿਰ ਸਾਨੂੰ ਆਪਣੇ ਅੰਦਰ ਝਾਕਣ ਦੀ ਲੋੜ ਹੈ, ਆਪਾ ਚੀਨਣ ਦੀ ਲੋੜ ਹੈ, ਆਪਣੇ ਅੰਦਰ ਵਸਦੀ ਚੇਤੰਨਤਾ ਪਛਾਨਣ ਦੀ ਲੋੜ ਹੈ, ਇਸ ਧਰਤੀ 'ਤੇ ਮਨੁੱਖੀ ਜੀਵਨ ਦੇ ਲਕਸ਼ ਨੂੰ ਜਾਨਣ ਦੀ ਲੋੜ ਹੈ, ਕੁਦਰਤ ਦੇ ਜੀਵਨ ਰੂਪੀ ਇਸ ਖੇਡ ਤਮਾਸ਼ੇ ਨੂੰ ਸਮਝਣ ਦੀ ਲੋੜ ਹੈ। ਅਸਲ ਵਿੱਚ ਧਰਮ ਅੰਦਰੋਂ ਜਾਗਣ ਦਾ ਨਾਮ ਹੈ, ਹਿਰਦੇ ਦੇ ਖਿੜ ਜਾਣ ਦਾ ਨਾਮ ਹੈ, ਸ੍ਰਿਸ਼ਟੀ ਦੇ ਕਣ-ਕਣ ਵਿੱਚ ਕੁਦਰਤ ਦੀ ਹੋਂਦ ਮਹਿਸੂਸ ਕਰਨ ਦਾ ਨਾਮ ਹੈ, ਸਾਰੀ ਮਨੁੱਖਤਾ ਨੂੰ ਭਾਈ-ਭਾਈ ਸਮਝਣ ਦਾ ਨਾਮ ਹੈ, ਨਾ ਕਿ ਪੁਜਾਰੀਆਂ ਦੀ ਦੱਸੀ ਮਰਿਯਾਦਾ ਅਨੁਸਾਰ ਨਿੱਜੀ ਲਾਭਾਂ ਤੇ ਵਿਰੋਧੀਆਂ ਦੇ ਨੁਕਸਾਨ ਲਈ ਪੂਜਾ ਪਾਠ ਕਰਨਾ।

# ਯੁੱਧਬੰਦੀ ਅਤੇ ਗੱਲਬਾਤ ਲਈ ਅਪੀਲ

ਅਸੀਂ, ਹੇਠ ਲਿਖੀਆਂ ਜਥੇਬੰਦੀਆਂ ਅਤੇ ਵਿਅਕਤੀ, ਸੀਪੀਆਈ (ਮਾਓਵਾਦੀ) ਵੱਲੋਂ ਸ਼ਾਂਤੀ ਵਾਰਤਾ ਦੀ ਪੇਸ਼ਕਸ਼ ਅਤੇ ਛੱਤੀਸਗੜ੍ਹ ਸਰਕਾਰ ਦੇ ਪ੍ਰਤੀਕ੍ਰਮ—ਜਿਸ ਵਿਚ ਗੱਲਬਾਤ ਲਈ ਦਰਵਾਜ਼ੇ ਖੁੱਲ੍ਹੇ ਰੱਖਣ ਦੀ ਗੱਲ ਕੀਤੀ ਗਈ ਹੈ—ਦਾ ਸਵਾਗਤ ਕਰਦੇ ਹਾਂ। ਹਾਲਾਂਕਿ, ਸਰਕਾਰ ਨੂੰ ਜ਼ਮੀਨ 'ਤੇ ਚੱਲ ਰਹੇ ਯੁੱਧ ਨੂੰ ਤੁਰੰਤ ਰੋਕ ਕੇ ਆਪਣੀ ਮਨਸ਼ਾ ਨੂੰ ਸਾਫ਼ ਤਰੀਕੇ ਨਾਲ ਦਰਸਾਉਣਾ ਹੋਵੇਗਾ। ਅਸੀਂ ਦੋਹਾਂ ਧਿਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਦਿਵਾਸੀਆਂ ਅਤੇ ਹੋਰ ਪੇਂਡੂ ਲੋਕਾਂ ਦੇ ਸਰਬੋਤਮ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਭਾਰਤ ਦੇ ਸੰਵਿਧਾਨ ਦੀ ਰੂਪਰੇਖਾ ਦੇ ਤਹਿਤ ਨਾਗਰਿਕਾਂ ਦੇ ਸੰਵਿਧਾਨਕ, ਲੋਕਤੰਤਰੀ ਅਤੇ ਮਨੁੱਖੀ ਹੱਕਾਂ ਨੂੰ ਧਿਆਨ ਵਿਚ ਰੱਖ ਕੇ ਸ਼ਾਂਤੀ ਵਾਰਤਾ ਵਿਚ ਸ਼ਾਮਲ ਹੋਣ।

ਛੱਤੀਸਗੜ੍ਹ ਦਾ ਬਸਤਰ, ਝਾਰਖੰਡ ਦਾ ਪੱਛਮੀ ਸਿੰਘਭੂਮ, ਅਤੇ ਮਹਾਰਾਸ਼ਟਰ ਦਾ ਗੜ੍ਹਚਿਰੌਲੀ ਖੇਤਰ ਆਦਿਵਾਸੀ ਬਹੁਗਿਣਤੀ ਵਾਲੇ ਇਲਾਕੇ ਹਨ ਜੋ ਇਸ ਸਮੇਂ ਟਕਰਾਅ ਦੇ ਕੇਂਦਰ ਹਨ। ਕਿਸੇ ਵੀ ਵਾਰਤਾ ਵਿਚ ਇਨ੍ਹਾਂ ਖੇਤਰਾਂ ਦੇ ਬਾਸ਼ਿੰਦਿਆਂ ਦੀ ਜ਼ਿੰਦਗੀ ਅਤੇ ਭਲਾਈ ਨੂੰ ਪਹਿਲੀ ਤਰਜ਼ੀਹ ਦਿੱਤੀ ਜਾਣੀ ਚਾਹੀਦੀ ਹੈ।

ਅਸੀਂ ਦੋਹਾਂ ਧਿਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਹਰ ਕਿਸਮ ਦੀ ਹਿੰਸਾ ਨੂੰ ਤੁਰੰਤ ਰੋਕਣ ਲਈ ਯੁੱਧਬੰਦੀ ਨੂੰ ਸਵੀਕਾਰ ਕਰਨ ਅਤੇ ਇਸ ਦਾ ਅਧਿਕਾਰਕ ਐਲਾਨ ਕਰਨ। ਹੁਣ ਕਿਸੇ ਵੀ ਧਿਰ ਵੱਲੋਂ ਕੋਈ ਵੀ ਦੁਸ਼ਮਣਾਨਾ ਕਾਰਵਾਈ ਨਹੀਂ ਹੋਣੀ ਚਾਹੀਦੀ—ਚਾਹੇ ਉਹ ਫੌਜੀ ਮੁਹਿੰਮ ਹੋਵੇ, ਗੈਰ-ਨਿਆਇਕ ਹੱਤਿਆਵਾਂ, ਮੁਕਾਬਲੇ, ਆਈਈਡੀ ਧਮਾਕੇ, ਨਾਗਰਿਕਾਂ ਦੀ ਹੱਤਿਆ ਜਾਂ ਹੋਰ ਕਿਸੇ ਕਿਸਮ ਦੀ ਹਿੰਸਾ ਹੋਵੇ।

ਭਾਰਤ ਦੇ ਸੰਵਿਧਾਨ ਅਧੀਨ ਸਰਕਾਰ ਉੱਪਰ ਇਹ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਸੰਵਿਧਾਨਕ ਨਿਯਮਾਂ ਅਤੇ ਮੁੱਲਾਂ ਦੀ ਪਾਲਣਾ ਕਰੇ ਅਤੇ ਉਨ੍ਹਾਂ ਦੇ ਆਧਾਰ 'ਤੇ ਕੰਮ ਕਰੇ। ਸੰਵਿਧਾਨ ਦੀ ਦ੍ਰਿਸ਼ਟੀ ਅਤੇ ਭਾਵਨਾ ਅਨੁਸਾਰ, ਸਰਕਾਰ ਦੀ ਇਹ ਪ੍ਰਮੁੱਖ ਜ਼ਿੰਮੇਵਾਰੀ ਹੈ ਕਿ ਉਹ ਇਸ ਸਥਿਤੀ ਨੂੰ ਕਿਸੇ ਬਾਹਰੀ ਦੁਸ਼ਮਣ ਨਾਲ ਯੁੱਧ ਦੇ ਰੂਪ 'ਚ ਨਾ ਦੇਖੇ, ਬਲਕਿ ਇਸਨੂੰ ਆਪਣੇ ਹੀ ਨਾਗਰਿਕਾਂ ਨਾਲ ਇਕ ਅੰਦਰੂਨੀ ਟਕਰਾਅ ਵਜੋਂ ਮੰਨੇ, ਜਿਸਨੂੰ ਛੇਤੀ ਹੀ ਸੁਹਿਰਦਤਾ ਨਾਲ ਸੁਲਝਾਉਣਾ ਜ਼ਰੂਰੀ ਹੈ। ਇਸ ਪ੍ਰਕਿਰਿਆ 'ਚ ਸਭ ਤੋਂ ਮਹੱਤਵਪੂਰਨ ਇਹ ਹੈ ਕਿ ਸਰਕਾਰ ਆਪਣੇ ਸੰਵਿਧਾਨਕ ਮੁੱਲਾਂ ਪ੍ਰਤੀ ਵਚਨਬੱਧਤਾ ਅਤੇ ਉਦਾਰ ਭਾਵਨਾ ਦਿਖਾਉਂਦੇ ਹੋਏ ਸ਼ਾਂਤੀ ਗੱਲਬਾਤ ਦੀ ਅਗਵਾਈ ਕਰੇ। ਇਸਦੇ ਲਈ ਜ਼ਰੂਰੀ ਹੈ ਕਿ ਬਿਨਾਂ ਕਿਸੇ ਪੂਰਵ-ਸ਼ਰਤ ਦੇ ਮਾਓਵਾਦੀਆਂ ਨਾਲ ਗੱਲਬਾਤ ਦੀ ਪਹਿਲ ਕਰੇ।

ਬਸਤਰ ਵਿਚ ਸਲਵਾ ਜੁਡਮ, ਜੋ ਸਰਕਾਰ ਵੱਲੋਂ ਜਥੇਬੰਦ ਕੀਤੀ ਗਈ ਸੀ ਅਤੇ ਜਿਸ ਉੱਪਰ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਸੀ, ਦੀ ਸ਼ੁਰੂਆਤ ਹੋਏ ਨੂੰ 20 ਸਾਲ ਹੋ ਚੁੱਕੇ ਹਨ, ਜਿਸ ਨੇ ਲੋਕਾਂ ਦੇ ਕਤਲਾਂ, ਪਿੰਡਾਂ ਦੀ ਸਾੜਫੂਕ, ਬਲਾਤਕਾਰ, ਭੁੱਖਮਰੀ, ਵੱਡੀ ਪੈਮਾਨੇ 'ਤੇ ਉਜਾੜੇ ਅਤੇ ਹੋਰ ਹਿੰਸਕ ਕਾਰਵਾਈਆਂ ਰਾਹੀਂ ਅਪਾਰ ਦੁੱਖ ਪਹੁੰਚਾਇਆ। ਉਦੋਂ ਤੋਂ ਬਸਤਰ ਦੇ ਪੇਂਡੂਆਂ ਨੂੰ ਸ਼ਾਂਤੀ ਨਸੀਬ ਨਹੀਂ ਹੋਈ। ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਪਿੰਡਾਂ ਵਿਚ ਵਾਪਸ ਆਏ ਹੀ ਸਨ ਕਿ ਉਨ੍ਹਾਂ ਨੂੰ ਓਪਰੇਸ਼ਨ ਗ੍ਰੀਨ ਹੰਟ ਅਤੇ ਹੋਰ ਕਈ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ।

2024 ਤੋਂ ਲੈ ਕੇ 'ਓਪਰੇਸ਼ਨ ਕਗਾਰ' ਦੇ ਨਾਂ 'ਤੇ 400 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ (2024 ਵਿਚ 287, 2025 'ਚ ਇਹ ਅਪੀਲ ਲਿਖੇ ਜਾਣ ਤੱਕ 113)। ਹਾਲਾਂਕਿ ਨਾਗਰਿਕਾਂ ਦੀਆਂ ਮੌਤਾਂ ਦੀ ਅਸਲ ਗਿਣਤੀ ਦੀ ਜਾਣਕਾਰੀ ਨਹੀਂ ਹੈ, ਪਰ ਜਿਨ੍ਹਾਂ ਨੂੰ ਮਾਓਵਾਦੀ ਦੱਸਿਆ ਗਿਆ ਹੈ, ਉਨ੍ਹਾਂ ਵਿੱਚੋਂ ਕਈ ਪਿੰਡਾਂ ਦੇ ਲੋਕਾਂ ਅਨੁਸਾਰ ਆਮ ਨਾਗਰਿਕ ਸਨ, ਜਿਸ ਤੋਂ ਸਪਸ਼ਟ ਹੈ ਕਿ ਨਾਗਰਿਕ ਬਹੁਤ ਜ਼ਿਆਦਾ ਮਾਰ ਝੱਲ ਰਹੇ ਹਨ।

ਦੀ ਵਾਇਰ ਦੀ ਰਿਪੋਰਟ ਅਨੁਸਾਰ, 2018 ਤੋਂ 2022 ਦਰਮਿਆਨ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ (327) ਨਾਲੋਂ ਵੱਧ ਨਾਗਰਿਕ ਮਾਰੇ ਗਏ (ਸੁਰੱਖਿਆ ਬਲ (168, ਮਾਓਵਾਦੀ 327 ਜਦਕਿ ਆਮ ਨਾਗਰਿਕ 335)। 2024 'ਚ ਕਈ ਬੱਚਿਆਂ ਦੀ ਹੱਤਿਆ ਦੀਆਂ ਘਟਨਾਵਾਂ ਹੋਈਆਂ। ਸਾਊਥ ਏਸ਼ੀਆ ਟੈਰਰਿਜ਼ਮ



ਪੋਰਟਲ ਨੇ 2025 ਲਈ 15 ਨਾਗਰਿਕਾਂ, 14 ਸੁਰੱਖਿਆ ਬਲਾਂ ਅਤੇ 150 ਮਾਓਵਾਦੀਆਂ ਦੀ ਮੌਤ ਦੀ ਜਾਣਕਾਰੀ ਦਿੱਤੀ। ਇਨ੍ਹਾਂ ਹੱਤਿਆਵਾਂ ਲਈ ਸੁਰੱਖਿਆ ਬਲਾਂ ਨੂੰ 8.24 ਕਰੋੜ ਰੁਪਏ ਇਨਾਮ ਦੇ ਤੌਰ 'ਤੇ ਦਿੱਤੇ ਗਏ ਹਨ।

ਇਕ ਅਧਿਕਾਰਕ ਅੰਦਾਜ਼ੇ ਅਨੁਸਾਰ, ਪਿਛਲੇ 25 ਸਾਲਾਂ 'ਚ 16733 ਲੋਕ ਗ੍ਰਿਫ਼ਤਾਰ ਕੀਤੇ ਗਏ ਅਤੇ 10884 ਨੇ ਆਤਮਸਮਰਪਣ ਕੀਤਾ। ਸਰਕਾਰ ਦਾ ਦਾਅਵਾ ਹੈ ਕਿ 2026 ਤੱਕ ਮਾਓਵਾਦੀਆਂ ਦਾ ਖ਼ਾਤਮਾ ਹੋ ਜਾਵੇਗਾ ਅਤੇ ਹੁਣ ਕੇਵਲ 400 ਹਥਿਆਰਬੰਦ ਕਾਡਰ ਬਾਕੀ ਹਨ। ਜ਼ਬਤ ਹੋਏ ਹਥਿਆਰਾਂ (ਸਿਰਫ਼ 263) ਵਿਚ ਵੱਡਾ ਹਿੱਸਾ ਦੇਸੀ ਪਿਸਤੌਲ, 12 ਬੋਰ ਦੀਆਂ ਦੇਸੀ ਬੰਦੂਕਾਂ ਜਾਂ ਮਜ਼ਲ ਲੋਡਰ ਬੰਦੂਕਾਂ ਹਨ। ਹੁਣ 'ਗੰਭੀਰ ਤੌਰ 'ਤੇ ਪ੍ਰਭਾਵਿਤ' ਜ਼ਿਲ੍ਹਿਆਂ ਦੀ ਗਿਣਤੀ ਘਟ ਕੇ ਸਿਰਫ਼ ਛੇ ਰਹਿ ਗਈ ਹੈ। ਇਸ ਤਰ੍ਹਾਂ, ਮਾਓਵਾਦੀ ਹੁਣ ਕੋਈ ਅਜਿਹਾ ਸੁਰੱਖਿਆ ਖ਼ਤਰਾ ਨਹੀਂ ਹਨ ਜਿਸ ਨਾਲ ਨਜਿੱਠਣ ਲਈ ਉਸ ਤਰ੍ਹਾਂ ਦਾ ਫ਼ੌਜੀ ਹਮਲਾ ਕਰਨਾ ਪਵੇ ਜੋ ਅਸੀਂ ਮੌਜੂਦਾ ਫ਼ੌਜੀਕਰਨ ਦੇ ਰੂਪ 'ਚ ਦੇਖ ਰਹੇ ਹਾਂ।

ਸੁਪਰੀਮ ਕੋਰਟ ਦੇ ਐੱਸਪੀਓ ਨੂੰ ਖ਼ਤਮ ਕਰਨ ਅਤੇ ਗਿਰਫ਼ਤਾਰ/ਸਰੰਡਰ ਕੀਤੇ ਮਾਓਵਾਦੀਆਂ ਨੂੰ ਕਿਸੇ ਵੀ ਤਰੀਕੇ ਨਾਲ ਬਾਗ਼ੀਆਂ ਵਿਰੋਧੀ ਮੁਹਿੰਮਾਂ 'ਚ ਸ਼ਾਮਲ ਨਾ ਕਰਨ ਦੇ ਆਦੇਸ਼ਾਂ ਦੀ ਪਾਲਣਾ ਕਰਨ ਦੀ ਬਜਾਏ, ਸਰਕਾਰ ਨੇ ਜ਼ਿਲ੍ਹਾ ਰਿਜ਼ਰਵ ਗਾਰਡਜ਼ ਅਤੇ ਬਸਤਰ ਫਾਈਟਰਜ਼ (ਜੋ ਪਹਿਲਾਂ ਸਲਵਾ ਜੁਡਮ 'ਚ ਰਹੇ ਹਨ) ਦੀ ਵਰਤੋਂ ਵਧਾ ਦਿੱਤੀ ਹੈ। ਇਹੀ ਗੈਂਗ ਮਨੁੱਖੀ ਹੱਕਾਂ ਦੇ ਸਭ ਤੋਂ ਜ਼ਿਆਦਾ ਘਾਣ ਲਈ ਜ਼ਿੰਮੇਵਾਰ ਹਨ ਅਤੇ ਇਸ ਪ੍ਰਕਿਰਿਆ ਵਿਚ ਉਨ੍ਹਾਂ ਦੇ ਆਪਣੇ ਹੱਕਾਂ ਦੀ ਵੀ ਉਲੰਘਣਾ ਹੋ ਰਹੀ ਹੈ। ਸਲਵਾ ਜੁਡਮ ਤੋਂ ਲੈ ਕੇ ਅੱਜ ਤੱਕ ਨਾਗਰਿਕਾਂ ਨੂੰ ਉਨ੍ਹਾਂ ਦੇ ਨੁਕਸਾਨ ਲਈ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਕੋਈ ਮੁਕੱਦਮੇ ਨਹੀਂ ਚਲਾਏ ਗਏ।

ਬਸਤਰ ਵਿਚ 160 ਤੋਂ ਵੱਧ ਸੁਰੱਖਿਆ ਕੈਂਪ ਬਣਾਏ ਜਾ ਚੁੱਕੇ ਹਨ। ਇਨ੍ਹਾਂ ਵਿੱਚੋਂ ਬਹੁਤੇ ਆਮ ਜਨਤਾ ਦੀ ਜ਼ਮੀਨ ਉੱਪਰ ਅਤੇ ਕੁਝ ਕੇਸਾਂ ਵਿੱਚ ਨਿੱਜੀ ਜ਼ਮੀਨਾਂ 'ਤੇ ਬਣਾਏ ਗਏ ਹਨ, ਜਿਸ ਕਾਰਨ ਆਦਿਵਾਸੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਲੱਗਭੱਗ ਹਰ 9 ਨਾਗਰਿਕਾਂ ਪਿੱਛੇ ਇਕ ਸੁਰੱਖਿਆ ਕਰਮੀ ਤਾਇਨਾਤ ਹੈ। ਸਕੂਲਾਂ, ਸਿਹਤ ਸੇਵਾਵਾਂ, ਸਰਕਾਰੀ ਆਵਾਜਾਈ ਵਿਵਸਥਾ ਅਤੇ ਹੋਰ ਲੋਕ-ਭਲਾਈ ਸਕੀਮਾਂ ਦੀ ਰਫ਼ਤਾਰ ਸੜਕਾਂ ਦੀ ਉਸਾਰੀ ਦੀ ਰਫ਼ਤਾਰ ਜਿੰਨੀ ਨਹੀਂ ਹੈ। ਇਸ ਦੀ ਥਾਂ, ਸਰਕਾਰ ਨੇ ਕਈ ਖਣਨ ਕੰਪਨੀਆਂ ਨਾਲ ਇਕਰਾਰਨਾਮੇ ਕੀਤੇ ਹੈ, ਜਿਸ ਕਰਕੇ ਪਿੰਡਾਂ ਦੇ ਲੋਕਾਂ ਨੂੰ ਡਰ ਹੈ ਕਿ ਇਹ ਵਿਆਪਕ ਪੱਧਰ 'ਤੇ ਉਜਾੜੇ ਅਤੇ ਵਾਤਾਵਰਣ ਨੂੰ ਪਲੀਤ ਕਰਨ ਦਾ ਕਾਰਨ ਬਣੇਗਾ। ਖਣਨ ਅਤੇ ਹੋਰ ਤਰੀਕਿਆਂ ਨਾਲ ਹੋਣ ਵਾਲੇ ਉਜਾੜੇ ਵਿਰੁੱਧ ਉਨ੍ਹਾਂ ਦੇ ਸੰਵਿਧਾਨਕ ਸੰਘਰਸ਼ਾਂ ਨੂੰ ਦਬਾਇਆ ਗਿਆ ਹੈ, ਚਾਹੇ ਆਮ ਹਾਲਾਤ 'ਚ ਹੋਵੇ ਜਾਂ ਮਾਓਵਾਦ ਦੇ ਬਹਾਨੇ।

ਜੋ ਪੇਂਡੂ ਆਪਣੇ ਸੰਵਿਧਾਨਕ ਹੱਕਾਂ—ਜਿਵੇਂ ਕਿ ਪੇਸਾ (ਪੰਚਾਇਤਾਂ ਨੂੰ ਅਧਿਕਾਰ ਦੇਣ ਵਾਲਾ ਕਾਨੂੰਨ) ਅਤੇ ਹੋਰ ਵਿਵਸਥਾਵਾਂ ਤਹਿਤ ਉਨ੍ਹਾਂ ਨਾਲ ਮਸ਼ਵਰਾ ਕਰਨ ਦਾ ਹੱਕ—ਦੀ ਮੰਗ ਕਰ ਰਹੇ ਸਨ, ਉਨ੍ਹਾਂ ਨੂੰ ਜਬਰ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੇ ਧਰਨਾ ਸਥਾਨ ਤੋੜ ਦਿੱਤੇ ਗਏ ਅਤੇ ਪੇਂਡੂਆਂ ਨੂੰ ਮਾਰਿਆ-ਕੁੱਟਿਆ ਗਿਆ ਹੈ। ਪੇਂਡੂ ਇਲਾਕਿਆਂ ਵਿਚ ਭੈਅ ਦਾ ਮਾਹੌਲ ਬਣਾਉਣ ਲਈ ਮਾਰਟਰ ਸ਼ੈੱਲਾਂ ਅਤੇ ਬੰਬਾਂ ਦੀ ਅੰਧਾਧੁੰਦ ਵਰਤੋਂ ਕੀਤੀ ਗਈ ਹੈ, ਇਨ੍ਹਾਂ ਹਾਲਾਤ 'ਚ ਲੋਕ ਆਪਣੀ ਆਮ ਜ਼ਿੰਦਗੀ ਨਹੀਂ ਜੀ ਸਕਦੇ।

'ਮੂਲਵਾਸੀ ਬਚਾਓ ਮੰਚ' 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਇਸ ਦੇ ਨੌਜਵਾਨ ਆਗੂਆਂ ਨੂੰ ਗੰਭੀਰ ਦੋਸ਼ਾਂ, ਜਿਵੇਂ ਕਿ ਯੂਏਪੀਏ, ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਗ੍ਰਿਫ਼ਤਾਰੀਆਂ ਦਾ ਸਰਕਾਰੀ ਤੌਰ 'ਤੇ ਬਸ ਇਹ ਕਾਰਨ ਦੱਸਿਆ ਗਿਆ ਹੈ ਉਹ ਸੁਰੱਖਿਆ ਕੈਂਪਾਂ ਅਤੇ ਝੂਠੇ ਮੁਕਾਬਲਿਆਂ ਦਾ ਵਿਰੋਧ ਕਰ ਰਹੇ ਸਨ - ਹਾਲਾਂਕਿ ਦੇਸ਼ ਦਾ ਸੰਵਿਧਾਨ ਇਕੱਠੇ ਹੋਣ ਅਤੇ ਸ਼ਾਂਤਮਈ ਵਿਰੋਧ ਕਰਨ ਦਾ ਹੱਕ ਦਿੰਦਾ ਹੈ। ਸਰਕਾਰ ਨੇ ਸ਼ਾਂਤਮਈ ਸੰਵਾਦ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ।

ਮਾਓਵਾਦੀਆਂ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਸੁਰੱਖਿਆ ਬਲਾਂ ਖ਼ਿਲਾਫ਼ ਹਿੰਸਾ ਅਤੇ ਆਈਈਡੀ ਧਮਾਕਿਆਂ ਦੀ ਵਰਤੋਂ ਬੰਦ ਕਰਨ, ਕਿਉਂਕਿ ਇਹ ਪਸ਼ੂਆਂ ਅਤੇ ਬੱਚਿਆਂ ਸਮੇਤ ਆਮ ਪੇਂਡੂ ਲੋਕਾਂ ਲਈ ਵੀ ਖ਼ਤਰਾ ਬਣ ਰਹੇ ਹਨ। ਉਨ੍ਹਾਂ ਦੀਆਂ ਜਨ-ਅਦਾਲਤਾਂ ਵੱਲੋਂ ਦਿੱਤੇ ਗਏ 'ਮੌਤ ਦੀ ਸਜ਼ਾ' ਦੇ ਫ਼ੈਸਲੇ ਵੀ ਖ਼ਤਮ ਕੀਤੇ ਜਾਣੇ ਚਾਹੀਦੇ ਹਨ।

ਹਥਿਆਰਬੰਦ ਸੰਘਰਸ਼ ਅਤੇ ਹਕੂਮਤੀ ਜਬਰ ਦੀ ਸਥਿਤੀ ਵਿਚ ਲੋਕਾਂ ਨਾਲ ਜੁੜੇ ਅਸਲੀ ਮੁੱਦੇ—ਜਿਵੇਂ ਕਿ ਉਨ੍ਹਾਂ ਦੀ ਬਹੁਪੱਖੀ ਲੁੱਟਖਸੁੱਟ ਦੇ ਨਾਲ-ਨਾਲ ਖਾਣੇ ਦੀ ਸੁਰੱਖਿਆ, ਜ਼ਮੀਨ ਅਤੇ ਜੰਗਲ ਦੇ ਅਧਿਕਾਰ, ਸਿੱਖਿਆ, ਸਿਹਤ, ਸੱਭਿਆਚਾਰਕ ਅਧਿਕਾਰ—ਹਾਸ਼ੀਏ 'ਤੇ ਧੱਕੇ ਜਾਂਦੇ ਹਨ। ਜਿਨ੍ਹਾਂ ਜ਼ਮੀਨਾਂ ਉੱਪਰ ਖਣਨ ਕੀਤਾ ਜਾਂਦਾ ਹੈ, ਉੱਥੇ ਰਹਿਣ ਵਾਲੇ ਲੋਕਾਂ ਦੀ ਸਹਿਮਤੀ ਲਾਜ਼ਮੀ ਹੈ। ਇਹ ਸਾਰੇ ਮੁੱਦੇ ਤੁਰੰਤ ਹੱਲ ਕੀਤੇ ਜਾਣੇ ਚਾਹੀਦੇ ਹਨ, ਜੋ ਸਿਰਫ਼ ਸ਼ਾਂਤੀ ਅਤੇ ਨਿਆਂ ਦੀ ਸਥਿਤੀ ਵਿਚ ਹੀ ਸੰਭਵ ਹੈ।

ਅਸੀਂ ਸ਼ਾਂਤੀ ਕਾਇਮ ਕਰਨ ਦੀ ਹਰ ਪਹਿਲ ਦਾ ਸਵਾਗਤ ਕਰਦੇ ਹਾਂ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਜੁੜੇ ਅਸੀਂ ਸਾਰੇ ਚਿੰਤਤ ਨਾਗਰਿਕ ਇਕ ਵਾਰ ਫਿਰ ਭਾਰਤੀ ਸੰਵਿਧਾਨ ਦੇ ਦਾਇਰੇ ਵਿਚ ਸ਼ਾਂਤੀ ਵਾਰਤਾ ਦੀ ਮੰਗ ਕਰਦੇ ਹਾਂ।

ਅਸੀਂ ਕੁਝ ਸਧਾਰਨ ਪਰੰਤੂ ਬਹੁਤ ਹੀ ਜ਼ਰੂਰੀ ਮੰਗਾਂ ਪੇਸ਼ ਕਰ ਰਹੇ ਹਾਂ, ਜਿਨ੍ਹਾਂ ਉੱਪਰ ਸਰਕਾਰ ਨੂੰ ਤੁਰੰਤ ਪ੍ਰਕਿਰਿਆ ਸ਼ੁਰੂ ਕਰਨੀ ਚਾਹੀਦੀ ਹੈ:

ਸਰਕਾਰ ਨੂੰ ਆਦਿਵਾਸੀ ਖੇਤਰਾਂ 'ਚ ਚੱਲ ਰਹੇ ਹਮਲੇ ਤੁਰੰਤ ਰੋਕਣੇ ਚਾਹੀਦੇ ਹਨ ਤਾਂ ਜੋ ਯੁੱਧਬੰਦੀ ਲਈ ਢੁੱਕਵਾਂ ਮਾਹੌਲ ਬਣ ਸਕੇ।

ਸੀਪੀਆਈ (ਮਾਓਵਾਦੀ) ਨੂੰ ਸੁਰੱਖਿਆ ਬਲਾਂ ਖ਼ਿਲਾਫ਼ ਕੁਲ ਹਿੰਸਾ ਫੌਰਨ ਬੰਦ ਕਰਨੀ ਚਾਹੀਦੀ ਹੈ ਤਾਂ ਜੋ ਯੁੱਧਬੰਦੀ ਸੰਭਵ ਹੋ ਸਕੇ।

ਸਰਕਾਰ ਅਤੇ ਸੀਪੀਆਈ (ਮਾਓਵਾਦੀ) ਦਰਮਿਆਨ ਤੁਰੰਤ ਸੰਵਾਦ ਸ਼ੁਰੂ ਹੋਣਾ ਚਾਹੀਦਾ ਹੈ।

ਸੁਤੰਤਰ ਨਾਗਰਿਕ ਜਥੇਬੰਦੀਆਂ ਅਤੇ ਮੀਡੀਆ ਨੂੰ ਪ੍ਰਭਾਵਿਤ ਖੇਤਰਾਂ ਵਿਚ ਬੇਰੋਕ-ਟੋਕ ਜਾਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਸਰਕਾਰ ਲੋਕਾਂ ਦੀ ਬੁਨਿਆਦੀ ਜ਼ਰੂਰਤਾਂ ਅਤੇ ਸੰਵਿਧਾਨਕ ਹੱਕਾਂ ਨੂੰ ਤੁਰੰਤ ਮੁਖ਼ਾਤਬ ਹੋਵੇ।

ਰਾਜ ਉਨ੍ਹਾਂ ਸਾਰੇ ਆਦਿਵਾਸੀਆਂ ਅਤੇ ਕਾਰਕੁੰਨਾਂ ਨੂੰ ਤੁਰੰਤ ਰਿਹਾ ਕਰੇ ਜਿਨ੍ਹਾਂ ਨੂੰ ਆਪਣੇ ਜਮਹੂਰੀ ਹੱਕ ਜਤਾਉਣ ਅਤੇ ਆਦਿਵਾਸੀ ਵਿਰੋਧੀ ਨੀਤੀਆਂ ਨਾਲ ਅਸਹਿਮਤੀ ਦਰਸਾਉਣ ਕਾਰਨ ਜੇਲ੍ਹ ਵਿਚ ਡੱਕਿਆ ਗਿਆ ਹੈ, ਤਾਂ ਜੋ ਉਹ ਵੀ ਗੱਲਬਾਤ ਦੀ ਪ੍ਰਕਿਰਿਆ ਵਿਚ ਸ਼ਾਮਲ ਹੋ ਸਕਣ ਅਤੇ ਬਰਾਬਰ ਦੇ ਹੱਕਦਾਰ ਬਣ ਸਕਣ। (ਮਿਸਾਲ ਵਜੋਂ: ਮੂਲਵਾਸੀ ਬਚਾਓ ਮੰਚ ਦੇ ਕਾਰਕੁੰਨ)

ਸਾਡਾ ਦ੍ਰਿੜ ਵਿਸ਼ਵਾਸ ਹੈ ਕਿ ਸ਼ਾਂਤੀ ਵਾਰਤਾ ਅਤੇ ਯੁੱਧਬੰਦੀ ਬਸਤਰ ਵਿਚ ਜਮਹੂਰੀ ਹੱਕਾਂ ਦੀ ਮੁੜ ਬਹਾਲੀ ਵੱਲ ਸਿਰਫ਼ ਪਹਿਲਾ ਕਦਮ ਹਨ। ਇਸ ਤੋਂ ਬਾਅਦ ਖੇਤਰ ਨੂੰ ਪੂਰੀ ਤਰ੍ਹਾਂ ਫ਼ੌਜੀਕਰਨ ਤੋਂ ਮੁਕਤ ਕਰਨਾ (ਜਿਸ ਵਿਚ ਸਾਰੇ ਸੁਰੱਖਿਆ ਕੈਂਪਾਂ ਨੂੰ ਹਟਾਉਣਾ ਸ਼ਾਮਲ ਹੈ), ਸਾਰੇ ਸੰਬੰਧਤ ਕੈਦੀਆਂ ਦੀ ਰਿਹਾਈ, ਮਨੁੱਖੀ ਹੱਕਾਂ ਦੀ ਉਲੰਘਣਾ ਲਈ ਮੁਆਵਜ਼ਾ, ਪੇਸਾ ਅਤੇ ਜੰਗਲ ਅਧਿਕਾਰ ਵਰਗੇ ਰੱਖਿਆ ਕਾਨੂੰਨਾਂ ਨੂੰ ਲਾਗੂ ਕਰਨਾ, ਨਵੀਆਂ ਖਾਣਾਂ 'ਤੇ ਰੋਕ, ਵਿਰੋਧ ਦੇ ਅਧਿਕਾਰ ਦਾ ਸਨਮਾਨ ਅਤੇ ਸੁਤੰਤਰ ਤੇ ਲੋਕਤੰਤਰੀ ਜੀਵਨ ਦੀਆਂ ਹੋਰ ਸ਼ਰਤਾਂ ਦੀ ਦਿਸ਼ਾ 'ਚ ਲਗਾਤਾਰ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ।

ਅਸੀਂ ਸਾਰੀਆਂ ਜਮਹੂਰੀ ਅਤੇ ਰਾਜਨੀਤਕ ਤਾਕਤਾਂ (ਜਿਨ੍ਹਾਂ ਵਿਚ ਰਾਜਨੀਤਿਕ ਪਾਰਟੀਆਂ ਵੀ ਸ਼ਾਮਲ ਹਨ) ਨੂੰ ਇਸ ਪ੍ਰਕਿਰਿਆ ਦੀ ਹਮਾਇਤ ਕਰਨ ਅਤੇ ਸਟੇਟ ਨੂੰ ਆਪਣੇ ਸੰਵਿਧਾਨਕ ਫਰਜ਼ ਨਿਭਾਉਣ ਲਈ ਮਜਬੂਰ ਕਰਨ ਦੀ ਅਪੀਲ ਕਰਦੇ ਹਾਂ।

**ਦਸਖ਼ਤ:**
**(105 ਜਥੇਬੰਦੀਆਂ ਦੇ ਨੁਮਾਇੰਦੇ ਅਤੇ 250 ਦੇ ਕਰੀਬ ਵਿਅਕਤੀ)**
**(ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ)**

### ਕਸ਼ਮੀਰ 'ਚ ਕਤਲੇਆਮ ਦੀ ਜ਼ੋਰਦਾਰ ਨਿੰਦਾ

# ਬੇਦੋਸ਼ਿਆਂ ਦਾ ਲਹੂ ਜਵਾਬ ਮੰਗਦਾ ਹੈ : ਦੇਸ਼ ਭਗਤ ਯਾਦਗਾਰ ਕਮੇਟੀ

ਜਲੰਧਰ : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਫੁੱਲਾਂ ਲੱਦੀ ਕਸ਼ਮੀਰ ਦੀ ਘਾਟੀ ਅੰਦਰ ਸੈਲਾਨੀਆਂ ਨੂੰ ਚੋਣਵਾਂ ਨਿਸ਼ਾਨਾ ਬਣਾ ਕੇ ਕੀਤੀ ਗੋਲੀਆਂ ਦੀ ਵਾਛੜ ਨੇ ਦੇਸ਼ ਦੁਨੀਆਂ ਵਿੱਚ ਵਸਦੇ ਲੋਕ-ਦਰਦੀ, ਅਮਨ-ਪਸੰਦ ਅਤੇ ਸਮਾਜਿਕ ਭਾਈਚਾਰਕ ਸਾਂਝ ਪ੍ਰਤੀ ਸੰਵੇਦਨਸ਼ੀਲ ਹਰ ਵਿਅਕਤੀ ਦਾ ਕਲੇਜਾ ਵਲੂੰਧਰਕੇ ਰੱਖ ਦਿੱਤਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਬੇਦੋਸੇ, ਨਿਹੱਥੇ ਅਤੇ ਕਸ਼ਮੀਰ ਦੀਆਂ ਖ਼ੁਸ਼ਬੋਈਆਂ ਨਾਲ ਮਹਿਕਦੀਆਂ ਹਵਾਵਾਂ ਦਾ ਆਨੰਦ ਮਾਨਣ ਲਈ ਘਰਾਂ ਤੋਂ ਆਏ ਸੈਲਾਨੀਆਂ ਨੂੰ ਸਦਾ ਦੀ ਨੀਂਦ ਸੁਲਾ ਦੇਣ ਦੇ ਖ਼ੂਨੀ ਕਾਰੇ ਦੀ ਪੁਰਜ਼ੋਰ ਨਿੰਦਾ ਕਰਨਾ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ।

ਉਹਨਾਂ ਕਿਹਾ ਕਿ ਮ੍ਰਿਤਕ ਅਤੇ ਜ਼ਖਮੀਆਂ ਦੇ ਪਰਿਵਾਰਾਂ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਦੇ ਗਹਿਰੇ ਦੁੱਖ਼ 'ਚ ਦੇਸ਼ ਭਗਤ ਯਾਦਗਾਰ ਕਮੇਟੀ ਸ਼ਰੀਕ ਹੈ।

ਕਮੇਟੀ ਨੇ ਲੋਕਾਂ ਖਿਲਾਫ਼ ਹਥਿਆਰ ਬਣਾ ਕੇ ਵਰਤੀ ਜਾਂਦੀ ਹਰ ਤਰ੍ਹਾਂ ਦੀ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਹ ਵੀ ਕਿਹਾ ਹੈ ਕਿ

ਹਰ ਨਾਗਰਿਕ ਲਈ ਇਹ ਵੀ ਅਤਿ ਜ਼ਰੂਰੀ ਹੈ ਕਿ ਉਹ ਇਸ ਘਟਨਾ ਦੀ ਜਾਗਦੀ ਨਜ਼ਰ ਨਾਲ ਵਿਗਿਆਨਕ ਨਜ਼ਰੀਏ ਤੋਂ ਘੋਖਵੀਂ ਪੜਤਾਲ ਕਰਨ ਦਾ ਆਪਣਾ ਹੱਕ ਜਿਤਾਵੇ ਅਤੇ ਬੀਤੇ ਇਤਿਹਾਸ ਦੀਆਂ ਪੈੜਾਂ ਨੂੰ ਸਾਹਮਣੇ ਰੱਖਦਿਆਂ ਘੋਖ਼ ਪੜਤਾਲ ਕਰਨ ਅਤੇ ਬੇਬਾਕੀ ਨਾਲ ਸੁਲਘਦੇ ਸੁਆਲਾਂ ਦੇ ਜਵਾਬ ਤਲਾਸ਼ਣ ਲਈ ਆਵਾਮ ਨੂੰ ਜਾਗਰੂਕ ਕਰਨ ਲਈ ਅੱਗੇ ਆਏ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਹੈ ਕਿ ਬੀਤੇ ਸਮੇਂ ਦੀਆਂ ਹਿਰਦੇਵੇਦਕ ਘਟਨਾਵਾਂ ਅਤੇ ਕੌੜੀਆਂ ਹਕੀਕਤਾਂ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਪੁਲਵਾਮਾ ਅਤੇ ਚਿੱਠੀ ਸਿੰਘਪੁਰਾ ਵਰਗੀਆਂ ਕਤਲੇਆਮ ਦੀਆਂ ਵਾਰਦਾਤਾਂ ਦੇ ਮੁਜਰਿਮਾਂ ਦੀਆਂ ਪੈੜਾਂ ਰਾਜ ਦਰਬਾਰ ਵੱਲ ਜਾਂਦੀਆਂ ਜੱਗ ਜ਼ਾਹਰ ਹੋਈਆਂ ਹਨ।

ਗੁਜਰਾਤ, ਸ਼ਾਹੀਨ ਬਾਗ਼, ਦਿੱਲੀ ਇੱਕ ਫਿਰਕੇ ਦੇ ਖੇਡੇ ਸ਼ਿਕਾਰ, ਪੰਜਾਬ ਅੰਦਰ ਦਹਾਕੇ ਤੋਂ ਵੱਧ ਅਰਸਾ ਜਿਵੇਂ ਫਿਰਕੂ ਅਤੇ ਹਕੂਮਤੀ ਦਹਿਸਤਗਰਦੀ ਦੇ ਸ਼ਿਕਾਰ ਲੋਕਾਂ ਨੇ ਬੇਹਿਸਾਬ ਲੋਥਾਂ ਆਪਣੇ ਮੋਢਿਆਂ ਤੇ ਢੋਈਆਂ ਅਤੇ ਅਣਪਛਾਤੀਆਂ ਲਾਸ਼ਾਂ ਕਹਿਕੇ ਸਾੜੀਆਂ ਅਤੇ ਖੁਰਦ ਬੁਰਦ ਕੀਤੀਆਂ ਗਈਆਂ, ਹਾਕਮਾਂ ਦੇ ਕਾਲੇ ਇਤਿਹਾਸ ਦੇ ਅਜਿਹੇ ਵਰਕੇ ਪਹਿਲਗਾਮ ਦੀ ਤਾਜ਼ਾ ਘਟਨਾ ਦੀ ਹਕੀਕਤ ਜਾਨਣ ਲਈ ਵੀ ਸੈਨਤਾਂ ਕਰਦੇ ਹਨ।

ਕਮੇਟੀ ਦਾ ਕਹਿਣਾ ਹੈ ਕਿ ਸਿਤਮਜ਼ਰੀਫੀ ਦੀ ਗੱਲ ਹੈ ਕਿ ਕਸ਼ਮੀਰ, ਜਿੱਥੇ ਹਰ ਬੂਹੇ ਅੱਗੇ, ਹਰ ਮੋੜ ਤੇ ਸੰਗੀਨਾਂ ਦੀ ਛਾਂ ਹੈ। ਜਿਸ ਘਾਟੀ ਬਾਰੇ ਹਾਕਮਾਂ ਦਾ ਦਾਅਵਾ ਹੈ ਕਿ ਕੋਈ ਪਰਿੰਦਾ ਪਰ ਨਹੀਂ ਮਾਰ ਸਕਦਾ ਓਥੇ ਐਡੀ ਵੱਡੀ ਅਤੇ ਘਿਨਾਉਣੀ ਵਾਰਦਾਤ ਕਿਵੇਂ ਵਾਪਰ ਗਈ। ਕੀ ਇਸਦੀ ਹਕੂਮਤ, ਸਿਵਲ ਅਤੇ ਪੁਲਸ ਪ੍ਰਸ਼ਾਸਨ ਸਿਰ ਕੋਈ ਜ਼ਿੰਮੇਵਾਰੀ ਨਹੀਂ ?

ਕਮੇਟੀ ਦਾ ਕਹਿਣਾ ਹੈ ਕਿ ਫਿਰਕੂ ਹਨੇਰੀ ਤੇ ਸਵਾਰ ਹੋ ਕੇ, ਸ਼ਰੇਆਮ ਹਿੰਸਕ ਭੀੜਾਂ ਅਤੇ ਕਾਤਲੀ ਗ੍ਰੋਹਾਂ, ਨਿਜੀ ਸੈਨਾਵਾਂ ਦੀਆਂ ਧਾੜਾਂ ਨੂੰ ਥਾਪੜਾ ਦੇ ਕੇ ਸਮੂਹਿਕ ਕਤਲੇਆਮ, ਸਾੜ ਫੂਕ ਅਤੇ ਉਜਾੜਾ ਕਰਨ ਦੇ ਬੇਸ਼ੁਮਾਰ ਚਿੱਠੇ ਹਾਕਮਾਂ ਦੀ ਭੂਮਿਕਾ ਉਪਰ ਪਹਿਲਾਂ ਹੀ ਉਂਗਲ ਧਰਦੇ ਹਨ ਫਿਰ ਪਹਿਲਗਾਮ ਕਾਂਡ ਬਾਰੇ ਅਤੇ ਕਸ਼ਮੀਰ ਦੇ ਲੋਕਾਂ ਦੀ ਜ਼ਿੰਦਗੀ ਦੀ ਸੁਰੱਖਿਆ ਬਾਰੇ ਸੁਆਲ ਪੁੱਛਣਾ ਵੀ ਲੋਕਾਂ ਦਾ ਅਧਿਕਾਰ ਹੈ।

ਭਾਜਪਾ ਹਕੂਮਤ ਅਜਿਹੀਆਂ ਵਾਰਦਾਤਾਂ ਦੀ ਰੋਕਥਾਮ ਦੀ ਬਜਾਏ ਇਹਨਾਂ ਦੇ ਹਵਾਲੇ ਨਾਲ ਆਪਣੇ ਰਾਜਨੀਤਕ ਮਨੋਰਥਾਂ ਦੀਆਂ ਰੋਟੀਆਂ ਸੇਕਦੀ ਆ ਰਹੀ ਹੈ ਅਤੇ ਹੁਣ ਵੀ ਸੇਕੇਗੀ।

ਕਮੇਟੀ ਦਾ ਕਹਿਣਾ ਹੈ ਕਿ ਵਕਫ਼ ਬੋਰਡ ਵਰਗੇ ਮੁੱਦੇ, ਬਸਤਰ ਆਦਿਵਾਸੀ ਖੇਤਰਾਂ ਵਿਚ ਹੱਲੇ ਬੋਲਣ ਅਤੇ ਲੋਕਾਂ ਦੇ ਹਕੀਕੀ ਮੁੱਦਿਆਂ ਲਈ ਹਾਕਮਾਂ ਖ਼ਿਲਾਫ਼ ਲੋਕਾਂ ਦਾ ਧਿਆਨ ਪਾਸੇ ਕਰਨ ਅਤੇ ਇੱਕ ਤੀਰ ਨਾਲ ਕਈ ਨਿਸ਼ਾਨੇ ਵਿੰਨ੍ਹਣ ਦੀ ਸ਼ੌਕੀਨ ਮੋਦੀ ਅਮਿਤ ਸ਼ਾਹ ਹਕੂਮਤ ਦੀਆਂ ਕੁਚਾਲਾਂ ਤੋਂ ਦੇਸ਼ ਵਾਸੀਆਂ ਨੂੰ ਚੁਕੰਨੇ ਰਹਿਣ ਦੀ ਲੋੜ ਹੈ।



**ਪੇਂਟਿੰਗ: ਗੁਰਪ੍ਰੀਤ ਬਠਿੰਡਾ ਤੋਂ ਧੰਨਵਾਦ ਸਹਿਤ**

**ਪੇਸ਼ਕਸ਼: ਅਮੋਲਕ ਸਿੰਘ**

# ਅਖਾੜਾ ਦੀ ਧਰਤੀ ਨੂੰ ਸਲਾਮ ਕਰਨ ਪਹੁੰਚੇ ਜੁਝਾਰੂ ਲੋਕਾਂ ਦੇ ਕਾਫ਼ਲੇ







ਜਗਰਾਉਂ, (ਬਲਜਿੰਦਰ ਸਿੰਘ ਪਟਿਆਲਾ) : ਇੱਥੋਂ ਨੇੜਲੇ ਪਿੰਡ ਅਖਾੜਾ ਵਿਖੇ ਕੈਂਸਰ ਫੈਲਾਉਣ ਵਾਲੀ ਬਾਇਓਗੈਸ ਫੈਕਟਰੀ ਨੂੰ ਬੰਦ ਕਰਵਾਉਣ ਲਈ ਸੰਘਰਸ਼ ਕਰ ਰਹੇ ਲੋਕਾਂ ਦੀ ਹਮਾਇਤ ਵਿੱਚ ਅੱਜ ਕਿਸਾਨਾਂ ਮਜ਼ਦੂਰਾਂ ਅਤੇ ਔਰਤਾਂ ਨੇ ਪਿੰਡ ਵੱਲ ਵਹੀਰਾਂ ਘੱਤ ਦਿੱਤੀਆਂ।

ਵਰਨਣਯੋਗ ਹੈ ਕਿ ਪਿੰਡ ਅਖਾੜਾ ਤੋਂ ਇਲਾਵਾ ਭੂੰਦੜੀ, ਮਸ਼ਕਾਬਾਦ, ਚਾਹੜ ਅਤੇ ਬੱਗਾ ਕਲਾਂ ਵਿਖੇ ਬਾਇਓ ਗੈਸ ਫ਼ੈਕਟਰੀਆਂ ਲਾਈਆਂ ਜਾ ਰਹੀਆਂ ਹਨ। ਪਿੰਡਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਇਹ ਫੈਕਟਰੀਆਂ ਸਾਡੇ ਪਾਣੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਕੇ ਕੈਂਸਰ ਫੈਲਾਉਣ ਦਾ ਕਾਰਨ ਬਣਨਗੀਆਂ। ਇਸ ਲਈ ਪਿੰਡਾਂ ਦੀਆਂ ਪੰਚਾਇਤਾਂ ਨੇ ਇਹਨਾਂ ਫੈਕਟਰੀਆਂ ਖਿਲਾਫ਼ ਮਤੇ ਪਾਏ ਹੋਏ ਹਨ ਅਤੇ ਲੋਕ ਆਪਣੀਆਂ ਕਮੇਟੀਆਂ ਬਣਾ ਕੇ ਇਹਨਾਂ ਫ਼ੈਕਟਰੀਆਂ ਦੇ ਖ਼ਿਲਾਫ਼ ਸੰਘਰਸ਼ ਕਰ ਰਹੇ ਹਨ। ਪਿੰਡ ਅਖਾੜਾ ਵਿਖੇ ਵੀ 30 ਅਪ੍ਰੈਲ 2024 ਤੋਂ ਗੈਸ ਫੈਕਟਰੀ ਨੂੰ ਲੱਗਣ ਤੋਂ ਰੋਕਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੀ ਅਗਵਾਈ ਵਿੱਚ ਬਣੀ ਸੰਘਰਸ਼ ਕਮੇਟੀ ਵੱਲੋਂ ਪੱਕਾ ਮੋਰਚਾ ਜਾਰੀ ਹੈ। ਸੰਘਰਸ਼ ਲੜ ਰਹੀ ਕਮੇਟੀ ਦੇ ਦੱਸਣ ਅਨੁਸਾਰ ਉਹਨਾਂ ਦੀਆਂ ਪੰਜਾਬ ਸਰਕਾਰ ਨਾਲ ਕਈ ਵਾਰ ਮੀਟਿੰਗਾਂ ਹੋਈਆਂ ਹਨ। ਤਰਾਸਦੀ ਇਹ ਹੈ ਕਿ ਹਾਲੇ ਤੱਕ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇਹ ਵੀ ਤੈਅ ਨਹੀਂ ਕੀਤਾ ਕਿ ਇਹ ਫੈਕਟਰੀਆਂ ਕਿਸ ਕੈਟਾਗਰੀ ਵਿੱਚ ਆਉਂਦੀਆਂ ਹਨ। ਕਿਸਾਨ ਆਗੂਆਂ ਦੇ ਦੱਸਣ ਮੁਤਾਬਕ ਇਹ ਫ਼ੈਕਟਰੀਆਂ ਲਾਲ ਜੋਨ ਵਿੱਚ ਆਉਂਦੀਆਂ ਹਨ ਜੋ ਕਿ ਆਬਾਦੀ ਦੇ ਨੇੜੇ ਨਹੀਂ ਲੱਗਣੀਆਂ ਚਾਹੀਦੀਆਂ ਜਦੋਂ ਕਿ ਅਖਾੜਾ ਪਿੰਡ ਵਾਲੀ ਫੈਕਟਰੀ ਦੇ ਬਿਲਕੁਲ ਨਾਲ ਲੋਕਾਂ ਦੇ ਘਰ ਬਣੇ ਹੋਏ ਹਨ। ਪੰਚਾਇਤ ਵੱਲੋਂ ਵੀ ਫੈਕਟਰੀ ਦੇ ਖ਼ਿਲਾਫ਼ ਮਤਾ ਪਾਇਆ ਗਿਆ ਹੈ ਪਰ ਜਦੋਂ ਵੀ ਹਾਈ ਕੋਰਟ ਵਿੱਚ ਪੇਸ਼ੀ ਹੁੰਦੀ ਹੈ ਤਾਂ ਸਰਕਾਰ ਲੋਕਾਂ ਦਾ ਕੁੱਟ ਕੁਟਾਪਾ ਕਰਦੀ ਹੈ।

ਪਿਛਲੇ ਦਿਨੀਂ 26 ਅਪ੍ਰੈਲ ਨੂੰ ਵੀ ਕਈ ਜ਼ਿਲ੍ਹਿਆਂ ਦੀ ਪੁਲਿਸ ਨੇ ਇਕੱਠੀ ਹੋ ਕੇ ਸਵੇਰੇ 4 ਵਜੇ ਹੀ ਪਿੰਡ ਨੂੰ ਘੇਰਾ ਪਾ ਲਿਆ। ਸਾਰੇ ਰਸਤੇ ਬੰਦ ਕਰ ਦਿੱਤੇ ਅਤੇ ਬਾਹਰੋਂ ਆਉਣ ਵਾਲੇ ਕਿਸਾਨਾਂ ਮਜ਼ਦੂਰਾਂ ਨੂੰ ਪਿੰਡ ਵੜਨ ਤੋਂ ਰੋਕਿਆ ਗਿਆ। ਮੋਰਚੇ ਵਾਲੇ ਸੈਡ ਨੂੰ ਜੇਸੀਬੀ ਅਤੇ ਬੁਲਡੋਜ਼ਰਾਂ ਨਾਲ ਢਾਹ ਦਿੱਤਾ ਗਿਆ ਅਤੇ ਉੱਥੇ ਮੌਜੂਦ ਕਿਸਾਨਾਂ ਮਜ਼ਦੂਰਾਂ ਅਤੇ ਬੀਬੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਅਨਾਊਂਸਮੈਂਟ ਕਰਨ ਤੋਂ ਵੀ ਰੋਕਿਆ ਗਿਆ ਅਤੇ ਪਿੰਡ ਦੇ ਲੋਕਾਂ ਦੇ ਦੱਸਣ ਅਨੁਸਾਰ ਪੁਲਿਸ ਜੁੱਤੀਆਂ ਸਮੇਤ ਗੁਰਦੁਆਰਾ ਸਾਹਿਬ ਦੇ ਅੰਦਰ ਜਾ ਵੜੀ। ਇਸੇ ਹੀ ਤਰ੍ਹਾਂ ਭਾਕਿਯੂ ਏਕਤਾ-ਡਕੌਂਦਾ ਦੇ ਪ੍ਰਧਾਨ ਮਨਜੀਤ ਧਨੇਰ,ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਬਰਨਾਲਾ ਜ਼ਿਲ੍ਹੇ ਦੇ ਦਰਜਨਾਂ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬਹੁਤ ਸਾਰੇ ਆਗੂਆਂ ਦੇ ਘਰਾਂ ਵਿੱਚ ਪੁਲਿਸੀਆ ਧਾੜਾਂ ਨੇ ਛਾਪੇ ਮਾਰੀ ਕਰਕੇ ਦਹਿਸ਼ਤ ਫੈਲਾਉਣ ਦਾ ਯਤਨ ਕੀਤਾ। ਇਸ ਦੇ ਬਾਵਜੂਦ ਸਾਰਾ ਦਿਨ ਔਰਤਾਂ ਦੇ ਵੱਡੇ ਕਾਫ਼ਲਿਆਂ ਅਤੇ ਲੋਕਾਂ ਨੇ ਪੁਲਿਸ ਨਾਲ ਸ਼ਾਂਤਮਈ ਟੱਕਰ ਲੈਂਦਿਆਂ ਸ਼ਾਮ ਨੂੰ 5 ਵਜੇ ਆਪਣੇ ਮੋਰਚੇ ਤੇ ਦੁਬਾਰਾ ਕਬਜ਼ਾ ਕਰ ਲਿਆ। ਅੱਜ 30 ਅਪ੍ਰੈਲ ਨੂੰ ਇਸ ਮੋਰਚੇ ਦਾ ਇੱਕ ਸਾਲ ਪੂਰਾ ਹੋਣ ਤੇ ਲੋਕਾਂ ਦਾ ਵੱਡਾ ਇਕੱਠ ਜੁੜਿਆ। ਇਸ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਸੂਬਾ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ, ਸੰਘਰਸ਼ ਕਮੇਟੀ ਦੇ ਆਗੂਆਂ ਕੰਵਲਜੀਤ ਖੰਨਾ, ਸੁਖਦੇਵ ਭੂੰਦੜੀ, ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਕੁਲਵੰਤ ਸਿੰਘ ਭਦੌੜ, ਭਾਕਿਯੂ ਏਕਤਾ ਡਕੌਂਦਾ ਦੀ ਔਰਤ ਆਗੂ ਹਰਜਿੰਦਰ ਕੌਰ, ਅਮ੍ਰਿਤਪਾਲ ਕੌਰ, ਸੁਖਦੀਪ ਕੌਰ, ਅਖਾੜਾ, ਅਵਨੀਤ ਕੌਰ, ਸੁਰਜੀਤ ਦੌਧਰ, ਜਗਰਾਜ ਸਿੰਘ ਹਰਦਾਸਪੁਰਾ, ਮੱਖਣ ਸਿੰਘ ਭੈਣੀ ਬਾਘਾ, ਸਮੇਤ ਹੋਰ ਬਹੁਤ ਸਾਰੇ ਕਿਸਾਨ ਆਗੂ ਹਾਜ਼ਰ ਸਨ।

ਇਕੱਠ ਨੂੰ ਸੰਬੋਧਨ ਕਰਦਿਆਂ ਇਨਾਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਧੱਕੇ ਨਾਲ ਕੈਂਸਰ ਵਾਲੀਆਂ ਫੈਕਟਰੀਆਂ ਲਾਉਣਾ ਚਾਹੁੰਦੀ ਹੈ। ਇਸੇ ਕਰਕੇ ਹੀ ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਜਲ ਸੋਧ ਐਕਟ ਪਾਸ ਕੀਤਾ ਹੈ ਤਾਂ ਕਿ ਇਹਨਾਂ ਫੈਕਟਰੀਆਂ ਨੂੰ ਧਰਤੀ ਹੇਠਾਂ ਅਤੇ ਨਹਿਰਾਂ, ਡਰੇਨਾਂ ਵਿੱਚ ਜ਼ਹਿਰੀਲਾ ਗੰਦਾ ਪਾਣੀ ਪਾਉਣ ਦੀ ਖੁੱਲ੍ਹ ਦਿੱਤੀ ਜਾ ਸਕੇ। ਬੁਲਾਰਿਆਂ ਨੇ ਇਸ ਨੂੰ ਪੰਜਾਬੀਆਂ ਦੀ ਨਸਲਕੁਸ਼ੀ ਕਰਾਰ ਦਿੱਤਾ ਅਤੇ ਕਿਹਾ ਕਿ ਲੋਕ ਆਪਣੇ ਜਿਉਣ ਦੇ ਅਧਿਕਾਰ ਦੀ ਰਾਖੀ ਕਰਨ ਲਈ ਮਰਦੇ ਦਮ ਤੱਕ ਲੜਨਗੇ। ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਪੂਰੀ ਤਾਕਤ ਨਾਲ ਲੋਕਾਂ ਦਾ ਸਾਥ ਦਿੰਦਿਆਂ ਸ਼ਾਂਤਮਈ ਢੰਗ ਨਾਲ ਘੋਲ ਨੂੰ ਅੱਗੇ ਵਧਾਉਂਦੇ ਹੋਏ ਜਿੱਤ ਤੱਕ ਲਿਜਾਣ ਲਈ ਦ੍ਰਿੜ ਸੰਕਲਪ ਹੈ। ਕਾਨਫਰੰਸ ਵਿੱਚ ਭੋਗਪੁਰ ਵਿਖੇ ਗੈਸ ਪਲਾਂਟ ਦਾ ਵਿਰੋਧ ਕਰ ਰਹੇ 150 ਦੇ ਕਰੀਬ ਆਗੂਆਂ ਅਤੇ ਵਰਕਰਾਂ 'ਤੇ ਪਰਚੇ ਦਰਜ ਕਰਨ ਦੀ ਨਿੰਦਾ ਕੀਤੀ। ਇਕ ਮਤੇ ਰਾਹੀਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਬਾਇਓ ਗੈਸ ਪਲਾਂਟ ਲਾਉਣ ਦੀ ਤਜਵੀਜ਼ ਰੱਦ ਕਰੇ। ਇੱਕ ਹੋਰ ਮਤੇ ਮੋਦੀ ਸਰਕਾਰ ਵੱਲੋਂ ਪ੍ਰੈਸ ਦਾ ਗਲਾ ਘੁੱਟਣ ਲਈ ਯੂ ਟਿਊਬ ਚੈਨਲਾਂ ਨੂੰ ਬੰਦ ਕਰਨ ਅਤੇ ਨੇਹਾ ਸਿੰਘ ਰਾਠੌਰ ਵਰਗੀਆਂ ਆਵਾਜ਼ਾਂ ਨੂੰ ਬੰਦ ਕਰਨ ਲਈ ਦਰਜ਼ ਕੀਤੇ ਜਾ ਰਹੇ ਪੁਲਿਸ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ।ਇਸ ਸਮੇਂ ਇੰਦਰਜੀਤ ਸਿੰਘ ਜਗਰਾਓਂ, ਤਰਸੇਮ ਸਿੰਘ ਬੱਸੂਵਾਲ, ਗੁਰਤੇਜ ਸਿੰਘ ਅਖਾੜਾ ਆਦਿ ਆਗੂਆਂ ਨੇ ਵੀ ਵਿਚਾਰ ਪੇਸ਼ ਕੀਤੇ। ਪ੍ਰੈੱਸ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਜ਼ੋਰਦਾਰ ਸ਼ਲਾਘਾ ਕੀਤੀ। ਅੱਜ ਦੇ ਸੋਸ਼ਲ ਮੀਡੀਆ ਰਾਹੀਂ ਬਾਬੂ ਸ਼ਾਹੀ, ਪ੍ਰਾਈਮ ਉਦੇ ਅਤੇ ਦੇਸ਼ ਵਿਦੇਸ਼ ਟਾਈਮਜ਼ ਵਿੱਚ 'ਅਖਾੜਾ ਦੀ ਧਰਤੀ ਝੁਕਣ ਦੇ ਮੂਡ 'ਚ ਨਹੀਂ' ਵਿਸਥਾਰਤ ਲੇਖ ਛਾਪਣ ਲਈ ਧੰਨਵਾਦ ਕੀਤਾ। ਇਸ ਕਾਨਫਰੰਸ ਵਿੱਚ ਭੂੰਦੜੀ, ਮੁਸ਼ਕਾਬਾਦ, ਬੱਗੇ ਕਲਾਂ ਸੰਘਰਸ਼ ਮੋਰਚਿਆਂ ਤੋਂ ਵੀ ਕਾਫ਼ਲੇ ਪੂਰੇ ਉਤਸ਼ਾਹ ਨਾਲ ਸ਼ਾਮਿਲ ਹੋਏ।

# ਠੋਕਰਾਂ ਖਾਣ ਦੇ ਫਾਇਦੇ

ਬੁੱਧ ਸਿੰਘ ਨੀਲੋਂ
9464370823

ਜ਼ਿੰਦਗੀ ਦੇ ਵਿੱਚ ਕੋਈ ਰਸਤਾ ਸਿੱਧਾ ਮੰਜ਼ਿਲ ਵੱਲ ਨਹੀਂ ਜਾਂਦਾ। ਹਰ ਰਸਤੇ ਦੇ ਵਿੱਚ ਬੜੇ ਟੋਏ ਤੇ ਪਹਾੜ ਹੁੰਦੇ ਹਨ। ਇਹਨਾਂ ਨੂੰ ਪਾਰ ਕਰਨ ਦੇ ਲਈ ਹਿੰਮਤ, ਹੌਂਸਲਾ, ਸਬਰ, ਸੰਤੋਖ, ਨਿਮਰਤਾ, ਸਾਦਗੀ, ਹਲੀਮੀ ਤੇ ਲਗਨ ਦੀ ਲੋੜ ਹੁੰਦੀ ਹੈ। ਇਸ ਦੇ ਵਿੱਚ ਕੋਈ ਵੀ ਰਸਤਾ ਵਿੱਚ ਵਿਚਾਲੇ ਦਾ ਨਹੀਂ ਹੁੰਦਾ। ਇਹ ਤਾਂ ਕੱਛੂਕੁੰਮੇ ਤੇ ਸਹੇ ਦੌੜ ਵਰਗਾ ਹੁੰਦਾ ਹੈ। ਅਸੀਂ ਕੱਛੂਕੁੰਮੇ ਘੱਟ ਤੇ ਸਹੇ ਵਧੇਰੇ ਹਾਂ। ਅਸੀਂ ਦਿਮਾਗ ਤੋਂ ਕੰਮ ਘੱਟ ਤੇ ਦਿਲ ਤੋਂ ਵਧੇਰੇ ਕੰਮ ਲੈਂਦੇ ਹਾਂ। ਇਸੇ ਕਰਕੇ ਅਸੀਂ ਠੋਕਰਾਂ ਖਾ ਕੇ ਵੀ ਸਮਝਦੇ ਨਹੀਂ। ਉਂਝ ਸਮਝਣ ਲਈ ਗਿਆਨ ਹਾਸਲ ਕਰਨ ਲਈ ਅਧਿਐਨ ਕਰਨ ਦੀ ਲੋੜ ਹੁੰਦੀ ਹੈ। ਗਿਆਨ ਸਾਨੂੰ ਪੜ੍ਹ ਤੇ ਸੁਣ ਕੇ ਹੀ ਮਿਲਦਾ ਹੈ। ਅਸੀਂ ਇਹਨਾਂ ਦੋਹਾਂ ਤਰੀਕਿਆਂ ਨੂੰ ਵਿਸਾਰ ਕੇ ਬੋਲਣ ਉਤੇ ਜ਼ੋਰ ਦਿੱਤਾ ਹੋਇਆ ਹੈ। ਇਸੇ ਕਰਕੇ ਚਾਰੇ ਪਾਸੇ ਕਾਵਾਂ ਰੌਲੀ ਪਈ ਹੋਈ ਹੈ। ਅੰਨ੍ਹੇ ਨੂੰ ਬੋਲਾ ਧੂੰਈ ਫ਼ਿਰਦਾ ਹੈ। ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ, ਭਾਸ਼ਾ ਤੇ ਬੋਲੀ ਦੀ ਕਾਣੀ ਵੰਡ ਨੇ ਸਮਾਜ ਨੂੰ ਵਰਨਾਂ, ਜਾਤਾਂ ਤੇ ਫ਼ਿਰਕਿਆਂ ਵਿੱਚ ਵੰਡ ਦਿੱਤਾ ਹੈ। ਅਸੀਂ ਆਪਣੇ ਦੁਸ਼ਮਣ ਨਾਲ ਘੱਟ ਤੇ ਆਪਣਿਆਂ ਨਾਲ ਵਧੇਰੇ ਲੜਾਈਆਂ ਲੜਦੇ ਹਾਂ। ਸਾਡੀ ਬਹੁਤੀ ਤਾਕਤ ਇਸੇ ਲਈ ਖ਼ਾਰਜ ਹੁੰਦੀ ਹੈ। ਸਾਨੂੰ ਬੁਨਿਆਦੀ ਸਹੂਲਤਾਂ ਤੋਂ ਵਾਂਝਿਆਂ ਕਰਨ ਲਈ ਲੜਨ ਮਰਨ ਦੀਆਂ ਗੱਲਾਂ ਸਿਖਾਈਆਂ ਜਾ ਰਹੀਆਂ ਹਨ। ਸਾਨੂੰ ਬੁਨਿਆਦੀ ਸੁੱਖ ਸਹੂਲਤਾਂ ਤੋਂ ਵਿਰਵੇ ਕੀਤਾ ਹੋਇਆ ਹੈ। ਸਾਨੂੰ ਹਰ ਤਰ੍ਹਾਂ ਦੀਆਂ ਠੋਕਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸੀਂ ਇਹਨਾਂ ਠੋਕਰਾਂ ਤੋਂ ਕੋਈ ਸਬਕ ਨਹੀਂ ਸਿੱਖਦੇ। ਸਗੋਂ ਸਬਕ ਸਿਖਾਉਣ ਦੇ ਰਸਤੇ ਤੁਰ ਪੈਂਦੇ ਹਾਂ। ਇਸੇ ਕਰਕੇ ਅਸੀਂ ਸਮਾਜਕ ਜੰਗਲ ਦੀਆਂ ਝਾੜੀਆਂ ਤੇ ਝਾਫਿਆਂ ਦੇ ਵਿੱਚ ਫਸ ਜਾਂਦੇ ਹਾਂ। ਝਾੜੀਆਂ ਦੇ ਵਿੱਚ ਫਸੀ ਸਾਰੀ ਜ਼ਿੰਦਗੀ ਫੇਰ ਦਿਨ ਕਟੀ ਕਰਨ ਲਈ ਮਜਬੂਰ ਹੋ ਕੇ ਰਹਿ ਜਾਂਦੀ ਹੈ। ਪਰ ਕੁੱਝ ਅਜਿਹੇ ਵੀ ਹੁੰਦੇ ਹਨ, ਜਿਹੜੇ ਇਹਨਾਂ ਝਾੜੀਆਂ ਨੂੰ ਝਾੜ ਕੇ ਬਾਲਣ ਬਣਾ ਕੇ ਫੂਕ ਦੇਂਦੇ ਹਨ। ਪਰ ਉਹ ਲੋਕ ਗਿਣਤੀ ਦੇ ਹੁੰਦੇ ਹਨ। ਸਿਆਣੇ ਤੇ ਸੂਝਵਾਨ ਇਨਸਾਨਾਂ ਦੀ ਭੀੜ ਨਹੀਂ ਹੁੰਦੀ। ਭੀੜ ਤੇ ਹੜ ਦੀ ਕੋਈ ਦਸ਼ਾ ਤੇ ਦਿਸ਼ਾ ਨਹੀਂ ਹੁੰਦੀ। ਦਸ਼ਾ ਤੇ ਦਿਸ਼ਾ ਬਣਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਅਸੀਂ ਸਮੂਹਿਕ ਸੰਘਰਸ਼ ਕਰਨ ਦੇ ਪਾਂਧੀ ਨਹੀਂ ਬਣਦੇ। ਕਿਉਂਕਿ ਸਾਡੇ ਮਨਾਂ ਵਿੱਚ ਹੰਕਾਰ ਵਧੇਰੇ ਹੈ। ਇਹ ਹੰਕਾਰ ਸਾਨੂੰ ਤੜਫਾਉਂਦਾ ਹੈ। ਅਸੀਂ ਇਸ ਤੜਫ਼ਣ ਤੋਂ ਛੁਟਕਾਰਾ ਪਾਉਣ ਲਈ ਸਗੋਂ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ। ਜ਼ਿੰਦਗੀ ਦੇ ਵਿੱਚ ਡੋਬਣ ਤੇ ਦਲਦਲ ਵਿੱਚ ਧੱਕਾ ਦੇਣ ਵਾਲੇ ਬਹੁਤੇ ਆਪਣੇ ਹੀ ਹੁੰਦੇ ਹਨ। ਸਿਆਣੇ ਕਹਿੰਦੇ ਹਨ ਕਿ ਸ਼ਰੀਕ ਸਿਹਰਾ ਬੰਨ੍ਹ ਕੇ ਨਹੀਂ ਆਉਂਦਾ ਪਰ ਉਹ ਹੋਰ ਕੋਈ ਮੌਕਾ ਨਹੀਂ ਛੱਡਦਾ। ਜ਼ਿੰਦਗੀ ਦੇ ਭਵ ਸਾਗਰ ਦੇ ਵਿੱਚ ਡੁੱਬ ਦੇ ਉਹ ਹਨ ਜਿਹੜੇ ਤੈਰਨਾ ਛੱਡ ਦੇਂਦੇ ਹਨ। ਉਹਨਾਂ ਨੂੰ ਪਾਣੀ ਆਪਣੇ ਆਪ ਹੀ ਅਣ ਪਛਾਣੀਆਂ ਝੀਲਾਂ ਨਦੀਆਂ ਨਾਲਿਆਂ ਤੇ ਖੇਤਾਂ ਵਿੱਚ ਲੈਣ ਜਾਂਦਾ ਹੈ। ਜਿਥੇ ਉਹ ਮਿੱਟੀ ਦੇ ਬਾਵੇ ਬਣ ਕਿ ਰਹਿ ਜਾਂਦੇ ਹਨ। ਇਹਨਾਂ ਮਿੱਟੀ ਦੇ ਬਾਵਿਆਂ ਨੂੰ ਸਮਾਂ ਝਾਮੇਂ ਬਣਾ ਲੈਂਦਾ ਹੈ, ਉਹ ਆਪਣੀ ਸਫਾਈ ਲਈ ਇਹਨਾਂ ਨੂੰ ਵਰਤਦਾ ਹੈ। ਇਹ ਮਿੱਟੀ ਦੇ ਮੋਰ ਬਣ ਕੇ ਦੁਸ਼ਵਾਰੀਆਂ ਦੇ ਮੀਂਹ ਝੱਖੜ ਵਿੱਚ ਖੁਰਦੇ ਤੇ ਝੂਰਦੇ ਰਹਿੰਦੇ ਹਨ। ਉਹਨਾਂ ਦੇ ਵਿੱਚ ਕੁੱਝ ਕੁ ਹੁੰਦੇ ਹਨ ਜਿਹੜੇ ਇਹ ਸੋਚਦੇ ਹਨ ਕਿ ਮੈਨੂੰ ਆਪਣਿਆਂ ਨੇ ਪਾਣੀ ਦੇ ਵਿੱਚ ਧੱਕਾ ਮਾਰਿਆ ਸੀ ਕਿ ਡੁੱਬ ਜਾਵੇਗਾ ਪਰ ਮੈਂ ਤੈਰਨਾ ਸਿੱਖ ਗਿਆ, ਆਪਣੀ ਸਿਆਣਪ ਨਾਲ ਕੰਢੇ ਜਾ ਲੱਗਿਆ ਆਂ। ਹੁਣ ਉਹ ਪਛਤਾਉਂਦੇ ਹੀ ਨਹੀਂ, ਤੜਪਦੇ ਹਨ ਕਿ ਇਸ ਨੇ ਤਾਂ ਜਿਉਣਾ ਵੀ ਸਿੱਖ ਲਿਆ ਹੈ। ਮੈਂ ਜਿੱਤ ਦੀ ਖੁਸ਼ੀ ਵਿੱਚ ਧੌਣ ਨੂੰ ਉੱਚੀ ਕਰਕੇ ਜਦ ਉਹਨਾਂ ਦੇ ਕੋਲੋਂ ਦੀ ਲੰਘਦਾ ਹਾਂ ਤਾਂ ਉਹ ਖੁਦ ਸ਼ਰਮ ਨਾਲ ਝੁਕ ਕੇ ਸਿਜਦਾ ਕਰਦੇ ਹਨ। ਪਰ ਇਹੋ ਜਿਹੇ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਵਕਤ ਠੋਕਰਾਂ ਇਸ ਲਈ ਮਾਰਦਾ ਹੈ ਕਿ ਰਸਤਿਆਂ ਦੇ ਮੀਲ ਪੱਥਰ ਬਣ ਕੇ ਮੰਜ਼ਿਲ ਦਾ ਰਾਹ ਤੇ ਰਸਤਾ ਦੱਸਣ। ਮੈਨੂੰ ਇਹਨਾਂ ਠੋਕਰਾਂ ਨੇ ਜਿਉਣਾ ਸਿਖਾਇਆ ਹੈ। ਜੇ ਮੈਨੂੰ ਠੋਕਰਾਂ ਨਾ ਵੱਜਦੀਆਂ ਤੇ ਮੈਨੂੰ ਧੱਕੇ ਨਾਲ ਪੈਂਦੇ ਤਾਂ ਮੈਂ ਵੀ ਜਿਉਂਦੇ ਜੀ ਮਰ ਜਾਣਾ ਸੀ। ਜਾਂ ਚਾਰ ਦੀਵਾਰੀ ਦੇ ਪਿੰਜਰੇ ਵਿੱਚ ਆਪਣੇ ਹੀ ਆਪ ਮਰ ਜਾਣਾ ਸੀ। ਐ ਜ਼ਿੰਦਗੀ ਤੂੰ ਚੰਗਾ ਕੀਤਾ, ਮੈਨੂੰ ਜਿਉਣਾ ਆ ਗਿਆ ਹੈ। ਹੁਣ ਮੈਂ ਅਤੀਤ ਦੇ ਉਹਨਾਂ ਕਾਲੇ ਪੰਨਿਆਂ ਨੂੰ ਅੱਗ ਦੇ ਵਿੱਚ ਸਾੜ ਦਿੱਤਾ ਹੈ। ਉਹਨਾਂ ਦੀ ਸਵਾਹ ਮੈਂ ਡੂੰਘੇ ਟੋਏ ਵਿੱਚ ਦਬਾਅ ਦਿੱਤੀ ਹੈ। ਤਾਂ ਇਸ ਧੂੜ ਮਿੱਟੀ ਦੇ ਵਿੱਚ ਗਲ ਜਾਵੇ। ਇਹ ਕਦੇ ਦਿਖਾਈ ਨਾ ਦੇਵੇ। ਐ ਜ਼ਿੰਦਗੀ ਤੂੰ ਕਿੰਨੀ ਬਦਲ ਗਈ ਹੈ, ਜਿਵੇਂ ਹੁੰਮਸ ਭਰੇ ਹੋਏ ਵਾਤਾਵਰਨ ਤੋਂ ਬਾਅਦ ਠੰਢੀਆਂ ਹਵਾਵਾਂ ਦੇ ਬੁੱਲ੍ਹੇ ਆਉਣ ਤੇ ਮੌਸਮ ਬਦਲ ਜਾਵੇ। ਮੈਂ ਬਦਲ ਗਿਆ ਹਾਂ ਤੇ ਬਦਲ ਰਿਹਾ ਹਾਂ। ਹੁਣ ਮੈਂ ਅੱਗੇ ਵੱਲ ਜਾ ਰਿਹਾ ਹਾਂ, ਬਹੁਤ ਦੂਰ ਛੱਡ ਆਇਆ ਹਾਂ ਉਹਨਾਂ ਦੁੱਖਾਂ ਤੇ ਦਰਦਾਂ ਨੂੰ ਜੋਂ ਰੋਜ਼ ਮੇਰੇ ਅੰਦਰਲੇ ਨੂੰ ਭੋਰ ਭੋਰ ਖਾ ਰਹੇ ਸੀ। ਕੁਲਵੰਤ ਨੀਲੋਂ ਦਾ ਇਹ ਸ਼ੇਅਰ ਚੇਤੇ ਆਉਂਦਾ ਹੈ।

**ਤੂੰ ਠੋਕਰਾਂ 'ਚੋਂ ਠੋਸ ਇਰਾਦੇ ਨੂੰ ਜਨਮ ਦੇ**
**ਸੌ ਵਾਰ ਆਖਿਆ ਕਿ ਹਾਉਕਾ ਨਹੀਂ ਭਰੀਦਾ।**

ਪਤਾ ਨਹੀਂ ਕਿਉਂ ਖਿਆਲ ਕਿ ਮੈਂ ਇਹ ਕੁੱਝ ਡਾਇਰੀ ਦੇ ਪੰਨਿਆਂ ਵਿੱਚ ਉਤਾਰ ਦਿਆਂ ਤਾਂ ਕੋਈ ਇਸ ਡਾਇਰੀ ਨੂੰ ਪੜ੍ਹ ਕੇ ਕੋਈ ਜ਼ਿੰਦਗੀ ਦੇ ਵਿੱਚ ਠੋਕਰ ਨਾ ਖਾਵੇ। ਉਸਨੂੰ ਜਿਉਣਾ ਆ ਜਾਵੇ। ਕਹਿੰਦੇ ਹਨ ਕਿ ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਮੱਛੀ ਤਾਂ ਸਿਆਣੀ ਹੁੰਦੀ ਹੈ ਪਰ ਅਸੀਂ ਸਿਆਣਪ ਤੋਂ ਵਿਰਵੇ ਹਾਂ। ਸਾਨੂੰ ਹੁਣ ਤੱਕ ਅਨੇਕਾਂ ਹੀ ਠੋਕਰਾਂ ਲੱਗੀਆਂ ਹਨ ਪਰ ਅਸੀਂ ਉਹਨਾਂ ਠੋਕਰਾਂ ਤੋਂ ਕੋਈ ਸਬਕ ਨਹੀਂ ਸਿੱਖਿਆ। ਹੁਣ ਮਨੁੱਖ ਪੈਰ ਪੈਰ ਉੱਤੇ ਠੋਕਰਾਂ ਖਾ ਰਿਹਾ ਹੈ। ਕਿਉਂਕਿ ਉਹ ਸਿਆਣਾ ਨਹੀਂ ਹੋਇਆ। ਮਨੁੱਖ ਸਿਆਣਾ ਗਿਆਨ ਨਾਲ ਹੁੰਦਾ ਹੈ। ਡਿਗਰੀਆਂ ਨਾਲ ਕੁੱਝ ਸਿੱਖਿਆ ਨਹੀਂ ਜਾ ਸਕਦਾ, ਸਿੱਖਣ ਲਈ ਹੱਥੀਂ ਕਿਰਤ ਕਰਨੀ ਪੈਂਦੀ ਹੈ। ਇਹ ਕਿਰਤ ਕਰਨ ਲਈ ਉਠਣਾ ਪੈਦਾ ਹੈ, ਜਿਹੜੇ ਤੁਰਦੇ ਹਨ ਉਹੀ ਮੰਜ਼ਿਲ ਉੱਤੇ ਪੁੱਜਦੇ ਹਨ। ਠੋਕਰਾਂ ਤੋਂ ਸਬਕ ਲੈਣ ਦੀ ਲੋੜ ਹੈ।



ਭਗਵੰਤ ਸਰਕਾਰ ਅਧਿਆਪਕਾਂ ਨੂੰ ਪੱਕੇ ਕਰਦੀ ਹੋਈ













## ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੇ ਪੀੜਤ ਕਸ਼ਮੀਰੀ ਵਿਦਿਆਰਥੀਆਂ ਲਈ ਦਰਵਾਜ਼ੇ ਖੋਲ੍ਹੇ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਹਾਲ ਦੀ ਦੇਖ ਰੇਖ ਕਮੇਟੀ ਅਤੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਅੱਜ ਕਮੇਟੀ ਤਰਫੋਂ ਲਿਖ਼ਤੀ ਬਿਆਨ ਜਾਰੀ ਕਰਦਿਆਂ ਆਪਣੇ ਜਾਰੀ ਕੀਤੇ ਫੋਨ ਨੰਬਰਾਂ ਉਪਰ ਨਿਰਦੋਸ਼ ਕਸ਼ਮੀਰੀ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਲੋੜੀਂਦੀ ਸਹਾਇਤਾ, ਰਿਹਾਇਸ਼ ਆਦਿ ਦੀ ਜ਼ਰੂਰਤ ਪੂਰੀ ਕਰਨ ਦਾ ਵਿਸ਼ਵਾਸ ਦੁਆਇਆ ਹੈ




ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਪਹਿਲਗਾਮ ਵਿਚ ਮਾਰੇ ਗਏ ਪਰਿਵਾਰਾਂ ਦੀ ਫੋਕੀ ਹਮਦਰਦੀ ਦੀ ਆੜ ਲੈਕੇ ਫਿਰਕੂ ਅੱਗ ਦੀਆਂ ਤੀਲੀਆਂ ਸੁੱਟਣ ਵਾਲੇ ਭਰਾ ਮਾਰ ਜੰਗ ਦੇ ਲਾਂਬੂ ਲਾਉਣ ਵਾਲਿਆਂ ਤੋਂ ਚੌਕੰਨੇ ਰਹਿਣ ਅਤੇ ਉਹਨਾਂ ਦੇ ਚੰਦਰੇ ਮਨਸੂਬੇ ਨਾਕਾਮ ਕਰਨ ਲਈ ਆਪਸੀ ਸਾਂਝ ਮਜ਼ਬੂਤ ਕਰਨ ਲਈ ਅੱਗੇ ਆਉਣ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਮੁਲਕ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਦੇਸ਼ ਵਾਸੀਆਂ ਨੇ ਧਰਮ, ਫਿਰਕੇ, ਬੋਲੀ, ਰੰਗ ਅਤੇ ਇਲਾਕੇ ਦੇ ਭੇਦ ਭਾਵ ਤੋਂ ਉਪਰ ਉਠ ਕੇ ਆਜ਼ਾਦੀ ਜੱਦੋਜਹਿਦ ਲਈ ਪਰਚਮ ਉਠਾਇਆ। ਸਭਨਾਂ ਦੇ ਸਾਂਝੇ ਖ਼ੂਨ ਨਾਲ ਜੱਲ੍ਹਿਆਂਵਾਲਾ ਬਾਗ਼ ਦੀ ਧਰਤੀ ਸਿੰਜੀ ਗਈ।

ਅੱਜ ਪਹਿਲਗਾਮ ਕਤਲ ਕਾਂਡ ਦੇ ਕਾਰਨਾਂ ਉਪਰ ਉਂਗਲ ਰੱਖਣ ਅਤੇ ਹਕੂਮਤ ਦੀ ਜਵਾਬਦੇਹੀ ਤੈਅ ਕਰਨ ਦੀ ਬਜਾਏ ਬੇਦੋਸੇ ਲੋਕਾਂ ਦੀਆਂ ਲੋਥਾਂ ਦੀ ਪੌੜੀ ਬਣਾ ਕੇ ਆਪਣੀ ਸੌੜੀ ਸਿਆਸਤ ਦੀਆਂ ਕੁਚਾਲਾਂ ਨਾਲ ਗਰਜ਼ਾਂ ਦੀ ਪੂਰਤੀ ਕਰਨ ਦਾ ਕੁਕਰਮ ਕਰ ਰਹੇ ਤੱਤਾਂ ਨੂੰ ਭਾਂਜ ਦੇਣ ਲਈ ਸਮਾਜਿਕ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਵੀ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਜਿਥੇ ਪਹਿਲਗਾਮ ਕਾਂਡ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨਾਲ ਪਹਿਲਾਂ ਹੀ ਗਹਿਰੀ ਹਮਦਰਦੀ ਕੀਤੀ ਹੈ ਉਥੇ ਕਸ਼ਮੀਰੀ ਕੁੜੀਆਂ ਮੁੰਡਿਆਂ ਖ਼ਾਸ ਕਰਕੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਉਪਰ ਹਮਲੇ ਕਰਨ, ਧਮਕੀਆਂ ਦੇਣ ਅਤੇ ਇੱਥੋਂ ਫੌਰੀ ਚਲੇ ਜਾਣ ਦੀਆਂ ਧਮਕੀਆਂ ਦੇਣ ਦਾ ਗੰਭੀਰ ਨੋਟਿਸ ਲਿਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਫਿਰਕੂ ਫਾਸ਼ੀ, ਸਮਾਜ ਦੋਖੀ ਤੱਤਾਂ ਵੱਲੋਂ ਹਕੂਮਤੀ ਥਾਪੜੇ ਸਦਕਾਵਿਸ਼ੇਸ਼ ਕਰਕੇ ਕਸ਼ਮੀਰੀ ਵਿਦਿਆਰਥਣਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਏ ਜਾਣ ਅਤੇ ਨਫ਼ਰਤੀ ਹਨੇਰੀ ਵਗਾਉਣ ਲਈ ਹਰ ਹਰਬਾ ਵਰਤੇ ਜਾਣ ਦਾ ਸ਼ਖਤ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਕਮੇਟੀ ਨੇ ਕਸ਼ਮੀਰੀ ਲੋਕਾਂ ਵੱਲੋਂ ਦਹਿਸ਼ਤੀ ਹਮਲੇ ਖਿਲਾਫ ਡਟਕੇ ਸਟੈਂਡ ਲੈਣ ਅਤੇ ਆਪਣੀ ਜਾਨ ਹਥੇਲੀ ਤੇ ਰੱਖ ਕੇ ਪੀੜਤਾਂ ਨੂੰ ਬਚਾਉਣ ਅਤੇ ਆਪਣੇ ਘਰਾਂ ਵਿੱਚ ਪਨਾਹ ਦੇਣ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਦੇਸ਼ ਭਗਤ, ਲੋਕ ਹਿਤੈਸ਼ੀ, ਧਰਮ ਨਿਰਪੱਖ ਅਤੇ ਅਮਨਪਸੰਦ ਲੋਕਾਂ ਨੂੰ ਇਸ ਪਰਖ਼ ਦੀ ਘੜੀ ਹਰ ਪ੍ਰਕਾਰ ਦੇ ਕੂੜ ਪ੍ਰਚਾਰ ਨੂੰ ਕਾਟ ਕਰਨ ਅਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਲਈ ਅੱਗੇ ਆਉਣ।

**ਸੰਪਰਕ**

**ਪ੍ਰਧਾਨ ਅਜਮੇਰ ਸਿੰਘ** (98153 - 26645)

**ਜਰਨਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ** (98760- 78731)

**ਕਨਵੀਨਰ ਸਭਿਆਚਾਰਕ ਵਿੰਗ ਅਮੋਲਕ ਸਿੰਘ** ( 98778- 68710)

**ਦੇਖ ਰੇਖ ਕਮੇਟੀ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ** (99159 - 64531)

# ਜ਼ਿੰਦਗੀ ਦੀ ਅਗਨ ਪ੍ਰੀਖਿਆ 'ਚ ਤਪੀ ਰੰਗ ਕਰਮੀ: ਸੁਮਨ ਲਤਾ

ਰੰਗ ਕਰਮੀ ਸੁਮਨ ਲਤਾ ਦਾ ਜਨਮ 27 ਮਈ 1956 ਪਿੰਡ ਸਲੋਹ (ਹਿਮਾਚਲ ਪ੍ਰਦੇਸ਼) ਵਿਖੇ ਮਾਂ ਵਿਦਿਆ ਦੇਵੀ ਅਤੇ ਪਿਤਾ ਰਾਮਾ ਨੰਦ ਦੇ ਘਰ ਹੋਇਆ।

ਮੁਢਲੀ ਸਿੱਖਿਆ ਪਟਿਆਲਾ ਤੋਂ ਅਤੇ ਐੱਮ ਏ ਹਿੰਦੀ ਖ਼ਾਲਸਾ ਕਾਲਜ ਜਲੰਧਰ ਤੋਂ ਕੀਤੀ। 23 ਸਤੰਬਰ 1976 ਵਿਆਹ ਹੋਇਆ 1976 ਦੇ ਅਖੀਰ ਵਿੱਚ ਪਹਿਲਾ ਨਾਟਕ, ਲੋਹੀਆ ਨਾਟਕ ਕਲਾ ਕੇਂਦਰ ਵੱਲੋਂ ਰਵੇਲ ਸਿੰਘ ਲੋਹੀਆਂ ਦੀ ਨਿਰਦੇਸ਼ਨਾ ਹੇਠ ਨਾਟਕ 'ਨੰਗਾ ਬੰਦਾ' ਖੇਡਿਆ। ਗੁਰਸ਼ਰਨ ਭਾਅ ਦੇ ਲਿਖੇ ਨਾਟਕ ਧਮਕ ਨਗਾਰੇ ਦੀ ਵਿੱਚ ਦੁੱਲੇ ਦੀ ਮਾਂ ਲੱਧੀ ਦੀ ਭੂਮਿਕਾ ਨਿਭਾਈ।

ਸੁਮਨ ਦੀ ਕਲਮ ਤੋਂ 'ਵੇਦਨਾ' (ਕਾਵਿ ਸੰਗ੍ਰਹਿ), 'ਸਵੇਰਿਆਂ ਦੇ ਗੀਤ' (ਗੀਤ ਸੰਗ੍ਰਹਿ), 'ਜਾਗ੍ਰਤੀ ਦੀ ਲੋਅ' (ਨਾਟ ਸੰਗ੍ਰਹਿ), 'ਭਾਰਤ ਦੇਸ਼ ਮਹਾਨ' (ਵਿਅੰਗ ਨਾਟ), 'ਬੁੱਤ ਜਾਗ ਪਿਆ' (ਕਾਵਿ-ਸੰਗ੍ਰਹਿ), 'ਤਾਰਿਆਂ ਦੀ ਛਾਵੇਂ' (ਕਾਵਿ- ਸੰਗ੍ਰਹਿ ਸੰਪਾਦਨ), 'ਸ਼ਹੀਦ ਊਧਮ ਸਿੰਘ' (ਨਾਟਕ) ਅਤੇ ਅੰਦਰਲੀ ਔਰਤ (ਕਾਵਿ- ਸੰਗ੍ਰਹਿ) ਪੰਜਾਬੀ ਸਾਹਿਤ ਦੀ ਧਰੋਹਰ ਬਣ ਚੁੱਕੀਆਂ ਹਨ।

ਸ੍ਰੀਮਤੀ ਕੈਲਾਸ਼ ਕੌਰ, ਨਵਸ਼ਰਨ ਸਿੰਘ, ਅਰੀਤ, ਓਮਾ ਭੈਣ ਜੀ, ਮਹਿੰਦਰ ਕੌਰ ਵਰਗੀਆਂ ਅਦਾਕਾਰਾਂ ਵਿਚ ਸੁਮਨ ਦਾ ਨਾਮ ਵੀ ਸ਼ਾਮਲ ਹੈ ਜੋ ਉਨ੍ਹਾਂ ਦਿਨਾਂ ਵਿੱਚ ਰੰਗ-ਮੰਚ ਤੇ ਆਈ ਜਦੋਂ ਅਜੇ ਮੁੰਡਿਆਂ ਦੇ ਕੁੜੀਆਂ ਵਾਲੇ ਕੱਪੜੇ ਪੁਆ ਕੇ ਉਹਨਾਂ ਤੋਂ ਕੁੜੀਆਂ ਦੀ ਭੂਮਿਕਾ ਕਰਵਾਈ ਜਾਂਦੀ ਸੀ। ਸਾਡੇ ਸਮਾਜ ਵਿਚ ਇਹ ਐਨਾ ਸਹਿਲ ਨਹੀਂ ਸੀ ਕਿ ਕੁੜੀਆਂ ਆਪਣੀ ਸਵੈ ਇੱਛਾ ਨਾਲ ਹੀ ਰੰਗ ਮੰਚ ਵਿਚ ਸ਼ਾਮਿਲ ਹੋ ਸਕਣ।



ਪੰਜਾਬ ਅਤੇ ਹਿਮਾਚਲ ਤੱਕ ਉਹਨਾਂ ਨੇ ਵਰ੍ਹਿਆਂਬੱਧੀ ਰੰਗ ਮੰਚ ਕੀਤਾ।

ਪੰਜਾਬ ਦੇ ਪਿੰਡਾਂ ਦੇ ਪਿੰਡ ਗਵਾਹ ਹਨ ਸੁਮਨ ਲਤਾ ਦੇ ਰੰਗ ਮੰਚ ਦੇ।

ਮਹਿੰਦਰ ਪਾਲ ਭੱਠਲ ਦੀ ਨਾਟ ਰਚਨਾ 'ਪੁੱਤ ਦਾ ਮੁੱਲ' (ਮੋਗਾ ਗੋਲੀ ਕਾਂਡ ਸਬੰਧੀ) ਨਾਟਕ, 'ਵੋਟ ਕੀਹਨੂੰ ਪਾਈਏ' 'ਮੀਲ ਪੱਥਰ', 'ਅੰਨ੍ਹੇ ਨਿਸ਼ਾਨਚੀ' ਵਿਚ ਉਹਨਾਂ ਦੀ ਭੂਮਿਕਾ ਲੋਕ ਮਨਾਂ ਦੀ ਡਾਇਰੀ ਤੇ ਅੱਜ ਵੀ ਉੱਕਰੀ ਹੋਈ ਹੈ।

9 ਅਪ੍ਰੈਲ 1991 ਨੂੰ ਸੇਵੇਵਾਲਾ ਨੇੜੇ ਜੈਤੋ (ਫਰੀਦਕੋਟ) ਵਿਖੇ ਪੰਜਾਬ ਨਾਟਕ ਕਲਾ ਕੇਂਦਰ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਦਾ ਲਿਖਿਆ ਨਾਟਕ 'ਅੰਨ੍ਹੇ ਨਿਸ਼ਾਨਚੀ' ਖੇਡਣ ਉਪਰੰਤ ਭਰੇ ਪੰਡਾਲ ਅਤੇ ਕੋਠਿਆਂ ਦੀਆਂ ਛੱਤਾਂ ਤੇ ਬੈਠੇ ਮਰਦ ਔਰਤਾਂ ਉਪਰ ਬੰਬਾਂ ਅਤੇ ਗੋਲੀਆਂ ਦੀ ਵਾਛੜ ਕੀਤੀ ਗਈ। 18 ਸਾਥੀ ਸ਼ਹੀਦ ਅਤੇ ਦਰਜਣਾਂ ਜ਼ਖ਼ਮੀ ਹੋ ਗਏ।

ਇਸ ਖ਼ੂਨੀ ਕਾਰੇ ਦੀ ਹੁੱਬ ਕੇ ਜ਼ਿੰਮੇਵਾਰੀ ਖਾਲਿਸਤਾਨੀ ਗ੍ਰੋਹ ਨੇ ਲਈ। ਇਸ ਉਪਰੰਤ ਅੱਜ ਤੱਕ ਉਹ ਰੰਗ ਮੰਚ ਅਤੇ ਲੋਕ ਲਹਿਰਾਂ ਦੇ ਅੰਗ ਸੰਗ ਹੈ। ਇਸ ਘਟਨਾ ਕ੍ਰਮ ਮੌਕੇ ਸੁਮਨ ਦੀ ਸਿਦਕ ਵਾਨ ਭੂਮਿਕਾ ਰਹੀ ਜਿੱਥੇ ਹਰਿੰਦਰ ਬਿੰਦੂ ਦੇ ਪਿਤਾ ਮੇਘ ਰਾਜ ਭਗਤੂਆਣਾ ਅਤੇ ਜਗਪਾਲ ਸੇਲਬਰਾਹ ਵਰਗੇ ਕਿੰਨੇ ਸਾਥੀ ਅਤੇ ਸਦਾ ਕੌਰ ਵਰਗੀਆਂ ਮਾਵਾਂ ਸ਼ਹੀਦੀ ਜਾਮ ਪੀ ਗਈਆਂ।

ਸੁਮਨ ਦਾ ਸਨਮਾਨ ਉਹਨਾਂ ਸਭ ਸ਼ਹੀਦਾਂ ਦਾ ਵੀ ਸਨਮਾਨ ਹੈ ਜਿਨ੍ਹਾਂ ਨੇ ਸੁਮਨ ਵਰਗੇ ਕਿੰਨੇ ਹੀ ਕਲਾਕਾਰਾਂ ਅਤੇ ਬੁਲਾਰਿਆਂ ਨੂੰ ਬਚਾਉਂਦੇ ਹੋਏ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ।

ਜ਼ਿਕਰਯੋਗ ਹੈ ਕਿ ਦਿੱਲੀ ਕਿਸਾਨ ਮੋਰਚੇ ਮੌਕੇ ਸੁਮਨ ਦੇ ਨਾਲ ਸਾਰੇ ਪਰਿਵਾਰ ਨੇ ਯੋਗਦਾਨ ਪਾਇਆ।

ਸੁਮਨ ਦੇ ਜੀਵਨ ਸਾਥੀ ਤਰਸੇਮ ਲੋਹੀਆਂ, ਉਹਨਾਂ ਦਾ ਬੇਟਾ ਰਾਕੇਸ਼ ਵੀ ਇਸ ਰੰਗ ਮੰਚ ਨਾਲ ਆਖ਼ਰੀ ਸਾਹ ਤੱਕ ਜੁੜੇ ਰਹੇ ਜੋ ਇਸ ਸਮੇਂ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਸੁਮਨ ਦੀ ਬੇਟੀ ਨਿਸ਼ਾ ਅਤੇ ਦੋਹਤੀ ਸ਼ੀਆ ਰੰਗ ਮੰਚ ਨਾਲ ਸਰਗਰਮੀ ਨਾਲ ਜੁੜੀਆਂ ਹੋਈਆਂ ਹਨ।

ਔਰਤ ਭਲਾਈ ਸਭਾ ਦੇ ਵੀ ਉਹ ਆਗੂ ਵਜੋਂ ਕੰਮ ਕਰਦੇ ਰਹੇ।

ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੀ ਉਸਾਰੀ ਤੋਂ ਵੀ ਪਹਿਲਾਂ ਤੋਂ ਕੰਮ ਕਰਦੀ ਆ ਰਹੀ ਸੁਮਨ ਲਤਾ ਨੇ ਪਲਸ ਮੰਚ ਦੀ ਉਸਾਰੀ ਅਤੇ ਪੰਜਾਬ ਨਾਟਕ ਕਲਾ ਸੰਗਮ ਫਗਵਾੜਾ ਦੀ ਨਿਰਦੇਸ਼ਕ ਵਜੋਂ ਪਲਸ ਮੰਚ ਦੀ ਮੈਗਜ਼ੀਨ ਸਰਦਲ ਅਤੇ ਆਗੂ ਸਫ਼ਾ ਵਿਚ ਕੰਮ ਕੀਤਾ।

ਤਿੱਖੀਆਂ ਚੁਣੌਤੀਆਂ ਦੇ ਦੌਰ ਨੂੰ ਸਫ਼ਲਤਾਪੂਰਵਕ ਪਾਰ ਕਰਦੀ ਆ ਰਹੀ ਸੁਮਨ ਲਤਾ ਦਾ ਸਨਮਾਨ ਕਰਦਿਆਂ ਪਲਸ ਮੰਚ ਮਾਣ ਮਹਿਸੂਸ ਕਰਦਾ ਹੈ।













### ਲੋਕ ਪੱਖੀ ਸਾਹਿਤ ਦਾ ਘਣਛਾਵਾਂ ਬੂਟਾ:

# ਬੂਟਾ ਸਿੰਘ ਮਹਿਮੂਦਪੁਰ

ਸਾਥੀ ਬੂਟਾ ਸਿੰਘ ਮਹਿਮੂਦਪੁਰ ਸੱਚ ਮੁੱਚ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ।

ਉਸਨੇ ਦਹਾਕਿਆਂ ਤੋਂ ਸਾਬਤ ਕਦਮੀਂ ਅਤੇ ਸਿਦਕ ਦਿਲੀ ਨਾਲ ਕਿੰਨੇ ਹੀ ਮੁਹਾਜ਼ ਤੇ ਲੋਕ ਹੱਕਾਂ ਅਤੇ ਲੋਕ ਮੁਕਤੀ ਲਈ ਕੰਮ ਕੀਤਾ ਹੈ।

ਉਹ ਨਵੀਂ ਆਜ਼ਾਦੀ, ਬਰਾਬਰੀ, ਸਾਂਝੀਵਾਲਤਾ ਅਤੇ ਨਵੇਂ ਸਮਾਜ ਦੀ ਸਿਰਜਣਾ ਦਾ ਆਸ਼ਕ ਸੰਗਰਾਮੀਆਂ ਹੈ।

ਬੂਟਾ ਸਿੰਘ ਨੇ ਕਲਮ ਅਤੇ ਸੰਗਰਾਮ ਦੀਆਂ ਦੂਰੀਆਂ ਬਣਾਈ ਰੱਖਣ ਮਨਮਰਜ਼ੀ ਨਾਲ ਬਦਸੂਰਤ ਬਿਰਤਾਂਤ ਸਿਰਜਕਾਂ ਵੱਲੋਂ ਖਿੱਚੀ ਨਕਲੀ ਵੱਟ ਭੰਨ ਸੁੱਟੀ ਹੈ। ਉਹ ਕਲਮ, ਕਲਾ ਅਤੇ ਸੰਗਰਾਮ ਦਾ ਗੂਹੜਾ ਜੋਟੀਦਾਰ ਹੈ।

ਉਹ ਕਲਮ ਦਾ ਧਨੀ ਹੈ। ਨਾਲ ਦੀ ਉਹ ਜੋ ਲਿਖਦਾ ਹੈ ਉਸਤੇ ਖੁਦ ਅਮਲ ਕਰਨ ਲਈ ਯਤਨਸ਼ੀਲ ਰਹਿੰਦਾ ਹੈ।ਉਹ ਖੂੰਖਾਰ ਜਾਨਵਰਾਂ ਵਾਂਗ ਪੇਸ਼ ਆ ਰਹੇ ਇਸ ਰਾਜ ਭਾਗ ਦੇ ਸੰਚਾਲਕਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਣਾ ਆਪਣਾ ਫਰਜ਼ ਸਮਝਦਾ ਹੈ। ਭਾਈ ਲਾਲੋਆਂ ਨਾਲ ਖੜ੍ਹਨ ਦੀ ਬਜਾਏ ਮਲਕ ਭਾਗੋਆਂ ਨਾਲ ਖੜ੍ਹਨ ਵਾਲਿਆਂ ਦੇ ਚਾਲੇ ਲੋਕ ਸੱਥਾਂ ਵਿਚ, ਯੂਨੀਵਰਸਿਟੀਆਂ ਵਿਚ ਸ਼ਰੇਆਮ ਬੇਪਰਦ ਕਰਨਾ ਉਹ ਆਪਣੀ ਕਲਮ ਦਾ ਪਹਿਲਾ ਫਰਜ਼ ਸਮਝਦਾ ਹੈ।

ਉਹਨੇ ਪੂਰੀ ਹਿਯਾਤੀ ਕਦੇ ਵੀ ਇਹ ਭੁਲੇਖਾ ਨਹੀਂ ਖਾਧਾ ਕਿ ਸੜੇਹਾਂਦ ਮਾਰਦੇ ਇਸ ਢਾਂਚੇ ਅੰਦਰ ਕੋਈ ਓਹੜ ਪੋਹੜ ਕਰਕੇ ਲੋਕਾਂ ਦੀ ਜੂਨ ਸੁਧਾਰੀ ਜਾ ਸਕਦੀ ਹੈ। ਉਹਨੂੰ ਪੂਰੀ ਤਰ੍ਹਾਂ ਗਹਿਰਾ ਬੋਧ ਹੈ ਕਿ ਇਸ ਨਿਜ਼ਾਮ ਨੂੰ ਮੁੱਢੋਂ ਸੁੱਢੋਂ ਬਦਲਣ ਬਿਨਾਂ ਇਸਦਾ ਕੋਈ ਇਲਾਜ ਤਾਂ ਕੀ ਹੋਣਾ ਸਗੋਂ ਮਰਜ਼ ਹੋਰ ਵੀ ਜ਼ਿਆਦਾ ਕਰੋਨਿਕ ਰੂਪ ਧਾਰਨ ਕਰਦੀ ਜਾਏਗੀ।

40 ਤੋਂ ਵੱਧ ਕਿਤਾਬਾਂ ਦੇ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ ਨੇ ਪੰਜਾਬੀ ਸਾਹਿਤ ਨੂੰ ਵਿਸ਼ਵ ਦੇ ਆਹਲਾ ਦਰਜੇ ਦੇ ਸਾਹਿਤ ਨਾਲ ਭਰਭੂਰ ਕੀਤਾ ਹੈ।

ਉਹ ਸ਼ਹੀਦ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦਾ ਸੰਚਾਲਕ ਹੈ। ਉਸਨੇ ਸਮਕਾਲੀ ਦਿਸ਼ਾ, ਸੁਲਗਦੇ ਪਿੰਡ, ਲੋਕ ਕਾਫ਼ਲਾ ਮੈਗਜ਼ੀਨਾਂ ਦਾ ਸੰਪਾਦਨ ਕੀਤਾ ਹੈ। ਇਹਨਾਂ ਤੋਂ ਇਲਾਵਾ ਪੰਜਾਬੀ ਦੇ ਜਾਣੇ ਪਹਿਚਾਣੇ ਇਨਕਲਾਬੀ ਮੈਗਜ਼ੀਨ ਉਹਨਾਂ ਦੀਆਂ ਲਿਖਤਾਂ ਪ੍ਰਮੁੱਖਤਾ ਨਾਲ ਛਾਪਦੇ ਹਨ।

ਪੰਜਾਬ ਦੀਆਂ ਲਾਇਬ੍ਰੇਰੀਆਂ ਸਾਹਿਤ ਪ੍ਰੇਮੀਆਂ ਵਿਦਵਾਨਾਂ ਦੀਆਂ ਪਰਿਵਾਰਕ ਲਾਇਬਰੇਰੀਆਂ ਦਾ ਬੂਟਾ ਸਿੰਘ ਦੀਆਂ ਕਿਤਾਬਾਂ ਸ਼ਿੰਗਾਰ ਹਨ। ਗ਼ਦਰੀ ਬਾਬਿਆਂ ਦਾ ਮੇਲਾ ਹੋਵੇ ਜਾਂ ਪੰਜਾਬੀ ਭਵਨ ਲੁਧਿਆਣਾ ਦਾ ਪਹਿਲੀ ਮਈ ਦਾ ਮੇਲਾ, ਪੰਜਾਬ ਵਿੱਚ ਲੱਗਦੇ ਹੋਰ ਪੁਸਤਕ ਮੇਲਿਆਂ ਮੌਕੇ ਵੀ ਉਹਨਾਂ ਦੀਆਂ ਕਿਤਾਬਾਂ ਖਿੱਚ ਦਾ ਕੇਂਦਰ ਹੁੰਦੀਆਂ ਹਨ।



ਬੀਤੇ ਚਾਰ ਦਹਾਕਿਆਂ ਦਾ ਲੋਕਾਂ ਦੇ ਹੱਕਾਂ ਦੇ ਸੰਗਰਾਮ ਦਾ ਜਦੋਂ ਵੀ ਜ਼ਿਕਰ ਛਿੜੇਗਾ ਸਾਥੀ ਬੂਟਾ ਸਿੰਘ ਦੀ ਭੂਮਿਕਾ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

ਜਮਹੂਰੀ ਅਧਿਕਾਰ ਸਭਾ ਪੰਜਾਬ, ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਅਤੇ ਬਾਬਾ ਬੂਝਾ ਸਿੰਘ ਯਾਦਗਾਰੀ ਪ੍ਰਕਾਸ਼ਨ ਮਹਿਮੂਦਪੁਰ ਤੋਂ ਇਲਾਵਾ ਕਿੰਨੀਆਂ ਹੀ ਸੰਸਥਾਵਾਂ ਵਿੱਚ ਉਹਨਾਂ ਦੀ ਸ਼ਾਨਦਾਰ ਭੂਮਿਕਾ ਹੈ।

ਦਿੱਲੀ ਕਿਸਾਨ ਮੋਰਚੇ ਮੌਕੇ ਉਹਨਾਂ ਨੇ ਆਪਣੇ ਇਲਾਕੇ ਵਿੱਚ ਤਨਦੇਹੀ ਨਾਲ ਕੰਮ ਕੀਤਾ। ਵਿਸ਼ੇਸ਼ ਕਰਕੇ ਆਦਿਵਾਸੀ ਅਤੇ ਕਸ਼ਮੀਰ ਵਰਗੇ ਖੇਤਰਾਂ ਅੰਦਰ ਲੋਕ ਸਰਗਰਮੀਆਂ ਅਤੇ ਵਿਦਵਾਨਾਂ ਬੁੱਧੀਜੀਵੀਆਂ ਉਪਰ ਕਹਿਰ ਖ਼ਿਲਾਫ਼ ਗੂੰਜਣ ਵਾਲੀ ਬੁਲੰਦ ਆਵਾਜ਼ ਦਾ ਨਾਂਅ ਹੈ, ਬੂਟਾ ਸਿੰਘ ਮਹਿਮੂਦਪੁਰ।

**ਬੂਟਾ ਸਿੰਘ ਦੁਆਰਾ ਅਨੁਵਾਦਿਤ ਕਿਤਾਬਾਂ ਦੀ ਸੂਚੀ ਦੀ ਇੱਕ ਝਲਕ:**

1. ਸਦਮਾ ਮੱਤ (ਨੈਓਮੀ ਕਲਾਈਨ), ਮਈ 2011
2. ਵਿਦਰੋਹੀ ਜੰਗਲ (ਰਾਹੁਲ ਪੰਡਿਤਾ), ਅਕਤੂਬਰ 2013
3. ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ.... (ਰੰਜਨਾ ਪਾਢੀ), ਜਨਵਰੀ 2012
4. ਜਾਤਪਾਤ ਦੇ ਹੱਲ ਲਈ (ਰੰਗਨਾਇਕੰਮਾ), ਅਗਸਤ 2012
5. ਭਾਰਤ ਵਿਚ ਇਨਕਲਾਬ ਦੀ ਦਸਤਕ (ਜਾਨ ਮਿਰਡਲ), ਮਈ 2013
6. ਹੀਰੋਸ਼ੀਮਾ ਦੇ ਫੁੱਲ (ਨਾਵਲੈੱਟ, ਲੇਖਕਾ ਐਦਿਤਾ ਮਾਰਿਸ), ਅਗਸਤ 2007
7. ਵੀਅਤਨਾਮ ਲਈ ਪਿਆਰ (ਨਾਵਲੈੱਟ, ਲੇਖਕਾ ਐਦਿਤਾ ਮਾਰਿਸ), ਅਗਸਤ 2007
8. ਫ਼ਾਸ਼ੀਵਾਦ ਦੇ ਨੂੰ ਵੰਗਾਰ (ਡੋਲੋਰਸ ਇਬਰੂਰੀ ਦੀ ਸਵੈ-ਜੀਵਨੀ), 2010
9. ਜਿਸ ਧਜ ਸੇ ਕੋਈ ਮਕਤਲ ਮੇਂ ਗਯਾ (ਕਾ. ਕਿਸ਼ਨਜੀ ਬਾਰੇ ਲੇਖ), ਦਸੰਬਰ 2011
10. ਰਾਗੋ (ਨਾਵਲ) 2003
11. ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ (ਕਮਲੇਸ਼ ਮੋਹਨ), 2007
12. ਖੱਬੀ ਲਹਿਰ ਦੇ ਵਿਚਾਰਨ ਲਈ ਕੁਝ ਸਵਾਲ (ਲੇਖ-ਸੰਗ੍ਰਹਿ), ਜੁਲਾਈ 2013
13. ਬਗ਼ਾਵਤ ਦੇ ਕੇਂਦਰ ਵਿਚ (ਗੌਤਮ ਨਵਲੱਖਾ), ਅਕਤੂਬਰ 2013
14. ਓਪਰੇਸ਼ਨ ਗ੍ਰੀਨ ਹੰਟ (ਪੁਸਤਕ ਲੜੀ 1, 2 ਅਤੇ 3) 2010
15. ਪੰਜਾਬ ਦੇ 1914-15 ਦੇ ਇਨਕਲਾਬੀਆਂ ਦੀ ਯਾਦ ਵਿਚ (ਜੁਲਾਈ 2013)
16. ਸੁਪਨ-ਸੰਸਾਰ ਦਾ ਹੱਜ (ਮਾਇਆ ਰਾਮਨਾਥ), ਫਰਵਰੀ 2015
17. ਜਮਹੂਰੀਅਤ ਕਟਹਿਰੇ ਵਿਚ (ਅਰੁੰਧਤੀ ਰਾਏ), ਅਗਸਤ 2015
18. ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ (ਅਰੁੰਧਤੀ ਰਾਏ) ਅਕਤੂਬਰ 2015
19. ਗ਼ਦਰ ਲਹਿਰ (ਸੰਪਾਦਕ ਡਾ. ਪੀ.ਆਰ.ਕਾਲੀਆ) ਅਕਤੂਬਰ 2016
20. ਗੁਜਰਾਤ ਫ਼ਾਈਲਾਂ (ਰਾਣਾ ਅਯੂਬ) ਅਕਤੂਬਰ 2016
21. ਸੰਵਿਧਾਨ ਦੀ ਜਾਂਬਾਜ਼ ਮੁਹਾਫ਼ਿਜ਼ (ਤੀਸਤਾ ਸੀਤਲਵਾੜ), ਅਕਤੂਬਰ 2017
22. ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ (ਐਸ.ਐਮ.ਮੁਸ਼ਰਿਫ਼), ਅਕਤੂਬਰ 2019
23. ਮਾਰਕਸਵਾਦੀ ਫ਼ਲਸਫ਼ਾ, ਨਵੰਬਰ 2019
24. ਭਾਰਤ-ਵੰਡ ਵਿਰੋਧੀ ਮੁਸਲਮਾਨ (ਸ਼ਮਸੁਲ ਇਸਲਾਮ) ਸਤੰਬਰ 2020
25. ਅੰਬੇਡਕਰ-ਗਾਂਧੀ ਸੰਵਾਦ (ਅਰੁੰਧਤੀ ਰਾਏ) ਅਕਤੂਬਰ 2020
26. ਆਜ਼ਾਦੀ (ਅਰੁੰਧਤੀ ਰਾਏ), ਅਕਤੂਬਰ 2020
27. ਅਧੂਰੀ ਆਜ਼ਾਦੀ (ਕੋਬਾਡ ਗ਼ਾਂਧੀ ਦੀ ਸਵੈਜੀਵਨੀ) ਅਕਤੂਬਰ 2021
28. ਜੁਰਮ ਕੀ ਹੈ? (ਔਰਤ ਕੈਦੀਆਂ ਦੀ ਦਾਸਤਾਨ) ਬੀ. ਅਨੁਰਾਧਾ ਮਾਰਚ 2023
29. ਫਾਂਸੀ ਅਹਾਤੇ ਤੋਂ, ਸੁਧਾ ਭਾਰਦਵਾਜ, ਨਵੰਬਰ 2024
30. ਦਹਿਸ਼ਤਗਰਦ ਦਾ ਫਰਜ਼ੀ ਠੱਪਾ, ਮੁਹੰਮਦ ਆਮਿਰ ਖ਼ਾਨ, ਨਵੰਬਰ 2024
31. ਮਾਰਕਸਵਾਦ ਅਤੇ ਕੌਮੀ ਸਵਾਲ, ਜੋਜ਼ਫ ਸਟਾਲਿਨ ਨਵੰਬਰ 2024

**ਬੂਟਾ ਸਿੰਘ ਦੀਆਂ ਮੌਲਿਕ ਕਿਤਾਬਾਂ ਤੇ ਇੱਕ ਪੰਛੀ ਝਾਤ:**

ਹੱਕਾਂ ਦੇ ਪਹਿਰੇਦਾਰ ਸਤੰਬਰ 2021

ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦੀ ਸਥਾਪਨਾ ਅਤੇ ਸੰਚਾਲਨ

ਸੰਪਾਦਕ: ਸਮਕਾਲੀ ਦਿਸ਼ਾ, ਸੁਲਗਦੇ ਪਿੰਡ, ਲੋਕ ਕਾਫ਼ਲਾ ਮੈਗਜ਼ੀਨ ਪਰ

ਕਾਲਮਨਵੀਸ, ਹਫ਼ਤਾਵਾਰ ਪੰਜਾਬ ਟਾਈਮਜ਼ ਯੂਐੱਸਏ, ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ, ਸਰੋਕਾਰਾਂ ਦੀ ਆਵਾਜ਼, ਮੀਡੀਆ ਪੰਜਾਬ ਅਤੇ ਕਈ ਹੋਰ ਰਸਾਲਿਆਂ ਵਿਚ ਉਹਨਾਂ ਦੀਆਂ ਰਚਨਾਵਾਂ ਅਕਸਰ ਹੀ ਪੜ੍ਹਨ ਨੂੰ ਮਿਲਦੀਆਂ ਹਨ।

# ਸਲੇਮਪੁਰੀ ਦੀ ਚੂੰਢੀ

ਚੂੰਢੀਆਂ!

-ਦੁੱਧ ਪੀਣਾ ਚਾਹੀਦੈ,
ਮੂਤ ਨਹੀਂ,
ਕੁਦਰਤ ਨੇ ਦੁੱਧ ਪੀਣ ਵਾਸਤੇ ਦਿੱਤੈ!

-ਘਰਾਂ ਨੂੰ ਠੰਡੇ ਰੱਖਣ ਲਈ
ਗੋਹਾ ਕ੍ਰਾਂਤੀ ਨਹੀਂ,
ਸਾਇੰਸ ਤੇ ਤਕਨਾਲੋਜੀ ਭਰਪੂਰ ਸਿੱਖਿਆ ਕ੍ਰਾਂਤੀ ਚਾਹੀਦੀ ਐ!

-ਸਿੰਗਾਂ ਨਾਲ ਦੁਸ਼ਮਣੀ,
ਪੂਛ ਨਾਲ ਦੋਸਤੀ!
ਪੰਜਾਬ ਦਾ ਬਾਰਡਰ ਸੀਲ,
ਗੁਜਰਾਤ ਦਾ ਬਾਰਡਰ ਖੁੱਲ੍ਹਾ!
ਇਸ ਵਾਰ ਪਾਕਿਸਤਾਨ 'ਤੇ ਹਮਲਾ ਪੰਜਾਬ ਨਹੀਂ ਗੁਜਰਾਤ ਦੇ ਰਸਤੇ ਰਾਹੀਂ ਹੋਵੇ!

-ਭਾਰਤ ਦਾ ਖਰਚ 1.6 ਫੀਸਦੀ ਤੋਂ ਵੱਧ ਕੇ ਹੋਇਆ 86.1 ਅਰਬ ਡਾਲਰ, ਪਾਕਿ ਦੇ ਮੁਕਾਬਲੇ 9 ਗੁਣਾਂ ਵੱਧ, ਪਾਕਿ ਦਾ ਖਰਚ 10. 2 ਅਰਬ ਡਾਲਰ

-ਪਹਿਲਾਂ ਤੋਲੋ,
ਫਿਰ ਬੋਲੋ ਜੀ!
ਪਹਿਲਗਾਮ 'ਚ ਬੇਦੋਸ਼ਿਆਂ ਨੂੰ ਮਾਰਨ ਵਾਲੇ ਅੱਤਵਾਦੀ
ਤੇ ਜਖਮੀਆਂ ਨੂੰ ਚੁੱਕ ਕੇ ਘਰਾਂ ਵਿਚ ਲਿਜਾਣ ਵਾਲੇ ਕੌਣ?

ਪ੍ਰਸ਼ਨ - ਨੰਬਰ 1727 - 1 ਅਗਸਤ 2019

ਪ੍ਰਸ਼ਨ:
ਕੀ ਭਾਰਤ ਸਰਕਾਰ ਨੇ ਸਿੰਧੂ ਜਲ ਸਮਝੌਤੇ ਦੀ ਸਮੀਖਿਆ ਜਾਂ ਰੱਦ ਕਰਨ ਬਾਰੇ ਸੋਚਿਆ ਹੈ?

ਜਵਾਬ:
· ਭਾਰਤ ਹਮੇਸ਼ਾ ਸਿੰਧੂ ਜਲ ਸਮਝੌਤੇ ਦੀ ਪਾਲਣਾ ਕਰਦਾ ਆ ਰਿਹਾ ਹੈ।
· ਫਿਲਹਾਲ ਸਮਝੌਤੇ ਨੂੰ ਰੱਦ ਕਰਨ ਜਾਂ ਉਸ ਦੀ ਸਮੀਖਿਆ ਕਰਨ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ।
· ਭਾਰਤ ਆਪਣੇ ਹਿੱਸੇ ਦੇ ਪਾਣੀ ਨੂੰ ਪੂਰੀ ਤਰ੍ਹਾਂ ਵਰਤਣ ਲਈ ਨਵੇਂ ਪ੍ਰੋਜੈਕਟ ਲਾਗੂ ਕਰ ਰਿਹਾ ਹੈ, ਜਿਵੇਂ ਕਿ ਸ਼ਾਹਪੁਰ ਕੰਡੀ ਡੈਮ, ਉਝ ਮਲਟੀਪਰਪਜ਼ ਪ੍ਰੋਜੈਕਟ ਆਦਿ( ਵੱਟਸਐਪ ਤੋਂ)*

-ਅਨੁਸੂਚਿਤ ਜਾਤੀ ਦੀ ਲੜਕੀ ਨਾਲ ਜਬਰਜਨਾਹ ਕੋਈ ਖਾਸ ਗੱਲ ਨਹੀਂ,
ਅਨੁਸੂਚਿਤ ਜਾਤੀ ਦੇ ਲਾੜੇ ਦਾ ਘੋੜੀ ਚੜ੍ਹਨਾ, ਘੋਰ ਗੁਨਾਹ !

-ਰੱਬ ਬੋਲ਼ਾ ਹੋ ਗਿਆ ਹੈ, ਇਸੇ ਲਈ ਉਸ ਨੂੰ ਜਗਾਉਣ ਲਈ ਧਾਰਮਿਕ ਸਥਾਨਾਂ 'ਤੇ ਕਈ ਕਈ ਲਾਊਡ ਸਪੀਕਰ ਲਗਾਏ ਨੇ!

-ਸੁਖਦੇਵ ਸਲੇਮਪੁਰੀ
9780620233

# ਸੂਰਜਾਂ ਦਾ ਹਮਸਫ਼ਰ : ਲੋਕ ਕਵੀ ਸੁਰਿੰਦਰ ਧੰਜਲ

ਇਨਕਲਾਬੀ ਪੰਜਾਬੀ ਕਾਵਿ ਧਾਰਾ ਦੇ ਜਾਣੇ ਪਹਿਚਾਣੇ ਕਵੀ, ਆਲੋਚਕ, ਪੱਤਰਕਾਰ, ਨਾਟਕ ਨਿਰਦੇਸ਼ਕ, ਕਲਾਕਾਰ ਅਤੇ ਕੰਪਿਊਟਰ ਵਿਗਿਆਨੀ ਸੁਰਿੰਦਰ ਧੰਜਲ ਦਾ ਸਨਮਾਨ ਕਰਦਿਆਂ ਪਲਸ ਮੰਚ ਆਪਣਾ ਸਨਮਾਨ ਸਮਝਦਾ ਹੈ।

ਸੁਰਿੰਦਰ ਧੰਜਲ ਨੇ ਪੰਜਾਬ ਅਤੇ ਦੁਨੀਆਂ ਦੇ ਜਿਸ ਕੋਨੇ ਵਿਚ ਵੀ ਪੰਜਾਬੀ ਵਸਦੇ ਨੇ ਓਥੇ ਹੀ ਆਪਣੀ ਸਾਹਿਤਕ ਪਿੜ ਅੰਦਰ ਨਿਵੇਕਲੀ ਪਹਿਚਾਣ ਸਥਾਪਿਤ ਕੀਤੀ ਹੈ।ਪੰਜਾਬੀ ਸਾਹਿਤ ਅਤੇ ਕਲਾ ਨਾਲ ਜੁੜੇ ਪੰਜਾਬੀਆਂ ਵਿੱਚ ਹਰਮਨ ਪਿਆਰਾ ਅਤੇ ਇਹ ਸਿਦਕਵਾਨ ਕਲਮਕਾਰ ਤੂਫ਼ਾਨਾਂ ਦੇ ਉਲਟੇ ਰੁਖ਼ ਪਰਵਾਜ਼ ਭਰਨ ਵਾਲਿਆਂ ਦੀ ਅਗਲੀ ਕਤਾਰ ਵਿਚ ਜਾਣਿਆਂ ਜਾਂਦਾ ਹੈ।

ਉਹ ਕੈਮਲੂਪਸ ਵਿਖੇ ਯੂਨੀਵਰਸਿਟੀ ਵਿੱਚ ਕੰਪਿਊਟਿੰਗ ਸਾਇੰਸ ਦਾ ਸਥਾਪਤ ਅਧਿਆਪਕ ਹੈ।

ਉਹ ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਦਾ ਕਨਵੀਨਰ ਹੈ। ਅਵਤਾਰ ਸਿੰਘ ਪਾਸ਼ ਯਾਦਗਾਰੀ ਟਰਸਟ ਦੀ ਅਗਵਾਈ ਹੇਠ ਬਣਨ ਵਾਲੀ ਯਾਦਗਾਰ ਦੇ ਵਡੇਰੇ ਕਾਰਜ ਵਿਚ ਵੀ ਉਹ ਬੁੱਧੀਜੀਵੀਆਂ ਦੀ ਆਗੂ ਟੀਮ ਵਿਚ ਸ਼ਾਮਿਲ ਹੈ। ਖ਼ਾਲਿਸਤਾਨੀ ਦਹਿਸ਼ਤਗਰਦਾਂ ਵੱਲੋਂ ਚੋਟੀ ਦੇ ਕਵੀ ਅਵਤਾਰ ਪਾਸ਼ ਦੀ ਸ਼ਹਾਦਤ ਉਪਰੰਤ ਉੱਚੀ ਬਾਂਹ ਕੱਢ ਕੇ ਉਹਦੀ ਕਵਿਤਾ ਦੇ ਵਾਰਸਾਂ ਵਜੋਂ ਸਾਹਮਣੇ ਆਉਣ ਵਾਲਿਆਂ ਵਿਚ ਉਹਨਾਂ ਦਾ ਨਾਮ ਮਾਣ ਮੱਤੇ ਅੰਦਾਜ਼ ਵਿਚ ਸ਼ੁਮਾਰ ਹੈ। ਉਹਨਾਂ ਨੇ ਅੱਗੇ ਲੱਗ ਕੇ ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਦੀ ਸਿਰਜਣਾ ਕੀਤੀ। ਇਸ ਟਰਸਟ ਦੇ ਕਾਰਜ ਹੱਥ ਲਏ ਅਤੇ ਬਾਖ਼ੂਬੀ ਨੇਪਰੇ ਚਾੜ੍ਹਨ ਦਾ ਕੰਮ ਕੀਤਾ।

ਪਾਸ਼ ਹੰਸ ਰਾਜ ਯਾਦਗਾਰੀ ਕੰਪਲੈਕਸ ਤਲਵੰਡੀ ਸਲੇਮ ਵਿਖੇ ਯਾਦਗਾਰੀ ਧਰੋਹਰ ਦੀ ਉਸਾਰੀ ਕੀਤੀ। ਇਹ ਉਸਾਰੀ ਖੜ੍ਹੀ ਲੱਤ ਉਹਨਾਂ ਨੇ ਕਰਾਉਣ ਦਾ ਪ੍ਰੋਜੈਕਟ ਵੀ ਉਸ ਕੁਲੈਹਣੀ ਰੁੱਤੇ ਸਿਰੇ ਚਾੜ੍ਹਿਆ ਜਦੋਂ ਦਹਿਸ਼ਤਗਰਦੀ ਦਾ ਗਰਦੋ ਗੁਬਾਰ ਲੋਕਾਂ ਦਾ ਨੱਕ ਵਿਚ ਦਮ ਕਰ ਰਿਹਾ ਸੀ।

ਇਸ ਅਗਨ ਪ੍ਰੀਖਿਆ ਦੇ ਦੌਰ ਵਿੱਚ ਸੁਰਿੰਦਰ ਧੰਜਲ ਦਾ ਇਨਕਲਾਬੀ ਕਵੀ ਪਾਸ਼ ਅਤੇ ਉਸਦੇ ਜਿਗਰੀ ਦੋਸਤ ਹੰਸ ਰਾਜ ਦੀ ਯਾਦਗਾਰ ਉਸਾਰਨਾ, ਹਰ ਸਾਲ ਸਮਾਗਮ ਕਰਨ ਵਿਚ ਵਡੇਰਾ ਯੋਗਦਾਨ ਪਾਉਣਾ ਪਾਸ਼ ਦੀ ਕਵਿਤਾ ਨੂੰ ਅੰਬਰਾਂ ਤੇ ਉੱਕਰਨਾ ਹੈ।

ਸੁਰਿੰਦਰ ਧੰਜਲ ਦਾ ਜਨਮ 22 ਮਾਰਚ, 1950 ਨੂੰ ਪਿੰਡ ਚੱਕ ਭਾਈਕਾ, ਜਿਲ੍ਹਾ ਲੁਧਿਆਣਾ ਵਿੱਚ ਹੋਇਆ। ਉਹਨਾਂ ਨੇ 1971 ਵਿੱਚ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਤੋਂ ਇਲੈਕਟ੍ਰੀਕਲ ਇੰਜਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। 1972 ਵਿੱਚ ਉਹਨਾ ਨੇ ਕੈਨੇਡਾ ਆ ਕੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ 1980 ਵਿੱਚ ਯੂਨੀਵਰਸਿਟੀ ਆਫ ਵਿੰਡਜ਼ਰ (ਉਨਟੇਰੀਓ) ਤੋਂ ਮਾਸਟਰ ਆਫ ਅਪਲਾਈਡ ਸਾਇੰਸ (ਇਲੈਕਟ?ਰੀਕਲ ਇੰਜੀਨੀਅਰਿੰਗ) ਦੀ ਡਿਗਰੀ ਲਈ। ਸੰਨ 1988 ਵਿੱਚ ਮੈਕਮਾਸਟਰ ਯੂਨੀਵਰਸਿਟੀ ਆਫ ਹੈਮਿਲਟਨ ਤੋਂ ਕੰਪਿਊਟਰ ਸਾਇੰਸ ਦੀ ਮਾਸਟਰ ਕੀਤੀ। ਸੰਨ 2005 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੰਜਾਬੀ ਵਿੱਚ ਪੀ ਐੱਚ ਡੀ ਅਤੇ ਸੰਨ 2014 ਵਿੱਚ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਕੰਪਿਊਟਰ ਸਾਇੰਸ ਵਿੱਚ ਪੀ ਐੱਚ ਡੀ ਪ੍ਰਾਪਤ ਕੀਤੀ।

ਸੰਨ 1972 ਵਿੱਚ ਕੈਨੇਡਾ ਆਉਣ ਤੋਂ ਬਾਅਦ ਉਸ ਨੇ ਆਪਣੀ ਪੜ੍ਹਾਈ



ਜਾਰੀ ਰੱਖੀ। ਸੰਨ 1980 ਵਿੱਚ ਆਪਣੀ ਮਾਸਟਰ ਦੀ ਡਿਗਰੀ ਕਰਨ ਤੋਂ ਬਾਅਦ ਪ੍ਰੋਕਟਰ ਐਂਡ ਗੈਂਬਲ ਦੇ ਗਰੈਂਡ ਪਰੇਰੀ ਦੇ ਪਲਾਂਟ ਵਿੱਚ ਉਹਨਾਂ ਕੰਮ ਕੀਤਾ। ਇਥੇ ਉਸ ਨੇ ਡੀਜ਼ਾਇਨ ਮੈਨੇਜਰ ਅਤੇ ਪਲਾਂਟ ਪ੍ਰੋਸੈੱਸ ਕੰਟਰੋਲ ਇੰਜਨੀਅਰ ਦੇ ਅਹੁਦੇ 'ਤੇ ਕੰਮ ਕੀਤਾ। ਸੰਨ 1985 ਵਿੱਚ ਉਹ ਯੂਨੀਵਰਸਿਟੀ ਆਫ ਅਲਬਰਟਾ, ਐਡਮੰਟਨ ਵਿੱਚ ਕੰਪਿਊਟਿੰਗ ਸਾਇੰਸ ਦਾ ਅਸਿਸਟੈਂਟ ਪ੍ਰੋਫੈਸਰ ਆ ਲੱਗਾ ਇੱਥੇ ਉਸ ਨੇ 1989 ਤੱਕ ਪੜ੍ਹਾਇਆ। ਇਸ ਤੋਂ ਬਾਅਦ ਉਹ 'ਟਾਮਸਨ ਰਿਵਰਜ਼ ਯੂਨੀਵਰਸਿਟੀ' ਕੈਮਲੂਪਸ ਵਿੱਚ ਆ ਗਏ। ਉਦੋਂ ਤੋਂ ਲੈ ਕੇ ਹੁਣ (2017) ਤੱਕ ਉਹਨਾਂ ਨੇ ਇਸ ਯੂਨੀਵਰਸਿਟੀ ਵਿੱਚ ਪੜ੍ਹਾਇਆ।

ਡਾ. ਸੁਰਿੰਦਰ ਧੰਜਲ ਦੀਆ ਹੁਣ ਤਕ ਛੇ ਕਿਤਾਬਾ ਛਪ ਚੁੱਕੀਆਂ ਹਨ। ਉਹਨਾਂ ਦੀ ਕਵਿਤਾ ਦੀ ਪਹਿਲੀ ਕਿਤਾਬ "ਸੂਰਜਾ ਦੇ ਹਮਸਫਰ" ਸੰਨ 1972 ਵਿੱਚ ਛਪੀ। ਉਹ ਕੈਨੇਡਾ ਵਿੱਚ ਛਪਣ ਵਾਲੇ ਸਾਹਿਤਕ ਅਤੇ ਸਭਿਆਚਾਰਕ ਰਸਾਲੇ "ਵਤਨੋਂ ਦੂਰ" ਦੇ ਮੋਢੀ ਸੰਪਾਦਕ ਸਨ। ਇਹ ਰਸਾਲਾ 1973 ਵਿੱਚ ਸ਼ੁਰੂ ਹੋਇਆ ਸੀ ਅਤੇ ਅਪ੍ਰੈਲ 1986 ਵਿੱਚ ਬੰਦ ਹੋ ਗਿਆ ਸੀ। ਉਹ 1973 ਵਿੱਚ ਹੋਂਦ ਵਿੱਚ ਆਈ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੇ ਪਹਿਲੇ ਜਨਰਲ ਸਕੱਤਰ ਸਨ।

ਕਵਿਤਾ ਲਿਖਣ ਦੇ ਨਾਲ ਨਾਲ ਉਹ ਰੰਗ ਮੰਚ ਵਿੱਚ ਵੀ ਦਿਲਚਸਪੀ ਲੈਂਦੇ ਰਹੇ ਹਨ। ਉਹਨਾਂ ਨੇ ਦਸੰਬਰ 1970 ਵਿੱਚ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਪਹਿਲੀ ਵਾਰ ਹੋਏ ਪੰਜਾਬੀ ਨਾਟਕ ਤੀਜੀ ਪਾਸ ਦਾ ਨਿਰਦੇਸ਼ਨ ਕੀਤਾ। ਫਿਰ 1984 ਵਿੱਚ ਉਹਨਾਂ ਨੇ ਇਕ ਹੋਰ ਨਾਟਕ ਦਾ ਨਿਰਦੇਸ਼ਨ ਕੀਤਾ ਜਿਸ ਦਾ ਨਾਂ ਸੀ "ਇਨਕਲਾਬ ਜ਼ਿੰਦਾਬਾਦ ।

ਸੂਰਜਾਂ ਦੇ ਹਮਸਫ਼ਰ (1972)

ਤਿੰਨ ਕੋਣ (ਤਿੰਨ ਕਵੀਆਂ - ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਅਤੇ ਸੁਖਿੰਦਰ ਦਾ ਸਾਂਝਾ ਕਾਵਿ-ਸੰਗ੍ਰਹਿ (1979)

ਜ਼ਖ਼ਮਾਂ ਦੀ ਫ਼ਸਲ (1985)

ਪਾਸ਼ ਦੀ ਯਾਦ ਵਿੱਚ: ਦਸ ਕਵਿਤਾਵਾਂ (1991)

ਕਵਿਤਾ ਦੀ ਲਾਟ (2011) ਅਤੇ ਆਲੋਚਨਾ ਦੇ ਖੇਤਰ ਵਿਚ

ਨਾਟਕ, ਰੰਗਮੰਚ, ਆਤਮਜੀਤ ਅਤੇ ਕੈਮਲੂਪਸ ਦੀਆਂ ਮੱਛੀਆਂ (1998) ਵਰਗੀਆਂ ਕਿਤਾਬਾਂ ਲੋਕ ਸਾਹਿਤ ਦੀ ਝੋਲੀ ਪਾਈਆਂ।

ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਨੂੰ ਆਪਣੇ ਮਾਣਮੱਤੇ ਕਵੀ ਅਤੇ ਬਹੁ - ਪੱਖੀ ਸਖ਼ਸ਼ੀਅਤ ਨੂੰ ਗੁਰਸ਼ਰਨ ਕਲਾ ਸਨਮਾਨ ਨਾਲ? ਸਨਮਾਨਿਤ ਕਰਦਿਆਂ ਅਥਾਹ ਮਾਣ ਮਹਿਸੂਸ ਕਰਦਾ ਹੈ।

1 ਮਈ 2025

**ਪੰਜਾਬੀ ਭਵਨ ਲੁਧਿਆਣਾ**

**ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ)**

### ਪੰਜਾਬੀ ਭਵਨ ਲੁਧਿਆਣਾ ਵਿਖੇ ਨਾਟਕਾਂ ਅਤੇ ਗੀਤਾਂ ਭਰੀ ਰਾਤ

# ਲੋਕ-ਪੱਖੀ ਸਭਿਆਚਾਰ ਦਾ ਚੜ੍ਹਿਆ ਸੂਹਾ ਸੂਰਜ

### ਡਾ. ਸੁਰਿੰਦਰ ਧੰਜਲ, ਬੂਟਾ ਸਿੰਘ ਮਹਿਮੂਦਪੁਰ ਅਤੇ ਸੁਮਨ ਲਤਾ ਨੂੰ ਭੇਂਟ ਕੀਤਾ ਗੁਰਸ਼ਰਨ ਕਲਾ ਸਨਮਾਨ
















ਪੰਜਾਬ ਲੋਕ ਸਭਿਆਚਾਰਕ ਮੰਚ ਦੇ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਨੇ ਦੱਸਿਆ ਕਿ ਪਲਸ ਮੰਚ ਵੱਲੋਂ ਪਹਿਲੀ ਮਈ ਕੌਮਾਂਤਰੀ ਮਜ਼ਦੂਰ ਦਿਹਾੜੇ ਦੇ ਅਮਰ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਸਮਰਪਿਤ ਪਿਛਲੇ 43 ਸਾਲ ਤੋਂ ਮਨਾਈ ਜਾਂਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ ਇਸ ਵਾਰ ਵੀ ਬਦਲਵੇਂ ਇਨਕਲਾਬੀ ਸਭਿਆਚਾਰ ਦੇ ਸੂਹੇ ਸੂਰਜ ਦੀਆਂ ਰਿਸ਼ਮਾਂ ਨਾਲ ਲੋਕ ਮਨਾਂ ਨੂੰ ਰੁਸ਼ਨਾਉਣ ਵਿਚ ਸਫ਼ਲ ਹੋ ਨਿਬੜੀ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਨਾਈ ਲੋਕਾਂ ਦਾ ਇਨਕਲਾਬੀ ਸਭਿਆਚਾਰਕ ਉਤਸ਼ਵ ਬਣੀਂ ਇਹ ਰਾਤ, ਸਾਹਿਤ ਅਤੇ ਕਲਾ ਦਾ ਮਿਹਨਤਕਸ਼ ਲੋਕਾਂ ਦਰਮਿਆਨ ਖ਼ੂਬਸੂਰਤ ਪੁਲ ਸਿਰਜਣ ਵਿਚ ਸਫ਼ਲ ਰਹੀ।

**ਸੂਰਜ ਦੀ ਟਿੱਕੀ ਛਿਪਦਿਆਂ ਹੀ**

ਇੱਕ ਹੋਰ ਚੜ੍ਹਦੇ ਸੂਰਜ ਦੀਆਂ ਕਿਰਨਾਂ ਵਰਗੇ ਜਾਪ ਰਹੇ ਸਨ ਪੰਜਾਬੀ ਭਵਨ ਦੇ ਵਿਹੜੇ ਆ ਰਹੇ ਨੰਨ੍ਹੇ ਮੁੰਨੇ ਬਾਲ, ਨੌਜਵਾਨ ਮੁੰਡੇ ਕੁੜੀਆਂ ਦੇ ਜੱਥੇ, ਮਜ਼ਦੂਰ, ਕਿਸਾਨ ਬੇਰੁਜ਼ਗਾਰ, ਵਿਦਿਆਰਥੀ, ਲੇਖਕ ਕਵੀ ਗਾਇਕ, ਚਿਤਰਕਾਰ,ਰੰਗ ਕਰਮੀ, ਤਰਕਸ਼ੀਲ ਅਤੇ ਜਮਹੂਰੀ ਕਾਮੇ।

ਪੰਜਾਬੀ ਭਵਨ ਲੁਧਿਆਣਾ ਦਾ ਘਾਹ ਪਾਰਕ ਆਪਣੇ ਆਪ 'ਚ ਪੁਸਤਕ ਮੇਲੇ ਦਾ ਪ੍ਰਭਾਵ ਸਿਰਜ ਰਿਹਾ ਸੀ। ਇਸ ਰਾਤ ਮਈ ਦੇ ਸ਼ਹੀਦਾਂ ਅਤੇ ਵਿਸ਼ੇਸ਼ ਤੌਰ 'ਤੇ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਵੱਲੋਂ ਲੋਕਾਂ ਦੀ ਅੰਨ੍ਹੀ ਲੁੱਟ ਲਈ ਰਾਹ ਮੋਕਲੇ ਕਰਨ ਵਾਸਤੇ ਹਰ ਤਰ੍ਹਾਂ ਦੀ ਲੋਕ ਆਵਾਜ਼ ਨੂੰ ਬੁਲਡੋਜ਼ਰਾਂ ਹੇਠ ਦਰੜ ਦੇਣ ਦੇ ਮਨਸੂਬਿਆਂ ਖ਼ਿਲਾਫ਼ ਲੜਦੇ ਲੋਕਾਂ ਲਈ ਪ੍ਰੇਰਨਾਦਾਇਕ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਨੂੰ ਸਿਜਦਾ ਕੀਤਾ ਗਿਆ।

ਇਸ ਰਾਤ ਸਾਹਿਤ, ਕਲਾ ਅਤੇ ਜਮਹੂਰੀ ਲੋਕ ਆਵਾਜ਼ ਦੀਆਂ ਬੁਲੰਦ ਸ਼ਖ਼ਸੀਅਤਾਂ ਡਾ. ਸੁਰਿੰਦਰ ਧੰਜਲ, ਬੂਟਾ ਸਿੰਘ ਮਹਿਮੂਦਪੁਰ ਅਤੇ ਰੰਗ ਕਰਮੀ ਸੁਮਨ ਲਤਾ ਨੂੰ ਪਲਸ ਮੰਚ ਵੱਲੋਂ ਗੁਰਸ਼ਰਨ ਕਲਾ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਪ੍ਰੋ. ਵਰਿਆਮ ਸਿੰਘ ਸੰਧੂ ਦਾ ਵੀ ਇਸ ਰਾਤ ਮਾਣਮੱਤੇ ਅੰਦਾਜ਼ ਵਿਚ ਸਨਮਾਨ ਕੀਤਾ ਜਾਣਾ ਸੀ ਉਹਨਾਂ ਨੂੰ ਮੈਡੀਕਲ ਚੈੱਕਅਪ ਦੇ ਨਾ ਟਾਲੇ ਜਾ ਸਕਣ ਵਾਲੇ ਰੁਝੇਵੇਂ ਕਾਰਨ ਕਨੇਡਾ ਜਾਣਾ ਪਿਆ ਉਹਨਾਂ ਨੂੰ ਕਿਸੇ ਹੋਰ ਢੁਕਵੇਂ ਮੌਕੇ 'ਤੇ ਸਨਮਾਨਿਤ ਕਰਨ ਦੀ ਪਲਸ ਮੰਚ ਖੁਸ਼ੀ ਲਵੇਗਾ।

• ਡਾ. ਸੁਰਿੰਦਰ ਧੰਜਲ ਨੇ ਜਾਣਕਾਰੀ ਦਿੱਤੀ ਕਿ ਅੱਜ ਪੇਸ਼ਕਾਰੀਆਂ ਕਰਨ ਵਾਲੀਆਂ ਸਮੂਹ ਨਾਟ ਅਤੇ ਸੰਗੀਤ ਮੰਡਲੀਆਂ ਦਾ ਸਨਮਾਨ ਕਰਨ ਲਈ ਆਹਲਾ ਦਰਜੇ ਦੀਆਂ ਕਿਤਾਬਾਂ ਦੇ ਸਾਰੇ ਸੈੱਟ ਜਾਣ ਤੋਂ ਪਹਿਲਾਂ ਪ੍ਰੋ. ਵਰਿਆਮ ਸਿੰਘ ਸੰਧੂ ਨੇ ਪਲਸ ਮੰਚ ਲਈ ਦਿੱਤੀਆਂ ਜ਼ੋ ਅੱਜ ਕਲਾਕਾਰਾਂ ਨੂੰ ਪਲਸ ਮੰਚ ਨੇ ਭੇਂਟ ਕੀਤੀਆਂ।

ਇਹਨਾਂ ਸ਼ਖ਼ਸੀਅਤਾਂ ਦੇ ਸਨਮਾਨ ਮੌਕੇ ਪਲਸ ਮੰਚ ਦੇ ਅਹੁਦੇਦਾਰ ਅਮੋਲਕ ਸਿੰਘ ਪ੍ਰਧਾਨ, ਕੰਵਲਜੀਤ ਖੰਨਾ ਜਨਰਲ ਸਕੱਤਰ, ਕਸਤੂਰੀ ਲਾਲ ਵਿੱਤ ਸਕੱਤਰ, ਹਰਕੇਸ਼ ਚੌਧਰੀ ਸਹਾਇਕ ਸਕੱਤਰ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਹਰਵਿੰਦਰ ਦੀਵਾਨਾ ਤੋਂ ਇਲਾਵਾ ਪ੍ਰੋ. ਜਗਮੋਹਣ ਸਿੰਘ, ਡਾ. ਅਰੀਤ, ਰੰਗ ਕਰਮੀ ਮਨਜੀਤ ਕੌਰ ਔਲਖ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਪੰਧੇਰ ਨੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਮੁਬਾਰਕਵਾਦ ਦਿੱਤੀ।

ਇਸ ਉਪਰੰਤ ਜਗਮੋਹਣ ਜੋਸ਼ੀ ਦੀ ਰਚਨਾ 'ਐ ਲਾਲ ਫਰੇਰੇ ਤੇਰੀ ਕਸਮ' ਐਕਸ਼ਨ ਗੀਤ ਨਾਲ ਆਵਾਮੀ ਰੰਗ ਮੰਚ ਸਿਹੌੜਾ (ਨਿਰਦੇਸ਼ਕ: ਸ਼ੈਰੀ ਸਿਹੌੜਾ ਅਤੇ ਪਾਵੇਲ ਸਿਹੌੜਾ) ਨੇ ਪਹਿਲੀ ਮਈ ਦੇ ਸ਼ਹੀਦਾਂ ਅਤੇ ਬਸਤਰ ਜੰਗਲ ਖੇਤਰ ਵਿਚ ਮਾਰੇ ਜਾ ਰਹੇ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਦੀ ਵੰਗਾਰਮਈ ਕਹਾਣੀ ਇਉਂ ਪੇਸ਼ ਕੀਤੀ ਜਿਸਦਾ ਖਚਾ ਖਚ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜ ਨਾਲ ਸਵਾਗਤ ਕੀਤਾ

ਗ਼ਦਰੀ ਗੁਲਾਬ ਕੌਰ ਦੇ ਜੀਵਨ ਸੰਗਰਾਮ ਦੀ ਗਾਥਾ 'ਤੂੰ ਚਰਖ਼ਾ ਘੁਕਦਾ ਰੱਖ ਜਿੰਦੇ' ਨਾਟਕ ਨਾਲ ਪਹਿਲੇ ਨਾਟਕ ਦਾ ਪਰਦਾ ਉੱਠਿਆ। ਪ੍ਰੋ. ਅਜਮੇਰ ਔਲਖ ਦੀ ਰਚਨਾ ਅਤੇ ਉਨ੍ਹਾਂ ਦੀ ਧੀ ਅਜਮੀਤ ਦੀ ਨਿਰਦੇਸ਼ਨਾ 'ਚ ਲੋਕ ਕਲਾ ਮੰਚ ਮਾਨਸਾ ਦੀ ਟੀਮ ਨੇ ਗ਼ਦਰੀ ਗੁਲਾਬ ਕੌਰ ਵੱਲੋਂ ਨਿਭਾਈ ਇਤਿਹਾਸਕ ਭੂਮਿਕਾ ਦੇ ਮੰਚਣ ਰਾਹੀਂ ਦਰਸਾਇਆ ਕਿ ਵਿਅਕਤੀਗਤ, ਪਰਿਵਾਰਕ ਅਤੇ ਰਾਜਨੀਤਕ ਪਿੜ ਅੰਦਰ ਔਰਤ ਨੂੰ ਪੂਰੇ ਧੜੱਲੇ ਨਾਲ ਆਪਣੀ ਆਜ਼ਾਦ ਹਸਤੀ ਦਾ ਪਰਚਮ ਲਹਿਰਾਉਣ ਲਈ ਅੱਗੇ ਆਉਣ ਦੀ ਲੋੜ ਹੈ।

ਗੁਰਦਿਆਲ ਸਿੰਘ ਫੁੱਲ ਦੇ ਨਾਟਕ ਦਾ ਗੁਰਸ਼ਰਨ ਭਾਅ ਜੀ ਵੱਲੋਂ ਤਿਆਰ ਸੰਖੇਪ ਰੂਪ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਨਾਟਕ 'ਜਿਨ ਸੱਚ ਪੱਲੇ ਹੋਇ' ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਖੇਡਿਆ ਗਿਆ। ਜਿਸਨੇ ਅੰਧ-ਵਿਸ਼ਵਾਸ, ਪਾਖੰਡਵਾਦ ਦੇ ਬਖੀਏ ਉਧੇੜ ਦਿੱਤੇ। ਕਿਰਤ, ਸੂਝ ਬੂਝ ਅਤੇ ਸੰਘਰਸ਼ ਦੀ ਕੂੜ ਉਪਰ ਫਤਿਹ ਦਰਸਾਈ। ਅਮੋਲਕ ਸਿੰਘ ਦੀ ਰਚਨਾ ਓਪੇਰਾ 'ਵਕਤ ਦੀ ਆਵਾਜ਼' ਸਤਪਾਲ ਬੰਗਾ ਦੀ ਨਿਰਦੇਸ਼ਨਾ 'ਚ ਪੀਪਲਜ਼ ਆਰਟ ਪਟਿਆਲਾ ਵੱਲੋਂ ਖੇਡਿਆ ਗਿਆ ਜਿਸਨੇ ਕਸ਼ਮੀਰ, ਆਦਿਵਾਸੀ, ਜੰਗਲ, ਜਲ ਜ਼ਮੀਨ, ਲੋਕਾਂ ਦੇ ਜਮਹੂਰੀ ਹੱਕਾਂ ਉਪਰ ਛਾਪਾ, ਅੰਧ ਰਾਸ਼ਟਰਵਾਦ ਦੇ ਹੱਲੇ, ਨਿਹੱਕੀ ਜੰਗ, ਗ਼ਦਰੀ ਗੁਲਾਬ ਕੌਰ ਦੇ ਵਾਰਸ ਬਣਨ ਵਰਗੇ ਵਿਸੇ ਆਪਣੇ ਕਲਾਵੇ ਵਿਚ ਲਏ। ਓਪੇਰੇ ਨੇ ਦਰਸਾਇਆ ਕਿ ਰਾਜ ਅਤੇ ਸਮਾਜ ਦੀ ਬਦਲੀ ਹੀ ਇੱਕੋ ਇੱਕ ਸੁਵਲੜਾ ਰਾਹ ਹੈ।

ਨਾਟਕ 'ਕਾਲਖ਼ ਹਨੇਰੇ' (ਪ੍ਰੋ. ਅਜਮੇਰ ਸਿੰਘ ਔਲਖ ਦੀ ਰਚਨਾ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਚੇਤਨਾ ਕਲਾ ਕੇਂਦਰ ਬਰਨਾਲਾ ਵੱਲੋਂ ਖੇਡਿਆ ਗਿਆ ਜੋ ਕੁੱਖ਼ ਵਿਚ ਕਤਲ ਕੀਤੀਆਂ ਜਾ ਰਹੀਆਂ ਧੀਆਂ ਦਾ ਦਰਦ ਬਿਆਨਣ ਅਤੇ ਧੀਆਂ ਦਾ ਸਨਮਾਨ ਕਰਨ ਦਾ ਮੂੰਹ ਬੋਲਦਾ ਸਬੂਤ ਹੋ ਨਿਬੜਿਆ।

ਨਾਟਕ 'ਮੈਂ ਕਿਤੇ ਨਹੀਂ ਗਿਆ' ਰਚਨਾ: ਕੁਲਵਿੰਦਰ ਖਹਿਰਾ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ 'ਚ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਵੱਲੋਂ ਖੇਡਿਆ ਗਿਆ ਜੋ ਸੁਨੇਹਾ ਦੇ ਗਿਆ ਕਿ ਕਿਸੇ ਵੀ ਵਿਅਕਤੀ ਨੂੰ ਕਤਲ ਤਾਂ ਕੀਤਾ ਜਾ ਸਕਦਾ ਹੈ ਪਰ ਉਸਦੀ ਸੋਚ ਨੂੰ ਨਹੀਂ।

ਲੋਕ ਸੰਗੀਤ ਮੰਡਲੀ ਭਦੌੜ (ਨਰਦੇਸ਼ਕ ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ), ਇਨਕਲਾਬੀ ਸਭਿਆਚਾਰਕ ਮੰਚ 'ਦਸਤਕ' ਦੇ ਕਲਾਕਾਰ ਗਾਇਕ ਸਾਰ੍ਹਾ, ਮੌਸਮ ਅਤੇ ਦਿਸ਼ਾ ਨੇ ਸਮਾਂ ਬੰਨ੍ਹ ਦਿੱਤਾ।

ਜਸਬੀਰ ਜੱਸੀ, ਹਰਬੰਸ ਘਣੀਆਂ, ਅਜਮੇਰ ਅਕਲੀਆ ਕਮਲਦੀਪ ਜਲੂਰ, ਨਿਸ਼ਾ ਫਗਵਾੜਾ ਨੇ ਵੀ ਗੀਤ ਸੰਗੀਤ ਦਾ ਰੰਗ ਭਰਿਆ।

ਰੰਗ ਮੰਚ ਅਤੇ ਲੋਕਾਂ ਦੀ ਗਲਵਕੜੀ ਦੇ ਮਹੱਤਵ, ਰੰਗ ਮੰਚ ਨੂੰ ਦਰਪੇਸ਼ ਚੁਣੌਤੀਆਂ ਅਤੇ ਰੰਗ ਮੰਚ ਦੀ ਮਜ਼ਬੂਤੀ ਲਈ ਕੀ ਕਰਨਾ ਲੋੜੀਏ ਵਿਸੇ 'ਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਰੰਗ ਕਰਮੀ ਡਾ. ਅਰੀਤ ਨੇ ਵਿਚਾਰ ਸਾਂਝੇ ਕੀਤੇ।

ਉਨ੍ਹਾਂ ਜੋਰ ਦੇ ਕੇ ਕਿਹਾ ਕਿ ਸਮੂਹ ਮਿਹਨਤਕਸ਼ ਤਬਕਿਆਂ ਉਹਨਾਂ ਦੀਆਂ ਜੱਥੇਬੰਦੀਆਂ ਅਤੇ ਪਲਸ ਮੰਚ ਵਰਗੀਆਂ ਸੰਸਥਾਵਾਂ ਨੂੰ ਆਪਣੀ ਆਪਣੀ ਵਿਸ਼ੇਸ਼ ਭੂਮਿਕਾ ਅਦਾ ਕਰਦਿਆਂ ਪ੍ਰਸਪਰ ਸਹਿਯੋਗ ਹੋਰ ਵਧਾਉਣ ਦੀ ਲੋੜ ਹੈ।

**ਸਮਾਗਮ ਵੱਲੋਂ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ 'ਚ ਪਹਿਲਗਾਮ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਦੁੱਖ਼ ਸਾਂਝਾ ਕੀਤਾ।**

• ਇਹ ਵੀ ਮਤਾ ਪਾਸ ਕੀਤਾ ਕਿ ਅੰਧ ਰਾਸ਼ਟਰਵਾਦ ਦਾ ਓਟ ਆਸਰਾ ਲੈਕੇ ਭਰਾ ਮਾਰ ਜੰਗ ਛੇੜਨ ਦੇ ਕੋਝੇ ਯਤਨ ਬੰਦ ਕੀਤੇ ਜਾਣ।

• ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਸਾਧਨਾਂ ਉਪਰ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣ ਲਈ ਬਸਤਰ, ਛਤੀਸਗੜ੍ਹ ਅਤੇ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਦਾ ਘਿਰਾਓ, ਉਜਾੜਾ ਅਤੇ ਕਤਲੇਆਮ ਬੰਦ ਕੀਤਾ ਜਾਏ।

• ਪੰਜਾਬ ਪੁਲਸ ਰਾਜ ਬਣਾ ਧਰਨ, ਜਬਰੀ ਜ਼ਮੀਨਾਂ ਖੋਹਣ ਅਤੇ ਬਾਇਓ ਗੈਸ ਪਲਾਂਟ ਲਾਉਣ ਖ਼ਿਲਾਫ਼ ਹੱਕੀ ਆਵਾਜ਼ ਬੁਲੰਦ ਕਰਦੇ ਲੋਕਾਂ ਉਪਰ ਕਹਿਰ ਦੇ ਝੱਖੜ ਝੁਲਾਉਣਾ ਬੰਦ ਕੀਤਾ ਜਾਏ।

• ਫ਼ਲਸਤੀਨੀ ਲੋਕਾਂ ਦਾ ਨਸਲਘਾਤ ਬੰਦ ਕਰਨ ਦੀ ਮੰਗ ਕੀਤੀ ਗਈ

• ਜਿਉਂਦ, ਚਾਉਕੇ, ਅਖਾੜਾ, ਗੁਰਦਾਸਪੁਰ, ਚਮਕੌਰ ਸਾਹਿਬ ਆਦਿ ਵਰਗੇ ਅਨੇਕਾਂ ਥਾਵਾਂ ਤੇ ਜੂਝਦੇ ਲੋਕਾਂ ਦੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣ।

• ਜੇਲ੍ਹਾਂ ਵਿੱਚ ਬੰਦ ਬੁੱਧੀਜੀਵੀਆਂ, ਸਾਹਿਤਕਾਰਾਂ, ਲੇਖਕਾਂ, ਰੰਗ ਕਰਮੀਆਂ ਪੱਤਰਕਾਰਾਂ ਅਤੇ ਜਮਹੂਰੀ ਹੱਕਾਂ ਦੇ ਝੰਡਾਬਰਦਾਰਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ।

• ਲੋਕਾਂ ਦੇ ਮੌਲਿਕ ਹੱਕਾਂ ਦਾ ਗਲਾ ਦਬਾਉਣ ਮੁਸਲਮਾਨ ਭਾਈਚਾਰੇ ਨੂੰ ਚੋਣਵਾਂ ਨਿਸ਼ਾਨਾ ਬਣਾਉਣ ਦੇ ਕੋਝੇ ਕਦਮ ਵਾਪਸ ਲਏ ਜਾਣ।

• ਅੱਗ ਲੱਗਣ ਅਤੇ ਕੁਦਰਤੀ ਆਫ਼ਤਾਂ ਦੀ ਮਾਰ ਪੈਣ ਕਾਰਨ ਪੀੜਤ ਪਰਿਵਾਰਾਂ ਦੀ ਸਰਕਾਰ ਵੱਲੋਂ ਮਦਦ ਕਰਨ ਦੀ ਮੰਗ ਕਰਦਾ ਮਤਾ ਪਾਸ ਕੀਤਾ ਗਿਆ।

ਭਰੇ ਪੰਡਾਲ ਨੇ ਹੱਥ ਖੜ੍ਹੇ ਕਰ ਕੇ ਇਹਨਾਂ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਇਸ ਰਾਤ ਦੇ ਸਮਾਗਮ ਦਾ ਮੰਚ ਸੰਚਾਲਨ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕੀਤਾ।

**ਅਮੋਲਕ ਸਿੰਘ**
98778 68710

# ਫ਼ਿਕਰਮੰਦ ਨਾਗਰਿਕਾਂ ਅਤੇ ਜਥੇਬੰਦੀਆਂ ਨੇ ਲਿਖੀ ਸਾਂਝੀ ਚਿੱਠੀ

## ਆਦਿਵਾਸੀ ਇਲਾਕਿਆਂ ਵਿਚ ਕਤਲੇਆਮ ਰੋਕਣ ਲਈ ਰਾਸ਼ਟਰਪਤੀ ਦੇ ਦਖ਼ਲ ਦੀ ਕੀਤੀ ਮੰਗ





**ਵੱਲ: ਰਾਸ਼ਟਰਪਤੀ, ਰਾਸ਼ਟਰਪਤੀ ਭਵਨ, ਨਵੀਂ ਦਿੱਲੀ-110004**

**ਵਿਸ਼ਾ: ਆਦਿਵਾਸੀ ਖੇਤਰਾਂ ਵਿੱਚ ਚੱਲ ਰਹੀਆਂ ਫ਼ੌਜੀ ਮੁਹਿੰਮਾਂ ਨੂੰ ਰੋਕਣ ਅਤੇ ਯੁੱਧਬੰਦੀ ਯਕੀਨੀਂ ਬਣਾਉਣ ਲਈ ਫੌਰੀ ਅਪੀਲ**

ਅਸੀਂ ਤੁਹਾਨੂੰ ਇੱਕ ਅਤਿਅੰਤ ਗੰਭੀਰ ਮੋੜ 'ਤੇ ਚਿੱਠੀ ਲਿਖ ਰਹੇ ਹਾਂ, ਜਦੋਂ ਬਸਤਰ (ਛੱਤੀਸਗੜ੍ਹ), ਗੜ੍ਹਚਿਰੌਲੀ (ਮਹਾਰਾਸ਼ਟਰ), ਪੱਛਮੀ ਸਿੰਘਭੂਮ (ਝਾਰਖੰਡ) ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਆਦਿਵਾਸੀ ਭਾਈਚਾਰਿਆਂ ਦੇ ਸੰਵਿਧਾਨਕ ਅਧਿਕਾਰ ਅਤੇ ਉਨ੍ਹਾਂ ਦੀ ਜ਼ਿੰਦਗੀ ਇੱਕ ਵਿਆਪਕ ਅਤੇ ਤਤਕਾਲੀ ਖ਼ਤਰੇ ਦੇ ਮੂੰਹ ਆਈ ਹੋਈ ਹੈ। ਬਸਤਰ ਖੇਤਰ ਵਿੱਚ ਫੌਜੀਕਰਨ ਵਿੱਚ ਭਾਰੀ ਵਾਧਾ ਅਤੇ ਮੁਹਿੰਮਾਂ ਤੇਜ਼ ਕੀਤੇ ਜਾਣ ਕਾਰਨ ਜਨਵਰੀ 2024 ਤੋਂ ਹੁਣ ਤੱਕ 400 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਆਮ ਨਾਗਰਿਕ ਅਤੇ ਬੱਚੇ ਵੀ ਸ਼ਾਮਿਲ ਹਨ। ਇਨ੍ਹਾਂ ਵਿੱਚੋਂ ਕਈ ਮੌਤਾਂ ਨੂੰ ਫਰਜ਼ੀ ਮੁਕਾਬਲੇ ਕਿਹਾ ਜਾ ਰਿਹਾ ਹੈ।

ਭਾਰਤ ਦੀ ਸੰਵਿਧਾਨਕ ਮੁਖੀ ਅਤੇ ਦੇਸ਼ ਦੀ ਪਹਿਲੀ ਆਦਿਵਾਸੀ ਰਾਸ਼ਟਰਪਤੀ ਹੋਣ ਦੇ ਨਾਤੇ, ਤੁਹਾਡੇ ਕੋਲ ਇੱਕ ਵਿਸ਼ੇਸ਼ ਨੈਤਿਕ ਅਤੇ ਰਾਜਨੀਤਕ ਜ਼ਿੰਮੇਵਾਰੀ ਹੈ। ਵਧਦੀ ਹਿੰਸਾ ਅਤੇ ਇਸ ਦੇ ਨਤੀਜੇ ਵਜੋਂ ਸੈਂਕੜਿਆਂ ਲੋਕਾਂ ਦੀ ਜਾਨ ਜਾਣ ਦੇ ਇਸ ਦੌਰ ਵਿੱਚ ਤੁਹਾਡੀ ਆਵਾਜ਼ ਅਤੇ ਫੌਰੀ ਦਖ਼ਲ ਦੀ ਅਤਿਅੰਤ ਲੋੜ ਹੈ, ਜਿਸ ਨਾਲ ਸਰਕਾਰ ਨੂੰ ਇਹ ਸਮਝਾਇਆ ਜਾ ਸਕੇ ਕਿ ਇਸ ਟਕਰਾਅ ਦਾ ਹੱਲ ਸੰਵਾਦ ਹੋਣਾ ਚਾਹੀਦਾ ਹੈ।

ਅਸੀਂ ਇਸ ਚਿੱਠੀ ਨਾਲ ਇੱਕ ਜਨਤਕ ਮੰਗ-ਪੱਤਰ ਨੱਥੀ ਕਰ ਰਹੇ ਹਾਂ, ਜਿਸ ਨੂੰ ਦੇਸ਼ ਭਰ ਦੀਆਂ ਸੈਂਕੜੇ ਜਥੇਬੰਦੀਆਂ ਅਤੇ ਵਿਅਕਤੀਆਂ ਦੀ ਹਮਾਇਤ ਪ੍ਰਾਪਤ ਹੈ। ਇਸ ਮੰਗ-ਪੱਤਰ ਵਿੱਚ ਤੁਹਾਨੂੰ ਭਾਰਤ ਸਰਕਾਰ ਨੂੰ ਇਹ ਸਲਾਹ ਦੇਣ ਦੀ ਗੁਜ਼ਾਰਿਸ਼ ਕੀਤੀ ਗਈ ਹੈ ਕਿ ਸਰਕਾਰ ਤੁਰੰਤ ਅਤੇ ਬਿਨਾਂ ਕਿਸੇ ਸ਼ਰਤ ਦੇ ਯੁੱਧਬੰਦੀ ਦਾ ਐਲਾਨ ਕਰੇ ਅਤੇ ਸੀਪੀਆਈ (ਮਾਓਵਾਦੀ) ਨਾਲ ਤੁਰੰਤ ਸ਼ਾਂਤੀ ਵਾਰਤਾਵਾਂ ਸ਼ੁਰੂ ਕਰੇ।

ਪਿਛਲੇ ਹਫ਼ਤਿਆਂ ਵਿੱਚ, ਭਾਕਪਾ (ਮਾਓਵਾਦੀ) ਨੇ ਤਿੰਨ ਜਨਤਕ ਬਿਆਨ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਯੁੱਧਬੰਦੀ ਅਤੇ ਸ਼ਾਂਤੀ ਵਾਰਤਾਵਾਂ ਲਈ ਆਪਣੀ ਤਿਆਰੀ ਦਰਸਾਈ ਹੈ—ਸ਼ਰਤ ਇਹ ਕਿ ਸਰਕਾਰ ਹਥਿਆਰਬੰਦ ਮੁਹਿੰਮਾਂ ਨੂੰ ਰੋਕੇ। ਹਾਲ ਹੀ ਵਿੱਚ, ਮਾਓਵਾਦੀ ਨੇਤਾ ਰੂਪੇਸ਼ ਨੇ 'ਬਸਤਰ ਟਾਕੀਜ਼'—ਇੱਕ ਚਰਚਿਤ ਯੂਟਿਊਬ ਚੈਨਲ—ਨਾਲ ਇੰਟਰਵਿਊ ਵਿੱਚ (ਜੋ 22 ਅਪ੍ਰੈਲ 2025 ਨੂੰ ਅੱਪਲੋਡ ਕੀਤੀ ਗਈ) ਇਹ ਐਲਾਨ ਕੀਤਾ ਕਿ ਪਾਰਟੀ ਨੇ ਆਪਣੇ ਕਾਡਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕਿਸੇ ਵੀ ਕਿਸਮ ਦੀ ਹਿੰਸਾਤਮਕ ਕਾਰਵਾਈ ਤੋਂ ਪਰਹੇਜ਼ ਕਰਨ, ਸਿਵਾਏ ਉਨ੍ਹਾਂ ਹਾਲਾਤਾਂ ਦੇ ਜਿੱਥੇ ਉਹ ਘਿਰ ਜਾਂਦੇ ਹਨ ਅਤੇ ਟਾਕਰਾ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਇਕਤਰਫ਼ਾ ਯੁੱਧਬੰਦੀ ਦੇ ਬਰਾਬਰ ਹੈ।

ਹੁਣ ਇਹ ਭਾਰਤ ਸਰਕਾਰ ਅਤੇ ਸੰਬੰਧਤ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਰੀਆਂ ਹਥਿਆਰਬੰਦ ਮੁਹਿੰਮਾਂ ਫੌਰਨ ਰੋਕਣ ਅਤੇ ਯੁੱਧਬੰਦੀ ਲਈ ਸਹਿਮਤ ਹੋਣ। ਹਾਲਾਂਕਿ ਸਰਕਾਰ ਨੇ 'ਬਿਨਾਂ ਸ਼ਰਤ' ਗੱਲਬਾਤ ਲਈ ਖੁੱਲ੍ਹਦਿਲੀ ਦਾ ਦਾਅਵਾ ਕੀਤਾ ਹੈ, ਪਰ ਅਮਲ ਵਿੱਚ ਉਨ੍ਹਾਂ ਨੇ ਕੁਝ ਪੂਰਵ-ਸ਼ਰਤਾਂ ਥੋਪ ਦਿੱਤੀਆਂ ਹਨ—ਜਿਵੇਂ ਕਿ ਆਤਮ ਸਮਰਪਣ ਅਤੇ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਦੀ ਮੰਗ। ਇਸ ਦੌਰਾਨ, ਫੌਜੀ ਮੁਹਿੰਮਾਂ ਵਿੱਚ ਭਾਰੀ ਤੇਜ਼ੀ ਆਈ ਹੈ। ਸਾਡੀ ਨਜ਼ਰ 'ਚ, ਇਹ ਗੱਲਬਾਤ ਦੀ ਤਜਵੀਜ਼ ਦੇ ਜਵਾਬ ਵਿੱਚ ਸ਼ਾਂਤੀ ਲਈ ਵਚਨਬੱਧ ਸਰਕਾਰ ਦੀ ਕਾਰਵਾਈ ਨਹੀਂ ਹੈ। ਜੋ ਕੁਝ ਵੀ ਸਾਹਮਣੇ ਆ ਰਿਹਾ ਹੈ, ਉਹ ਰਾਜ ਵੱਲੋਂ ਚਲਾਈ ਜਾ ਰਹੀ ਮੁਹਿੰਮ ਹੈ, ਜਿਸਦਾ ਉਦੇਸ਼ ਰਾਜਨੀਤਕ ਹੱਲ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ।

ਇਸ ਵੇਲੇ, ਸਰਕਾਰ ਵੱਲੋਂ ਬਿਨਾਂ ਸ਼ਰਤ ਯੁੱਧਬੰਦੀ ਦਾ ਐਲਾਨ ਸੰਵਿਧਾਨਕ ਲੋੜ ਹੈ। ਇਹੀ ਇੱਕੋਇਕ ਪਾਏਦਾਰ ਰਸਤਾ ਹੈ ਜਿਸ ਰਾਹੀਂ ਹਿੰਸਾ ਨੂੰ ਰੋਕਿਆ ਜਾ ਸਕਦਾ ਹੈ, ਆਦਿਵਾਸੀ ਭਾਈਚਾਰਿਆਂ ਦਾ ਵਿਸ਼ਵਾਸ ਮੁੜ ਬਣਾਇਆ ਜਾ ਸਕਦਾ ਹੈ, ਅਤੇ ਨਿਆਂ, ਸ਼ਾਂਤੀ ਅਤੇ ਲੋਕਤੰਤਰੀ ਮੁੱਲਾਂ ਪ੍ਰਤੀ ਰਾਜ ਦੀ ਵਚਨਬੱਧਤਾ ਨੂੰ ਮੁੜ ਸਾਬਤ ਕੀਤਾ ਜਾ ਸਕਦਾ ਹੈ। ਜੋ ਮੂਲ ਰੂਪ 'ਚ ਰਾਜਨੀਤਕ ਸੰਕਟ ਹੈ, ਜਿਸ ਦੀਆਂ ਭਾਈਚਾਰਿਆਂ ਦੇ ਉਜਾੜੇ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕੇ ਜਾਣ ਦੇ ਅਮਲ ਨਾਲ ਜੁੜੀਆਂ ਹੋਈਆਂ ਹਨ, ਪ੍ਰਤੀ ਸਰਕਾਰ ਦੇ ਫ਼ੌਜੀ ਪ੍ਰਤੀਕਰਮ ਨੇ ਅਪਾਰ ਅਤੇ ਸਥਾਈ ਨੁਕਸਾਨ ਪਹੁੰਚਾਇਆ ਹੈ।

ਇਸ ਘਟਨਾਕ੍ਰਮ ਅਤੇ ਇਨ੍ਹਾਂ ਰਾਹੀਂ ਉਠਾਏ ਗਏ ਗੰਭੀਰ ਸੰਵਿਧਾਨਕ ਮੁੱਦਿਆਂ ਦੇ ਮੱਦੇਨਜ਼ਰ, ਅਸੀਂ ਤੁਹਾਡਾ ਧਿਆਨ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਨਾਲ ਨਾਲ ਧਾਰਾ 339(1) ਅਤੇ 275(1) ਵੱਲ ਦਿਵਾਉਣਾ ਚਾਹੁੰਦੇ ਹਾਂ। ਇਨ੍ਹਾਂ ਤਹਿਤ ਤੁਹਾਨੂੰ ਆਦਿਵਾਸੀਆਂ ਦੀ ਭਲਾਈ ਅਤੇ ਅਨੁਸੂਚਿਤ ਖੇਤਰਾਂ ਦੇ ਸ਼ਾਸਨ (ਗਵਰਨੈਂਸ) ਨਾਲ ਸੰਬੰਧਤ ਸਾਫ਼ ਸੰਵਿਧਾਨਕ ਨਿਰਦੇਸ਼ ਪ੍ਰਾਪਤ ਹਨ। ਮੌਜੂਦਾ ਸੰਕਟ ਦੀ ਵਿਆਪਕਤਾ ਅਤੇ ਇਸ ਵੱਲ ਧਿਆਨ ਦੇਣ ਦੀ ਅਤਿਅੰਤ ਜ਼ਰੂਰਤ ਨੂੰ ਦੇਖਦੇ ਹੋਏ, ਇਨ੍ਹਾਂ ਉਪਬੰਧਾਂ ਦੇ ਤਹਿਤ ਤੁਹਾਡੇ ਅਹੁਦੇ ਨੂੰ ਦਿੱਤੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਤਹਿਤ ਹੁਣ ਤੁਰੰਤ ਅਤੇ ਦ੍ਰਿੜ ਕਾਰਵਾਈ ਦੀ ਲੋੜ ਹੈ।

ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਭਾਰਤ ਸਰਕਾਰ ਨੂੰ ਫ਼ੌਜੀ ਮੁਹਿੰਮਾਂ ਨੂੰ ਰੋਕਣ, ਅਨੁਸੂਚਿਤ ਖੇਤਰਾਂ ਦੀ ਸੁਰੱਖਿਆ ਯਕੀਨੀ ਬਣਾਉਣ, ਅਤੇ ਸਥਾਨਕ ਆਦਿਵਾਸੀਆਂ ਨੂੰ ਸ਼ਾਮਲ ਕਰਦੇ ਹੋਏ ਸੱਚੀ ਸ਼ਾਂਤੀ ਪ੍ਰਕਿਰਿਆ ਸ਼ੁਰੂ ਕਰਨ ਲਈ ਆਪਣਾ ਪ੍ਰਭਾਵ ਪਾਓ। ਤੁਹਾਡਾ ਦਖ਼ਲ ਇਹ ਨਿਰਧਾਰਤ ਕਰ ਸਕਦਾ ਹੈ ਕਿ ਇਸ ਪਲ ਤੋਂ ਬਾਅਦ ਹੋਰ ਖ਼ੂਨ-ਖਰਾਬਾ ਹੋਵੇਗਾ ਜਾਂ ਇਕ ਨੈਤਿਕ ਅਤੇ ਸੰਵਿਧਾਨਕ ਹੱਲ ਦਾ ਰਾਹ ਖੁੱਲ੍ਹੇਗਾ।

ਇਸ ਉਦੇਸ਼ ਵਾਸਤੇ ਅਸੀਂ ਤਮਾਮ ਸੰਜੀਦਾ ਅਤੇ ਲੋਕਤੰਤਰੀ ਕੋਸ਼ਿਸ਼ਾਂ ਦੀ ਹਮਾਇਤ ਕਰਨ ਲਈ ਵਚਨਬੱਧ ਹਾਂ।

ਨਿਆਂ ਪ੍ਰਤੀ ਇਕਮੁੱਠਤਾ ਅਤੇ ਵਚਨਬੱਧਤਾ ਸਹਿਤ,

ਮੈਮੋਰੈਂਡਮ ਉੱਪਰ ਦਸਖ਼ਤ ਕਰਨ ਵਾਲੇ ਸਾਰੇ ਲੋਕਾਂ ਦੇ ਵੱਲੋਂ

ਪ੍ਰੋ. ਜੀ. ਹਰਗੋਪਾਲ, ਸ਼ਾਂਤੀ ਅਤੇ ਸੰਵਾਦ ਕਮੇਟੀ, ਤੇਲੰਗਾਨਾ।

ਸੋਨੀ ਸੋਰੀ, ਆਦਿਵਾਸੀ ਕਾਰਕੁਨ, ਦੰਤੇਵਾੜਾ, ਛੱਤੀਸਗੜ੍ਹ।

ਬੇਲਾ ਭਾਟੀਆ, ਛੱਤੀਸਗੜ੍ਹ ਬਚਾਓ ਅੰਦੋਲਨ।

ਕਵਿਤਾ ਸ਼੍ਰੀਵਾਸਤਵ, ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ (ਪੀਯੂਸੀਐੱਲ)

ਕ੍ਰਾਂਤੀ ਚੈਤੰਨਯਾ, ਕੋਲੀਸ਼ਨ ਆਫ ਡੈਮੋਕ੍ਰੈਟਿਕ ਰਾਈਟਸ ਆਰਗਨਾਈਜ਼ੇਸ਼ਨਜ਼ (ਸੀਡੀਆਰਓ)

ਪਰਮਿੰਦਰ ਸਿੰਘ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ

ਮਿਤੀ: 24 ਅਪ੍ਰੈਲ 2025

**ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ**

# 700 ਤੋਂ ਵੱਧ ਕਾਰਕੁੰਨ ਅਤੇ ਚਿੰਤਤ ਨਾਗਰਿਕਾਂ ਨੇ ਪੰਜਾਬ ਪੁਲਿਸ ਵੱਲੋਂ ਔਰਤ ਆਗੂਆਂ 'ਤੇ ਤਸ਼ੱਦਦ ਕਰਨ ਦਾ ਲਿਆ ਨੋਟਿਸ

## ਪੰਜਾਬ ਦੇ ਮੁੱਖ ਮੰਤਰੀ ਨੂੰ ਚਿੱਠੀ ਲਿਖਕੇ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਕੀਤੀ ਮੰਗ









ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਨੂੰ ਲਿਖੀ ਗਈ ਇੱਕ ਸਖ਼ਤ ਚਿੱਠੀ ਵਿੱਚ, ਪੂਰੇ ਭਾਰਤ ਦੇ 700 ਤੋਂ ਵੱਧ ਕਾਰਕੁਨਾਂ, ਅਕਾਦਮਿਕ ਸ਼ਖ਼ਸੀਅਤਾਂ, ਕਲਾਕਾਰਾਂ, ਵਕੀਲਾਂ, ਲੇਖਕਾਂ ਅਤੇ ਦਰਜਨਾਂ ਲੋਕ ਸੰਸਥਾਵਾਂ ਨੇ ਪੰਜਾਬ ਦੀਆਂ ਔਰਤ ਕਿਸਾਨ ਆਗੂਆਂ — ਹਰਿੰਦਰ ਬਿੰਦੂ ਅਤੇ ਪਰਮਜੀਤ ਕੌਰ ਪਿੱਥੋ — ਨਾਲ ਕੀਤੇ ਗਏ ਅਪਮਾਨਜਨਕ ਵਤੀਰੇ, ਪੁਲਿਸ ਹਿੰਸਾ ਅਤੇ ਹਿਰਾਸਤ ਵਿੱਚ ਤਸ਼ੱਦਦ ਉੱਪਰ ਭਾਰੀ ਰੋਹ ਅਤੇ ਗੁੱਸੇ ਦਾ ਇਜ਼ਹਾਰ ਕੀਤਾ ਹੈ।

ਇਹ ਚਿੱਠੀ, ਪੰਜਾਬ ਵਿੱਚ ਸਕੂਲ ਅਧਿਆਪਕਾਂ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਹਮਾਇਤ ਕਰਨ ਕਰਕੇ ਇਨ੍ਹਾਂ ਕਿਸਾਨ ਆਗੂਆਂ 'ਤੇ ਹੋਈ ਪੁਲਿਸ ਹਿੰਸਾ ਦੇ ਸੰਦਰਭ ਵਿੱਚ ਲਿਖੀ ਗਈ ਹੈ। ਚਿੱਠੀ ਦੇ ਨਾਲ ਸਾਰੇ ਹਸਤਾਖ਼ਰੀਆਂ ਦੀ ਪੂਰੀ ਸੂਚੀ ਵੀ ਲਗਾਈ ਗਈ ਹੈ।

ਜ਼ਖ਼ਮੀ ਔਰਤਾਂ ਨਾਲ ਇਕਜੁੱਟਤਾ ਵਿਖਾਉਂਦਿਆਂ, ਚਿੱਠੀ ਲਿਖਣ ਵਾਲਿਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ, ਜਿਸਦੇ ਸੱਤਾ 'ਚ ਆਉਣ ਦੇ ਪਿਛੋਕੜ 'ਚ ਇਤਿਹਾਸਕ ਕਿਸਾਨ ਅੰਦੋਲਨ ਦੀ ਪ੍ਰੇਰਣਾ ਰਹੀ ਹੈ, ਇਸ ਘਟਨਾਕ੍ਰਮ ਦਾ ਨੋਟਿਸ ਲੈਂਦਿਆਂ ਤੁਰੰਤ ਅਤੇ ਸਖ਼ਤ ਕਾਨੂੰਨੀ ਕਦਮ ਚੁੱਕੇ। ਇਸ ਵਿੱਚ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਵਿਰੁੱਧ ਐਫ.ਆਈ.ਆਰ./ਫੌਜਦਾਰੀ ਕੇਸ ਦਰਜ ਕਰਨਾ, ਜਿਸ ਤਰ੍ਹਾਂ ਦੇ ਮਾਨਸਿਕ ਤੇ ਹੋਰ ਸੰਤਾਪ 'ਚੋਂ ਤਮਾਮ ਪੀੜਤ ਔਰਤਾਂ ਨੂੰ ਗੁਜ਼ਰਨਾ ਪਿਆ, ਉਨ੍ਹਾਂ ਸਭ ਦੀ ਢੁੱਕਵੀਂ ਮੈਡੀਕਲ, ਮਾਨਸਿਕ, ਕਾਨੂੰਨੀ ਅਤੇ ਵਿੱਤੀ ਮੱਦਦ ਕਰਨਾ ਸ਼ਾਮਲ ਹੈ।

ਇਸ ਦੇ ਨਾਲ ਹੀ, ਚਿੱਠੀ ਵਿੱਚ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੇ ਅਧਿਆਪਕਾਂ ਦੀਆਂ ਮੰਗਾਂ ਨੂੰ ਤੁਰੰਤ ਮੰਨਣ ਅਤੇ ਬਠਿੰਡਾ ਦੇ ਡਿਪਟੀ ਕਮਿਸ਼ਨਰ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ 'ਤੇ ਕਾਰਵਾਈ ਕਰਨ, ਅਤੇ ਇਸ ਰਿਪੋਰਟ ਦੇ ਨਤੀਜੇ ਜਨਤਕ ਕਰਨ ਦੀ ਮੰਗ ਕੀਤੀ ਗਈ ਹੈ।

ਚਿੱਠੀ ਵਿੱਚ ਕਿਸਾਨਾਂ, ਅਧਿਆਪਕਾਂ ਅਤੇ ਮਜ਼ਦੂਰ ਯੂਨੀਅਨਾਂ ਦੇ ਹੱਕਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਨਾਲ ਇਮਾਨਦਾਰੀ ਨਾਲ ਗੱਲਬਾਤ ਕਰਨ ਦੀ ਮੰਗ ਕੀਤੀ ਗਈ ਹੈ।

**ਪ੍ਰਮੁੱਖ ਹਸਤਾਖ਼ਰੀਆਂ ਵਿੱਚ ਸ਼ਾਮਲ** ਹਨ: ਲੇਖਿਕਾ ਅਰੁੰਧਤੀ ਰਾਏ; ਸੁਪਰੀਮ ਕੋਰਟ ਦੀ ਸੀਨੀਅਰ ਵਕੀਲ ਇੰਦਿਰਾ ਜੈਸਿੰਘ; ਕਾਨੂੰਨੀ, ਮਾਨਵ ਅਧਿਕਾਰਾਂ ਅਤੇ ਔਰਤਾਂ ਦੇ ਹੱਕਾਂ ਦੀ ਸਰਗਰਮ ਆਵਾਜ਼ ਵਰਿੰਦਾ ਗ੍ਰੋਵਰ; ਪੀ.ਯੂ.ਸੀ.ਐਲ. ਦੀ ਪ੍ਰਧਾਨ ਕਵਿਤਾ ਸ਼੍ਰੀਵਾਸਤਵ; ਮਾਨਵ ਅਧਿਕਾਰ ਅਤੇ ਨਾਗਰਿਕ ਹੱਕਾਂ ਦੀ ਕਾਰਕੁਨ ਤੀਸਤਾ ਸੀਤਲਵਾੜ, ਹਰਸ਼ ਮੰਦਰ, ਐਨੀ ਰਾਜਾ, ਪਰਮਿੰਦਰ ਸਿੰਘ, ਅਰੀਤ ਕੌਰ, ਅੰਜਲੀ ਭਾਰਦਵਾਜ, ਰੂਪ ਰੇਖਾ ਵਰਮਾ, ਜਗਮੋਹਨ ਸਿੰਘ; ਲੇਖਕ ਅਤੇ ਨਾਟਕਕਾਰ ਡਾ. ਸਵਰਾਜਬੀਰ ਸਿੰਘ; ਨਾਟਕਕਾਰ ਅਤੇ ਕਲਾ ਨਿਰਦੇਸ਼ਕ ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਡਾ. ਅਤਮਜੀਤ; ਥੀਏਟਰ ਕਲਾਕਾਰ ਮਾਇਆ ਕ੍ਰਿਸ਼ਨਾ ਰਾਓ; ਫਿਲਮਕਾਰ ਨਕੁਲ ਸਿੰਘ ਸਾਹਨੀ; ਆਲ ਇੰਡੀਆ ਪ੍ਰੋਗਰੇਸਿਵ ਰਾਈਟਰਜ਼ ਐਸੋਸੀਏਸ਼ਨ ਦੇ ਆਗੂ ਸੁਖਦੇਵ ਸਿੰਘ ਸਿਰਸਾ; ਆਲ ਇੰਡੀਆ ਕਿਸਾਨ ਸਭਾ ਦੇ ਆਗੂ ਹਨਨ ਮੁੱਲਾ; ਸੁਤੰਤਰ ਅਕਾਦਮਿਕ ਸ਼ਖ਼ਸੀਅਤਾਂ ਪ੍ਰੋ. ਉਮਾ ਚੱਕਰਵਰਤੀ, ਏ.ਆਰ. ਵਸਾਵੀ, ਜੈਯਤੀ ਘੋਸ਼; ਨੰਦਿਤਾ ਨਰਾਇਣ, ਕਲਪਨਾ ਕੱਨਾਬੀਰਨ; ਜੋਇਆ ਹਸਨ; ਜੇ. ਦੇਵਿਕਾ, ਰਿਤੂ ਦੇਵਾਨ, ਮੈਰੀ ਜੌਨ, ਵੀ. ਗੀਤਾ, ਤਾਨਿਕਾ ਸਰਕਾਰ, ਸਾਗਰੀ ਆਰ. ਰਾਮਦਾਸ, ਨਿਵੇਦਿਤਾ ਮੈਨਨ; ਅਦਿਤਿਆ ਮੁਖਰਜੀ; ਮ੍ਰਿਦੁਲਾ ਮੁਖਰਜੀ; ਅਨੀਤਾ ਰਾਮਪਾਲ, ਆਇਸ਼ਾ ਕਿਦਵਾਈ, ਅਤੁਲ ਸੂਦ, ਚਮਨ ਲਾਲ, ਇਮਰਾਨਾ ਕਦੀਰ; ਸੀਨੀਅਰ ਪੱਤਰਕਾਰ ਪੈਮੇਲਾ ਫਿਲਿਪੋਜ਼, ਭਾਸ਼ਾ ਸਿੰਘ, ਨੇਹਾ ਦੀਕਸ਼ਤ; ਪ੍ਰਮੁੱਖ ਕਾਰਕੁਨ ਮੇਧਾ ਪਾਟੇਕਰ, ਰੰਜਨਾ ਪਾਢੀ, ਮੀਰਾ ਸੰਘਮਿਤਰਾ, ਰਾਖੀ ਸਹਿਗਲ, ਨਵਸ਼ਰਨ ਸਿੰਘ, ਅਮੋਲਕ ਸਿੰਘ, ਮਾਇਆ ਜੌਨ, ਚਯਨਿਕਾ ਸ਼ਾਹ, ਸ਼ਬਨਮ ਹਾਸ਼ਮੀ, ਹਸੀਨਾ ਖਾਨ, ਅੰਮ੍ਰਿਤਾ ਜੋਹਰੀ, ਕਿਰਣ ਕੁਮਾਰ ਵਿਸਾ, ਸੀਮਾ ਅਜ਼ਾਦ, ਦਿਨੇਸ਼ ਅਬਰੋਲ ਅਤੇ ਕੰਵਲਜੀਤ ਢਿੱਲੋਂ।

ਹਸਤਾਖ਼ਰੀਆਂ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਇਨ੍ਹਾਂ ਸਾਰੀਆਂ ਮੰਗਾਂ ਨੂੰ ਇਮਾਨਦਾਰੀ ਅਤੇ ਗੰਭੀਰਤਾ ਨਾਲ ਲਏਗੀ ਅਤੇ ਤੁਰੰਤ ਕਾਨੂੰਨੀ ਕਾਰਵਾਈ ਕਰੇਗੀ। ਨਾਲ ਹੀ ਕਾਨੂੰਨ ਦੇ ਰਾਜ ਵਿਚ ਲੋਕਾਂ ਦਾ ਭਰੋਸਾ ਮੁੜ ਬਹਾਲ ਕਰਨ ਲਈ ਗੰਭੀਰ ਅਤੇ ਹਕੀਕੀ ਕੋਸ਼ਿਸ਼ਾਂ ਜੁਟਾਏਗੀ।

**ਸੰਪਰਕ ਲਈ: ਨਵਸ਼ਰਨ (9910171808), ਮੀਰਾ (7337478993)**

ਪੁਸਤਕ ਪ੍ਰਸੰਗਵਸ

# ਦਰਿਆਵਾਂ ਦਾ ਵਹਾਅ, ਪੰਜਾਬ ਅਤੇ ਪਾਣੀ 'ਤੇ ਰਾਜਨੀਤੀ



ਡਾ. ਕੁਲਦੀਪ ਸਿੰਘ
98151-15429

*ਜਦੋਂ ਵੀ ਪੰਜਾਬ ਦੇ ਦਰਿਆਵਾਂ 'ਤੇ ਕਿਸੇ ਕਿਸਮ ਦੀ ਕੇਂਦਰੀ ਅੱਖ ਦਿਖਾਈ ਦਿੰਦੀ ਹੈ ਜਾਂ ਉਸ ਦਿਸ਼ਾ ਵੱਲ ਨੂੰ ਕੋਈ ਕਦਮ ਕੇਂਦਰ ਸਰਕਾਰ ਪੁੱਟਦੀ ਹੈ ਤਾਂ ਇਕਦਮ ਪੰਜਾਬ ਦੀ ਰਾਜਨੀਤੀ ਅਤੇ ਇਸ ਦੀ ਆਰਥਿਕਤਾ ਨੂੰ ਸਮਝਣ ਵਾਲੇ ਲੋਕ ਆਪੋ ਆਪਣੀ ਸਮਝਦਾਰੀ ਨਾਲ ਕਾਰਜ ਕਰਦੇ ਹਨ। ਪ੍ਰੰਤੂ ਅਸਲ ਵਿਚ ਜੋ ਬੁਨਿਆਦੀ ਸਵਾਲ ਇਸ ਖਿੱਤੇ ਵਿਚ ਦਰਿਆਵਾਂ ਦੇ ਸਵਾਲ ਨਾਲ ਜੁੜ ਕੇ ਖੜ੍ਹੇ ਹੋਏ ਹਨ ਉਨ੍ਹਾਂ ਵਿਚਲੀਆਂ ਤੰਦਾਂ ਦੀ ਚੀਰ ਫਾੜ ਕਰਨ ਦਾ ਕਾਰਜ ਵੱਖੋ ਵੱਖਰੇ ਵਿਦਵਾਨਾਂ ਨੇ ਕੀਤਾ ਹੈ। ਚਾਹੇ ਪਾਲ ਸਿੰਘ ਢਿੱਲੋਂ ਹੋਵੇ, ਚਾਹੇ ਐਨ. ਡੀ. ਗੁਲਾਟੀ ਹੋਵੇ ਅਤੇ ਚਾਹੇ ਕੇ.ਐਲ. ਰਾਓ ਹੋਵੇ, ਚਾਹੇ ਵੱਖ-ਵੱਖ ਅਦਾਲਤਾਂ ਦੇ ਫੈਸਲੇ ਹੋਣ, ਚਾਹੇ ਰਾਮਾਸਵਾਮੀ ਅਈਅਰ ਆਦਿ ਵਰਗੀਆਂ ਸ਼ਖਸੀਅਤਾਂ ਹੋਣ ਪ੍ਰੰਤੂ ਜਿਸ ਬੌਧਿਕ ਅਤੇ ਖੇਤਰੀ ਪਹਿਲੂਆਂ ਨੂੰ ਧਿਆਨ ਵਿਚ ਰੱਖਕੇ ਪ੍ਰੋ. ਕੁਲਦੀਪ ਸਿੰਘ ਨੇ ਪਾਣੀਆਂ ਦੇ ਸਵਾਲ 'ਤੇ ਇਤਿਹਾਸਕ ਤੌਰ 'ਤੇ ਚੱਲੀਆਂ ਵਿਰਾਸਤੀ ਪੈੜਾਂ, ਆਪਸੀ ਮੁਕਾਬਲੇ ਦੀ ਰਾਜਨੀਤੀ ਅਤੇ ਕਿਸਾਨੀ ਹਿਤਾਂ ਦੇ ਸਵਾਲ ਦੇ ਗੁੰਝਲਦਾਰ ਦਹਾਕਾ ਵਾਈਜ਼ ਪ੍ਰਸੰਗਾਂ ਨੂੰ ਆਪਣੀ ਵਿਸ਼ਲੇਸ਼ਣ ਪ੍ਰਕਿਰਿਆ ਰਾਹੀਂ ਖੋਜ ਕਾਰਜ ਦੇ ਰੂਪ ਵਿਚ ਕੰਮ ਕੀਤਾ ਹੈ ਉਸ ਦੀਆਂ ਤੰਦਾਂ ਦੀਆਂ ਕੁਝ ਪਰਤਾਂ ਸਾਂਝੀਆਂ ਕਰ ਰਹੇ ਹਾਂ ਪ੍ਰੰਤੂ ਕਿਤਾਬ ਨੂੰ ਪੜ੍ਹਨ, ਵਾਚਨ ਅਤੇ ਬਹਿਸ ਵਿਚਾਰ ਕਰਨ ਨਾਲ ਇਸ ਮਸਲੇ ਵੱਲ ਸਹੀ ਪਹੁੰਚ ਅਤੇ ਸਮਝਦਾਰੀ ਬਣਾਈ ਜਾ ਸਕਦੀ ਹੈ। - ਸੰਪਾਦਕ*




'ਜਿਸ ਕਿਸਮ ਨਾਲ ਪੰਜਾਬ ਦੇ ਪਾਣੀਆਂ ਦੇ ਸਵਾਲ ਨੂੰ ਰਿਪੇਰੀਅਨ ਸਿਧਾਂਤਾਂ ਤੋਂ ਬਾਹਰ ਜਾ ਕੇ ਹੱਲ ਕਰਨ ਦੀ ਪ੍ਰਕਿਰਿਆ ਇਕ ਸਦੀ ਤੋਂ ਵੱਧ ਦੀ ਕੀਤੀ ਗਈ ਹੈ ਉਸ ਨੇ ਪਾਣੀਆਂ ਦੇ ਸਵਾਲ ਨੂੰ ਹੱਲ ਤਾਂ ਕੀ ਕਰਨਾ ਸੀ ਬਲਕਿ ਗੁੰਝਲਦਾਰ ਹੀ ਬਣ ਗਿਆ ਹੈ। ਜਿਸ ਦੀ ਤਰਾਸਦੀ ਅੱਜ ਵੀ ਪੰਜਾਬ ਹੰਢਾਅ ਰਿਹਾ ਹੈ ਅਤੇ ਭਵਿੱਖ ਵਿਚ ਹੰਢਾਉਂਦਾ ਰਹੇਗਾ ਕਿਉਂਕਿ ਧਰਤੀ ਹੇਠਲਾ ਪੰਜਾਬ ਦਾ ਪਾਣੀ ਅਤੇ ਦਰਿਆਵਾਂ ਵਿਚਲਾ ਪਾਣੀ ਲਗਾਤਾਰ ਘਟਦਾ ਜਾ ਰਿਹਾ ਹੈ। ਇਸ ਕਰਕੇ ਭਵਿੱਖ ਵਿਚ ਵੀ ਜੋ ਰਾਜਨੀਤਕ ਅਤੇ ਸਮਾਜਿਕ ਟਕਰਾਅ ਉਤਪੰਨ ਹੋਣਗੇ ਉਨ੍ਹਾਂ ਵਿਚ ਪਾਣੀਆਂ ਦਾ ਸਵਾਲ ਸਿੱਧੇ ਜਾਂ ਅਸਿੱਧੇ ਰੂਪ 'ਚ ਕਾਰਜਸ਼ੀਲ ਰਹੇਗਾ।' ਇਹ ਵਿਚਾਰ ਰਾਜਨੀਤਕ ਵਿਸ਼ਲੇਸ਼ਕ ਅਤੇ ਵਿਦਵਾਨ ਪ੍ਰੋ. ਕੁਲਦੀਪ ਸਿੰਘ ਦੀ ਪੁਸਤਕ 'ਪੰਜਾਬ ਵਿਚਲੇ ਦਰਿਆਵੀ ਪਾਣੀਆਂ ਦੇ ਝਗੜੇ....' ਵਿਚੋਂ ਉਭਰਕੇ ਸਾਹਮਣੇ ਆਉਂਦੇ ਹਨ।

ਦੁਨੀਆ ਭਰ ਵਿਚ ਫੈਲੇ ਅਤੇ ਕਾਰਜ ਕਰਨ ਵਾਲਿਆਂ ਉਹ ਮਾਹਿਰ ਜਿਨ੍ਹਾਂ ਨੇ ਇਕ ਸਦੀ ਤੋਂ ਵੱਧ ਪੰਜਾਬ ਵਿਚਲੇ ਪਾਣੀਆਂ ਦੇ ਸਵਾਲ ਨਾਲ ਨਜਿੱਠਿਆ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚਲੀਆਂ ਬੁਨਿਆਦਾਂ ਨੂੰ ਕਾਨੂੰਨੀ, ਰਾਜਨੀਤਕ, ਸਮਾਜਿਕ ਅਤੇ ਕਿਸਾਨੀ ਵਿਚਲੇ ਆਰਥਿਕਤਾ ਨਾਲ ਸਬੰਧਤ ਸਵਾਲਾਂ ਵਿਚੋਂ ਉਪਜਦੀਆਂ ਲਹਿਰਾਂ ਨਾਲ ਜੋੜ ਕੇ ਕੀਤੇ ਗਏ ਕਾਰਜਾਂ ਦਾ ਚੀਰਫਾੜ ਲੇਖਕ ਨੇ ਕਰਕੇ ਪੰਜਾਬ ਅੰਦਰਲੀ ਪਾਣੀਆਂ ਦੀ ਬਹਿਸ ਨੂੰ ਅਗਾਂਹ ਬੜੀ ਸੰਜੀਦਗੀ ਨਾਲ ਤੋਰਨ ਲਈ ਕਾਰਜ ਕੀਤਾ ਹੈ। ਇਸ ਮੁੱਲਵਾਨ ਲਿਖਤ ਦੀਆਂ ਬੁਨਿਆਦਾਂ ਨੂੰ ਸਮਝਣਾ ਅਤੇ ਉਨ੍ਹਾਂ 'ਤੇ ਗੌਰ ਕਰਨਾ ਸਮੇਂ ਦੀ ਅਹਿਮ ਲੋੜ ਹੈ।

ਪੰਜਾਬ ਦੇ ਦਰਿਆਵੀ ਪਾਣੀਆਂ ਦੇ ਝਗੜਿਆਂ ਦੀ ਨਿਸ਼ਾਨਦੇਹੀ ਕਰਨ ਨਾਲ ਕੇਂਦਰ ਅਤੇ ਰਾਜ ਸਬੰਧਾਂ ਦੇ ਨਾਲ-ਨਾਲ ਪੰਜਾਬ ਦੀ ਇਤਿਹਾਸਕਾਰੀ ਵਿਚ ਅਹਿਮ ਕਾਰਜ ਬਣਦਾ ਹੈ। ਇਕ ਸਦੀ ਤੋਂ ਪੰਜਾਬ ਦੇ ਦਰਿਆਵੀ ਪਾਣੀਆਂ ਵਿਚਲੇ ਵਾਦ-ਵਿਵਾਦਾਂ ਨੇ ਇਸ ਦੀ ਰਾਜਨੀਤੀ, ਸਮਾਜ ਅਤੇ ਆਰਥਿਕਤਾ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ। ਇਸ ਸਭ ਕੁਝ ਵਿਚ ਕਾਨੂੰਨਾਂ, ਕੇਂਦਰ ਅਤੇ ਅੰਤਰ ਰਾਜ ਸਰਕਾਰਾਂ ਨੇ ਆਪੋ-ਆਪਣੇ ਸਿਆਸੀ ਮੁਫਾਦਾਂ ਦੇ ਦ੍ਰਿਸ਼ਟੀਕੋਣ ਤੋਂ ਜਿਥੇ ਦਰਿਆਵੀ ਪਾਣੀਆਂ ਦੇ ਮਸਲਿਆਂ ਨੂੰ ਉਲਝਾਇਆ ਹੈ, ਉਥੇ ਪੰਜਾਬ ਦੀ ਸਿਆਸਤ ਵਿਚ ਲਗਾਤਾਰ ਅਜਿਹੇ ਉਤਰਾਅ-ਚੜਾਅ ਉਤਪੰਨ ਕੀਤੇ ਹਨ, ਜਿਨ੍ਹਾਂ ਕਾਰਨ ਪੰਜਾਬ ਨੂੰ ਕਈ ਤ੍ਰਾਸਦੀਆਂ ਵਿਚੋਂ ਨਿਕਲਣ ਦਾ ਸੇਕ ਵੀ ਲੱਗਾ ਹੈ। ਇਸ ਗੁੰਝਲਦਾਰ ਮਸਲੇ ਦੀਆਂ ਪਰਤਾਂ ਭਲਾ ਦੱਖਣੀ ਏਸ਼ੀਆ ਦੇ ਖਿੱਤੇ ਤਕ ਫੈਲੀਆਂ ਹੋਈਆਂ ਹਨ। ਹੁਣ ਜਿਵੇਂ ਇੰਡਸ ਵਾਟਰ ਟਰੀਟੀ ਨੂੰ ਰੱਦ ਕਰਨ ਨਾਲ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਰਿਸ਼ਤਿਆਂ ਵਿਚ ਵੱਖਰੇ ਰੂਪ ਦੀ ਤਣਾਅਗ੍ਰਸਤ ਸਥਿਤੀ ਬਣ ਗਈ ਹੈ। ਇਸੇ ਤਰ੍ਹਾਂ ਖੁਦ ਭਾਰਤ ਅੰਦਰਲੇ ਰਾਜਾਂ ਵਿਚ ਲਗਾਤਾਰ ਦਰਿਆਵੀਂ ਮਸਲਿਆਂ ਉਪਰ ਪੰਜਾਬ ਤੇ ਹਰਿਆਣਾ ਦੀ ਰਾਜਨੀਤੀ ਕਈ ਮੋੜ੍ਹਾਂ ਵਿਚੋਂ ਗੁਜ਼ਰਦੀ ਰਹੀ ਹੈ। ਇਸ ਵਿਚਲੇ ਕਾਨੂੰਨੀ, ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਵਾਲਾਂ ਨੂੰ ਇਤਿਹਾਸਕ ਦਸਤਾਵੇਜ਼ਾਂ ਜਿਨ੍ਹਾਂ ਵਿਚ ਵਖ ਵਖ ਸਮੇਂ ਹੋਈਆਂ ਸੰਧੀਆਂ/ਸਮਝੌਤਿਆਂ ਅਤੇ ਉਨ੍ਹਾਂ ਵਿਚ ਰਹਿ ਗਏ ਖਪਿਆਂ ਅਤੇ ਨਵੇਂ ਕਿਸਮ ਨਾਲ ਪਾਣੀਆਂ ਦੀ ਵੰਡ ਲਈ ਜੋ ਅਧਾਰ ਨੁਕਤੇ ਦਿੱਤੇ ਜਾਂਦੇ ਰਹੇ ਹਨ, ਉਨ੍ਹਾਂ ਨੂੰ ਵੱਖੋ-ਵੱਖਰੇ ਦਸਤਾਵੇਜ਼ਾਂ ਵਿਚੋਂ ਪਰਤ-ਦਰ-ਪਰਤ ਫਰੋਲ ਕੇ ਪ੍ਰੋ. ਕੁਲਦੀਪ ਸਿੰਘ (ਸਾਬਕਾ ਪ੍ਰੋ. ਰਾਜਨੀਤਕ ਸ਼ਾਸਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ 'ਪੰਜਾਬ ਰਿਵਰ ਵਾਟਰਸ ਡਿਸਪੂਟ ਇਨ ਸਾਊਥ ਏਸ਼ੀਆ' (2025, ਰੁਟਲਿਸ ਪ੍ਰਕਾਸ਼ਨ) ਇਤਿਹਾਸਕਾਰੀ ਦੇ ਦ੍ਰਿਸ਼ਟੀਕੋਣ ਤੋਂ ਅਹਿਮ ਕਿਤਾਬ ਲਿਖੀ ਗਈ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਉਦੇਸ਼ ਸਪਸ਼ਟ ਕਰਦਿਆਂ ਕਿਹਾ ਹੈ ਕਿ ਜਿਸ ਕਿਸਮ ਨਾਲ ਰਿਪੇਰੀਅਨ ਹੱਕਾਂ ਦੇ ਕੇਂਦਰੀ ਦ੍ਰਿਸ਼ਟੀਕੋਣ ਨੂੰ ਸੰਵਿਧਾਨ ਵਿਚ ਕੋਈ ਸਥਾਨ ਨਾ ਦੇ ਕੇ ਸਮੱਸਿਆ ਨੂੰ ਸਹੀ ਸੰਦਰਭ ਵਿਚ ਹੱਲ ਕਰਨ ਦੀ ਥਾਂ ਉਲਝਾਉਣ ਵਲ ਨੂੰ ਹੀ ਕੇਂਦਰ ਅਤੇ ਰਾਜ ਸਰਕਾਰਾਂ ਨੇ ਕਾਰਜ ਕੀਤਾ ਹੈ। ਇਸ ਦੇ ਨਾਲ ਹੀ ਦਰਿਆਵੀ ਪਾਣੀਆਂ ਦੇ ਸਵਾਲ ਉਤੇ ਜਿਸ ਕਿਸਮ ਨਾਲ ਵੱਖ ਵੱਖ ਪ੍ਰਮੁੱਖ ਸਿਆਸੀ ਪਾਰਟੀਆਂ ਵਿਚ ਆਪਸੀ ਰਾਜਨੀਤਕ ਮੁਕਾਬਲੇਬਾਜ਼ੀ ਦੇ ਦੌਰ ਚਲੇ ਹਨ, ਉਨ੍ਹਾਂ ਨੇ ਦਰਿਆਵੀ ਪਾਣੀਆਂ ਦੇ ਸਵਾਲ ਨੂੰ ਹੱਲ ਕਰਨ ਦੀ ਥਾਂ ਤ੍ਰਾਸਦੀਆਂ ਉਤਪੰਨ ਕਰਨ ਵਿਚ ਵੀ ਯੋਗਦਾਨ ਪਾਇਆ ਹੈ। ਇਸ ਤਰ੍ਹਾਂ ਵੱਖ-ਵੱਖ ਸਿਆਸੀ ਪਾਰਟੀਆਂ ਦੀ ਆਪਣੀ ਵੋਟ ਰਾਜਨੀਤੀ ਜਿਸ ਵਿਚ ਕਿਸਾਨੀ ਇਕ ਵੱਡਾ ਹਿੱਸਾ ਬਣਦੀ ਹੈ, ਉਸ ਨੂੰ ਪ੍ਰਭਾਵ ਅਧੀਨ ਲਿਆਉਣ ਲਈ ਪਾਣੀਆਂ ਦੇ ਸਵਾਲ ਉਤੇ ਕਿਸਾਨੀ ਦੇ ਰਖਵਾਲੇ ਹੋਣ ਦੀ ਰਾਜਨੀਤੀ ਵੀ ਕੀਤੀ ਹੈ। ਜਦੋਂ ਵੀ ਵਖ ਵਖ ਕੋਰਟਾਂ ਦੇ ਫੈਸਲੇ ਆਉਂਦੇ ਰਹੇ ਹਨ, ਜਿਹੜੇ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਦੇ ਰਹੇ, ਉਨ੍ਹਾਂ ਨੇ ਵੀ ਦਰਿਆਵੀ ਪਾਣੀਆਂ ਦੇ ਸਵਾਲ ਉਤੇ ਕੇਂਦਰ ਅਤੇ ਰਾਜ ਸੰਬੰਧਾਂ ਇਥੋਂ ਤਕ ਫੈਡਰਲਇਜ਼ਮ ਦੇ ਸਵਾਲ ਉਤੇ ਵੀ ਨਵੇਂ ਕਿਸਮ ਨਾਲ ਵਾਦ-ਵਿਵਾਦ ਉਤਪੰਨ ਕੀਤੇ ਹਨ।

ਦਰਿਆਵੀ ਪਾਣੀਆਂ ਦੇ ਝਗੜਿਆਂ ਨੂੰ ਪੁਸਤਕ ਵਿਚ ਵਰਾ 1947 ਤੋਂ 1979 ਦੇ ਦੌਰ ਵਿਚ ਵੰਡਦਿਆਂ ਲੇਖਕ ਨੇ ਭਾਰਤੀ ਰਾਜ ਵਿਚ ਪਾਣੀਆਂ ਦੀ ਵੰਡ ਦਾ ਸਵਾਲ ਕੌਮਾਂਤਰੀ ਰਿਪੇਰੀਅਨ ਹੱਕਾਂ ਤੋਂ ਪਰ੍ਹੇ ਹਟਾ ਕੇ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਉਹ ਹੋਰ ਵੀ ਗੁੰਝਲਦਾਰ ਹੁੰਦਾ ਗਿਆ। ਇਸ ਦੇ ਨਾਲ ਹੀ ਦਰਿਆਵੀ ਪਾਣੀਆਂ ਦੇ ਸਵਾਲ ਦਾ ਕੇਂਦਰੀਕਰਨ ਹੁੰਦਾ ਗਿਆ। ਪੰਜਾਬ, ਹਰਿਆਣਾ ਦੇ ਹਿਮਾਚਲ ਪ੍ਰਦੇਸ ਦੀ ਵੰਡ ਜਦੋਂ 1966 ਵਿਚ ਹੋਈ ਤਾਂ ਦਰਿਆਵੀਂ ਪਾਣੀਆਂ ਦੀ ਵੰਡ ਦਾ ਸਵਾਲ ਹੋਰ ਵੀ ਗੁੰਝਲਦਾਰ ਹੋ ਗਿਆ, ਜਿਸ ਨੂੰ ਵਰ੍ਹਾ 1976 ਵਿਚ ਕੇਂਦਰ ਦੇ ਨੋਟੀਫਿਕੇਸ਼ਨ ਅਤੇ ਇੰਦਰਾ ਗਾਂਧੀ ਅਵਾਰਡ ਦੀ ਰਾਜਨੀਤੀ ਨੇ ਨਵੀਂ ਤ੍ਰਾਸਦੀ ਵਲ ਧਕ ਦਿਤਾ। ਜਦੋਂ ਵਰ੍ਹਾ 1981 ਵਿਚ ਇਸ ਦਾ ਘੇਰਾ ਵਧਾ ਕੇ ਤਿੰਨ ਧਿਰਾਂ ਵਿਚ ਤਬਦੀਲ ਕਰ ਦਿਤਾ ਗਿਆ ਤਾਂ ਪੰਜਾਬ ਵਿਚ ਐਸ.ਵਾਈ.ਐਲ ਨਹਿਰ ਰੋਕੋ ਅੰਦੋਲਨ ਜਿਸ ਤੇਜ਼ੀ ਨਾਲ ਫੈਲਣਾ ਸ਼ੁਰੂ ਹੋਇਆ, ਉਸ ਨੇ ਸਿਆਸੀ ਅਤੇ ਧਾਰਮਿਕ ਸੰਕਟਾਂ ਤੇ ਵਿਵਾਦਾਂ ਨੂੰ ਜਨਮ ਦਿੱਤਾ। ਰਾਜੀਵ ਲੌਂਗੋਵਾਲ ਸਮਝੌਤਾ, ਇਰਾਡੀ ਟ੍ਰਿਬਿਊਨਲ ਰਿਪੋਰਟ, ਟਰਮੀਨੇਸ਼ਨ ਐਕਟ 2004, ਪ੍ਰਾਪਰਟੀ ਬਿਲ 2016 ਆਦਿ ਨੇ ਵਖ ਵਖ ਦ੍ਰਿਸ਼ਟੀਕੋਣਾਂ ਤੋਂ ਦਰਿਆਵੀ ਪਾਣੀਆਂ ਦਾ ਮਸਲਾ ਗੁੰਝਲਦਾਰ ਹੀ ਬਣਾਇਆ ਹੈ, ਜਿਸ ਕਿਸਮ ਨਾਲ ਪਿਛੋਕੜ ਵਿਚ ਪਈਆਂ ਗਲਤੀਆਂ, ਸਿਆਸੀ ਮੁਕਾਬਲੇਬਾਜ਼ੀ ਅਤੇ ਕਿਸਾਨੀ ਦੇ ਹਿਤਾਂ ਦੇ ਰਖਿਅਕ ਬਣਨ ਵਾਲੀ ਪੰਜਾਬ ਦੀ ਸਥਾਪਿਤ ਰਾਜਨੀਤੀ ਨੇ ਇਸ ਮਸਲੇ ਨੂੰ ਕੇਂਦਰੀ ਸਰਕਾਰ ਨਾਲ ਆਪੋ-ਆਪਣੇ ਦ੍ਰਿਸ਼ਟੀਕੋਣਾਂ ਤੋਂ ਟਕਰਾਅ ਵਿਚ ਰਖਿਆ ਹੈ। ਇਨ੍ਹਾਂ ਸਭ ਨੁਕਤਿਆਂ ਨੂੰ ਲੇਖਕ ਨੇ ਭਾਰਤ ਦੇ ਸੰਵਿਧਾਨ ਵਿਚਲੀਆਂ ਗੁੰਝਲਾਂ, ਅੰਤਰਰਾਜੀ ਪਾਣੀਆਂ ਦੇ ਸਵਾਲ 'ਤੇ ਬਣੇ ਐਕਟ 1956, ਇਥੋਂ ਤੱਕ ਜੋ ਅੰਤਰਰਾਜ਼ੀ ਪਾਣੀਆਂ ਦੇ ਕਾਨੂੰਨ ਅਤੇ ਉਸ ਦੇ ਅਮਲ ਦੀਆਂ ਸਮੱਸਿਆਵਾਂ ਦੇ ਨਾਲ ਨਾਲ ਵੱਖ-ਵੱਖ ਖੋਜ ਕਾਰਜ ਜੋ ਪੰਜਾਬ ਅਤੇ ਹਰਿਆਣਾ ਦੇ ਆਪਸੀ ਪਾਣੀ ਦੇ ਝਗੜਿਆਂ ਸੰਬੰਧੀ ਹੋਏ, ਉਨ੍ਹਾਂ ਦੀਆਂ ਪਰਤਾਂ ਨੂੰ ਵੀ ਪੁਸਤਕ ਵਿਚ ਬਾਖੂਬੀ ਫਰੋਲਿਆ ਗਿਆ ਹੈ। ਇਸ ਦੇ ਨਾਲ ਹੀ ਜਿਸ ਕਿਸਮ ਦਾ ਪੰਜਾਬ ਵਿਚ ਪਾਣੀਆਂ ਦੇ ਸਵਾਲ ਨਾਲ ਜੁੜ ਕੇ ਵਖ ਵਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਚੋਣ ਮਨੋਰਥਾਂ ਵਿਚ ਇਸ ਸਵਾਲ ਦਾ ਜ਼ਿਕਰ ਕੀਤਾ ਹੈ ਕਿ ਕਿਵੇਂ ਪੰਜਾਬ ਦੀ ਰਾਜਨੀਤੀ ਵਿਚ ਇਹ ਸਵਾਲ ਕੇਂਦਰੀ ਸਵਾਲ ਬਣਿਆ ਰਿਹਾ। ਲੇਖਕ ਨੇ ਪੰਜਾਬ ਦੇ ਦੁਖਾਂਤਕ ਦੌਰ ਵਿਚ ਇਸ ਸਵਾਲ ਨੂੰ ਨਜਿਠਣ ਲਈ ਆਪਣਾਏ ਗਏ ਢੰਗ ਤਰੀਕਿਆਂ ਅਤੇ ਉਨ੍ਹਾਂ ਦੇ ਕੇਂਦਰ ਅਤੇ ਪੰਜਾਬ ਦੀ ਰਾਜਨੀਤੀ ਉਤੇ ਪਏ ਪ੍ਰਭਾਵਾਂ ਦਾ ਵੀ ਜ਼ਿਕਰ ਕੀਤਾ ਹੈ। ਪੁਸਤਕ ਦੇ ਪੰਨਾ 46 ਉਪਰ ਰਿਪੇਰੀਅਨ ਸਿਧਾਂਤ ਬਾਰੇ ਸਮੁੱਚੇ ਪਹਿਲੂਆਂ ਨੂੰ ਖੰਘਾਲਦਿਆਂ ਲੇਖਕ ਨੇ ਮੁਲਵਾਨ ਜਾਣਕਾਰੀ ਪ੍ਰਦਾਨ ਕੀਤੀ ਹੈ, ਜਿਸ ਵਿਚਲੇ ਨੁਕਤੇ ਪਾਲ ਸਿੰਘ ਢਿਲੋਂ ਦੇ ਖੋਜ ਕਾਰਜ ਤੋਂ ਲੈ ਕੇ ਰਾਮਾਸੁਆਸੀ. ਆਰ. ਅਈਅਰ ਦੀਆਂ ਖੋਜਾਂ ਅਤੇ ਨਤੀਜਿਆਂ ਤਕ ਫੈਲੇ ਹੋਏ ਹਨ। ਲੇਖਕ ਨੇ ਜੋ

ਤ੍ਰਾਸਦੀ ਵਗ੍ਹਾ 1981 ਵਿਚ ਤਿੰਨ ਧਿਰੀ ਸਮਝੌਤਾ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਰੂਪ ਵਿਚ ਕੇਂਦਰ ਦੀ ਰਾਜਨੀਤੀ ਤਹਿਤ ਹੋਇਆ ਉਸ ਨੇ ਦਰਿਆਵੀ ਪਾਣੀਆਂ ਦੇ ਸਵਾਲ ਨੂੰ ਪੰਜਾਬ ਦੀ ਰਾਜਨੀਤੀ ਦਾ ਅਹਿਮ ਸਵਾਲ ਬਣਾਉਣ ਵਿਚ ਭੂਮਿਕਾ ਨਿਭਾਈ। ਕਿਉਂਕਿ ਰਾਜਸਥਾਨ ਨਾ ਤਾਂ ਕੋਈ ਰਿਪੇਰੀਅਨ ਸੀ ਨਾ ਹੀ ਕੋਈ ਪੰਜਾਬ ਵਿਚੋਂ ਨਿਕਲਿਆ ਰਾਜ ਸੀ। ਇਸ ਦੇ ਨਾਲ ਹੀ ਜਿਸ ਕਿਸਮ ਦਾ ਸਿਆਸੀ ਤੂਫਾਨ ਇਕ ਪਾਸੇ ਦਰਿਆਵੀ ਪਾਣੀਆਂ ਦੀ ਵੰਡ ਦੇ ਸਵਾਲ ਤੇ ਖੜ੍ਹਾ ਹੋ ਗਿਆ, ਉਥੇ ਨਾਲ ਹੀ ਸਿੱਖ ਰਾਜਨੀਤੀ ਨਵੇਂ ਉਭਾਰ ਦੇ ਰੂਪ ਵਿਚ ਉਤਪੰਨ ਹੋ ਗਈ। ਇਸ ਉਪਰੰਤ ਜਿਨ੍ਹੇ ਵੀ ਪਾਣੀਆਂ ਨੂੰ ਹੱਲ ਕਰਨ ਦੇ ਰਸਤੇ ਚਾਹੇ ਰਾਜੀਵ ਲੋਂਗੋਵਾਲ ਸਮਝੌਤਾ ਚਾਹੇ ਇਰਾਡੀ ਟ੍ਰਿਬਿਊਨਲ ਦੀ ਅੰਤਰਿਮ ਰਿਪੋਰਟ ਅਤੇ ਉਸ ਤੋਂ ਬਾਅਦ ਦਾ ਦੌਰ ਹੋਵੇ, ਉਸ ਨੇ ਪੰਜਾਬ ਵਿਚ ਪਾਣੀਆਂ ਦੇ ਨਾਲ ਸੰਬੰਧਤ ਸਮਝੌਤਿਆਂ ਵਿਚੋਂ ਨਵੇਂ ਸੰਕਟਾਂ ਨੂੰ ਹੀ ਜਨਮ ਦਿੱਤਾ ਹੈ। ਵਰ੍ਹਾ 2004 ਵਿਚ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਬਿਲ ਅਤੇ ਉਸ ਤੋਂ ਬਾਅਦ ਕਿਸਾਨਾਂ ਦੀ ਜਮੀਨ ਵਾਪਸ ਕਰਨ ਵਾਲਾ ਟਰਾਂਸਫਰ ਆਫ ਪ੍ਰਾਪਰਟੀ ਬਿਲ-2016 ਨੇ ਪਹਿਲਾਂ ਹੀ ਚਲ ਰਹੇ ਦਰਿਆਵੀ ਪਾਣੀਆਂ ਦੇ ਸਵਾਲ ਨੂੰ ਹੋਰ ਪਚੀਦਾ ਕਰ ਦਿਤਾ। ਭਲਾ ਹੀ ਵਰ੍ਹਾ 2022 ਵਿਚ ਨਵੀਂ ਸਰਕਾਰ ਬਣਨ ਨਾਲ ਇਸ ਦਿਸ਼ਾ ਵਲ ਕੋਈ ਵੀ ਅਗਾਹ ਕਦਮ ਨਹੀਂ ਪਟਿਆ ਗਿਆ।- ਦਹਾਕਿਆਂ ਤੋਂ ਚਲਦਾ ਨਾਅਰਾ ਇਕ ਵੀ ਬੂੰਦ ਪਾਣੀ ਦੀ ਨਹੀਂ ਦਿਆਂਗੇ-।

ਲੇਖਕ ਨੇ ਵੀਹਵੀਂ ਸਦੀ ਅਤੇ ਏਥੋ ਤਕ ਇਕੀਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਜੋ ਵੀ ਕਾਨੂੰਨੀ, ਸੰਵਧਾਨਿਕ, ਪਾਣੀਆਂ ਨਾਲ ਸੰਬੰਧਤ ਖੋਜ ਕਾਰਜ, ਰਾਜਨੀਤਕ ਦ੍ਰਿਸ਼ਟੀਕੋਣ ਅਤੇ ਉਨ੍ਹਾਂ ਵਿਚਲੇ ਅੰਤਰ ਵਿਰੋਧਾਂ ਦਾ ਮੁਲਾਂਕਣ ਤੋਂ ਕਰਦਿਆਂ ਇਹ ਨਤੀਜਾ ਕੱਢਿਆ ਹੈ, ਕਿ ਰਿਪੇਰੀਅਨ ਸਿਧਾਂਤ ਤੋਂ ਪਰ੍ਹੇ ਹਟ ਕੇ ਕਾਰਜ ਕੀਤੇ ਗਏ ਹਨ, ਉਸ ਕਾਰਨ ਕੋਈ ਵੀ ਸਾਰਥਿਕ ਨਤੀਜੇ ਉਪਰ ਨਹੀਂ ਪਹੁੰਚਿਆ ਗਿਆ। ਜਿੰਨ੍ਹੇ ਵੀ ਕਾਰਜ ਅੰਤਰਰਾਜ ਪਾਣੀ ਝਗੜਿਆਂ ਨਾਲ ਸੰਬੰਧਤ ਐਕਟ ਅਤੇ ਟ੍ਰਿਬਿਊਨਲ ਬਣਾਏ ਗਏ ਹਨ, ਉਨ੍ਹਾਂ ਨੇ ਪੰਜਾਬ ਦੀ ਇਸ ਦਰਦਨਾਕ ਰਗ ਦਾ ਕੋਈ ਸਾਰਥਿਕ ਨਤੀਜਾ ਕੱਢਣ ਵਿਚ ਭੂਮਿਕਾ ਨਹੀਂ ਨਿਭਾਈ। ਜਿਸ ਕਰ ਕੇ ਦਰਿਆਵੀ ਪਾਣੀਆਂ ਦੇ ਝਗੜਿਆਂ ਨੇ ਪੰਜਾਬ ਵਿਚ ਸਿਆਸੀ ਉਥਲ-ਪੁਥਲਾਂ ਨੂੰ ਹੀ ਜਨਮ ਦਿੱਤਾ ਹੈ। ਲੇਖਕ ਦਾ ਇਹ ਵੀ ਮਤ ਹੈ ਕਿ ਇਸ ਗੁੰਝਲਦਾਰ ਸਵਾਲ ਦਾ ਹੱਲ ਨੇੜ ਭਵਿੱਖ ਵਿਚ ਹੋਣ ਦੀ ਸੰਭਾਵਨਾ ਬਹੁਤ ਘਟ ਹੈ। ਕਿਉਂ ਕਿ ਦਰਿਆਵੀ ਪਾਣੀਆਂ ਦੇ ਸਵਾਲ ਉਪਰ ਰਿਪੇਰੀਅਨ ਸਿਧਾਂਤ ਅਜੇ ਤੱਕ ਕੇਂਦਰ ਅਤੇ ਵੱਖ ਵੱਖ ਰਾਜਾਂ ਦੀਆਂ ਰਾਜਨੀਤਕ ਪਾਰਟੀਆਂ ਅਤੇ ਲੋਕਾਂ ਦੇ ਵੱਡੇ ਹਿੱਸੇ ਦੇ ਸੋਚਣ ਢੰਗ ਦਾ ਰੂਪ ਅਖਤਿਆਰ ਨਹੀਂ ਕਰ ਸਕਿਆ। ਜੋ ਵੀ ਨਵਾਂ ਇਸ ਮਸਲੇ ਨਾਲ ਫੈਸਲਾ ਆਉਂਦਾ ਹੈ, ਉਹ ਪੰਜਾਬ ਦੀ ਕਿਸਾਨੀ ਨੂੰ ਅਸੰਤੁਸ਼ਟ ਹੀ ਕਰਦਾ ਹੈ। ਇਹ ਵੀ ਹਕੀਕਤ ਹੈ ਕਿ ਦਰਿਆਵੀ ਪਾਣੀਆਂ ਦਾ ਝਗੜਾ ਲਗਾਤਾਰ ਕਿਸਾਨੀ ਅੰਦਰ ਵਿਦਰੋਹ ਅਤੇ ਗੁੱਸੇ ਦੀ ਭਾਵਨਾ ਉਤਪੰਨ ਕਰਦਾ ਹੈ। ਇਹ ਪੁਸਤਕ ਪੰਜਾਬ ਦੇ ਸਭ ਤੋਂ ਗੁੰਝਲਦਾਰ ਦਰਿਆਵੀ ਪਾਣੀਆਂ ਦੇ ਝਗੜਿਆਂ ਅੰਦਰਲੀਆਂ ਬਰੀਕੀਆਂ ਨੂੰ ਰੇਖਾਂਤਕ ਕਰਨ, ਸੀਮਾਵਾਂ ਪ੍ਰਦਾਨ ਕਰਨ ਅਤੇ ਭਵਿਖ ਵਿਚ ਵੀ ਇਹ ਸਵਾਲ ਨਵੇਂ ਦ੍ਰਿਸ਼ਟੀਕੋਣਾਂ ਤੋਂ ਸੋਚਣ, ਸਮਝਣ ਅਤੇ ਇਥੋਂ ਤਕ ਹੱਲ ਕਢਣ ਦੀ ਦਿਸ਼ਾ ਪ੍ਰਦਾਨ ਕਰਦੀ ਹੈ। ਲੇਖਕ ਨੇ ਜਿਸ ਕਿਸਮ ਦੀ ਇਹ ਇਤਿਹਾਸਕ ਦਸਤਾਵੇਜ਼ਾਂ ਨਾਲ ਸਮੋਈ ਪੁਸਤਕ ਨੀਤੀ ਘਾੜਿਆਂ ਦੀ ਲਿਖੀ ਹੈ। ਦਰਿਆਵੀ ਪਾਣੀਆਂ ਦੇ ਸਵਾਲ ਉਪਰ ਅਗਲੇਰੇ ਕਾਰਜਾਂ ਲਈ ਅਗਵਾਈ ਹਾਸਿਲ ਕਰਨ ਹਿਤ ਸਮਾਜਿਕ, ਰਾਜਨੀਤਕ, ਅਰਥ-ਸਾਸ਼ਤਰੀ ਅਤੇ ਖੋਜਾਰਥੀਆਂ ਲਈ ਮੁੱਲਵਾਨ ਸਥਾਨ ਰੱਖਦੀ ਹੈ।



ਪਾਣੀਆਂ ਦੇ ਸਵਾਲਾਂ 'ਤੇ ਦਹਾਕਿਆਂ ਤੋਂ ਚਲਦੀ ਆਪਸੀ ਕੁੜੱਤਣ ਅਤੇ ਇਕ ਕਿਸਮ ਨਾਲ ਠੰਡੀ ਜੰਗ ਕਦੀ ਅਦਾਲਤ ਦੇ ਦਰਵਾਜ਼ੇ 'ਤੇ ਰੁਕ ਜਾਂਦੀ ਹੈ ਅਤੇ ਕਦੀ ਰਾਜਨੀਤਕ ਪਾਰਟੀਆਂ ਦੀ ਭੇਟ ਚੜ੍ਹ ਜਾਂਦੀ ਹੈ। ਇਹ ਝਗੜੇ ਲਗਾਤਾਰ ਪੰਜਾਬ ਦੀ ਧਰਤੀ 'ਤੇ ਭਵਿੱਖ ਵਿਚ ਵੀ ਚਲਦੇ ਰਹਿਣਗੇ ਕਿਉਂਕਿ ਪਾਣੀ ਪੰਜਾਬ ਦੀ ਆਰਥਿਕਤਾ ਦਾ ਅਟੁੱਟ ਅੰਗ ਹਨ।



ਐਸਵਾਈਐਲ ਨੇ ਜਿਥੇ ਰਾਜਨੀਤਕ ਕੁੜੱਤਣਤਾ ਨੂੰ ਪੈਦਾ ਕੀਤਾ, ਉਥੇ ਪੰਜਾਬ ਵਿਚ ਲਗਪਗ ਇਕ ਦਹਾਕਾ ਖੂਨੀ ਝਗੜੇ ਵਿਚ ਵੀ ਆਪਣਾ ਯੋਗਦਾਨ ਪਾਇਆ। ਜਿਸ ਉਪਰ ਪੰਜਾਬ ਦੀਆਂ ਸਥਾਪਤ ਰਾਜਨੀਤਕ ਧਿਰਾਂ ਨੇ ਰਾਜਨੀਤੀ ਵੀ ਖੂਬ ਕੀਤੀ। ਕੇਂਦਰ ਆਪਣੇ ਵੱਖੋ-ਵੱਖਰੇ ਮੋਹਰਿਆਂ ਰਾਹੀਂ ਇਸ ਨੂੰ ਉਲਝਾਉਂਦਾ ਤੁਰਿਆ ਗਿਆ। ਇਸ ਸੰਕਟਮਈ ਐਸਵਾਈਐਲ ਦੀਆਂ ਤੰਦਾਂ ਨੂੰ ਕਾਨੂੰਨੀ ਤੌਰ 'ਤੇ ਵੀ ਪ੍ਰੋ. ਕੁਲਦੀਪ ਸਿੰਘ ਨੇ ਪਕੜਿਆ ਅਤੇ ਉਸ ਵਿਚਲੀਆਂ ਗੰਢਾਂ ਨੂੰ ਦਰਸਾਉਣ ਅਤੇ ਕਿਸ ਕਿਸਮ ਨਾਲ ਗਲਤ ਦਿਸ਼ਾ ਵੱਲ ਖੋਲ੍ਹਣ ਲਈ ਕੀਤੇ ਗਏ ਯਤਨਾਂ ਦੀ ਵਿਆਖਿਆ ਆਪਣੀ ਲੇਖਣੀ ਵਿਚ ਕੀਤੀ ਹੈ।



ਨਰਾਇਣ ਦੱਤ
84275-11770

# ਅਖਾੜਾ ਦੀ ਧਰਤੀ ਝੁਕਣ ਦੇ ਮੂਡ 'ਚ ਨਹੀਂ




28-30 ਮਾਰਚ 2005 ਨੂੰ ਬਰਨਾਲਾ ਦੀ ਸੈਸ਼ਨ ਕੋਰਟ ਨੇ ਮਹਿਲਕਲਾਂ ਲੋਕ ਘੋਲ ਦੇ ਤਿੰਨ ਪ੍ਰਮੁੱਖ ਆਗੂਆਂ ਨਰਾਇਣ ਦੱਤ, ਮਨਜੀਤ ਧਨੇਰ ਅਤੇ ਪ੍ਰੇਮ ਕੁਮਾਰ ਨੂੰ ਇੱਕ ਝੂਠੇ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਦਿੱਤੀ ਸੀ। ਇਸ ਨਿਹੱਕੀ ਸਜ਼ਾ ਖਿਲਾਫ਼ ਸ਼ੁਰੂ ਹੋਏ ਸਾਂਝੇ ਸੰਘਰਸ਼ ਸਮੇਂ ਲੋਕ ਪੱਖੀ ਕਲਮਾਂ ਨੇ 'ਮਹਿਲਕਲਾਂ ਦੀ ਧਰਤੀ ਝੁਕਣ ਦੇ ਮੂਡ 'ਚ ਨਹੀਂ' ਲੇਖ ਲਿਖੇ। ਅਖੀਰ 14 ਸਾਲ 14 ਨਵੰਬਰ 2019 ਤੱਕ ਤਿੰਨੇ ਲੋਕ ਆਗੂਆਂ ਦੀ ਸਜ਼ਾ ਰੱਦ ਕਰਵਾਉਣ ਤੱਕ ਲੰਮੀ ਜੰਗ ਲੜ੍ਹਕੇ ਕਲਮਾਂ ਦੀ ਭਵਿੱਖਬਾਣੀ ਨੂੰ ਸੱਚ ਸਾਬਤ ਕੀਤਾ। ਹਾਲਾਂਕਿ ਇਸ ਦਹਾਕਿਆਂ ਬੱਧੀ ਲੰਮੇ 'ਜ਼ਬਰ ਵਿਰੁੱਧ ਟਾਕਰੇ ਦੀ ਲਹਿਰ' ਦੀ ਮਿਸਾਲ ਬਣੇ ਇਸ ਲੋਕ ਘੋਲ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਇਸੇ ਹੀ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਤੋਂ ਬਾਇਓ ਗੈਸ ਪਲਾਂਟ ਲਾਉਣ ਦੇ ਨਾਂ ਹੇਠ ਪਿੰਡਾਂ ਦਾ ਵਾਤਾਵਰਨ ਪਲੀਤ ਕਰਨ, ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫੈਲਾਉਣ ਵਾਲੀਆਂ ਪੰਜਾਬ ਵਿੱਚ 45 ਦੇ ਲੱਗਭਗ ਬਾਇਓ ਗੈਸ ਫੈਕਟਰੀਆਂ ਲਾਉਣ ਦੀ ਯੋਜਨਾ ਹੈ। ਲੁਧਿਆਣਾ ਜ਼ਿਲ੍ਹੇ ਅੰਦਰ ਪੰਜ ਫੈਕਟਰੀਆਂ ਘੁੰਗਰਾਲੀ ਰਾਜਪੂਤ, ਮੁਸ਼ਕਾਬਾਦ, ਬੱਗੇਕਲਾਂ, ਭੂੰਦੜੀ ਅਤੇ ਅਖਾੜਾ ਆਦਿ ਪਿੰਡਾਂ ਵਿੱਚ ਇਹ ਬਾਇਓ ਗੈਸ ਫੈਕਟਰੀਆਂ ਲੱਗ ਰਹੀਆਂ ਹਨ। ਇਨ੍ਹਾਂ ਵਿੱਚੋਂ ਘੁੰਗਰਾਲੀ ਰਾਜਪੂਤ ਵਿਖੇ ਇਹ ਬਾਇਓ ਗੈਸ ਪਲਾਂਟ ਚੱਲ ਰਿਹਾ ਹੈ। ਬਾਕੀ ਸਾਰੇ ਥਾਵਾਂ 'ਤੇ ਇਹ ਬਾਇਓ ਗੈਸ ਪਲਾਂਟ ਉਸਾਰੀ ਅਧੀਨ ਹਨ। ਘੁੰਗਰਾਲੀ ਰਾਜਪੂਤ ਵਿਖੇ ਚੱਲ ਰਹੀ ਬਾਇਓ ਗੈਸ ਫੈਕਟਰੀ ਦਾ ਦੌਰਾ ਕਰਨ ਉਪਰੰਤ ਲੋਕਾਂ ਨੂੰ ਅਸਲੀਅਤ ਦਾ ਪਤਾ ਲੱਗਾ ਕਿ ਇਸ ਬਾਇਓ ਗੈਸ ਪਲਾਂਟ ਵਿੱਚੋਂ ਮਾਰਦੀ ਬਦਬੂ ਨੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ।

ਕੁੱਝ ਅਰਥਸ਼ਾਸਤਰੀ ਫ਼ਸਲੀ ਭਿੰਨਤਾ ਪੱਖੋਂ ਮੱਕੀ ਅਤੇ ਗੰਨੇ 'ਤੇ ਆਧਾਰਿਤ ਬਾਇਓ ਡੀਜ਼ਲ ਅਤੇ ਬਾਇਓ ਗੈਸ ਪ੍ਰੋਜੈਕਟ ਬਣਾਉਣ ਦੀ ਮੰਗ ਕਰਦੇ ਰਹਿੰਦੇ ਹਨ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਪ੍ਰੋਜੈਕਟਾਂ ਲਈ ਤਕਨਾਲੋਜੀ ਅਮਰੀਕੀਆਂ ਅਤੇ ਦੱਖਣੀ ਅਮਰੀਕੀਆਂ ਦੁਆਰਾ ਤਿਆਰ ਕੀਤੀ ਗਈ ਹੈ ਜਿੱਥੇ ਆਬਾਦੀ ਵਾਲੇ ਇਲਾਕੇ ਖੇਤੀਬਾੜੀ ਖੇਤਰਾਂ ਤੋਂ ਬਹੁਤ ਦੂਰ ਹਨ ਅਤੇ ਖੇਤ ਹਜ਼ਾਰਾਂ ਏਕੜ ਤੋਂ ਵੱਡੇ ਹਨ। ਜ਼ੀਰਾ ਫੈਕਟਰੀ ਵਰਗੇ ਇਹ ਪ੍ਰੋਜੈਕਟ ਬਹੁਤ ਉੱਚ ਪੱਧਰ 'ਤੇ ਪਾਣੀ ਪ੍ਰਦੂਸ਼ਣ ਅਤੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ।

ਪੰਜਾਬ ਵਿੱਚ ਅਆਬਾਦੀ ਲਾਗੇ-ਲਾਗੇ ਹੈ ਤੇ 52 ਹਜ਼ਾਰ ਵਰਗ ਕਿਲੋਮੀਟਰ ਦੇ ਖੇਤਰ ਵਿੱਚ 13 ਹਜ਼ਾਰ ਪਿੰਡ ਹਨ ਜਾਂ ਹਰ ਪਿੰਡ ਇੱਕ ਦੂਜੇ ਤੋਂ 1 ਜਾਂ 2 ਕਿਲੋਮੀਟਰ ਦੀ ਦੂਰੀ 'ਤੇ ਹੈ ਜਿੱਥੇ ਹਜ਼ਾਰਾਂ ਲੋਕ ਰਹਿੰਦੇ ਹਨ। ਕਾਰਪੋਰੇਟਾਂ ਨੂੰ ਪੰਜਾਬ ਵਿੱਚ ਬਾਇਓ ਗੈਸ ਅਤੇ ਬਾਇਓ ਡੀਜ਼ਲ ਪ੍ਰੋਸੈਸਿੰਗ ਪਲਾਂਟ ਸਥਾਪਤ ਕਰਨ ਲਈ ਸਰਕਾਰ ਤੋਂ ਹਜ਼ਾਰਾਂ ਕਰੋੜ ਰੁਪਏ ਦੀਆਂ ਗ੍ਰਾਂਟਾਂ ਅਤੇ ਮਨਜ਼ੂਰੀਆਂ ਮਿਲੀਆਂ ਹਨ। ਜਦਕਿ ਪਿੰਡਾਂ ਦੇ ਲੋਕ ਇਨ੍ਹਾਂ ਬਾਇਓ ਫਿਊਲ ਯੂਨਿਟਾਂ ਤੋਂ ਨਿਕਲਣ ਵਾਲੀ ਗੰਦੀ ਬੋ ਦਾ ਵਿਰੋਧ ਕਰਦੇ ਹਨ, ਦਿੱਲੀ ਤੋਂ ਕੰਟਰੋਲ ਹੁੰਦੀ 'ਆਪ' ਸਰਕਾਰ ਪੁਲਿਸ ਦੀ ਬੇਰਹਿਮੀ ਦਾ ਸਹਾਰਾ ਲੈ ਰਹੀ ਹੈ।

ਮਾਰਚ ਅਪ੍ਰੈਲ 2024 ਤੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਅਖਾੜਾ, ਭੂੰਦੜੀ, ਮੁਸ਼ਕਾਬਾਦ ਤੋ ਬਾਅਦ ਇਹ ਸੰਘਰਸ਼ ਲਾਢੂਵਾਲ ਲਾਗੇ ਤਿੰਨ ਪਿੰਡਾਂ ਬੱਗਾ ਕਲਾਂ, ਚਾਹੜ, ਰਜਾ ਕਲਾਂ 'ਚ ਵੀ ਸ਼ੁਰੂ ਹੋ ਗਿਆ ਸੀ। ਬੀਤੇ ਫਰਵਰੀ ਮਹੀਨੇ 'ਚ ਪਹਿਲਾਂ ਬੱਗਾ ਕਲਾਂ ਤੇ ਦੋ ਨਾਲ ਦੇ ਪੀੜਤ ਪਿੰਡਾਂ ਦੇ ਲੋਕਾਂ ਨੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਤਿੰਨੇ ਪਿੰਡਾਂ ਦੀ ਹੱਦ ਤੇ ਜਮਾਂ ਜੜਾਂ 'ਚ ਰਿਲਾਇੰਸ ਗਰੁੱਪ ਵੱਲੋਂ ਲਗਾਈ ਜਾ ਰਹੀ ਕੈਂਸਰ ਗੈਸ ਫੈਕਟਰੀ ਨੂੰ ਇੱਕ ਫਰਵਰੀ 2025 ਨੂੰ ਪੱਕਾ ਤਾਲਾ ਜੜ ਦਿੱਤਾ। ਇੰਨਾਂ ਪਿੰਡਾਂ ਦੇ ਲੋਕ ਪਿਛਲੇ ਪੰਜ ਮਹੀਨਿਆਂ ਤੋਂ ਹੀ ਪੱਕੇ ਧਰਨੇ 'ਤੇ ਡਟੇ ਹੋਏ ਸਨ। ਪਰ ਫੈਕਟਰੀ 'ਚ ਉਸਾਰੀ ਦਾ ਕੰਮ ਚਲਦਾ ਰਿਹਾ। ਤਾਲਮੇਲ ਕਮੇਟੀ ਦੀ ਅਗਵਾਈ 'ਚ ਤਾਲਾ ਜੜਣ ਦੀ ਦੇਰ ਸੀ ਕਿ 3 ਫਰਵਰੀ ਨੂੰ ਲੁਧਿਆਣਾ ਪੁਲਸ ਨੇ ਪਿੰਡ ਚਾਹੜ ਤੇ ਧਾਵਾ ਬੋਲ ਦਿੱਤਾ। ਸਵੇਰੇ ਸਾਜਰੇ ਬੋਲੇ ਇਸ ਧਾਵੇ ਰਾਹੀਂ ਪੁਲਸ ਨੇ ਘਰਾਂ ਦੀਆ ਕੰਧਾਂ ਟੱਪ ਕੇ ਵੀਹ ਦੇ ਕਰੀਬ ਆਗੂ ਨੌਜਵਾਨਾਂ ਨੂੰ ਅਗਵਾ ਕਰ ਲਿਆ। ਲੋਕਾਂ ਵੱਲੋਂ ਫੈਕਟਰੀ ਨੂੰ ਲਾਇਆ ਤਾਲਾ ਤੋੜ ਦਿੱਤਾ ਗਿਆ, ਟੈਟ ਪੱਟ ਦਿੱਤਾ ਗਿਆ, ਸਮਾਨ ਪੁਲਸ ਨੇ ਕਬਜ਼ੇ 'ਚ ਕਰ ਲਿਆ। ਇਸ ਗੱਲ ਦਾ ਪਤਾ ਜਦੋ ਲੋਕਾਂ ਨੂੰ ਲੱਗਾ ਤਾਂ ਚਾਹੜ ਪਿੰਡ ਪੂਰੇ ਦਾ ਪੂਰਾ ਬਾਹਰ ਨਿਕਲ ਆਇਆ। ਲੋਕਾਂ ਨੇ ਟਰਾਲੀਆਂ ਲਾ ਕੇ ਸਾਰਾ ਪਿੰਡ ਕੰਟਰੋਲ ਕਰ ਲਿਆ। ਲੰਮਾ ਸਮਾਂ ਪੁਲਸ ਦਾ ਘਿਰਾਓ ਚੱਲਣ ਤੋਂ ਬਾਦ ਪੁਲਸ ਨੂੰ ਫੜੇ ਬੰਦੇ ਰਿਹਾ ਕਰਨੇ ਪਏ। ਚੁੱਕਿਆ ਸਮਾਨ ਵਾਪਸ ਕਰਨਾ ਪਿਆ। ਪਿੰਡ ਵਾਸੀਆਂ ਨੇ ਮੁੜ ਕੇ ਉਸੇ ਥਾਂ ਤੇ ਧਰਨਾ ਸੁਰੂ ਕਰ ਦਿੱਤਾ। ਸ਼ਾਨਦਾਰ ਲੋਕ ਏਕਤਾ ਨੇ ਪੁਲਸ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ। ਚੰਗੀ ਗੱਲ ਇਹ ਹੋਈ ਕਿ ਇਸ ਮੋਰਚੇ ਦੀ ਅਗਵਾਈ ਮੁੱਖ ਤੌਰ 'ਤੇ ਨੌਜਵਾਨਾਂ ਦੇ ਹੱਥਾਂ 'ਚ ਹੈ।

ਅਖਾੜਾ, ਭੂੰਦੜੀ, ਮੁਸ਼ਕਾਬਾਦ ਤਿੰਨੇ ਪਿੰਡਾਂ 'ਚ ਉਸਾਰੀ ਅਧੀਨ ਬਾਇਓ ਗੈਸ ਫ਼ੈਕਟਰੀਆਂ ਦੇ ਮਾਲਕਾਂ ਨੇ ਹਾਈਕੋਰਟ ਚ ਪਟੀਸ਼ਨ ਪਾਕੇ ਇਹਨਾਂ ਫ਼ੈਕਟਰੀਆਂ ਦਾ ਕੰਮ ਚਾਲੂ ਕਰਾਉਣ ਦੀ ਮੰਗ ਕੀਤੀ ਹੋਈ ਹੈ। ਪਿਛਲੇ ਲਗਭਗ ਦਸ ਮਹੀਨਿਆਂ ਤੋਂ ਤਿੰਨੇ ਥਾਵਾਂ ਦੇ ਸੰਘਰਸ਼ ਮੋਰਚੇ ਅਪਣੇ ਅਪਣੇ ਵਕੀਲ ਖੜੇ ਕਰਕੇ ਇਸ ਕੇਸ ਦੀ ਪੈਰਵਾਈ ਕਰ ਰਹੇ ਹਨ ਕਿ ਇਹ ਫ਼ੈਕਟਰੀਆਂ ਕਿਉਂਕਿ ਕੈਸਰ ਫ਼ੈਕਟਰੀਆਂ ਹਨ. ਇਸ ਲਈ ਇਹਨਾਂ ਦੀ ਉਸਾਰੀ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਪੰਜਾਬ ਸਰਕਾਰ ਦੇ ਵਕੀਲ ਹਾਈਕੋਰਟ ਚ ਸਹੀ ਤੱਥ ਪੇਸ਼ ਨਹੀ ਕਰ ਰਹੇ। ਇਹ ਉਸਾਰੀ ਅਧੀਨ ਫ਼ੈਕਟਰੀਆਂ ਪੇਂਡੂ ਵੱਸੋਂ ਤੋਂ ਕਨੂੰਨ ਅਨੁਸਾਰ ਤਿੰਨ ਸੌ ਮੀਟਰ ਦੂਰ ਹੋਣ, ਪਿੰਡ ਦੀ ਪੰਚਾਇਤ ਜਾਂ ਗ੍ਰਾਮ ਸਭਾ ਦੀ ਮਨਜ਼ੂਰੀ ਨਾ ਹੋਣ, ਘੁੰਗਰਾਲੀ ਰਾਜਪੂਤਾਂ, ਜ਼ੀਰਾ ਸ਼ਰਾਬ ਫੈਕਟਰੀ ਖ਼ ?ਲਾਫ਼ ਅੰਦੋਲਨ ਨੂੰ ਅਧਾਰ ਬਣਾ ਕੇ ਕਿ ਇਹਨਾਂ ਫ਼ੈਕਟਰੀਆਂ ਵੱਲੋਂ ਕੀਤੀ ਪੈਦਾਵਾਰ 'ਚ ਵਰਤਿਆ ਜ਼ਹਿਰੀਲਾ ਪਾਣੀ ਧਰਤੀ ਚ ਜਾ ਕੇ ਫਸਲਾਂ ਨਾਲ ਨਾਲ ਨਸਲਾਂ ਦਾ ਵੀ ਘਾਣ ਕਰੇਗਾ ਨੂੰ ਠੋਸ ਤਰਕ ਵਜੋਂ ਪੇਸ਼ ਨਾ ਕਰਕੇ, ਤਾਲਮੇਲ ਕਮੇਟੀ ਵੱਲੋਂ ਤਕਨੀਕੀ ਅਤੇ ਵਿਗਿਆਨਕ ਅਧਾਰ ਤੇ ਇਹ ਸਾਬਤ ਕਰ ਦੇਣ ਕਿ ਇਹ ਫ਼ੈਕਟਰੀਆਂ ਬਦਬੂ, ਗੰਦਗੀ, ਮੱਖੀ ਮੱਛਰ ਤਾਂ ਪੈਦਾ ਕਰਨਗੀਆਂ ਹੀ ਪਰ ਸਮਾਂ ਪਾਕੇ ਇਹ ਕੈਸਰ ਫ਼ੈਕਟਰੀਆਂ ਬਣ ਜਾਣਗੀਆਂ ਨੂੰ ਅਜੇ ਤੱਕ ਕੋਰਟ ਚ ਪੇਸ਼ ਨਹੀਂ ਕੀਤਾ ਗਿਆ। ਹਾਈਕੋਰਟ 'ਚ ਸੱਚੇ ਹੋਣ ਲਈ ਕਹਿ ਦਿੱਤਾ ਕਿ ਵਿਰੋਧ ਕਰ ਰਹੇ ਲੋਕਾਂ ਅਤੇ ਤਾਲਮੇਲ ਸੰਘਰਸ਼ ਕਮੇਟੀ ਨੂੰ ਅਸੀ ਜਚਾ ਦਿੱਤਾ ਹੈ ਕਿ ਇਹ ਫ਼ੈਕਟਰੀਆਂ ਲੱਗਣ ਨਾਲ ਕੋਈ ਸਮੱਸਿਆ ਪੈਦਾ ਨਹੀ ਹੋਵੇਗੀ ਤਾਂ ਕੋਰਟ ਕੋਲ ਸੱਚੇ ਹੋਣ ਲਈ ਪੰਜਾਬ ਸਰਕਾਰ ਨੇ ਹਾਈਕੋਰਟ ਚ 8 ਫਰਵਰੀ 2025 ਤਰੀਖ ਦੇ ਮੱਦੇ ਨਜ਼ਰ ਪੰਜਾਬ ਪੁਲਸ ਵੱਲੋਂ ਮਿੱਥ ਕੇ ਤਿੰਨੇ ਥਾਵਾਂ ਅਖਾੜਾ, ਭੂੰਦੜੀ, ਮੁਸ਼ਕਾਬਾਦ ਦੇ ਸੰਘਰਸ਼ ਮੋਰਚਿਆਂ ਤੇ ਵੱਡੇ ਪੁਲਸੀਆ ਲਾਮ ਲਸ਼ਕਰ ਨਾਲ ਧਾਵਾ ਬੋਲ ਦਿੱਤਾ ਗਿਆ। ਅਖਾੜਾ ਵਾਸੀਆਂ ਨੂੰ ਗਿਆਨ ਸੀ ਕਿ ਸਰਕਾਰ ਇੰਝ ਕਰ ਸਕਦੀ ਹੈ। ਕਿਓਕਿ ਇਸ ਤੋਂ ਪਹਿਲਾਂ ਦੇ ਸਵੇਰ ਪੁਲਸ ਲੋਕਾਂ ਨੇ ਮੋੜੀ ਸੀ। ਪੁਲਸ ਦੇ ਆਉਂਦੇ ਆਉਂਦੇ ਹੀ ਪਿੰਡ ਵਾਸੀ ਮਰਦ ਔਰਤਾਂ 7 ਫਰਵਰੀ ਨੂੰ ਸਾਜਰੇ ਹੀ ਵੱਡੀ ਗਿਣਤੀ ਚ ਸੜਕ ਤੇ ਝੰਡੇ ਲੈ ਡੱਟ ਗਏ। ਭਾਵੇਂ ਇਸ ਥਾਂ ਪੁਲਸ ਨੇ ਅਗਵਾਈ ਕਰ ਰਹੀ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂਆਂ ਦੇ ਘਰਾਂ ਛਾਪੇ ਵੀ ਮਾਰੇ ਤੇ ਘਰਾਂ 'ਚ ਨਜ਼ਰਬੰਦ ਵੀ ਕੀਤਾ। ਪਰ ਲੋਕਾਂ ਦੇ ਹੜ੍ਹ ਮੂਹਰੇ ਪੁਲਸ ਦੀ ਧਰਨੇ ਨੂੰ ਉਖਾੜਣ ਦੀ ਚਾਲ ਸਫ਼ਲ ਨਾ ਹੋਈ।

ਇਸੇ ਤਰ੍ਹਾਂ ਪੁਲਸੀ ਧਾੜਾਂ ਨੇ ਪਿੰਡ ਭੂੰਦੜੀ ਵਿਖੇ 7 ਫਰਵਰੀ ਨੂੰ ਧਾਵਾ ਬੋਲ ਕੇ ਕੁੱਝ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਲੋਕਾਂ ਦੇ ਇੱਕਠੇ ਹੋਣ ਤੋਂ ਪਹਿਲਾਂ ਹੀ ਪੁਲਸ ਨੇ ਪੂਰੀ ਗੁੰਡਾਗਰਦੀ ਦਿਖਾਉਂਦਿਆ ਫੈਕਟਰੀ ਮੂਹਰੇ ਲੱਗੇ ਧਰਨੇ ਦਾ ਪੱਕਾ ਸ਼ੈਡ ਜੇ ਸੀ ਬੀ ਲਿਆ ਕੇ ਪੂਰੀ ਤਰਾਂ ਉਖਾੜ ਦਿੱਤਾ ਤੇ ਬਾਕੀ ਸਾਰਾ ਸਮਾਨ ਸਮੇਤ ਤਖ਼ਤਪੋਸ਼, ਮੇਜ਼, ਮੰਜੇ, ਗੱਦੇ, ਲੈਕਚਰ ਸਟੈਂਡ ਵਗੈਰਾ ਸਾਰਾ ਕੁੱਝ ਲੁੱਟ ਕੇ ਲੈ ਗਏ। ਇਸ ਧੱਕੇਸ਼ਾਹੀ ਖ਼ ?ਲਾਫ਼ ਪਿੰਡ ਦੀਆਂ ਔਰਤਾਂ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਜਿਲ੍ਹਾ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਹੰਬਤਾਂ, ਹਾਕਮ ਸਿੰਘ ਭੱਟੀਆਂ ਦੀ ਅਗਵਾਈ 'ਚ ਰੋਸ ਪ੍ਰਦਰਸ਼ਨ ਕੀਤਾ ਤਾਂ ਪੁਲਸ ਨੇ ਔਰਤਾਂ 'ਤੇ ਲਾਠੀਚਾਰਜ ਕਰ ਦਿੱਤਾ। ਦੋਹਾਂ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਗਿੱਦੜਵਿੰਡੀ ਪੁਲਿਸ ਚੌਂਕੀ 'ਚ ਨਜ਼ਰਬੰਦ ਕਰ ਦਿੱਤਾ। ਇਸੇ ਤਰਾਂ ਮੁਸ਼ਕਾਬਾਦ ਵਿਖੇ ਵੀ ਪੁਲਸ ਨੇ ਸੰਘਰਸ਼ ਮੋਰਚੇ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਨੂੰ ਵੀ ਪੁਲਸ ਨੇ ਰਾਹ 'ਚ ਡੱਕ ਲਿਆ। ਅਖਾੜਾ ਅਤੇ ਮੁਸ਼ਕਾਬਾਦ 'ਚ ਧਰਨੇ ਜੰਮ ਗਏ। ਦੋਨਾਂ ਥਾਵਾਂ ਤੇ ਗ੍ਰਿਫ਼ਤਾਰ ਆਗੂ ਰਿਹਾ ਨਾ ਕਰਨ ਦੀ ਸੂਰਤ 'ਚ ਸੜਕ ਜਾਮ ਕਰਨ ਦੀ ਚਿਤਾਵਨੀ ਦੇਣ ਤੋਂ ਬਾਅਦ ਗ੍ਰਿਫ਼ਤਾਰ ਆਗੂ ਪੁਲਿਸ ਨੂੰ ਰਿਹਾਅ ਕਰਨੇ ਪਏ। ਹਾਲਾਂਕਿ ਹਾਈ ਕੋਰਟ 'ਚ ਸੱਚੇ ਹੋਣ ਲਈ ਪੁਲਸ ਨੇ ਭਾਰੀ ਫੋਰਸ ਨਾਲ ਇੱਕ ਟਰਾਲਾ ਫੈਕਟਰੀ 'ਚ ਦਾਖ਼ਲ ਕਰਾਕੇ ਵੀਡੀਓ ਬਣਾ ਲਈ ਪਰ ਮੁਸ਼ਕਾਬਾਦ ਵਾਸੀ ਵਿਸ਼ੇਸ਼ਕਰ ਔਰਤਾਂ ਨੇ ਅਖਾੜਾ ਪਿੰਡ ਦੀਆਂ ਸਾਥਣਾਂ ਵਾਂਗ ਸੰਘਰਸ਼ ਮਘਾਈ ਰੱਖਿਆ। ਉਪਰੰਤ 16 ਫਰਵਰੀ ਨੂੰ ਲੁਧਿਆਣਾ ਦੇ ਬਦਮਿਜ਼ਾਜ ਡੀਸੀ ਨਾਲ ਮੀਟਿੰਗ 'ਚ ਵੀ ਕੋਈ ਸਿੱਟਾ ਨਾ ਨਿਕਲਣ ਕਾਰਨ ਭੂੰਦੜੀ ਸੰਘਰਸ਼ ਮੋਰਚੇ ਦੇ ਸਾਥੀਆਂ ਨੇ ਬਹੁਤ ਹੀ ਤਨਦੇਹੀ ਨਾਲ ਹਰ ਮੁੱਹਲੇ, ਪੱਤੀ, ਬਸਤੀ 'ਚ ਵਿਸਥਾਰਤ ਮੀਟਿੰਗਾਂ ਕਰਕੇ ਮੁੜ ਸਾਰੇ ਪਿੰਡ ਨੂੰ ਪੂਰੀ ਤਰ੍ਹਾਂ ਲਾਮਬੰਦ ਕਰ ਲਿਆ। ਇਸ ਤੋਂ ਪਹਿਲਾਂ 12 ਫਰਵਰੀ ਨੂੰ ਪਿੰਡ ਦਾ ਵਿਸ਼ਾਲ ਇਕੱਠ ਕਰਕੇ ਪਿੰਡ 'ਚ ਜਬਤਬੱਧ ਮੁਜ਼ਾਹਰਾ ਕਰਕੇ ਪੁਲਸੀਆ ਦਹਿਸ਼ਤ ਦਾ ਮੂੰਹ ਤੋੜ ਜਵਾਬ ਦਿੱਤਾ। ਪਿੰਡ ਵਾਸੀਆਂ ਦੀ ਲਾਮਬੰਦੀ ਉਪਰੰਤ 21 ਫਰਵਰੀ ਨੂੰ ਸੰਘਰਸ਼ ਮੋਰਚੇ ਦੀ ਅਗਵਾਈ 'ਚ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਫੈਕਟਰੀ ਮੂਹਰੇ ਵਿਸ਼ਾਲ ਮਾਰਚ ਕਰਕੇ ਮੁੜ ਧਰਨਾ ਸ਼ੁਰੂ ਕਰ ਦਿੱਤਾ ਗਿਆ। ਮੁਜਾਹਰਾਕਾਰੀਆਂ ਨੂੰ ਰੋਕਣ ਲਈ ਪੁਲਸ ਫੋਰਸ ਤਿੰਨ ਡੀਐਸਪੀ ਦੀ ਅਗਵਾਈ 'ਚ ਧਰਨਾ ਮੁੜ ਲਗਾਉਣ ਤੋਂ ਰੋਕਣ ਲਈ ਤਿਆਰ ਬਰ ਤਿਆਰ ਸੀ ਪਰ ਲੋਕ ਏਕਤਾ ਅਤੇ ਮਰ ਮਿੱਟ ਜਾਣ ਦੇ ਜਜ਼ਬੇ ਮੂਹਰੇ ਪੁਲਸ ਦੀ ਇੱਕ ਨਾ ਚੱਲੀ। ਪੁਲਸ ਦੇ ਲਾਏ ਟਿੱਪਰ ਤੇ ਨਾਕੇ ਲੋਕਾਂ ਨੇ ਪੂਰੀ ਦਲੇਰੀ ਨਾਲ ਭੰਨ੍ਹ ਦਿੱਤੇ। ਪੁਲਸ ਨੇ ਇੱਕ ਵੇਰ ਫਿਰ ਹਲਕਾ ਲਾਠੀਚਾਰਜ ਕਰਕੇ ਲੋਕਾਂ 'ਚ ਦਹਿਸ਼ਤ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਪਰ ਸਭ ਵਿਅਰਥ। ਲੋਕਾਂ ਨੇ ਲੁਧਿਆਣਾ ਧਰਮਕੋਟ ਮੁੱਖ ਸੜਕ ਤੇ ਜਾਮ ਲਾ ਕੇ ਧਰਨਾ ਸ਼ੁਰੂ ਕਰ ਦਿੱਤਾ।

30 ਅਪ੍ਰੈਲ 2024 ਤੋਂ ਅਖਾੜਾ ਪਿੰਡ ਦੀ ਨਿਆਈਂ ਵਿੱਚ ਲੱਗ ਰਹੀ ਬਾਇਓ ਗੈਸ ਫੈਕਟਰੀ ਦੀ ਖਾਸੀਅਤ ਇਹ ਰਹੀ ਹੈ ਕਿ ਇਸ ਕੈਂਸਰ ਫੈਕਟਰੀ ਲੱਗਣ ਦੇ ਗੰਭੀਰ ਖ਼ਤਰਿਆਂ ਨੂੰ ਭਾਂਪਦਿਆਂ ਪਿੰਡ ਦੇ ਲੋਕਾਂ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੀ ਅਗਵਾਈ ਵਿੱਚ ਵੱਡਾ ਇਕੱਠ ਕੀਤਾ ਗਿਆ। ਪਿੰਡ ਦੇ ਲੋਕ ਖ਼ਾਸ ਕਰ ਕਿਸਾਨ-ਮਜ਼ਦੂਰ ਅਤੇ ਹੋਰ ਮਿਹਨਤਕਸ਼ ਤਬਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ। ਗੰਭੀਰ ਵਿਚਾਰਾਂ ਕਰਨ ਉਪਰੰਤ ਪਿੰਡ ਦੇ ਲੋਕਾਂ ਲਈ ਵੱਡੀ ਮੁਸੀਬਤ ਬਣਨ ਵਾਲੀ ਇਸ ਬਾਇਓ ਗੈਸ ਫੈਕਟਰੀ ਨੂੰ ਬੰਦ ਕਰਵਾਉਣ ਲਈ ਸੰਘਰਸ਼ ਕਰਨ ਦਾ ਫ਼ੈਸਲਾ ਕੀਤਾ। ਅਨੇਕਾਂ ਵਾਰ ਪੁਲਿਸ ਨੇ ਇਸ ਸੰਘਰਸ਼ ਨੂੰ ਪੁਲਿਸ ਜਬਰ ਰਾਹੀਂ ਦਬਾਉਣ ਦੇ ਯਤਨ ਕੀਤੇ ਪਰ ਪੁਲਿਸ ਦਾ ਹਰ ਯਤਨ ਜਥੇਬੰਦਕ ਲੋਕ ਤਾਕਤ ਦੇ ਬਲ 'ਤੇ ਫੇਲ੍ਹ ਕੀਤਾ ਗਿਆ। 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਮੌਕੇ ਮੁਕੰਮਲ ਬਾਈਕਾਟ ਕਰਕੇ ਆਪਣੇ ਏਕੇ ਦਾ ਸਬੂਤ ਦਿੱਤਾ। ਵਾਰ-ਵਾਰ ਚੜ੍ਹਕੇ ਆਈਆਂ ਪੁਲਿਸੀ ਧਾੜਾਂ ਨੂੰ ਪਛਾੜਿਆ। ਜਬਰ ਨਾਕਮੀ ਹੋਰ ਜਬਰ-ਜਦੋਂ ਤੀਕ ਨਾਂ ਮਿਲੇ ਕਬਰ ਦੀ ਇਤਿਹਾਸਕ ਸੱਚਾਈ ਅਨੁਸਾਰ 26 ਮਾਰਚ 2025 ਦਿਨ ਸ਼ੁੱਕਰਵਾਰ ਨੂੰ ਪਿੰਡ ਅਖਾੜਾ ਵਿੱਚ ਬਾਇਓ ਗੈਸ (ਕੈਂਸਰ) ਫੈਕਟਰੀ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਵੱਲੋਂ ਇੱਕ ਵਾਰ ਫੇਰ ਜਾਬਰ ਹੱਲਾ ਬੋਲਦਿਆਂ ਦਿਨ ਚੜ੍ਹਨ ਤੋਂ ਪਹਿਲਾਂ ਹੀ ਮੋਰਚੇ ਨੂੰ ਜ਼ਬਰੀ ਉਖਾੜ ਦਿੱਤਾ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਬਰਨਾਲਾ ਜ਼ਿਲ੍ਹੇ ਦੇ ਪ੍ਰਧਾਨ ਕੁਲਵੰਤ ਸਿੰਘ ਭਦੌੜ, ਸੀਨੀਅਰ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਸ਼ਹਿਣਾ ਬਲਾਕ ਦੇ ਸਕੱਤਰ ਕਾਲਾ ਜੈਦ, ਰਾਏਕੋਟ ਬਲਾਕ ਪ੍ਰਧਾਨ ਸਰਬਜੀਤ ਸਿੰਘ ਧੂਰਕੋਟ, ਬਲਵੰਤ ਸਿੰਘ ਠੀਕਰੀਵਾਲਾ ਸਮੇਤ ਪਿੰਡ ਅਖਾੜਾ ਦੇ ਕਿਸਾਨ ਮਰਦ ਔਰਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਖਾੜਾ ਪਿੰਡ ਵਿੱਚ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੇ ਸਪੀਕਰ ਨੂੰ ਵੀ ਬੰਦ ਕਰਵਾ ਦਿੱਤਾ ਗਿਆ। ਅਖਾੜਾ ਪਿੰਡ ਦੇ ਜੁਝਾਰੂ ਕਿਸਾਨ ਮਰਦ-ਔਰਤਾਂ ਨੇ ਜ਼ਬਰ ਦਾ ਪੂਰੀ ਸਿਦਕ ਦਿਲੀ ਨਾਲ ਟਾਕਰਾ ਕੀਤਾ। ਲੁਧਿਆਣਾ ਜ਼ਿਲ੍ਹੇ ਦੇ ਆਗੂਆਂ ਜਗਤਾਰ ਸਿੰਘ ਦੇਹੜਕਾ, ਇੰਦਰਜੀਤ ਸਿੰਘ ਜਗਰਾਓਂ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਦੇ ਘਰ ਵੀ ਛਾਪੇਮਾਰੀ ਕੀਤੀ ਗਈ। ਜਗਰਾਓਂ ਬਲਾਕ ਦੇ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਿਸ ਨੂੰ ਪਿੰਡ ਬੱਸੂਵਾਲ ਦੀਆਂ ਜੁਝਾਰੂ ਔਰਤਾਂ ਨੇ ਘੇਰਕੇ ਬੇਰੰਗ ਭੇਜਿਆ।

ਇਸ ਜਬਰ ਖ਼ਿਲਾਫ਼ ਟਾਕਰਾ ਕਰਦਿਆਂ ਅਖਾੜਾ ਅਤੇ ਆਲੇ ਦੁਆਲੇ ਦੇ ਪਿੰਡਾਂ ਨੇ ਪੁਲਿਸ ਦਾ ਪਾਲਿਆ ਭਰਮ ਚਕਨਾਚੂਰ ਕਰਦਿਆਂ ਬਰਨਾਲਾ-ਜਗਰਾਓਂ ਸੜਕ ਜਾਮ ਕਰ ਦਿੱਤੀ। ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ-ਮਜ਼ਦੂਰ ਮਰਦ ਔਰਤਾਂ ਦੇ ਕਾਫ਼ਲੇ ਸ਼ਾਮਿਲ ਹੋ ਗਏ ਹਨ। ਭਾਰੀ ਪੁਲਿਸ ਨਫ਼ਰੀ ਦੁਆਰਾ ਕੁੱਝ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਵੀ ਲੋਕਾਂ ਨੇ ਨਾਕਾਮ ਕਰ ਦਿੱਤੀ। ਸਮੁੱਚੇ ਪੰਜਾਬ ਵਿੱਚ ਹਕੂਮਤ ਦੇ ਜ਼ਬਰ ਖ਼ਿਲਾਫ਼ ਰੋਹ ਉਬਾਲੇ ਖਾਣ ਲੱਗਾ। ਜਥੇਬੰਦਕ ਲੋਕ ਸੰਘਰਸ਼ ਨਾਲ ਪੁਲਿਸ ਦੀ ਦਹਿਸ਼ਤ ਪਾਉਣ ਅਤੇ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਸੰਘਰਸ਼ ਦਾ ਮੈਦਾਨ ਭਖ ਗਿਆ। ਅਜਿਹੇ ਸੰਘਰਸ਼ਾਂ ਵਿੱਚ ਸਭਨਾਂ ਸੰਘਰਸ਼ਸ਼ੀਲ, ਇਨਕਲਾਬੀ, ਜਮਹੂਰੀ, ਜਨਤਕ ਜਥੇਬੰਦੀਆਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਲੋਕ ਕਾਫ਼ਲੇ ਨੇ ਅਖਾੜਾ ਬਾਇਓ ਗੈਸ ਫੈਕਟਰੀ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਪੁਲਿਸ ਜ਼ਬਰ ਰਾਹੀਂ ਤਾਰਪੀਡੋ ਕਰਨ ਦੀ ਸਾਜ਼ਿਸ਼ ਮਿੱਟੀ ਵਿੱਚ ਮਿਲਾ ਦਿੱਤੀ ਹੈ। ਬਾਇਓ ਗੈਸ ਫੈਕਟਰੀ ਅੱਗੇ ਧਰਨਾ ਮੁੜ ਸ਼ੁਰੂ ਹੋ ਗਿਆ ਹੈ। ਗ੍ਰਿਫ਼ਤਾਰ ਕੀਤੇ ਸਾਰੇ ਆਗੂ ਭਾਕਿਯੂ ਏਕਤਾ ਡਕੌਂਦਾ ਦੀ ਅਗਵਾਈ ਵਿੱਚ ਲੜੇ ਜਾ ਰਹੇ ਜਥੇਬੰਦਕ ਸੰਘਰਸ਼ ਰਿਹਾਅ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਹਰ ਸੰਘਰਸ਼ ਨੂੰ ਜਿੱਤ ਦੇ ਅੰਜਾਮ ਤੱਕ ਪਹੁੰਚਾਉਣ ਲਈ ਸੰਘਰਸ਼ ਦੀ ਦਿਸ਼ਾ ਤਹਿ ਕਰਨ ਦੀ ਲੋੜ ਹੁੰਦੀ ਹੈ। ਕਿਉਂਕਿ ਗੈਰ ਜਥੇਬੰਦਕ ਲੋਕ ਅਤੇ ਕੁੱਝ ਗੈਰ ਸਮਾਜੀ ਅਨਸਰ ਅਕਸਰ ਹੀ ਘੋਲ ਨੂੰ ਲੀਹੋਂ ਲਾਹੁਣ ਲਈ ਦਿਸ਼ਾ ਹੀਣ ਆਮ ਲੋਕਾਈ ਦੀ ਸਮਝ ਨਾਲੋਂ ਨਿੱਖੜੇ ਹੋਏ ਕਦਮ ਚੁੱਕਣ ਲਈ ਉਕਸਾਉਂਦੇ ਹਨ। ਇਸ ਘੋਲ ਦੀ ਅਗਵਾਈ ਕਰਨ ਵਾਲੀ ਬੀਕੇਯੂ ਏਕਤਾ-ਡਕੌਂਦਾ ਦੀ ਆਗੂ ਟੀਮ ਕੋਲ ਮਹਿਲਕਲਾਂ ਲੋਕ ਘੋਲ ਦੀ ਸਾਂਝੇ ਸੰਗ੍ਰਾਮਾਂ ਦੀ ਵਿਰਾਸਤ ਮੌਜੂਦ ਹੈ। ਮਹਿਲਕਲਾਂ ਲੋਕ ਘੋਲ ਨੇ 'ਭੈਣੋ ਰਲੋ ਭਰਾਵਾਂ ਸੰਗ-ਰਲ ਕੇ ਜਿੱਤੀਏ ਹੱਕੀ ਜੰਗ' ਦੇ ਦਿੱਤੇ ਸੁਨੇਹੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਦਿਆਂ ਔਰਤ ਕਾਰਕੁਨਾਂ ਦੀ ਵੱਡੀ ਸ਼ਮੂਲੀਅਤ ਨੇ ਸੰਘਰਸ਼ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ। ਅਖਾੜਾ ਪਿੰਡ ਦੀ ਅਣਖੀਲੀ ਮਿੱਟੀ ਦੇ ਵਾਰਸਾਂ ਅਤੇ ਸੰਘਰਸ਼ ਦੀ ਅਗਵਾਈ ਕਰਨ ਵਾਲੀ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਜੁਝਾਰੂ ਕਾਫ਼ਲਿਆਂ ਨੂੰ ਸਲਾਮ! ਇਸ ਪੂਰੇ ਸੰਘਰਸ਼ ਨੂੰ ਸੋਸ਼ਲ ਮੀਡੀਆ, ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਕਰਮੀਆਂ ਨੇ ਆਪਣਾ ਇਖਲਾਕੀ ਫਰਜ ਸਮਝਦਿਆਂ ਕਵਰੇਜ ਕਰਕੇ ਕਲਮ ਕਲਾ ਅਤੇ ਸੰਗਰਾਮ ਦੀ ਜੋਟੀ ਨੂੰ ਪੀਡਾ ਕੀਤਾ ਹੈ। ਸ਼ਾਲਾ ਇਹ ਕਰੰਗੜੀ ਹੋਰ ਮਜ਼ਬੂਤ ਹੋਵੇ।

# .ਗ਼ਦਰ ਪਾਰਟੀ ਸਥਾਪਨਾ ਦਿਵਸ ਦਾ ਸੁਨੇਹਾ

**• ਨਵੀਂ ਖੇਤੀ ਅਤੇ ਮੰਡੀਕਰਨ ਨੀਤੀ ਖ਼ਿਲਾਫ਼ ਲੋਕ ਘੋਲ ਤੇ ਜ਼ੋਰ**

**• 'ਵਿਰਸਾ' ਕੀਤਾ ਲੋਕ ਅਰਪਣ • ਇਤਿਹਾਸ ਤੋਂ ਸਿੱਖਣ ਦਾ ਦਿੱਤਾ ਪੈਗ਼ਾਮ**











ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਅਮੁੱਲੜੇ ਇਨਕਲਾਬੀ ਸਫ਼ੇ, .ਗ਼ਦਰ ਪਾਰਟੀ ਦੇ 111ਵੇਂ (1913-2025) ਸਥਾਪਨਾ ਦਿਹਾੜੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਰਵਾਈ ਗਈ ਵਿਚਾਰ-ਚਰਚਾ 'ਨਵੀਂ ਮੰਡੀ ਅਤੇ ਖੇਤੀ ਨੀਤੀ' ਵਿਸ਼ੇ ਉਪਰ ਹੋਈਆਂ ਵਿਚਾਰਾਂ ਨੇ ਇਸ ਨੀਤੀ ਦੇ ਲਾਗੂ ਹੋਣ ਨਾਲ ਪੈਣ ਵਾਲੇ ਵਿਆਪਕ ਮਾਰੂ ਅਸਰਾਂ ਅਤੇ ਇਸ ਖ਼ਿਲਾਫ਼ ਲੋਕ ਘੋਲਾਂ ਦੀ ਲੋੜ ਨੂੰ ਉਘਾੜ ਕੇ ਸਾਹਮਣੇ ਲਿਆਂਦਾ।

.ਗ਼ਦਰ ਪਾਰਟੀ ਦੇ ਸਥਾਪਨਾ ਦਿਵਸ ਤੇ 21 ਅਪ੍ਰੈਲ ਨੂੰ ਹੋਈ ਵਿਚਾਰ-ਚਰਚਾ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਕਮੇਟੀ ਵੱਲੋਂ ਨਿਮੰਤਰਤ ਬੁਲਾਰੇ ਲਖਵੀਰ ਸਿੰਘ ਨਿਜ਼ਾਮਪੁਰ, ਡਾ. ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ ਅਤੇ ਰਮਿੰਦਰ ਸਿੰਘ ਪਟਿਆਲਾ ਸਸ਼ੋਭਤ ਸਨ।

ਵਿਚਾਰ-ਚਰਚਾ ਦਾ ਆਗਾਜ਼ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੱਲੋਂ ਜੀ ਆਇਆ ਨੂੰ ਕਹਿਣ ਨਾਲ ਹੋਇਆ। ਇਸ ਮੌਕੇ ਬੋਲਦਿਆਂ ਉਹਨਾਂ ਕਿਹਾ ਕਿ .ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ ਮੌਕੇ ਜੋ ਸੁਆਲ 1913 'ਚ ਦਰਪੇਸ਼ ਸਨ, ਅੱਜ ਹੋਰ ਵੀ ਵਿਆਪਕ ਅਤੇ ਤਿੱਖੜੇ ਰੂਪ ਵਿੱਚ ਮੂੰਹ ਅੱਡੀਂ ਖੜ੍ਹੇ ਹਨ। ਇਹ ਸੁਆਲ ਸਾਥੋਂ ਜਵਾਬ ਮੰਗਦੇ ਹਨ। ਇਹ ਵਿਚਾਰ-ਚਰਚਾ ਉਹਨਾਂ ਸੁਆਲਾਂ 'ਚੋਂ ਇੱਕ ਸੁਆਲ ਖੇਤੀ ਅਤੇ ਮੰਡੀ ਉਪਰ ਬੋਲੇ ਧਾਵੇ ਨੂੰ ਸੰਬੋਧਿਤ ਹੁੰਦੀ ਹੋਈ ਵੀ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਦੇ ਵਿਸ਼ਾਲ ਲੋਕਾਈ ਖਿਲਾ.ਫ ਧਾਵੇ ਨੂੰ ਕੇਂਦਰ ਵਿੱਚ ਲਿਆਉਣ 'ਚ ਸ.ਫਲ ਰਹੀ।

ਵਿਚਾਰ-ਚਰਚਾ ਮੌਕੇ ਲਖਵੀਰ ਸਿੰਘ ਨਿਜ਼ਾਮਪੁਰ, ਡਾ. ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ ਅਤੇ ਰਮਿੰਦਰ ਸਿੰਘ ਪਟਿਆਲਾ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਬੁਲਾਰਿਆਂ ਨੇ ਦਰਸਾਇਆ ਕਿ ਜਿਹੜੇ ਤਿੰਨੇ ਕਾਲ਼ੇ ਖੇਤੀ ਕਾਨੂੰਨ, ਜਾਨ-ਹੂਲਵੇਂ ਘੋਲ ਉਪਰੰਤ ਰੱਦ ਕਰਵਾਉਣ 'ਚ ਦਿੱਲੀ ਕਿਸਾਨ ਮੋਰਚਾ ਇੱਕ ਵਾਰ ਸ.ਫਲ ਹੋਇਆ ਸੀ, ਨਵੀਂ ਮੰਡੀ ਅਤੇ ਖੇਤੀ ਨੀਤੀ ਦੇ ਮਨਸ਼ੇ ਉਸਤੋਂ ਵੀ ਕਿਤੇ ਖ਼ਤਰਨਾਕ ਹਨ।

ਬੁਲਾਰਿਆਂ ਨੇ ਤੱਥਾਂ ਸਹਿਤ ਦੱਸਿਆ ਕਿ ਕਿਵੇਂ ਸੰਕਟ ਮੂੰਹ ਆਇਆ ਸਾਮਰਾਜੀ ਅਰਥਚਾਰਾ ਆਪਣਾ ਸੰਕਟ ਸਾਡੇ ਵਰਗੇ ਮੁਲਕਾਂ ਦੇ ਲੋਕਾਂ ਸਿਰ ਲੱਦਣ ਲਈ ਨਿੱਤ ਨਵੇਂ ਕਾਨੂੰਨ ਘੜਨ, ਲੋਕਾਂ ਦੀ ਜ਼ੁਬਾਨਬੰਦੀ ਕਰਨ ਅਤੇ ਲੋਕਾਂ ਉਪਰ ਕਹਿਰ ਦੇ ਝੱਖੜ ਝੁਲਾ ਰਿਹਾ ਹੈ।

ਬੁਲਾਰਿਆਂ ਦਾ ਸਾਂਝਾ ਵਿਚਾਰ ਸੀ ਕਿ ਖੇਤੀ ਅਤੇ ਮੰਡੀ ਸਾਡੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਹੈ। ਇਸ ਦੀ ਮਾਰ ਹੇਠ ਸਿਰ.ਫ ਕਿਸਾਨੀ ਹੀ ਨਹੀਂ ਸਗੋਂ ਹੋਰ ਮਿਹਨਤਕਸ਼ ਤਬਕੇ ਵੀ ਆਉਣਗੇ। ਉਹਨਾਂ ਕਿਹਾ ਕਿ ਇੱਕ ਦਿਨ 'ਚ ਕਰੋੜਾਂ ਰੁਪਏ ਮਰੁੱਛਣ ਵਾਲੀਆਂ ਕੰਪਨੀਆਂ ਆਪਣੀਆਂ ਨੀਤੀਆਂ ਬੇਰੋਕ ਟੋਕ ਲਾਗੂ ਕਰਨ ਲਈ ਹੀ ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਉਪਰ ਵੀ ਡਾਕਾ ਮਾਰ ਰਹੀਆਂ ਹਨ। ਆਏ ਦਿਨ ਫਾਸ਼ੀ ਹੱਲੇ ਦਾ ਵਰਤਾਰਾ ਜ਼ੋਰ ਫੜਦਾ ਜਾ ਰਿਹਾ ਹੈ।

ਵਿਚਾਰ-ਚਰਚਾ ਨੇ ਇਹ ਤੱਤ ਕੱਢਿਆ ਕਿ ਨਵਾਂ ਕਾਰਪੋਰੇਟ ਅਤੇ ਫਾਸ਼ੀ ਹੱਲਾ ਜੁੜਵੇਂ ਅੰਗ ਹਨ। ਇਹਨਾਂ ਨੂੰ ਪਛਾੜਨ ਦਾ ਇੱਕੋ-ਇੱਕ ਸੁਵੱਲੜਾ ਰਾਹ ਏਕੇ ਅਤੇ ਸੰਘਰਸ਼ ਦਾ ਰਾਹ ਹੈ। ਇਸ ਲਈ ਭਵਿੱਖ ਵਿੱਚ ਫਾਸ਼ੀ ਰਾਜ ਭਾਗ ਨਾਲ ਲੋਕਾਂ ਦਾ ਸਿੱਧਾ ਮੱਥਾ ਲੱਗੇਗਾ ਅਤੇ ਲੋਕ ਅਵੱਸ਼ ਹੀ ਜੇਤੂ ਹੋ ਕੇ ਨਿਕਲਣਗੇ ਭਾਵੇਂ ਇਸਦੀ ਵਡੇਰੀ ਕੀਮਤ ਅਦਾ ਕਰਨੀ ਪਏਗੀ।

ਵਿਚਾਰ-ਚਰਚਾ ਉਪਰੰਤ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ 'ਚ ਮੰਗ ਕੀਤੀ ਗਈ ਕਿ:

1. .ਗ਼ਦਰ ਪਾਰਟੀ ਅਤੇ ਆਜ਼ਾਦੀ ਸੰਗਰਾਮ ਨਾਲ ਸਬੰਧਤ ਇਤਿਹਾਸਕ ਥਾਵਾਂ, ਇਤਿਹਾਸ ਅਤੇ ਨਾਇਕਾਂ ਦੇ ਜੀਵਨ ਸੰਘਰਸ਼ ਦੀ ਮੌਲਿਕਤਾ ਨਾਲ ਛੇੜਛਾੜ ਕਰਨਾ ਅਤੇ ਉਸਦੇ ਪ੍ਰਮਾਣਿਕ ਇਤਿਹਾਸਕ ਮੁਹਾਂਦਰੇ ਦਾ ਹੁਲੀਆ ਵਿਗਾੜਨਾ ਬੰਦ ਕੀਤਾ ਜਾਏ।

2. ਜਲ੍ਹਿਆਂਵਾਲਾ ਬਾ.ਗ ਦੀ ਇਤਿਹਾਸਕਤਾ, ਮੌਲਿਕ ਸਰੂਪ ਬਹਾਲ ਕੀਤਾ ਜਾਏ।

3. ਪ੍ਰਦੇਸਾਂ ਵਿੱਚ ਪੜ੍ਹਨ ਅਤੇ ਰੁਜ਼ਗਾਰ ਦੀ ਤਲਾਸ਼ ਵਿੱਚ ਗਏ ਬੇਤਹਾਸ਼ਾ ਦੁਸ਼ਵਾਰੀਆਂ ਅਤੇ ਜਲੀਲਤਾ ਝੱਲਦੇ ਪ੍ਰਵਾਸੀਆਂ ਦੇ ਮੌਲਿਕ ਮਾਨਵੀ ਹੱਕਾਂ ਦੀ ਰਾਖੀ ਕੀਤੀ ਜਾਏ।

4. ਫਲਸਤੀਨੀਆਂ ਦਾ ਨਸਲਘਾਤ ਬੰਦ ਕਰਨ, ਅਮਰੀਕੀ ਹਾਕਮਾਂ ਦੇ ਥਾਪੜੇ ਸਦਕਾ ਇਜ਼ਰਾਇਲੀ ਹਾਕਮਾਂ ਵੱਲੋਂ .ਫਲਸਤੀਨੀਆਂ ਖ਼ ?ਲਾ.ਫ ਬੋਲੇ ਜਾ ਰਹੇ ਅੱਤ ਦਰਜ਼ੇ ਦੇ ਘਿਨੌਣੇ ਹਮਲੇ ਬੰਦ ਕਰਨ ਅਤੇ .ਫਲਸਤੀਨ 'ਚੋਂ ਧਾੜਵੀ ਫੌਜਾਂ ਬਾਹਰ ਕੱਢਣ ਦੀ ਮੰਗ ਕੀਤੀ ਗਈ।

5. ਆਦਿਵਾਸੀਆਂ ਦਾ ਸਮੂਹਿਕ ਕਤਲੇਆਮ, ਉਜਾੜਾ ਅਤੇ ਜੰਗਲ, ਜਲ, ਜ਼ਮੀਨ ਦੀ ਦੇਸੀ ਬਦੇਸੀ ਕਾਰਪੋਰੇਟ ਘਰਾਣਿਆਂ ਵੱਲੋਂ ਅੰਨ੍ਹੀਂ ਲੁੱਟ ਬੰਦ ਕਰਨ ਅਤੇ ਵੰਨ ਸੁਵੰਨੀਆਂ ਹਥਿਆਰਬੰਦ ਤਾਕਤਾਂ ਨੂੰ ਬਸਤਰ, ਛਤੀਸਗੜ੍ਹ ਅਤੇ ਸਮੁੱਚੇ ਆਦਿਵਾਸੀ ਖੇਤਰ ਵਿੱਚੋਂ ਬਾਹਰ ਕੱਢਣ ਦੀ ਵੀ ਮੰਗ ਕੀਤੀ ਗਈ।

6. ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਦਾ ਘਾਣ ਕਰਨਾ ਬੰਦ ਕਰਨ, ਗ੍ਰਿ.ਫਤਾਰ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਰੰਗਕਰਮੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਏ।

7. ਫਸਲਾਂ ਨੂੰ ਅੱਗਾਂ ਲੱਗਣ, ਗੜ੍ਹੇਮਾਰ ਅਤੇ ਤੇਜ਼ ਹਨੇਰੀਆਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਏ।

8. ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਨੂੰ ਪੁਲਸ ਰਾਜ ਵਿੱਚ ਬਦਲਣ ਅਤੇ ਹੱਕ ਮੰਗਦੇ ਲੋਕਾਂ ਵਿਸ਼ੇਸ਼ ਕਰਕੇ ਔਰਤਾਂ, ਨੌਜਵਾਨਾ, ਰੁਜ਼ਗਾਰ ਮੰਗਦੀ ਜੁਆਨੀ ਨੂੰ ਵਹਿਸ਼ੀਆਨਾ ਜ਼ਬਰ ਦਾ ਨਿਸ਼ਾਨਾ ਬਣਾਉਣ ਦੇ ਰਾਹ ਤੁਰੀ ਪੰਜਾਬ ਸਰਕਾਰ ਇਹਨਾਂ ਕਦਮਾਂ ਤੋਂ ਬਾਜ਼ ਆਏ।

9. ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀ ਕਾਂਤ ਦੀ ਰਿਪੋਰਟ ਜੋ ਨਸ਼ਾ ਤਸਕਰਾਂ ਤੇ ਉਂਗਲ ਧਰਦੀ ਹੈ, ਉਹ ਜਨਤਕ ਕੀਤੀ ਜਾਵੇ। ਆਮ ਲੋਕਾਂ ਤੇ ਨਸ਼ਾ ਸੌਦਾਗਰ ਦੱਸਕੇ ਬੁਲਡੋਜ਼ਰ ਚਾੜ੍ਹਨ ਦਾ ਹੱਲਾ ਤੁਰੰਤ ਬੰਦ ਕੀਤਾ ਜਾਏ। ਨਸ਼ਾ ਤਸਕਰੀ ਦੇ ਅਸਲ ਮੁਜ਼ਰਿਮਾਂ ਖ਼ਿਲਾ.ਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸਮੁੱਚੇ ਪ੍ਰਧਾਨਗੀ ਮੰਡਲ ਅਤੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ (ਸਹਿ ਸੰਪਾਦਕ) ਅਤੇ ਵਿਜੈ ਬੰਬੇਲੀ (ਸਹਿਯੋਗੀ ਸੰਪਾਦਕ) 'ਵਿਰਸਾ' ਲੋਕ ਅਰਪਣ ਕੀਤਾ ਗਿਆ। ਵਿਰਸਾ ਦੇ ਸੰਪਾਦਕ ਹਰਵਿੰਦਰ ਭੰਡਾਲ ਨਾ ਟਾਲੇ ਜਾ ਸਕਣ ਵਾਲੇ ਰੁਝੇਵੇਂ ਕਾਰਨ ਇਸ ਮੌਕੇ ਸ਼ਾਮਿਲ ਨਾ ਹੋ ਸਕੇ।

ਪ੍ਰਧਾਨਗੀ ਮੰਡਲ ਦੀ ਤਰ.ਫੋਂ ਬੋਲਦਿਆਂ ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਇੱਕ ਸਦੀ ਤੋਂ ਵੀ ਵੱਧ ਅਰਸਾ ਪਹਿਲਾਂ .ਗ਼ਦਰ ਪਾਰਟੀ ਦੀ ਦੂਰ ਦ੍ਰਿਸ਼ਟੀ ਸਦਕਾ ਹੀ ਇਹ ਗੱਲ ਉਭਾਰੀ ਗਈ ਕਿ ਦੁਨੀਆਂ ਭਰ ਦੇ ਲੋਕਾਂ ਦੀਆਂ ਮਰਜ਼ਾਂ ਦੀ ਜੜ੍ਹ ਸਾਮਰਾਜ ਅਤੇ ਉਸਦੇ ਸੇਵਾਦਾਰਾਂ ਦੇ ਲੋਕ-ਦੋਖੀ ਰਾਜ ਵਿੱਚ ਲੱਗੀ ਹੋਈ ਹੈ। ਇਹ ਸਾਡੇ ਸਮੇਂ ਦਾ ਵੀ ਸੱਚ ਹੈ। ਉਹਨਾਂ ਨੇ ਕਮੇਟੀ ਦੇ ਬੁਲਾਵੇ 'ਤੇ ਸਭ ਬੁਲਾਰਿਆਂ ਅਤੇ ਸੰਸਥਾਵਾਂ ਦੇ ਆਉਣ 'ਤੇ ਧੰਨਵਾਦ ਕੀਤਾ।

ਇਸ ਸਮਾਗਮ 'ਚ ਦੇਸ਼ ਭਗਤ ਯਾਦਗਾਰ ਹਾਲ ਦੇ ਗੇਟ ਤੇ .ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਨਿਭਾਈ ਅਤੇ ਉਹਨਾਂ ਨੇ .ਗ਼ਦਰ ਪਾਰਟੀ ਦੇ ਬੁਨਿਆਦੀ ਅਸੂਲਾਂ ਉਪਰ ਪਹਿਰਾ ਦੇਣ ਤੇ ਜ਼ੋਰ ਦਿੱਤਾ।

ਅਮਰੀਕੀ ਉਪ-ਰਾਸ਼ਟਰਪਤੀ ਦੇ ਇਸ ਦਿਨ ਦਿੱਲੀ ਆਉਣ ਅਤੇ ਭਾਰਤੀ ਹਾਕਮਾਂ ਨਾਲ ਨਵੀਆਂ ਲੋਕ-ਵਿਰੋਧੀ ਸੰਧੀਆਂ ਕਰਨ ਖ਼ਿਲਾ.ਫ ਸਮਾਗਮ ਉਪਰੰਤ ਬੀ.ਐਮ.ਸੀ. ਚੌਂਕ ਤੱਕ ਮਾਰਚ ਕਰਕੇ ਵਿਰੋਧ ਕੀਤਾ ਗਿਆ।

ਸਮਾਗਮ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

**ਪੇਸ਼ਕਸ਼: ਅਮੋਲਕ ਸਿੰਘ**

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
Instagram: BOTOXINJECTORYYC_NAV
Email: NAV.BEAUTYBLISS@GMAIL.COM
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

# ਮਿਹਨਤਕਸ਼ਾਂ ਖਿਲਾਫ ਆਰਥਿਕ-ਰਾਜਨੀਤਕ ਹਮਲਾ



ਪ੍ਰੋ. ਪ੍ਰਭਾਤ ਪਟਨਾਇਕ

ਪ੍ਰਵਰਤੀ ਪੂੰਜੀਵਾਦ (ਲੇਟ ਕੈਪੀਟਲਿਜਮ) ਭਾਵ ਅਜੋਕੇ ਜਾਂ ਸਮਕਾਲੀ ਪੂੰਜੀਵਾਦ ਤਹਿਤ ਮਿਹਨਤਕਸ਼ ਜਨਤਾ 'ਤੇ ਅਜਿਹਾ ਹਮਲਾ ਹੋ ਰਿਹਾ ਹੈ ਜੋ ਮੁੱਢਲੇ ਪੂੰਜੀਵਾਦ ਦੇ ਹਮਲੇ ਦੀ ਯਾਦ ਦਿਵਾਉਂਦਾ ਹੈ। ਇਹ ਸੰਸਾਰ ਵਿਆਪੀ ਹਮਲਾ, ਕੇਵਲ ਤੀਜੀ ਦੁਨਿਆ ਦੇ ਦੇਸ਼ਾਂ ਵਿਚ ਹੀ ਨਹੀਂ, ਬਲਕਿ ਵਿਕਸਿਤ ਪੂੰਜੀਵਾਦੀ ਦੇਸ਼ਾਂ 'ਚ ਵੀ ਹੋ ਰਿਹਾ ਹੈ। ਇਹ ਹਮਲਾ ਤਿੰਨ ਪੱਧਰਾਂ ਤੋਂ ਹੋ ਰਿਹਾ ਹੈ।

**ਗਰੀਬ ਮਿਹਨਤਕਸ਼ਾਂ 'ਤੇ ਆਰਥਿਕ ਹਮਲਾ :** ਆਰਥਿਕ ਪੱਧਰ 'ਤੇ ਹਮਲੇ ਦੀਆਂ ਤਾਂ ਬੜੀਆਂ ਗੱਲਾਂ ਹੁੰਦੀਆਂ ਹਨ। ਇਹ ਹਮਲਾ ਸਿੱਕੇ ਦੇ ਵਧੇ ਪਸਾਰ ਅਤੇ ਬੇਰੁਜ਼ਗਾਰੀ ਦੇ ਬਹੁਤ ਜ਼ਿਆਦਾ ਵਾਧੇ, ਦੋਨਾਂ ਦਾ ਨਤੀਜਾ ਹੈ, ਜਿਸ ਤੋਂ ਇਸ ਵੇਲੇ ਪੂੰਜੀਵਾਦੀ ਸੰਸਾਰ ਤ੍ਰਸਤ ਹੈ। ਸਿਕੇ ਦੇ ਪਸਾਰ 'ਚ ਵਾਧੇ ਦੀ ਸ਼ੁਰੂਆਤ, ਖਾਸ ਤੌਰ 'ਤੇ ਅਮਰੀਕਾ ਅੰਦਰ ਪੂੰਜੀਪਤੀਆਂ ਵਲੋਂ ਕੀਤੇ ਮੁਨਾਫੇ ਦੇ ਆਪ ਮੁਹਾਰੇ ਵਾਧੇ ਨਾਲ ਹੋਈ ਸੀ। ਇਹ ਵਾਧਾ ਪਿਛੋਂ ਸਮੁੱਚੇ ਪੂੰਜੀਵਾਦੀ ਸੰਸਾਰ 'ਚ ਫੈਲ ਗਿਆ ਸੀ। ਇਹ ਵਾਧਾ ਕਿਵੇਂ ਫੈਲਿਆ ਇਸ ਦੀ ਚਰਚਾ ਹੁਣ ਨਹੀਂ ਕਿਸੇ ਹੋਰ ਲੇਖ 'ਚ ਕਰਾਂਗੇ। ਰਹੀ ਗੱਲ ਬੇਰੁਜ਼ਗਾਰੀ ਦੇ ਵਾਧੇ ਦੀ। ਇਹ ਇਕ ਪਾਸੇ ਪੂੰਜੀਵਾਦ ਦੇ ਵਿਸ਼ਵੀ ਸੰਕਟ ਅਤੇ ਦੂਜੇ ਪਾਸੇ ਜਾਣ-ਬੁੱਝ ਕੇ ਕੀਤੀ ਗਈ ਰੁਜਗਾਰ ਕਟੌਤੀ ਅਤੇ ਮਜ਼ਦੂਰ ਜਮਾਤ ਦੀ ਕੀਮਤ 'ਤੇ ਸਿੱਕੇ ਦੇ ਪਸਾਰ ਨੂੰ ਠੱਲ੍ਹ ਪਾਉਣ ਦੇ ਸਰਕਾਰਾਂ ਵਲੋਂ ਹਰ ਥਾਂ ਕੀਤੇ ਜਾ ਰਹੇ ਯਤਨਾਂ ਦਾ ਸਾਂਝਾ ਨਤੀਜਾ ਹੈ। ਇਹ ਸਰਕਾਰਾਂ ਵਲੋਂ ਇਸ ਆਸ ਨਾਲ ਕੀਤਾ ਜਾਂਦਾ ਹੈ ਕਿ ਬੇਰੁਜ਼ਗਾਰੀ ਵੱਧਣ ਨਾਲ ਮਜ਼ਦੂਰਾਂ ਦੀ ਸੌਦੇਬਾਜ਼ੀ ਦੀ ਤਾਕਤ ਇੰਨੀ ਘੱਟ ਜਾਵੇਗੀ ਕਿ ਉਹ ਮਹਿੰਗਾਈ ਦੀ ਭਰਪਾਈ ਕਰਨ ਲਈ ਆਪਣੀ ਨਗਦ ਮਜ਼ਦੂਰੀ 'ਚ ਵਾਧਾ ਕਰਾਉਣ ਲਈ ਸੌਦੇਬਾਜ਼ੀ ਕਰਨ ਦੀ ਹਾਲਤ 'ਚ ਹੀ ਨਹੀਂ ਰਹਿਣਗੇ ਅਤੇ ਇੰਜ ਸਿੱਕੇ ਦਾ ਪਸਾਰ ਅੰਤ ਨੂੰ ਹੌਲੀ-ਹੌਲੀ ਖ਼ਤਮ ਹੋ ਜਾਵੇਗਾ।

ਜਿਵੇਂ ਐਰਿਕ ਹੌਬਸਬੌਮ ਵਰਗੇ ਇਤਿਹਾਸਕਾਰਾਂ ਨੇ ਦੱਸਿਆ ਸੀ ਸਨਅਤੀ ਕ੍ਰਾਂਤੀ ਦੇ ਮੁੱਢਲੇ ਸਾਲਾਂ 'ਚ ਪੂੰਜੀਵਾਦ ਦੀ ਪਛਾਣ ਗੁਰਬਤ ਦੇ ਵਾਧੇ ਤੋਂ ਹੀ ਹੁੰਦੀ ਸੀ। ਉਵੇਂ ਹੀ ਪਰਵਰਤੀ ਪੂੰਜੀਵਾਦ ਅੰਦਰ ਵੀ ਅੱਜ ਘੋਰ ਥੁੜਾਂ ਦੇ ਪੱਧਰ 'ਚ ਵਾਧਾ ਦੇਖਿਆ ਜਾ ਰਿਹਾ ਹੈ।

ਜੋਸਫ ਸਟਿਗਲਿਟਜ ਦਾ ਤਰਕ ਸੀ ਕਿ ਅਮਰੀਕੀ ਪੁਰਸ਼ ਕਿਰਤੀ ਦੀ ਔਸਤ ਮਜਦੂਰੀ ਸਾਲ 2011 'ਚ, ਸਾਲ 1968 ਦੇ ਮੁਕਾਬਲੇ ਕੁਝ ਘੱਟ ਸੀ। ਵਰਤਮਾਨ ਸਿੱਕੇ ਦੇ ਪਸਾਰ (ਮਹਿੰਗਾਈ) ਸਦਕਾ ਅੱਜ ਦੀ ਅਸਲ ਮਜ਼ਦੂਰੀ ਨਾ ਕੇਵਲ ਸਾਲ 2011 ਬਲਕਿ 1968 ਨਾਲੋਂ ਵੀ ਘੱਟ ਹੀ ਹੋਵੇਗੀ। ਜਦੋਂ ਅਸੀਂ ਇਸ 'ਚ 1968 ਦੇ ਮੁਕਾਬਲੇ ਅਮਰੀਕਾ ਵਿਚਲੇ ਬੇਰੁਜ਼ਗਾਰੀ ਦੇ ਵਾਧੇ ਨੂੰ ਵੀ ਜੋੜ ਲੈਂਦੇ ਹਾਂ (ਬੇਰੁਜ਼ਗਾਰੀ ਦੇ ਸਰਕਾਰੀ ਅੰਕੜੇ ਇਹ ਤੱਥ ਲੁਕੋ ਦਿੰਦੇ ਹਨ ਕਿਉਂਕਿ ਇਸ ਵਿਚ ਮਜ਼ਦੂਰਾਂ 'ਚ ਪਨਪੇ ਨਿਰਾਸ਼ਾ ਦੇ ਉਸ ਪ੍ਰਭਾਵ ਕਰਕੇ ਜਿਹੜਾ ਉਚੀ ਬੇਰੁਜ਼ਗਾਰੀ ਦੇ ਦੌਰ 'ਚ ਸਰਗਰਮ ਹੁੰਦਾ ਹੈ, ਕਿਰਤ 'ਚ ਮਜ਼ਦੂਰਾਂ ਦੀ ਹਿੱਸੇਦਾਰੀ ਦੀ ਕਟੌਤੀ ਦਾ ਹਿਸਾਬ ਨਹੀਂ ਲਾਇਆ ਜਾਂਦਾ) ਤਾਂ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ ਕਿ ਅਮਰੀਕਾ ਮਜ਼ਦੂਰਾਂ ਦੀ ਕੰਗਾਲੀ ਵਧੀ ਹੈ। ਇਹੋ ਗੱਲ ਬਾਕੀ ਦੇ ਪੂੰਜੀਵਾਦੀ ਦੇਸ਼ਾਂ ਬਾਬਤ ਵੀ ਕਹੀ ਜਾ ਸਕਦੀ ਹੈ।

ਭਾਰਤ ਵਰਗੇ ਅਤੇ ਤੀਜੀ ਦੁਨੀਆ ਦੇ ਬਕਾਇਆ ਦੇਸ਼ਾਂ ਸਬੰਧੀ ਇਸ ਗੱਲ ਦੇ ਠੋਸ ਸਬੂਤ ਹਨ ਕਿ ਉੱਥੋਂ ਦੀ ਆਬਾਦੀ ਦਾ ਪੋਸ਼ਣ ਦਾ ਪੱਧਰ ਨਿੱਘਰਿਆ ਹੈ। ਇਹ ਨਿਘਾਰ, ਖਾਧ ਪਦਾਰਥਾਂ ਦੀ ਪ੍ਰਤੀ ਵਿਅਕਤੀ ਖਪਤ 'ਚ 1980 ਦੇ ਦਹਾਕੇ ਦੇ ਮੁਕਾਬਲੇ ਹੋਈ ਗਿਰਾਵਟ ਰਾਹੀਂ ਬਾਖੂਬੀ ਮਾਪਿਆ ਜਾ ਸਕਦਾ ਹੈ। ਇਸ ਵਿਚ ਖਾਧ ਅਨਾਜਾਂ ਦੀ ਪ੍ਰਤੱਖ ਖਪਤ, ਪਸ਼ੂ ਉਤਪਾਦਨਾਂ ਲਈ ਪਸ਼ੂਆਂ ਦੀ ਖ਼ੁਰਾਕ ਵਜੋਂ ਵਰਤੇ ਜਾਂਦੇ ਖਾਧ ਅਨਾਜ ਅਤੇ ਖਾਧ ਪਦਾਰਥਾਂ ਵਜੋਂ ਡਿੱਬਾ ਬੰਦ ਕੀਤੇ ਜਾਂਦੇ ਖਾਧ ਅਨਾਜ ਸ਼ਾਮਲ ਹਨ।

ਇਸ ਨਾਲ ਆਪਾਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਮਿਹਨਤਕਸ਼ ਜਨਤਾ 'ਚ ਗਰੀਬੀ ਦੇ ਕੁਲ ਪੱਧਰ 'ਚ ਸਪੱਸ਼ਟ ਰੂਪ 'ਚ



ਵਾਧਾ ਹੋਇਆ ਹੈ। ਮਤਲਬ, ਇਸ ਬਾਰੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਪੂੰਜੀਵਾਦੀ ਸੰਸਾਰ ਅੰਦਰ ਮਿਹਨਤਕਸ਼ ਆਵਾਮ 'ਤੇ ਅਤੇ ਸਭ ਤੋਂ ਵੱਧ ਕੇ ਗਰੀਬ ਆਵਾਮ 'ਤੇ ਆਰਥਿਕ ਹਮਲਾ ਹੋ ਰਿਹਾ ਹੈ।

**ਨਵ-ਫਾਸ਼ੀਵਾਦ ਪ੍ਰਣਾਲੀਆਂ ਅਤੇ ਰਾਜਨੀਤਕ ਹਮਲਾ :** ਬਹਰਹਾਲ, ਇਸ ਕਿਸਮ ਦਾ ਆਰਥਿਕ ਹਮਲਾ, ਮਿਹਨਤਕਸ਼ ਜਨਤਾ ਦੇ ਰਾਜਨੀਤਕ ਅਧਿਕਾਰ ਛਾਂਗੇ ਬਗੈਰ ਯਾਨਿ ਨਾਲੋ-ਨਾਲ ਰਾਜਨੀਤਕ ਹਮਲਾ ਕੀਤੇ ਬਿਨਾਂ ਜਾਰੀ ਰੱਖਿਆ ਹੀ ਨਹੀਂ ਜਾ ਸਕਦਾ। ਇਸੇ ਰਾਜਨੀਤਕ ਹਮਲੇ ਨੇ ਨਵ-ਫਾਸ਼ੀਵਾਦ ਦਾ ਰੂਪ ਵਟਾ ਲਿਆ ਹੈ, ਜੋ ਪੂੰਜੀਵਾਦੀ ਸੰਸਾਰ 'ਚ ਵਸੀਹ ਪੈਮਾਨੇ 'ਤੇ ਉੱਭਰਿਆ ਹੈ। ਅੱਜ ਅਨੇਕ ਦੇਸ਼ਾਂ 'ਚ ਨਵ-ਫਾਸ਼ੀਵਾਦੀ ਨੇਤਾ ਸਰਕਾਰਾਂ ਦੇ ਮੁੱਖੀ ਬਣੇ ਬੈਠੇ ਹਨ। ਇਸ ਲਿਸਟ 'ਚ ਅਰਜਨਟਾਈਨਾ ਦੇ ਮਿਲੇਈ ਤੋਂ ਲੈ ਕੇ ਇਟਲੀ ਦੀ ਮਿਲੋਨੀ, ਅਮਰੀਕਾ ਦਾ ਟਰੰਪ, ਭਾਰਤ ਦਾ ਮੋਦੀ, ਹੰਗਰੀ ਦਾ ਓਰਬਨ, ਤੁਰਕੀਏ ਦਾ ਐਦੋਰਗਨ ਤਾਈਂ ਸ਼ਾਮਲ ਹਨ। ਅਤੇ ਕਹਿਣ ਦੀ ਲੋੜ ਨਹੀਂ ਨੇਤਨਯਾਹੂ ਵੀ, ਹਾਲਾਂਕਿ ਉਹ ਇਕ ਵੱਖਰੀ ਸ਼ ?ਰੇਣੀ 'ਚ ਆਉਂਦਾ ਹੈ। ਇਸ ਤੋਂ ਛੁੱਟ ਦੂਜੇ ਅਨੇਕ ਦੇਸ਼ਾਂ 'ਚ ਨਵ ਫਾਸ਼ੀਵਾਦੀ ਤਾਕਤਾਂ ਸੱਤਾ ਹਾਸਲ ਕਰਨ ਦੇ ਮੌਕੇ ਦੀ ਉਡੀਕ 'ਚ ਬੈਠੀਆਂ ਹਨ। ਮਿਸਾਲ ਵਜੋਂ ਜਰਮਨੀ ਦੀ ਏਐਫਡੀ ਅਤੇ ਫਰਾਂਸ ਦੀ ਮੇਰੀਨ ਲਾ ਪੇਨ ਦੀ ਪਾਰਟੀ। ਫਰਾਂਸ ਵਾਲਿਆਂ ਦਾ ਰਾਹ ਤਾਂ ਹੁਣ ਤਾਈਂ ਇਕਜੁਟ ਖੱਬੇ ਪੱਖ ਨੇ ਰੋਕਿਆ ਹੋਇਆ ਹੈ।

ਇਨ੍ਹਾਂ ਨਵ ਫਾਸ਼ੀਵਾਦੀ ਪ੍ਰਣਾਲੀਆਂ ਵਲੋਂ ਮਿਹਨਤਕਸ਼ ਆਵਾਮ 'ਤੇ ਕੀਤੇ ਜਾਂਦੇ ਰਾਜਨੀਤਕ ਹਮਲਿਆਂ ਜਰੀਏ ਮਜ਼ਦੂਰਾਂ ਤੇ ਉਨ੍ਹਾਂ ਦੀਆਂ ਟਰੇਡ ਯੂਨੀਅਨਾਂ ਦੇ ਸਿੱਧੇ ਦਮਨ ਅਤੇ ਮਜ਼ਦੂਰਾਂ ਅਧਿਕਾਰਾਂ ਨੂੰ ਕਾਨੂੰਨੀ ਰੂਪ 'ਚ ਛਾਂਗਣ ਯੋਗ ਆਮ ਰਾਏ (ਬਿਰਤਾਂਤ) ਸਿਰਜ ਕੇ ਕੀਤਾ ਜਾਂਦਾ ਹੈ ਅਤੇ ਠੀਕ ਇਉਂ ਹੀ ਕੀਤਾ ਜਾ ਰਿਹਾ ਹੈ, ਕਿਸੇ ਬੇਆਸਰਾ ਘੱਟ ਗਿਣਤੀ ਸਮੂਹ ਨੂੰ ਬੇਗਾਨਾ ਬਣਾਉਣ ਅਤੇ ਉਸ ਖਿਲਾਫ ਬਹੁ ਗਿਣਤੀ ਦੇ ਮਨਾਂ 'ਚ ਨਫ਼ਰਤ ਪੈਦਾ ਕਰਨ ਰਾਹੀਂ।

ਆਮ ਬਿਰਤਾਂਤ 'ਚ ਇਸ ਕਿਸਮ ਦੀ ਤਬਦੀਲੀ ਨਾ ਕੇਵਲ ਮਿਹਨਤਕਸ਼ ਆਵਾਮ ਦੀ ਰੋਜ ਮਰਾ ਦੀ ਭੌਤਿਕ ਜ਼ਿੰਦਗੀ ਦੇ ਮੁੱਦੇ ਪਿਛੇ ਧੱਕਣ ਦਾ ਕੰਮ ਕਰਦੀ ਹੈ ਬਲਕਿ ਇਨ੍ਹਾਂ ਨੂੰ ਧਾਰਮਿਕ ਜਾਂ ਨਸਲੀ ਆਧਾਰ 'ਤੇ (ਜਿਸ ਦੇ ਅਧਾਰ 'ਤੇ ਇਨ੍ਹਾਂ ਨੂੰ ਬੇਗਾਨੇ ਬਣਾਇਆ ਹੁੰਦਾ ਹੈ) ਵੰਡਣ ਦਾ ਕੰਮ ਵੀ ਕਰਦੀ ਹੈ। ਇਹ ਉਨ੍ਹਾਂ ਨੂੰ ਆਪਣੇ ਉੱਪਰ ਥੋਪੀ ਗਈ ਆਰਥਿਕ ਥੁੜੋਂ ਦੇ ਖ਼ਿਲਾਫ਼ ਇੱਕਜੁਟ ਪ੍ਰਤੀਰੋਧ ਉਸਾਰਨ ਦੇ ਅਯੋਗ ਬਣਾ ਦਿੰਦੀ ਹੈ।

**ਮਿਹਨਤਕਸ਼ਾਂ 'ਤੇ ਵਿਚਾਰਧਾਰਕ ਹਮਲਾ :** ਬਹਰਹਾਲ, ਹੁਣ ਜੋ ਤੱਥ ਉਚੇਚਾ ਧਿਆਨ ਖਿੱਚਣ ਯੋਗ ਬਣ ਗਿਆ ਹੈ, ਉਹ ਹੈ ਮਿਹਨਤਕਸ਼ ਜਨਤਾ 'ਤੇ ਕੀਤੇ ਗਏ ਇਸ ਆਰਥਿਕ ਤੇ ਰਾਜਨੀਤਕ ਹਮਲੇ ਤੋਂ ਅਲਹਿਦਾ ਕੀਤਾ ਗਿਆ ਵਿਚਾਰਧਾਰਕ ਹਮਲਾ। ਇਹ ਕਿਸੇ ਐਰੇ-ਗੈਰੇ ਵਲੋਂ ਗਾਹੇ-ਬਗਾਹੇ ਕੀਤੀਆਂ ਜਾਂਦੀਆਂ ਟਿੱਪਣੀਆਂ ਤੱਕ ਸੀਮਤ ਨਹੀਂ ਹੈ। ਇੰਜ ਦੀਆਂ ਕਿਰਤੀ ਵਿਰੋਧੀ, ਲੋਕ ਵਿਰੋਧੀ ਟਿੱਪਣੀਆਂ ਸੰਸਾਰ ਭਰ 'ਚ ਕੀਤਿਆਂ ਜਾ ਰਹੀਆਂ ਹਨ। ਇਹ ਮਿਹਨਤਕਸ਼ ਆਵਾਮ 'ਤੇ ਵਿਚਾਰਧਾਰਕ ਹਮਲੇ ਲਈ ਹਾਲਾਤ ਨਾਲ ਜੁੜੇ ਸੰਯੋਗ ਦੇ ਉਭਾਰ ਵੱਲ ਸੰਕੇਤ ਕਰਦਾ ਹੈ।

ਭਾਰਤ ਅੰਦਰ, ਇਸ ਆਰਥਕ ਥੁੜੋਂ ਦੇ ਸਾਹਮਣੇ ਵੰਨ ਸੁਵੰਨੇ ਰਾਜਨੀਤਕ ਢਾਂਚੇ, ਜੋ ਇਕ ਅਜਿਹੀ ਰਾਜਨੀਤਕ ਵਿਵਸਥਾ ਦੇ ਦਾਇਰੇ ਅੰਦਰ ਸੱਤਾ ਪ੍ਰਾਪਤੀ ਲਈ ਯਤਨਸ਼ੀਲ ਹੁੰਦੇ ਹਨ, ਜਿਹੜੀ ਵਧਦਾ ਹੋਇਆ ਰੁਜ਼ਗਾਰ ਸਿਰਜਣ ਪੱਖੋ ਅਸਮਰੱਥ ਹੈ। ਇਹ ਜਨਤਾ ਦੇ ਪੱਖ 'ਚ ਵੰਨ-ਸੁਵੰਨੇ ਤਬਾਦਲਿਆਂ ਜਾਂ ਸਹੂਲਤਾਂ (ਕੁੱਝ ਲੋਕ ਇਸ ਨੂੰ ਪ੍ਰਲੋਭਣ ਜਾਂ ਫ ?ਰੀ ਬੀਜ਼ ਵੀ ਕਹਿੰਦੇ ਹਨ) ਦੀ ਪੇਸ਼ਕਸ਼ ਕਰ ਰਹੇ ਹਨ।

ਬਿਨਾਂ ਸ਼ੱਕ ਇਹ ਤਬਾਦਲੇ ਆਪਣੇ-ਆਪ 'ਚ ਬਹੁਤ ਮਾਮੂਲੀ ਹਨ, ਜੋ ਜਨਤਾ ਦੇ ਆਰਥਿਕ ਕੰਗਾਲੀਕਰਨ ਦੀ ਕਾਟ ਕਰਨ ਦੇ ਅਸਮਰੱਥ ਹਨ। ਨਹੀਂ ਤਾਂ ਸਾਨੂੰ ਪੋਸ਼ਣ ਸਬੰਧੀ ਕਟੌਤੀ ਦੇਖਣ ਨੂੰ ਨਾ ਮਿਲ ਰਹੀ ਹੁੰਦੀ, ਜਿਸ ਦਾ ਪਿੱਛੇ ਜ਼ਿਕਰ ਕੀਤਾ ਗਿਆ ਹੈ।

ਫਿਰ ਵੀ ਇਨ੍ਹਾ ਤਬਾਦਲਿਆਂ 'ਤੇ ਸੱਤਾਧਾਰੀ ਨਵ-ਫਾਸ਼ੀਵਾਦੀਆਂ ਵਲੋਂ, ਖਾਸ ਕਰਕੇ ਪ੍ਰਧਾਨ ਮੰਤਰੀ ਮੋਦੀ ਵਲੋਂ 'ਮੁਫਤ ਦੀਆਂ ਰਿਉੜੀਆਂ' ਕਹਿ ਕੇ ਹਮਲੇ ਕੀਤੇ ਜਾਂਦੇ ਹਨ। ਹਾਲਾਂਕਿ ਸੱਤਾਧਾਰੀ ਦਲ ਨੂੰ ਹੁਣ ਆਪ ਵੀ ਚੋਣ ਮਜ਼ਬੂਰੀਆਂ ਕਰਕੇ ਲੋਕਾਂ ਨੂੰ ਇਹੋ ਸਹੂਲਤਾਂ ਦੀ ਪੇਸ਼ਕਸ਼ ਕਰਨੀ ਪੈ ਰਹੀ ਹੈ। ਇਸ ਲਈ ਇਨ੍ਹਾਂ ਸਹੂਲਤਾਂ ਜਾਂ ਤਬਾਦਲਿਆਂ 'ਤੇ ਹਮਲਾ ਬੋਲਣ ਦਾ ਜਿੰਮਾਂ ਹੁਣ ਹੋਰਾਂ ਨੇ ਆਪਣੇ ਸਿਰ ਲੈ ਲਿਆ ਹੈ।

ਇਕ ਕਾਰੋਬਾਰੀ ਨੌਕਰਸ਼ਾਹ, ਜਿਸਨੇ ਪਿਛਲੇ ਦਿਨੀਂ ਮਜ਼ਦੂਰਾਂ ਲਈ 90 ਘੰਟਿਆਂ ਦੇ ਕੰਮ ਹਫਤੇ ਦੀ ਮੰਗ ਕੀਤੀ ਸੀ, ਅਖਾੜੇ 'ਚ ਕੁਦ ਪਿਆ ਹੈ। ਉਸਨੇ ਦਾਅਵਾ ਕੀਤਾ ਹੈ ਕਿ ਇਸ ਤਰ੍ਹਾਂ ਦੀਆਂ ਸਹੂਲਤਾਂ, ਜਾਂ ਉਸੇ ਦੇ ਸ਼ਬਦਾਂ 'ਚ ਕਹੀਏ ਤਾਂ 'ਮੁਫਤ ਦੀਆਂ ਰਿਉੜੀਆਂ', ਲੋਕਾਂ ਨੂੰ ਕੰਮ ਨਾ ਕਰਨ ਲਈ ਪ੍ਰੇਰਿਤ ਕਰਦੀਆਂ ਹਨ।

ਅਤੇ, ਹੁਣ ਸਰਵ ਉੱਚ ਅਦਾਲਤ ਦਾ ਇਕ ਜੱਜ ਵੀ ਇਸ 'ਸਮੂਹ ਗਾਣ' 'ਚ ਸ਼ਾਮਲ ਹੋ ਗਿਆ ਹੈ। ਉਸਨੇ ਇਹ ਇਸ਼ਾਰਾ ਕੀਤਾ ਹੈ ਕਿ ਇਸ ਤਰ੍ਹਾਂ ਦੀਆਂ ਸਹੂਲਤਾਂ ਲੋਕਾਂ ਨੂੰ ਕੰਮ ਕਰਨ ਤੋਂ ਰੋਕਦੀਆਂ ਹਨ ਕਿਉਂਕਿ ਲੋਕ ਬਿਨਾਂ ਕੁਛ ਕੀਤੇ ਹੀ ਘਰੀਂ ਬੈਠੇ ਰਹਿ ਸਕਦੇ ਹਨ ਅਤੇ 'ਮੁਫਤ ਦੀਆਂ ਰਿਉੜੀਆਂ' ਦਾ ਲਾਹਾ ਲੈ ਸਕਦੇ ਹਨ।

# ਅਨੋਖਾ ਸ.ਫਰ

ਰਣਧੀਰ ਗਿੱਲਪੱਤੀ

ਜ਼ਰਾ ਸੋਚ ਕੇ ਦੇਖੋ ਕਿ ਕੀ ਇੱਕੋ ਕਾਰ ਵਿੱਚ ਇਕੱਠੇ ਸਫ਼ਰ ਕਰਦੇ ਹੋਏ ਦੋ ਮੁਸਾਫ਼ਰਾਂ ਦਾ ਵੱਖ ਵੱਖ ਰਫ਼ਤਾਰ ਨਾਲ ਵੱਖ ਵੱਖ ਦੂਰੀ ਤੈਅ ਕਰਨਾ ਸੰਭਵ ਹੈ, ਤੁਹਾਨੂੰ ਇਹ ਸਵਾਲ ਹੀ ਬੇਹੂਦਾ ਲਗਦਾ ਹੋਵੇਗਾ ਤੇ ਤੁਸੀਂ ਸਵਾਲ ਕਰਨ ਵਾਲੇ ਦੀ ਦਿਮਾਗੀ ਹਾਲਤ ਬਾਰੇ ਸ਼ੱਕ ਕਰਨ ਲੱਗੋਗੇ। ਚਲੋ ਇਹ ਨਾ ਸਹੀ, ਹੁਣ ਜੇਕਰ ਇੱਕੋ ਬੱਸ ਵਿੱਚ ਇੱਕ ਮੁਸਾਫ਼ਰ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਬੈਠਾ ਹੋਵੇ ਤੇ ਦੂਜਾ ਸਭ ਤੋਂ ਪਿਛਲੀ ਸੀਟ 'ਤੇ ਬੈਠੇ ਤਾਂ ਕੀ ਉਹ ਦੋਵੇਂ ਵੱਖ ਵੱਖ ਗਤੀ 'ਤੇ ਚਲਦੇ ਹੋਏ ਅਲੱਗ ਅਲੱਗ ਦੂਰੀ ਤੈਅ ਕਰ ਸਕਦੇ ਹਨ, ਹੁਣ ਤੁਹਾਨੂੰ ਸਵਾਲ ਕਰਨ ਵਾਲੇ 'ਤੇ ਖਿਝ ਆਉਣ ਲੱਗੇਗੀ ਕਿਉਂਕਿ ਕਿਸੇ ਇੱਕੋ ਵਾਹਨ 'ਤੇ ਸਵਾਰ ਹੋ ਕੇ ਯਾਤਰਾ ਕਰਨ ਵਾਲੇ ਵਿਅਕਤੀ ਬਰਾਬਰ ਗਤੀ 'ਤੇ ਚਲਦੇ ਹੋਏ ਬਰਾਬਰ ਦੀ ਦੂਰੀ ਤੈਅ ਕਰਦੇ ਹਨ।

ਪਰ ਪ੍ਰਿਥਵੀ ਦੀ ਆਪਣੀ ਧੁਰੀ ਦੁਆਲੇ ਘੁੰਮਣ ਦੀ ਦੈਨਿਕ ਗਤੀ ਦੇ ਜ਼ਰੀਏ ਵੱਖ ਵੱਖ ਖੇਤਰਾਂ ਦੇ ਜੀਵਾਂ ਵਾਸਤੇ ਉਪਰੋਕਤ ਕਾਰ ਜਾਂ ਬਸ ਵਾਲਾ ਫਾਰਮੂਲਾ ਲਾਗੂ ਨਹੀਂ ਹੁੰਦਾ। ਇੱਕ ਸਮਾਨ ਸਮੇਂ ਦੌਰਾਨ ਭੂਮੱਧ ਰੇਖਾ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਦੇ ਮੁਕਾਬਲੇ ਧਰੁਵਾਂ ਨੇੜਲੇ ਲੋਕ ਘੱਟ ਰਫ਼ਤਾਰ ਨਾਲ ਘੱਟ ਫਾਸਲਾ ਤੈਅ ਕਰਦੇ ਹਨ। ਆਓ ਇਸ ਤੱਥ ਨੂੰ ਸਮਝਣ ਵਾਸਤੇ ਕੁੱਝ ਮਿਸਾਲਾਂ 'ਤੇ ਝਾਤ ਮਾਰੀਏ। ਸਾਡੇ ਵਿੱਚੋਂ ਬਹੁਤਿਆਂ ਨੇ ਕਿਸਾਨਾਂ ਨੂੰ ਬਲਦਾਂ ਨਾਲ ਫਸਲ ਦੀ ਗਹਾਈ ਕਰਦੇ ਦੇਖਿਆ ਹੋਵੇਗਾ। ਤਿੰਨ ਜਾਂ ਚਾਰ ਬਲਦ ਇੱਕੋ ਰੱਸੇ ਦੀ ਪੰਜਾਲੀ ਵਿੱਚ ਜੁੜ ਕੇ ਗੋਲ ਘੇਰੇ ਵਿੱਚ ਘੁੰਮਦੇ ਹੋਏ ਗਹਾਈ ਕਰਨ ਲਗਦੇ ਹਨ ਤਾਂ ਸਭ ਤੋਂ ਉਤਲੇ ਪਾਸੇ ਜੁੜੇ ਬਲਦ ਨੂੰ ਸਭ ਤੋਂ ਜ਼ਿਆਦਾ ਤੇਜ਼ ਚਲਦੇ ਹੋਏ ਜਿਆਦਾ ਫ਼ਾਸਲਾ ਤੈਅ ਕਰਨਾ ਪੈਂਦਾ ਹੈ ਕਿਉਂਕਿ ਉਸ ਨੂੰ ਹੇਠਲੇ ਬਲਦ ਦੇ ਮੁਕਾਬਲੇ ਵੱਡਾ ਘੇਰਾ ਤੈਅ ਕਰਨਾ ਪੈਂਦਾ ਹੈ। ਇਸਦੀ ਨਿਸਬਤ ਸਭ ਤੋਂ ਹੇਠਲੇ ਪਾਸੇ ਵਾਲੇ ਬਲਦ ਦੀ ਰਫ਼ਤਾਰ ਤੇ ਤੈਅ ਕੀਤਾ ਫਾਸਲਾ ਦੋਵੇਂ ਘੱਟ ਹੁੰਦੇ ਹਨ। ਇਹ ਵਰਤਾਰਾ ਟਰੈਕਟਰ ਨਾਲ ਗਹਾਈ ਕਰਦੇ ਸਮੇਂ ਅੰਦਰਲੇ ਪਾਸੇ ਦੇ ਪਹੀਆਂ ਦੀ ਨਿਸਬਤ ਬਾਹਰਲੇ ਪਾਸੇ ਦੇ ਪਹੀਆਂ ਨੂੰ ਵੱਧ ਫਾਸਲਾ ਤੈਅ ਕਰਦੇ ਹੋਏ ਵੀ ਦੇਖ ਸਕਦੇ ਹਾਂ। ਇਸੇ ਤਰ੍ਹਾਂ ਖੇਡ ਮੈਦਾਨ ਦੀ ਅੰਡਾਕਾਰ ਟਰੈਕ ਵਿੱਚ ਦੌੜ ਲਈ ਤਿਆਰ ਖੜ੍ਹੇ ਅਥਲੀਟਾਂ ਦੀ ਸ਼ੁਰੂਆਤੀ ਸਥਿਤੀ ਵੀ ਇਸ ਗੱਲ ਨੂੰ ਸਮਝਣ ਵਿੱਚ ਸਹਾਈ ਹੋ ਸਕਦੀ ਹੈ। ਟਰੈਕ ਦੀ ਅੰਦਰਲੀ ਲੇਨ ਵਿੱਚ ਖੜ੍ਹੇ ਦੌੜਾਕ ਵੱਲੋਂ ਤੈਅ ਕੀਤੀ ਜਾਣ ਵਾਲੀ ਦੂਰੀ ਨੂੰ ਦੂਜੇ ਦੌੜਾਕਾਂ ਦੇ ਬਰਾਬਰ ਰੱਖਣ ਵਾਸਤੇ ਬਾਹਰਲੀਆਂ ਲੇਨਾਂ ਦੇ ਦੌੜਾਕਾਂ ਨੂੰ ਤਰਤੀਬਵਾਰ ਥੋੜ੍ਹਾ ਥੋੜ੍ਹਾ ਅੱਗੇ ਕਰਕੇ ਖੜ੍ਹਾਇਆ ਜਾਂਦਾ ਹੈ ਕਿਉਂਕਿ ਬਾਹਰ ਵੱਲ ਜਾਂਦੀਆਂ ਲੇਨਾਂ ਦਾ ਘੇਰਾ ਵਧਦਾ ਜਾਂਦਾ ਹੈ।

ਆਓ ਹੁਣ ਪ੍ਰਿਥਵੀ ਦੇ ਮਾਮਲੇ ਨੂੰ ਵਿਚਾਰੀਏ। ਸਾਡੀ ਪ੍ਰਿਥਵੀ ਲਗਭਗ ਸੰਤਰੇ ਜਾਂ ਨਾਰੰਗੀ ਵਾਂਗ ਗੋਲ ਹੈ ਤੇ ਇਸਦੀ ਆਪਣੀ ਧੁਰੀ ਦੁਆਲੇ ਘੁੰਮਣ ਦੀ ਤੇਜ਼ ਰਫਤਾਰ ਕਾਰਣ ਇਹ ਵਿਚਕਾਰੋਂ ਕੁੱਝ ਉਭਰੀ ਹੋਈ ਹੈ। ਇਸਦੇ ਵੱਖ ਵੱਖ ਖੇਤਰਾਂ ਦੀ ਸਟੀਕ ਨਿਸ਼ਾਨ ਦੇਹੀ ਤੇ ਜਾਣਕਾਰੀ ਲਈ ਇਸਨੂੰ ਵਿਗਿਆਨੀਆਂ ਨੇ ਪੂਰਬ ਪੱਛਮ ਤੇ ਉਤਰ ਦੱਖਣ ਦਿਸ਼ਾਵਾਂ ਵੱਲ ਫ਼ਰਜ਼ੀ ਰੇਖਾਵਾਂ ਨਾਲ ਵੰਡਿਆ ਹੋਇਆ ਹੈ। ਪ੍ਰਿਥਵੀ ਦੇ ਐਨ ਵਿਚਕਾਰੋਂ ਇੱਕ ਫ਼ਰਜ਼ੀ ਲਾਈਨ ਭੂ-ਮੱਧ ਰੇਖਾ (Equator) ਲੰਘਦੀ ਹੈ ਜੋ ਇਸਨੂੰ ਉਤਰੀ ਤੇ ਦੱਖਣੀ ਦੇ ਅਰਧ ਗੋਲਿਆਂ ਵਿੱਚ ਵੰਡਦੀ ਹੈ। ਲੰਡਨ ਵਿੱਚੋਂ ਲੰਘਦੀ ਤੇ ਦੋਵਾਂ ਧਰੁਵਾਂ ਤੱਕ ਪਹੁੰਚਦੀ ਫ਼ਰਜ਼ੀ ਰੇਖਾ ਜ਼ੀਰੋ ਮੈਰੀਡੀਅਨ ਹੈ ਤੇ ਇਸਦੇ 180 ਦਰਜੇ ਪੂਰਬ ਵੱਲ ਤੇ 180 ਦਰਜੇ ਪੱਛਮ ਵੱਲ ਦੋਵਾਂ ਧਰੁਵਾਂ ਨੂੰ ਜੋੜਨ ਵਾਲੀਆਂ ਰੇਖਾਵਾਂ ਹਨ ਜਿਨ੍ਹਾਂ ਨੂੰ ਦੇਸ਼ਾਂਤਰ ਰੇਖਾਵਾਂ (Longitudes) ਕਹਿੰਦੇ ਹਨ । ਇਸਤੋਂ ਬਿਨ੍ਹਾਂ ਭੂ-ਮੱਧ ਰੇਖਾ ਦੇ ਸਮਾਨਅੰਤਰ ਉੱਤਰੀ ਅਤੇ ਦੱਖਣੀ ਧਰੁਵ ਵੱਲ 90-90 ਦਰਜੇ ਤੱਕ ਫ਼ਰਜ਼ੀ ਰੇਖਾਵਾਂ ਮਿਥੀਆਂ ਗਈਆਂ ਹਨ ਜਿਨ੍ਹਾਂ ਨੂੰ ਅਕਸ਼ਾਂਸ਼ ਰੇਖਾਵਾਂ (Latitudes) ਕਿਹਾ ਜਾਂਦਾ ਹੈ । ਭੂ-ਮੱਧ ਰੇਖਾ ਉੱਪਰ ਪ੍ਰਿਥਵੀ ਦਾ ਘੇਰਾ 40075,017 ਕਿਲੋਮੀਟਰ ਹੈ। ਪ੍ਰਿਥਵੀ ਦਾ ਧਰਾਤਲ ਗੋਲ ਹੋਣ ਕਰਕੇ ਭੂ-ਮੱਧ ਰੇਖਾ ਤੋਂ ਉਤਰੀ ਜਾਂ ਦੱਖਣੀ ਧਰੁਵਾਂ ਵੱਲ ਵਧਦੇ ਅਕਸ਼ਾਂਸ਼ਾਂ 'ਤੇ ਇਹ ਘੇਰਾ ਘਟਦਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਭੂ-ਮੱਧ ਰੇਖਾ ਤੋਂ 45 ਡਿਗਰੀ ਉੱਤਰੀ ਤੇ ਦੱਖਣੀ ਅਕਸ਼ਾਂਸ਼ਾਂ 'ਤੇ ਪ੍ਰਿਥਵੀ ਦਾ ਘੇਰਾ 28290 ਕਿਲੋਮੀਟਰ ਅਤੇ 60 ਦਰਜੇ ਅਕਸ਼ਾਂਸ਼ਾਂ 'ਤੇ 19200 ਕਿਲੋਮੀਟਰ ਹੀ ਰਹਿ ਜਾਂਦਾ ਹੈ। ਇਸ ਤੋਂ ਉੱਪਰ ਧਰੁਵਾਂ ਵੱਲ ਘੇਰਾ ਹੋਰ ਵੀ ਘੱਟ ਜਾਂਦਾ ਹੈ।

ਅਸੀਂ ਜਾਣਦੇ ਹਾਂ ਕਿ ਪ੍ਰਿਥਵੀ ਆਪਣੀ ਧੁਰੀ ਦੁਆਲੇ ਲਗਭਗ 24 ਘੰਟਿਆਂ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ। ਭੂ-ਮੱਧ ਰੇਖਾ 'ਤੇ ਇਹ 24 ਘੰਟੇ ਵਿੱਚ ਕਰੀਬ 1669 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ 40075.017 ਕਿਲੋਮੀਟਰ ਫਾਸਲਾ ਤੈਅ ਕਰਦੀ ਹੈ। ਇਸਦਾ ਮਤਲਬ ਇਹ ਹੋਇਆ ਕਿ ਭੂ-ਮੱਧ ਰੇਖੀ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਵੀ ਉਕਤ ਰਫ਼ਤਾਰ ਨਾਲ ਇੰਨਾ ਹੀ ਸਰ ਕਰਦੇ ਹਨ। ਪਰ 45 ਦਰਜੇ ਅਕਸ਼ਾਂਸ਼ ਉੱਤਰ ਅਤੇ ਦੱਖਣ ਵਿੱਚ ਰਹਿਣ ਵਾਲੇ ਲੋਕ 24 ਘੰਟਿਆਂ ਵਿੱਚ 1178.75 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਸਿਰਫ਼ 28290 ਕਿਲੋਮੀਟਰ ਫਾਸਲਾ ਤੈਅ ਕਰਦੇ ਹਨ। ਇਸੇ ਤਰ੍ਹਾਂ 60 ਦਰਜੇ ਉੱਤਰ ਤੇ ਦੱਖਣ ਅਕਸ਼ਾਂਸ ਖੇਤਰਾਂ ਦੇ ਵਸਨੀਕ ਹੋਰ ਵੀ ਘੱਟ ਕੇਵਲ 800 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਚੌਵੀ ਘੰਟਿਆਂ ਵਿੱਚ 19200 ਕਿਲੋਮੀਟਰ ਸਫ਼ਰ ਕਰਦੇ ਹਨ। ਇਸ ਹਿਸਾਬ ਨਾਲ ਦੇਖਿਆਂ ਕਰੀਬ 31 ਦਰਜੇ ਉੱਤਰੀ ਅਕਸ਼ਾਂਸ਼ ਵਿੱਚ ਰਹਿ ਰਹੇ ਅਸੀਂ ਪੰਜਾਬ ਦੇ ਵਸਨੀਕ ਭੂ-ਮੱਧ ਰੇਖਾ ਖੇਤਰ ਦੇ ਨੇੜੇ ਸਥਿਤ ਕੇਰਲਾ ਦੇ ਲੋਕਾਂ ਨਾਲੋਂ ਘੱਟ ਗਤੀ ਤੇ ਘੁੰਮਦੇ ਹਾਂ ਅਤੇ 34.22 ਦਰਜੇ 'ਤੇ ਸਥਿਤ ਲਦਾਖ ਵਾਲੇ ਸਾਡੇ ਨਾਲੋਂ ਵੀ ਹੌਲੀ ਘੁੰਮਦੇ ਹਨ। ਕਰੀਬ 56 ਦਰਜੇ ਉੱਤਰ ਵੱਲ ਸਥਿਤ ਮਾਸਕੋ ਦੇ ਵਾਸੀ ਹੋਰ ਵੀ ਜ਼ਿਆਦਾ ਸੁਸਤ ਰਫ਼ਤਾਰ 'ਤੇ ਚਲਦੇ ਹੋਏ ਭੂਮੱਧੀ ਖੇਤਰ ਦੇ ਮੁਕਾਬਲੇ ਕਰੀਬ ਅੱਧੀ ਰਫ਼ਤਾਰ ਨਾਲ ਹੀ ਪ੍ਰਿਥਵੀ ਦੀ ਦੈਨਿਕ ਗਤੀ ਦਾ ਇੱਕ ਚੱਕਰ ਪੂਰਾ ਕਰਦੇ ਹਨ। ਦੱਖਣੀ ਧਰੁਵ ਦੇ ਦੁਆਲੇ ਸਥਿਤ ਅੰਟਾਰਕਟਿਕਾ ਮਹਾਂਦੀਪ ਵਿੱਚ ਖੋਜ ਕਾਰਜਾਂ ਲਈ ਗਏ ਵਿਗਿਆਨੀ ਅਤੇ ਉਤਰੀ ਧਰੁਵ ਦੇ ਦੁਆਲੇ ਸਥਿਤ ਆਰਕਟਿਕ ਸਾਗਰ ਦੇ ਬਰਫਾਨੀ ਖੇਤਰ ਦੇ ਜੀਵ ਭੂ-ਮੱਧ ਰੇਖੀ ਖੇਤਰ ਦੀ ਨਿਸਬਤ ਬਹੁਤ ਘੱਟ ਗਤੀ ਨਾਲ ਪ੍ਰਿਥਵੀ ਦੀ ਧੁਰੀ ਦੁਆਲੇ ਚੱਕਰ ਪੂਰਾ ਕਰਦੇ ਹਨ। ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਇੱਕੋ ਪ੍ਰਿਥਵੀ ਤੇ ਸਵਾਰ ਲੋਕ ਵੱਖ ਵੱਖ ਗਤੀ ਨਾਲ ਸਫ਼ਰ ਕਰਦੇ ਹੋਏ ਵੱਖ ਵੱਖ ਫਾਸਲਾ ਤੈਅ ਕਰ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਪ੍ਰਿਥਵੀ ਦੇ ਧਰਾਤਲ ਤੇ ਰਹਿੰਦੇ ਹੋਏ ਅਸੀਂ ਇਸਦੀ ਦੈਨਿਕ ਗਤੀ ਨਾਲ ਇੱਕਮਿੱਕ ਹੋਏ ਰਹਿੰਦੇ ਹਾਂ ਤੇ ਸਾਨੂੰ ਇਸ ਸਫ਼ਰ ਦਾ ਭੋਰਾ ਭਰ ਵੀ ਅਹਿਸਾਸ ਨਹੀਂ ਹੁੰਦਾ।

98556-56156

## ਹਿਮਾਂਸ਼ੂ ਕੁਮਾਰ ਦੀ ਪੰਜਾਬ ਫੇਰੀ ਦਾ ਸੰਦੇਸ਼:

# ਭਗਵਾ ਹਕੂਮਤ 'ਮੁਕਾਬਲਿਆਂ' ਦੇ ਨਾਂ 'ਤੇ ਕਤਲੇਆਮ ਅਤੇ ਉਜਾੜਾ ਬੰਦ ਕਰੇ





-ਬੂਟਾ ਸਿੰਘ ਮਹਿਮੂਦਪੁਰ

ਉੱਘੇ ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਨੇ 22 ਮਾਰਚ ਤੋਂ 8 ਅਪ੍ਰੈਲ ਤੱਕ ਪੰਜਾਬ ਵਿਚ 'ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ' ਦੇ ਸੱਦੇ 'ਤੇ ਵੱਖ-ਵੱਖ ਥਾਵਾਂ ਉੱਪਰ ਜਨਤਕ ਇਕੱਠਾਂ ਨੂੰ ਸੰਬੋਧਨ ਕੀਤਾ। ਇਹ ਮੁਹਿੰਮ ਪੰਜਾਬ ਦੇ ਲੋਕਾਂ ਨੂੰ ਆਦਿਵਾਸੀਆਂ ਦੀ ਨਸਕਲੁਸ਼ੀ, ਉਜਾੜੇ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਬਾਰੇ ਜਾਗਰੂਕ ਕਰਨ ਲਈ ਚਲਾਈ ਗਈ ਸੀ, ਜੋ ਕਿ ਕੇਂਦਰ ਸਰਕਾਰ ਵੱਲੋਂ 'ਵਿਕਾਸ' ਦੇ ਨਾਂ 'ਤੇ ਕਾਰਪੋਰੇਟ ਧਾੜਵੀਆਂ ਦਾ ਆਦਿਵਾਸੀ ਇਲਾਕਿਆਂ ਦੇ ਕੁਦਰਤੀ ਵਸੀਲਿਆਂ, ਜੰਗਲਾਂ, ਜ਼ਮੀਨਾਂ ਅਤੇ ਖਣਿਜਾਂ 'ਤੇ ਕਬਜ਼ਾ ਕਰਾਉਣ ਲਈ ਕੀਤਾ ਜਾ ਰਿਹਾ ਹੈ।

ਇਸ ਫੇਰੀ ਦੀ ਸ਼ੁਰੂਆਤ 22 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਨਮ ਧਰਤੀ ਖਟਕੜ ਕਲਾਂ ਤੋਂ ਹੋਈ। ਉੱਥੇ ਹਿਮਾਂਸ਼ੂ ਕੁਮਾਰ ਜੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿਚ ਸ਼ਹੀਦੀ ਯਾਦਗਾਰ ਕਮੇਟੀ, ਬੰਗਾ ਵੱਲੋਂ ਹਰ ਸਾਲ ਆਯੋਜਤ ਕੀਤੇ ਜਾਂਦੇ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਬੁਲਾਵਾ ਦਿੱਤਾ।

ਅਗਲੇ ਦਿਨ, ਇਹ ਕਾਫ਼ਲਾ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ਼ ਦੇ ਪਿੰਡ ਤਲਵੰਡੀ ਸਲੇਮ ਪਹੁੰਚਿਆ। ਉੱਥੇ ਸ਼ਹੀਦ ਪਾਸ਼-ਹੰਸ ਰਾਜ ਸਮੇਤ 23 ਮਾਰਚ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਆਯੋਜਤ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਹਿਮਾਂਸ਼ੂ ਕੁਮਾਰ ਨੇ ਕਾਰਪੋਰੇਟ 'ਵਿਕਾਸ' ਮਾਡਲ ਥੋਪਣ ਦੇ ਉਦੇਸ਼ ਨਾਲ ਹਕੂਮਤ ਵੱਲੋਂ ਆਦਿਵਾਸੀਆਂ ਅਤੇ ਇਨਕਲਾਬੀ ਕਾਰਕੁਨਾਂ ਦੇ ਕਤਲੇਆਮ ਖਿਲਾਫ਼ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ।

25 ਮਾਰਚ ਨੂੰ ਹਿਮਾਂਸ਼ੂ ਕੁਮਾਰ ਨੇ ਅੰਮ੍ਰਿਤਸਰ ਵਿਚ ਜਮਹੂਰੀ ਫਰੰਟ ਵੱਲੋਂ ਕਰਵਾਏ ਗਏ ਜਨਤਕ ਇਕੱਠ ਨੂੰ ਸੰਬੋਧਨ ਕੀਤਾ। ਜੱਲਿਆਂਵਾਲਾ ਬਾਗ਼ ਸਾਮਰਾਜਵਾਦ ਅਤੇ ਫਿਰਕਾਪ੍ਰਸਤੀ ਵਿਰੋਧੀ ਸੰਘਰਸ਼ ਦੇ ਗੌਰਵਮਈ ਇਤਿਹਾਸ ਦਾ ਚਿੰਨ੍ਹ ਇਤਿਹਾਸਕ ਧਰਤੀ ਹੈ। 28 ਮਾਰਚ ਨੂੰ ਉਨ੍ਹਾਂ ਨੇ ਫਿਰੋਜ਼ਪੁਰ ਨੇੜੇ ਹੁਸੈਨੀਵਾਲਾ 'ਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕੀਤਾ, ਜੋ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦਾ ਪ੍ਰਤੀਕ ਇਤਿਹਾਸਕ ਸਥਾਨ ਹੈ। ਇੱਥੇ ਉਨ੍ਹਾਂ ਨੇ ਕਿਸਾਨ ਆਗੂਆਂ ਦੀ ਮੰਗ ਤੇ ਸੰਯੁਕਤ ਕਿਸਾਨ ਮੋਰਚਾ ਦੇ ਜ਼ਿਲ੍ਹਾ ਧਰਨੇ ਮੌਕੇ ਵੀ ਸੰਬੋਧਨ ਕੀਤਾ। ਕਿਸਾਨ ਇਕੱਠ ਨੂੰ ਇਸ ਜਾਬਰ ਮੁਹਿੰਮ ਵਿਚ ਪੰਜਾਬ ਵਰਗੇ ਖੇਤਰਾਂ ਲਈ ਸਮੋਏ ਭਵਿੱਖੀ ਖ਼ਤਰਿਆਂ ਤੋਂ ਵੀ ਸੁਚੇਤ ਕੀਤਾ।





30 ਮਾਰਚ ਨੂੰ ਉਨ੍ਹਾਂ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਹਰਿਆਣਾ ਵਿਚ ਤਰਕਸੀਲ ਸੋਸਾਇਟੀ ਪੰਜਾਬ ਦੀ ਸਥਾਨਕ ਇਕਾਈ ਵੱਲੋਂ ਆਯੋਜਿਤ ਕਨਵੈਨਸ਼ਨ ਨੂੰ ਸੰਬੋਧਨ ਕੀਤਾ। ਅਗਲੇ ਦਿਨ 31 ਮਾਰਚ ਨੂੰ ਉਨ੍ਹਾਂ ਨੇ ਪਟਿਆਲਾ ਦੇ ਪ੍ਰਭਾਤ ਪਰਵਾਨਾ ਹਾਲ ਵਿਚ ਡੈਮੋਕਰੇਟਿਕ ਡਿਸਕਸ਼ਨ ਫੋਰਮ ਦੁਆਰਾ ਆਯੋਜਿਤ ਵਿਚਾਰ-ਚਰਚਾ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਇੱਥੇ ਉਨ੍ਹਾਂ ਨੇ ਜਮਹੂਰੀ ਤੇ ਸਾਹਿਤਕ ਸ਼ਖ਼ਸੀਅਤਾਂ ਨਾਲ ਵਿਚਾਰ-ਵਟਾਂਦਰਾ ਕੀਤਾ, ਪੁਸਤਕ ਮੇਲੇ ਵਿਚ ਹਿੱਸਾ ਲਿਆ ਅਤੇ ਵਿਦਿਆਰਥੀਆਂ, ਅਕਾਦਮਿਕਾਂ ਅਤੇ ਕਾਰਕੁਨਾਂ ਨਾਲ ਵੀ ਚਰਚਾ ਕੀਤੀ।



3 ਅਪ੍ਰੈਲ ਨੂੰ ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਦੀ ਫਗਵਾੜਾ ਇਕਾਈ ਵੱਲੋਂ ਆਯੋਜਤ ਕਨਵੈਨਸ਼ਨ ਨੂੰ ਸੰਬੋਧਨ ਕੀਤਾ। 4 ਅਪ੍ਰੈਲ ਨੂੰ ਉਨ੍ਹਾਂ ਨੇ ਜਮਹੂਰੀ ਅਧਿਕਾਰ ਸਭਾ ਦੀ ਚੰਡੀਗੜ੍ਹ ਇਕਾਈ ਵੱਲੋਂ ਆਯੋਜਤ ਕਨਵੈਨਸ਼ਨ ਨੂੰ ਸੰਬੋਧਨ ਕੀਤਾ ਜਿੱਥੇ ਵੱਡੀ ਗਿਣਤੀ 'ਚ ਲੋਕ ਪੱਖੀ ਚਿੰਤਕ ਅਤੇ ਜਮਹੂਰੀ ਕਾਰਕੁਨ ਹਾਜ਼ਰ ਸਨ। 5 ਅਪ੍ਰੈਲ ਨੂੰ ਉਨ੍ਹਾਂ ਨੇ ਤਰਕਸ਼ੀਲ ਭਵਨ ਬਰਨਾਲਾ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਦੋ-ਰੋਜ਼ਾ ਇਜਲਾਸ ਦੇ ਖੁੱਲ੍ਹੇ ਸੈਸ਼ਨ ਨੂੰ ਸੰਬੋਧਨ ਕੀਤਾ। 6 ਅਪ੍ਰੈਲ ਨੂੰ ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਵੱਲੋਂ ਆਯੋਜਤ ਕਨਵੈਨਸ਼ਨ ਵਿਚ ਹਾਜ਼ਰ ਵੱਡੀ ਗਿਣਤੀ ਲੋਕਾਂ ਵਿਚ ਆਪਣੇ ਵਿਚਾਰ ਪੇਸ਼ ਕੀਤੇ। 7 ਅਪ੍ਰੈਲ ਨੂੰ ਉਨ੍ਹਾਂ ਨੇ ਪੰਜਾਬੀ ਭਵਨ ਲੁਧਿਆਣਾ ਵਿਚ ਜਮਹੂਰੀ ਫਰੰਟ ਵੱਲੋਂ ਆਯੋਜਤ ਕਨਵੈਨਸ਼ਨ ਨੂੰ ਸੰਬੋਧਨ ਕੀਤਾ। 8 ਅਪ੍ਰੈਲ ਦੇ ਇਤਿਹਾਸਕ ਦਿਨ, ਜਦੋਂ 1929 ਵਿਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਦਿੱਲੀ ਦੀ ਸੈਂਟਰਲ ਅਸੈਂਬਲੀ ਵਿਚ ਹਾਨੀ ਰਹਿਤ ਬੰਬ ਸੁੱਟ ਕੇ ਬਰਤਾਨਵੀ ਹਕੂਮਤ ਵੱਲੋਂ ਪਾਸ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਦਾ ਵਿਰੋਧ ਕੀਤਾ ਸੀ। ਜਮਹੂਰੀ ਫਰੰਟ ਵੱਲੋਂ ਮੁਹਿੰਮ ਦਾ ਸਮਾਪਤੀ ਸਮਾਗਮ ਬਠਿੰਡਾ ਦੇ ਟੀਚਰਜ਼ ਹੋਮ ਵਿਚ ਜਥੇਬੰਦ ਕੀਤਾ ਗਿਆ। ਜਿਸ ਵਿਚ ਕਿਸਾਨਾਂ, ਮਜ਼ਦੂਰਾਂ ਤੋਂ ਇਲਾਵਾ ਬਠਿੰਡੇ ਦੀਆਂ ਜਮਹੂਰੀ ਤੇ ਸੱਭਿਆਚਾਰਕ-ਸਾਹਿਤਕ ਜਥੇਬੰਦੀਆਂ ਵੱਲੋਂ ਜੋਸ਼-ਖ਼ਰੋਸ਼ ਨਾਲ ਸ਼ਮੂਲੀਅਤ ਕੀਤੀ ਗਈ। ਬਾਅਦ ਵਿਚ ਸ਼ਹਿਰ ਵਿਚ ਮੁਜ਼ਾਹਰਾ ਵੀ ਕੀਤਾ ਗਿਆ। ਇਸੇ ਦਿਨ ਸ਼ਾਮ ਨੂੰ ਹਿਮਾਂਸ਼ੂ ਕੁਮਾਰ ਜੀ ਵੱਲੋਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਆਯੋਜਤ ਰੂਬਰੂ ਸਮਾਗਮ ਵਿਚ ਸ਼ਾਮਲ ਹੋ ਕੇ ਆਪਣੇ ਵਿਚਾਰ ਤੇ ਸਰੋਕਾਰ ਸਾਂਝੇ ਕੀਤੇ ਗਏ।

ਇਨ੍ਹਾਂ ਇਕੱਠਾਂ ਨੂੰ ਮੁੱਖ ਵਕਤਾ ਹਿਮਾਂਸ਼ੂ ਕੁਮਾਰ ਅਤੇ ਫਰੰਟ ਦੇ ਆਗੂਆਂ ਡਾ. ਪਰਮਿੰਦਰ, ਬੂਟਾ ਸਿੰਘ ਮਹਿਮੂਦਪੁਰ, ਪ੍ਰੋਫੈਸਰ ਏਕੇ ਮਲੇਰੀ, ਯਸ਼ਪਾਲ, ਸੁਮੀਤ ਸਿੰਘ, ਜਗਸੀਰ ਜੀਦਾ, ਰਾਮ ਸਵਰਨ ਲੱਖੇਵਾਲੀ ਤੋਂ ਇਲਾਵਾ ਜਨਤਕ-ਜਮਹੂਰੀ ਜਥੇਬੰਦੀਆਂ ਦੇ ਬਹੁਤ ਸਾਰੇ ਆਗੂਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਭਾਜਪਾ ਦੀ '2026 ਤੱਕ ਨਕਸਲਵਾਦ ਖਤਮ ਕਰਨ' ਦੀ ਨੀਤੀ ਕਾਰਪੋਰੇਟ ਪ੍ਰੋਜੈਕਟਾਂ ਲਈ ਜ਼ਮੀਨ ਸਾਫ਼ ਕਰਨ ਦਾ ਫਾਸ਼ੀਵਾਦੀ ਸਾਜ਼ਿਸ਼ ਹੈ, ਨਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ। ਛੱਤੀਸਗੜ੍ਹ ਵਿਚ ਜਨਵਰੀ 2024 ਤੋਂ 'ਓਪਰੇਸ਼ਨ ਕਗਾਰ' ਤਹਿਤ ਲੱਗਭੱਗ 400 ਲੋਕਾਂ ਨੂੰ ਕਤਲ ਕੀਤਾ ਗਿਆ ਹੈ (ਜਿਨ੍ਹਾਂ ਵਿਚ 140 ਔਰਤਾਂ ਅਤੇ ਬਹੁਤ ਸਾਰੇ ਬੱਚੇ ਵੀ ਸ਼ਾਮਲ ਹਨ)। ਇਹ ਕਤਲੇਆਮ ਦਿਨੋ-ਦਿਨ ਹੋਰ ਵੀ ਤੇਜ਼ ਕੀਤਾ ਜਾ ਰਿਹਾ ਹੈ। ਬੁਲਾਰਿਆਂ ਨੇ ਜ਼ੋਰ ਦਿੱਤਾ ਕਿ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਹਥਿਆਰਬੰਦ ਟਾਕਰੇ ਦਾ ਮੂਲ ਕਾਰਨ ਘੋਰ ਨਾਬਰਾਬਰੀ ਅਤੇ ਨੰਗੇ ਅਨਿਆਂ 'ਤੇ ਆਧਾਰਤ ਸਮਾਜਿਕ-ਆਰਥਕ ਪ੍ਰਬੰਧ ਹੈ ਅਤੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਦੱਬੇਕੁਚਲੇ ਹਿੱਸਿਆਂ ਦਾ ਉਜਾੜਾ, ਤਬਾਹੀ ਅਤੇ ਕਤਲੇਆਮ ਕਰਕੇ ਹੋਰ ਜ਼ਿਆਦਾ ਨਾਬਰਾਬਰੀ ਅਤੇ ਸਮਾਜਿਕ ਅਨਿਆਂ ਥੋਪ ਰਹੀਆਂ ਹਨ। ਫਾਸ਼ੀਵਾਦੀ ਹਕੂਮਤ ਨੇ ਪੂਰੀ ਤਰ੍ਹਾਂ ਹੱਕੀ ਸੰਘਰਸ਼ਾਂ ਨੂੰ ਦੇਸ਼ ਵਿਰੋਧੀ ਜੁਰਮ ਕਰਾਰ ਦੇ ਦਿੱਤਾ ਹੈ ਅਤੇ ਵਿਰੋਧ ਦੀ ਆਵਾਜ਼ ਉਠਾਉਣ ਵਾਲਿਆਂ ਨੂੰ ਜੇਲ੍ਹਾਂ ਵਿਚ ਸੁੱਟ ਕੇ ਜਮਹੂਰੀ ਹੱਕਾਂ ਦਾ ਬੇਦਰੇਗ ਘਾਣ ਕੀਤਾ ਜਾ ਰਿਹਾ ਹੈ। ਅਦਾਲਤਾਂ ਉਲਟਾ ਮਜ਼ਲੂਮਾਂ ਨੂੰ ਹੀ ਦਬਾ ਰਹੀਆਂ ਹਨ ਅਤੇ ਜਵਾਬਦੇਹੀ ਦੀ ਮੰਗ ਕਰਨ ਵਾਲਿਆਂ 'ਤੇ ਜੁਰਮਾਨਾ ਠੋਕ ਰਹੀਆਂ ਹਨ। ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਇਹ ਰਾਜਕੀ ਦਹਿਸ਼ਤਵਾਦ ਸਿਰਫ਼ ਆਦਿਵਾਸੀ ਇਲਾਕਿਆਂ (ਬਸਤਰ, ਝਾਰਖੰਡ, ਓੜੀਸਾ) ਅਤੇ ਕਸ਼ਮੀਰ, ਮਨੀਪੁਰ ਆਦਿ ਤੱਕ ਸੀਮਤ ਨਹੀਂ ਰਹੇਗਾ, ਜੇਕਰ ਲੋਕਾਂ ਵੱਲੋਂ ਜਨਤਕ ਵਿਰੋਧ ਉਸਾਰਕੇ ਇਸ ਨੂੰ ਠੱਲ ਨਾ ਪਾਈ ਗਈ ਤਾਂ ਇਹ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਵਿਕਸਤ ਖੇਤੀਬਾੜੀ ਖੇਤਰਾਂ ਨੂੰ ਵੀ ਆਪਣੀ ਮਾਰ ਹੇਠ ਲਿਆਏਗਾ।

ਇਸ ਸਮੁੱਚੀ ਮੁਹਿੰਮ ਦਾ ਗਿਣਨਯੋਗ ਹਾਸਲ ਇਹ ਸੀ ਕਿ ਇਸ ਨੇ ਮੁਲਕ ਦੇ ਦੂਰ-ਦਰਾਜ ਇਲਾਕਿਆਂ ਵਿਚ ਆਦਿਵਾਸੀ ਲੋਕਾਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਵੱਲ ਜਨਤਕ ਜਮਹੂਰੀ ਤਾਕਤਾਂ ਦਾ ਧਿਆਨ ਖਿੱਚਿਆ ਅਤੇ ਇਸ ਦੇ ਵਿਰੋਧ ਦੇ ਮਹੱਤਵ ਨੂੰ ਸੰਘਰਸ਼ਸ਼ੀਲ ਕਾਫ਼ਲਿਆਂ ਦੀ ਚੇਤਨਾ ਦਾ ਹਿੱਸਾ ਬਣਾਉਣ ਲਈ ਹੰਭਲਾ ਮਾਰਿਆ। ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜਵਾਨ, ਸਾਹਿਤਕ-ਸੱਭਿਆਚਾਰਕ ਕਾਮੇ, ਜਮਹੂਰੀ ਹੱਕਾਂ ਦੇ ਪਹਿਰੇਦਾਰ, ਤਰਕਸ਼ੀਲ, ਲੋਕਪੱਖੀ ਪੱਤਰਕਾਰ, ਲੇਖਕ, ਚਿੰਤਕ ਅਤੇ ਹੋਰ ਇਨਸਾਫ਼ਪਸੰਦ ਹਿੱਸੇ ਫਾਸ਼ੀਵਾਦੀ ਵਿਰੋਧੀ ਜਮਹੂਰੀ ਲਾਮਬੰਦੀ ਦਾ ਹਿੱਸਾ ਬਣੇ। ਪਲਸ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ, ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਬੀਕੇਯੂ (ਏਕਤਾ-ਉਗਰਾਹਾਂ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਸ਼ਹੀਦੀ ਯਾਦਗਾਰ ਕਮੇਟੀ ਬੰਗਾ, ਸ਼ਹੀਦ ਪਾਸ਼-ਹੰਸਰਾਜ ਯਾਦਗਾਰ ਕਮੇਟੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਕ੍ਰਾਂਤੀਕਾਰੀ ਮਜ਼ਦੂਰ ਕੇਂਦਰ ਅਤੇ ਹੋਰ ਬਹੁਤ ਸਾਰੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਵਿਚ ਲਈ ਭਰਵਾਂ ਸਹਿਯੋਗ ਦਿੱਤਾ ਗਿਆ ਅਤੇ ਸਰਗਰਮ ਸ਼ਮੂਲੀਅਤ ਕੀਤੀ ਗਈ। ਇਹ ਮੁਹਿੰਮ ਸਮੇਂ ਦਾ ਤਕਾਜ਼ਾ ਹੈ ਅਤੇ ਇਸ ਜਮਹੂਰੀ ਸੋਝੀ ਅਤੇ ਇਕਜੁੱਟਤਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਧੇਰੇ ਸੁਚੇਤ ਅਤੇ ਸੁਹਿਰਦ ਹੋ ਕੇ ਕੋਸ਼ਿਸ਼ਾਂ ਜੁਟਾਉਣੀਆਂ ਚਾਹੀਦੀਆਂ ਹਨ।

ਇਨ੍ਹਾਂ ਇਕੱਠਾਂ ਵਿਚ ਮਤੇ ਪਾਸ ਕਰਕੇ ਪੁਰਜ਼ੋਰ ਮੰਗ ਕੀਤੀ ਗਈ ਕਿ ਓਪਰੇਸ਼ਨ ਕਗਾਰ ਖ਼ਤਮ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿਚ 'ਮੁਕਾਬਲਿਆਂ', ਡਰੋਨ ਹਮਲਿਆਂ ਅਤੇ ਵੱਖ-ਵੱਖ ਰੂਪਾਂ 'ਚ ਕਤਲੇਆਮ ਤੁਰੰਤ ਬੰਦ ਕੀਤਾ ਜਾਵੇ। 'ਅੰਦਰੂਨੀ ਸੁਰੱਖਿਆ' ਦੇ ਨਾਂ 'ਤੇ ਭਾਰਤੀ ਨਾਗਰਿਕਾਂ ਖਿਲਾਫ਼ ਨੀਮ-ਫ਼ੌਜੀ ਜਾਬਰ ਕਾਰਵਾਈਆਂ ਬੰਦ ਕੀਤੀਆਂ ਜਾਣ। ਮਾਓਵਾਦੀਆਂ ਨਾਲ ਬਿਨਾ ਸ਼ਰਤ ਗੱਲਬਾਤ ਸ਼ੁਰੂ ਕਰਕੇ ਮੂਲ ਸਮਾਜਿਕ ਅਤੇ ਆਰਥਕ ਮੁੱਦਿਆਂ ਦਾ ਹੱਲ ਲੱਭਿਆ ਜਾਵੇ। ਆਦਿਵਾਸੀ ਖੇਤਰਾਂ ਵਿੱਚੋਂ ਸਾਰੇ ਸੁਰੱਖਿਆ ਕੈਂਪ ਹਟਾਏ ਜਾਣ ਅਤੇ ਨਵੇਂ ਕੈਂਪ ਬਣਾਉਣੇ ਬੰਦ ਕੀਤੇ ਜਾਣ। ਯੂਏਪੀਏ, ਅਫਸਪਾ, ਪੀਐਸਏ ਵਰਗੇ ਜਾਬਰ ਕਾਨੂੰਨ ਰੱਦ ਕੀਤੇ ਜਾਣ। ਕਾਰਪੋਰੇਟ ਵਿਕਾਸ ਮਾਡਲ ਰੱਦ ਕੀਤਾ ਜਾਵੇ ਅਤੇ ਕੋਈ ਵੀ 'ਵਿਕਾਸ' ਪ੍ਰੋਜੈਕਟ ਲਾਉਣ ਤੋਂ ਪਹਿਲਾਂ ਲੋਕਾਂ ਦੀ ਪੂਰੀ ਤਰ੍ਹਾਂ ਸੁਤੰਤਰ ਸਹਿਮਤੀ ਲੈਣਾ ਅਤੇ ਵਾਤਾਵਰਣ ਕਾਨੂੰਨਾਂ ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਜ਼ਮੀਨ, ਜਲ ਅਤੇ ਜੰਗਲ ਯਾਨੀ ਜੰਗਲਾਂ-ਪਹਾੜਾਂ ਦੇ ਕੁਦਰਤੀ ਵਸੀਲਿਆਂ ਉੱਪਰ ਆਦਿਵਾਸੀਆਂ ਦਾ ਹੱਕ ਸੰਵਿਧਾਨਕ ਪੰਜਵੀਂ ਅਨੁਸੂਚੀ ਤਹਿਤ ਸਵੀਕਾਰ ਕੀਤਾ ਜਾਵੇ। ਝੂਠੇ ਕੇਸਾਂ ਰਾਹੀਂ ਕਾਰਕੁਨਾਂ, ਬੁੱਧੀਜੀਵੀਆਂ ਅਤੇ ਹਕੂਮਤ ਉੱਪਰ ਸਵਾਲ ਉਠਾਉਣ ਵਾਲਿਆਂ ਨੂੰ ਝੂਠੇ ਕੇਸਾਂ ਰਾਹੀਂ ਦਬਾਉਣਾ/ਜੇਲ੍ਹਾਂ 'ਚ ਡੱਕਣਾ ਬੰਦ ਕੀਤਾ ਜਾਵੇ। ਫਾਸ਼ੀਵਾਦੀ ਜਬਰ ਦਾ ਸੰਦ ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ ਅਤੇ ਸਾਰੇ ਹੀ ਰਾਜਨੀਤਕ ਕੈਦੀਆਂ ਅਤੇ ਅੰਡਰ-ਟਰਾਇਲਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਕ ਵਿਸ਼ੇਸ਼ ਮਤਾ ਪਾਸ ਕਰਕੇ ਚਾਓਕੇ ਆਦਰਸ਼ ਸਕੂਲ ਦੇ ਸੰਘਰਸ਼ ਵਿਚ ਅਧਿਆਪਕਾਂ ਅਤੇ ਜਨਤਕ ਆਗੂਆਂ ਉੱਪਰ ਵਹਿਸ਼ੀਆਨਾ ਜਬਰ ਢਾਹੁਣ ਅਤੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕਣ ਅਤੇ ਪੁਲਿਸ ਫੋਰਸਾਂ ਦੇ ਕਟਕ ਚੜ੍ਹਾ ਕੇ ਵੱਖ-ਵੱਖ ਕਿਸਾਨ ਸੰਘਰਸ਼ਾਂ ਨੂੰ ਦਬਾਉਣ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ।

ਇਸ ਮੁਹਿੰਮ ਨੇ ਵਿਸ਼ੇਸ਼ ਕਰਕੇ ਪੰਜਾਬ ਵਾਸੀਆਂ ਨੂੰ ਪੰਜਾਬ ਅੰਦਰ ਬਸਤਰ ਅਤੇ ਫਲਸਤੀਨ ਵਰਗੇ ਹਾਲਾਤ ਬਣਾ ਧਰਨ ਅਤੇ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮਨ ਆਈਆਂ ਕਰਨ ਦੇ ਮਨਸੂਬੇ ਨਾਕਾਮ ਕਰਨ ਲਈ ਹੁਣ ਤੋਂ ਖ਼ਬਰਦਾਰ ਰਹਿਣ ਅਤੇ ਲੋਕਾਂ ਦੀ ਜ਼ਬਰਦਸਤ ਟਾਕਰਾ ਲਹਿਰ ਉਸਾਰਨ ਪ੍ਰਤੀ ਜਾਗਣ ਦਾ ਸਫ਼ਲ ਸੁਨੇਹਾ ਦਿੱਤਾ।

# Trump's Tariffs are Fake Solutions to Fake Problems- said Socialist Economic experts



Toronto ( April 2025) The 'Socialist project' an organization of Canadian socialist activists, has strogly reacted to the recent trade war waged by US President Donald Trump. Representatives of Socialist Project said " Trump is mad at the world. Mad at anyone who challenges him. Mad in his actions. Tariffs, a tax on goods coming into the US, are Trump's weapon of choice to 'make America great again'. They further added that "Tariffs are Trump's magic bullet to end fifty years of the US importing more than exporting, bring manufacturing jobs back, and serve as a cash cow to shift a greater share of the burden of running the American Empire onto other countries, friend and foe alike. The far right has been successful in many countries mobilizing popular frustrations. But it has no program that can deliver on its promises."

The team of thinkers of socialist project has criticaly analysed the economic action of US and its bad effects on the trade ecosystem of whole world. On the unpredictable and unstable nature of Trump admistration they commented that this has been especially clear with Trump's 'on and off '-again, who-knows-again tariffs. which are based on a series of misconceptions and mis-directions. Discusing the details of this trade actions the soclist experts added that

- Far from the import-export deficit being the main cause of the deterioration of working-class lives over the past five decades, the more momentous factors have been home grown.

It is not the imports from abroad that have most undermined the lives of American workers. Focusing on imports diverts from America's far larger home-grown increases in inequalities and insecurities: the absence of universal health care, barriers to a quality education, affordable housing, addressing the environmental crisis, a deplorable record in defending union rights.

- Far from the US trade deficits signifying the 'advantage' that other countries take of the US, they reflect the special privileges that come with the US overseeing global capitalism.

Countries can generally only import more if they match this with exports. Otherwise, confidence in their currency and hence its value declines. This raises import prices and brings a fall in imports (think of the impact of a reduction in the Canadian dollar from $.90 US to $.75US). The one exception to such disciplinary pressures is the US.

In every year since 1976, the US ran trade deficits, yet its economy rolled comfortably on and confidence in the dollar persisted. Other countries were happy to get dollars in exchange for their trade surpluses because the US dollar was universally accepted, safe despite occasional fluctuations, and a greater safeguard than their own currencies in times of crisis. That the US could access the products of lower-cost labour abroad by essentially printing dollars has been a privilege not a cost.

- Far from foreigners paying the tariff, domestic consumers and business will pay the tariff via the higher price while the government pockets the value of the tariffs.

After much bravado, Trump - facing a menacing possible mini rebellion once consumers confronted the sticker shock produced by tariffs - hastily retreated, implicitly confirming the obvious: US consumers, not Chinese producers, would pay the tariff. The once 'permanent' tariffs have morphed into a negotiating tool for blackmailing other countries and a weapon in the cold war with China.

- Tariffs are neither good nor bad in the abstract.

Free trade (no tariffs or other barriers) leaves private corporations 'free' to move jobs wherever they like. Tariffs can be a check on this. But to significantly restructure the economy, tariffs alone will at best have a minor impact. This isn't only because of Trump's incoherent approach, likely retaliation against US exports and the chaos of trying to rejig supply chains as was revealed during COVID. Its that even the stunningly high tariffs on China, won't lead replacing Chinese imports with American goods, but will rather turn imports to sourcing from other low-cost producers.

- Sobering Lessons from the iconic auto sector

In the mid-eighties the US successfully pushed Japanese auto companies to shift their exports to new plants in the US. But left to decide where to go, the Japanese transplants chose the non-union south, not where plants were closing. With brand new facilities, no pension legacy costs and no unions, they caused even more havoc in the US mid-west and were soon significantly influencing the industry's labour standards.

Today, another transition is occurring in auto: that to EV's. There are three job concerns here. First, the US market for new vehicles is relatively flat while productivity marches on. Second, EV's require less labour per vehicle. Third, the US transition has badly stagnated and still has no convincing strategy for protecting for workers. China, in contrast, has come from virtually nowhere to produce some 75% of global vehicles (roughly the same share the US had of global auto production at the end of the 1950s). The bottom line is that auto will no longer be the job creator of old. A critical question is: can a portion of the facilities, skills, and supplier networks be transferred to other products?

- Manufacturing jobs were once considered good jobs. This is less obvious today.

In the 1970's, wages in US manufacturing were about 50% above the average wage in the economy. Today (March 2025) average hourly wages in manufacturing (and working conditions) are slightly below the overall average wage: $34.42 vs $36. And average wages in auto, once about 50% higher than in the overall economy, now lag the economy average at $32.88 (top rates in the auto majors are higher but starting rates are significantly lower). The key factor here lies in the existence and strength of unions. There is no basis for Amazon wages to be a third of that of autoworkers except for the union factor.

- Manufacturing is nevertheless crucial because of the productive capacities it brings.

This is especially clear regarding the environment. Fixing the degradation of the environment will mean transforming everything about how we work, travel and live. Factories and offices will require modified machines and equipment; homes and appliances refurbishing, transportation and other infrastructure renewal and expansion. All this will necessitate expanding our manufacturing and a likely shortage of jobs to match needs. In this context, closing potentially productive facilities world be a social crime.

Such a project is an alternative in need of authors. One inspiration is the conversion of facilities carried out during WWII when 40% of US production served the war effort. The technical capacity for planning a peace-time effort is greater today and the need as existential as it was then. Many will no doubt write off such ambitions as 'utopian'. But what can be more utopian (in the negative sense) than to leave our futures to the fragmented decisions of profit-driven corporations and reduce public policy to Trump-like tariffs?

**Teem of SOCIALIST PROJECT**

# ਕਾ.ਫਲੇ ਵੱਲੋਂ ਮੀਟਿੰਗ ਦੌਰਾਨ ਸੁਖਵਿੰਦਰ ਜੂਤਲਾ ਅਤੇ ਹਰਜਿੰਦਰ ਪੱਤੜ ਦਾ ਕਾਵਿ ਸੰਗ੍ਰਹਿ 'ਮਿਲਾਪ' ਰਿਲੀਜ਼

## ਡਾ. ਨਾਹਰ ਸਿੰਘ ਵੱਲੋਂ ਪੰਜਾਬੀ ਸਾਹਿਤ ਦੀ ਸਥਿਤੀ ਬਾਰੇ ਵਿਚਾਰ-ਚਰਚਾ





ਬਰੈਂਪਟਨ, (ਰਛਪਾਲ ਕੌਰ ਗਿੱਲ) 26 ਅਪ੍ਰੈਲ, 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਦੌਰਾਨ ਸੁਖਵਿੰਦਰ ਜੂਤਲਾ ਅਤੇ ਹਰਜਿੰਦਰ ਪੱਤੜ ਦਾ ਪੰਜਾਬੀ ਅਤੇ ਇੰਗਲਿਸ਼ ਵਿੱਚ ਸਾਂਝਾ ਕਾਵਿ ਸੰਗ੍ਰਹਿ "ਮਿਲਾਪ" ਰੀਲੀਜ਼ ਕੀਤਾ ਗਿਆ ਅਤੇ ਡਾ. ਨਾਹਰ ਸਿੰਘ ਵੱਲੋਂ ਪੰਜਾਬੀ ਸਾਹਿਤ ਦੀ ਵਰਤਮਾਨ ਸਥਿਤੀ ਬਾਰੇ ਵਿਚਾਰ ਪੇਸ਼ ਕੀਤੇ ਗਏ। ਕਾਫ਼ਲੇ ਦੇ ਮੁੱਖ ਸੰਚਾਲਕ ਕੁਲਵਿੰਦਰ ਖਹਿਰਾ ਨੇ ਸਟੇਜ ਸੰਭਾਲਦਿਆਂ ਸਦੀਵੀ ਵਿਛੋੜਾ ਦੇ ਗਏ ਲੇਖਕਾਂ ਪ੍ਰੇਮ ਪ੍ਰਕਾਸ਼, ਨਦੀਮ ਪਰਮਾਰ, ਅੰਮ੍ਰਿਤ ਮਾਨ ਅਤੇ ਕੇਸਰ ਸਿੰਘ ਕੇਸਰ ਨੂੰ ਯਾਦ ਕਰਦਿਆਂ ਕਾਫ਼ਲੇ ਵੱਲੋਂ ਦੁੱਖ ਦਾ ਇਜ਼ਹਾਰ ਕੀਤਾ। ਪਾਤਰ ਸਾਹਿਬ ਦੇ ਭਰਾ ਉਪਕਾਰ ਸਿੰਘ ਨਾਲ ਉਪਕਾਰ ਸਿੰਘ ਦੀ ਪਤਨੀ ਅਤੇ ਸੁਰਜੀਤ ਪਾਤਰ ਦੇ ਇੱਕੋ ਹੀ ਦਿਨ ਪਏ ਸਦੀਵੀ ਵਿਛੋੜੇ 'ਤੇ ਵੀ ਕਾਫ਼ਲੇ ਵੱਲੋਂ ਦੁੱਖ ਦਾ ਇਜ਼ਹਾਰ ਕੀਤਾ। ਉਸ ਤੋਂ ਬਾਅਦ ਸੁਖਵਿੰਦਰ ਜੂਤਲਾ ਤੇ ਹਰਜਿੰਦਰ ਪੱਤੜ ਦਾ ਕਾਵਿ ਸੰਗ੍ਰਹਿ "ਮਿਲਾਪ" ਰਲੀਜ਼ ਕੀਤਾ ਗਿਆ। ਪੰਜਾਬੀ ਕਵੀ ਡਾ. ਸੁਖਪਾਲ ਨੇ ਬਹੁਤ ਹੀ ਫਿਲਾਸ਼ਫਕ ਅਤੇ ਵਿਸਥਾਰ-ਪੂਰਵਕ ਢੰਗ ਨਾਲ ਕਾਵਿ ਸੰਗ੍ਰਹਿ ਮਿਲਾਪ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦੋ ਕਵੀਆਂ ਵੱਲੋਂ ਰਲ ਕੇ ਇਸ ਕਿਤਾਬ ਨੂੰ ਦੋ ਭਾਸ਼ਾਵਾਂ ਵਿੱਚ ਲਿਖੇ ਜਾਣ ਨਾਲ? ਪੰਜਾਬੀ ਤੇ ਇੰਗਲਸ਼ ਭਾਸ਼ਾ ਨੂੰ ਜਾਨਣ ਵਾਲੇ ਪਾਠਕ ਇਸਨੂੰ ਪੜ੍ਹ ਸਕਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਕੋਈ ਨਵੀਂ ਡਾ. ਸੁਖਪਾਲ ਨੇ ਕਿਹਾ ਕਿ ਇਸ ਕਿਤਾਬ ਦੀ ਕਵਿਤਾ ਦੇ ਵਿਸ਼ੇ ਬਹੁ ਪਸਾਰੀ ਹਨ। ਉਨ੍ਹਾਂ ਨੇ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੇ ਇੱਕ ਦੂਜੇ ਵਿੱਚ ਪਰਤਣ ਦੀ ਹਰਜਿੰਦਰ ਪੱਤੜ ਦੀ ਕਵਿਤਾ ਦੀਆਂ ਕੁਝ ਸਤਰਾਂ ਸਾਂਝੀਆਂ ਕੀਤੀਆਂ, ਜਿਵੇਂ "ਹਨੇਰਾ ਸੀ ਛਾਇਆ, ਮੇਰਾ ਹੱਥ ਪਸਾਰਿਆ ਮੈਨੂੰ ਹੀ ਨਜ਼ਰ ਨਾ ਆਇਆ, ਹਨੇਰੇ ਨੇ ਮੇਰੇ ਪਸਰੇ ਹੱਥਾਂ ਨੂੰ ਮੇਰੇ ਕੋਲੋਂ ਛੁਪਾ ਲਿਆ।

ਹਰਜਿੰਦਰ ਪੱਤੜ ਨੇ ਦੱਸਿਆ ਕਿ ਸੁਰਜੀਤ ਪਾਤਰ, ਅਜਮੇਰ ਰੋਡੇ ਤੇ ਸੁਖਪਾਲ ਨੇ ਇਸ ਕਿਤਾਬ ਬਾਰੇ ਬਹੁਤ ਸੋਹਣਾ ਲਿਖਿਆ ਹੈ, ਨਾਲ ਹੀ ਉਸਨੇ ਆਪਣੀਆਂ ਕੁਝ ਕਵਿਤਾਵਾਂ ਸਾਂਝੀਆਂ ਕੀਤੀਆ। ਇਸੇ ਤਰ੍ਹਾਂ ਸੁਖਵਿੰਦਰ ਜੂਤਲਾ ਦੀ ਪਤਨੀ ਕੁਲਵੰਤ ਜੂਤਲਾ ਨੇ ਇੰਗਲਿਸ਼ ਵਿੱਚ ਤੇ ਸੁਖਵਿੰਦਰ ਜੂਤਲਾ ਨੇ ਪੰਜਾਬੀ ਵਿੱਚ ਆਪਣੀਆਂ ਕੁਝ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਨਾਲ ਹੀ ਉਨਾਂ ਆਪਣੇ ਚਾਚਾ ਜੀ ਤੇ ਆਪਣੇ ਭਤੀਜੇ ਬਲਰਾਜ ਜੂਤਲਾ ਦਾ ਧੰਨਵਾਦ ਕੀਤਾ ਜਿਸ ਨੇ ਕਿਤਾਬਾਂ ਨੂੰ ਡਿਸਟਰੀਬੀਊਟ ਕਰਨ ਵਿੱਚ ਯੋਗਦਾਨ ਪਾਇਆ। ਡਾ. ਨਾਹਰ ਸਿੰਘ ਨੇ ਪੰਜਾਬੀ ਸਾਹਿਤ ਦੀ ਵਰਤਮਾਨ ਸਥਿਤੀ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਸਿੰਘ ਸਭਾ ਲਹਿਰ ਤੋਂ ਸ਼ੁਰੂ ਹੋ ਕੇ 18ਵੀਂ ਸਦੀ ਦੀ ਸਿੱਖ ਲਹਿਰ ਸਮੇਂ ਤੱਕ ਪੰਜਾਬੀ ਸਾਹਿਤ ਵਿੱਚ ਨਵੀਂ ਚੇਤਨਾ ਦੀ ਸ਼ੁਰੂਆਤ ਹੋਈ ਜਿੰਨਾਂ ਵਿੱਚ ਭਾਈ ਵੀਰ ਸਿੰਘ ਆਉਂਦੇ ਹਨ। ਫਿਰ ਪ੍ਰੋਗਰੈਸਿਵ ਲਹਿਰ ਸ਼ੁਰੂ ਹੋਈ ਜਿਸ ਵਿੱਚ ਨਾਨਕ ਸਿੰਘ, ਸੰਤ ਸਿੰਘ ਸੇਖੋਂ ਤੇ ਹੋਰ ਲੇਖਕ ਆਉਂਦੇ ਹਨ। 1960 ਤੱਕ ਪੰਜਾਬੀ ਸਾਹਿਤ ਪਿੰਡਾਂ ਤੱਕ ਸੀਮਤ ਰਿਹਾ। ਗੁਰਬਖਸ਼ ਸਿੰਘ ਪ੍ਰੀਤਲੜੀ ਵੱਡੇ ਲੇਖਕ ਸਨ ਜਿਨ੍ਹਾਂ ਬਹੁਤ ਸਾਰੇ ਵਿਸ਼ਿਆਂ ਨੂੰ ਛੂਹਿਆ। ਫਿਰ ਨਕਸਲਵਾਦੀ ਕਵਿਤਾ ਸਾਹਮਣੇ ਆਈ ਜਿਸ ਵਿੱਚ ਸੰਤ ਰਾਮ ਉਦਾਸੀ, ਪਾਸ਼ ਤੇ ਦਰਸ਼ਨ ਖਟਕੜ ਦੀ ਕਵਿਤਾ ਹੈ। ਇਸ ਤੋਂ ਅਗਲੇ ਦੌਰ ਨੂੰ ਪਾਤਰ ਦਾ ਦੌਰ ਕਿਹਾ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਤੇ ਡਾ. ਵਰਿਆਮ ਸਿੰਘ ਨੂੰ ਕਹਾਣੀ ਦੇ ਖੇਤਰ ਵਿੱਚ ਵਧੀਆ ਸਮਝਿਆ ਜਾਂਦਾ। ਡਾ. ਨਾਹਰ ਸਿੰਘ ਨੇ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਪਹਿਲਾਂ ਵਰਗਾ ਅਜੋਕੇ ਸਮੇਂ ਕੋਈ ਨਾਵਲਕਾਰ ਨਹੀਂ ਰਿਹਾ ਕਿਉਂਕਿ ਨਾਵਲ ਇਕੱਲਾ ਵਿਚਾਰਾਂ ਦੇ ਅਧਾਰ ਤੇ ਨਹੀਂ ਲਿਖਿਆ ਜਾ ਸਕਦਾ ਉਸ ਲਈ ਦਾਰਸ਼ਨਿਕ ਦ੍ਰਿਸ਼ਟੀ ਤੇ ਅਨੁਭਵ ਦੀ ਲੋੜ ਪੈਂਦੀ ਹੈ। ਇਸੇ ਤਰ੍ਹਾਂ ਨਾਟਕ ਦੀ ਜੋ ਪਿਰਤ ਗੁਰਸ਼ਰਨ ਸਿੰਘ ਨੇ ਪਾਈ ਸੀ ਉਹੀ ਚੱਲੀ ਜਾਂਦੀ ਹੈ। ਅਲੋਚਨਾ ਲਈ professional intellectual ਦੀ ਯੂਨੀਵਰਸਿਟੀਆਂ ਵਿਚ ਘਾਟ ਹੈ। ਕੁਲਜੀਤ ਮਾਨ ਨੇ ਕਾਫ਼ਲੇ ਦੀ ਵੈਬਸਾਇਟ ਬਣਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਜਲਦੀ ਹੀ ਉਹ ਕੁਲਵਿੰਦਰ ਖਹਿਰਾ ਤੇ ਭੁਪਿੰਦਰ ਦੁਲੇ ਦੇ ਸਹਿਯੋਗ ਨਾਲ ਵੈਬਸਾਇਟ ਤਿਆਰ ਕਰਨ ਜਾ ਰਹੇ ਹਨ।

ਕਵੀ ਦਰਬਾਰ ਵਿੱਚ ਮੋਹਨਪ੍ਰੀਤ ਨੇ ਆਪਣੀਆਂ ਲਿਖੀਆਂ ਹੋਈਆਂ ਬੋਲੀਆਂ ਪੇਸ਼ ਕੀਤੀਆਂ, ਇਸ ਤੋਂ ਇਲਾਵਾ ਲਖਵਿੰਦਰ ਸਿੰਘ ਗਿੱਲ, ਰਿੰਟੂ ਭਾਟੀਆ, ਡਾ. ਸੁਖਪਾਲ, ਹਰਦਿਆਲ ਝੀਤਾ, ਸੁਸ਼ਮਾ ਰਾਣੀ, ਬਲਰਾਜ ਧਾਲੀਵਾਲ ਅਤੇ ਉਪਕਾਰ ਸਿੰਘ ਨੇ ਕਵੀ ਦਰਬਾਰ ਵਿੱਚ ਭਾਗ ਲਿਆ।

ਇਸ ਤੋਂ ਇਲਾਵਾ ਕ੍ਰਿਪਾਲ ਸਿੰਘ ਪੰਨੂੰ, ਭੁਪਿੰਦਰ ਦੂਲੇ, ਜਗੀਰ ਸਿੰਘ ਕਾਹਲੋਂ, ਮਨਮੋਹਨ ਗੁਲਾਟੀ, ਅਮਰਜੀਤ ਜੂਤਲਾ, ਗੁਰਸ਼ਰਨ ਜੂਤਲਾ, ਰੁਬਿੰਦਰ ਗਿੱਲ, ਹਰਦੇਵ ਸਿੰਘ ਸੂਰੀ, ਦਵਿੰਦਰ ਸਿੰਘ ਜੂਤਲਾ,ਵਾਸਦੇਵ ਦੁਰਗਾ, ਹਰਜੀਤ ਸਿੰਘ, ਹਰਜਿੰਦਰ ਸਿੰਘ, ਬਲਵਿੰਦਰ ਕੌਰ, ਗੁਰਬਖਸ਼ ਕੌਰ, ਸੁਰਿੰਦਰ ਸਹੋਤਾ, ਗੁਰਦੀਪ ਸਹੋਤਾ, ਨਵਿੰਦਰ ਸਹੋਤਾ, ਤਰਸੇਮ ਸੂਰੀ, ਕੁਲਵੰਤ ਕੌਰ ਜੂਤਲਾ, ਸ਼ਮਸ਼ੇਰ ਸਿੰਘ, ਬਲਜੀਤ ਧਾਲੀਵਾਲ, ਹਰਜਸਪ੍ਰੀਤ ਗਿੱਲ, ਪ੍ਰਤੀਕ ਸਿੰਘ, ਪਰਮ ਸਹੋਤਾ, ਸੁਖਬੀਰ ਸਹੋਤਾ, ਬਲਰਾਜ ਜੂਤਲਾ, ਦਿਲਪ੍ਰੀਤ ਜੂਤਲਾ,ਗੁਰਪ੍ਰੀਤ ਬਟਾਲਵੀ, ਬਲਜਿੰਦਰ ਕੌਰ, ਹਰਜਾਪ ਕੌਰ ਪੱਤੜ, ਜੁਗਰਾਜ ਪੱਤੜ, ਦਿਲਰਾਜ ਪੱਤੜ, ਹਰਤੇਜ ਪੱਤੜ, ਜਸਪ੍ਰੀਤ ਕੌਰ, ਡਾ. ਗੁਰਚਰਨ ਸਿੰਘ ਤੂਰ ਤੇ ਹਰਜਿੰਦਰ ਸਿੰਘ ਨੇ ਮੀਟਿੰਗ ਵਿੱਚ ਹਾਜ਼ਰੀ ਲਵਾਈ।

## ਗੋਬਿੰਦ ਮਾਰਗ/ਸ਼ੁੱਭ ਕਰਮਨ

ਅਨੰਦਪੁਰ ਤੋਂ ਦਮਦਮੇ ਦਾ ਸਫ਼ਰ ਤਾਂ ਬਹੁਤ ਲੰਬਾ ਸੀ
ਅਜੇ ਤਾਂ ਗੋਬਿੰਦ ਕਮਰ-ਕਸੇ ਕਸ ਕੇ ਕਰ ਰਿਹਾ ਹੈ ਸਿੰਘ ਤਿਆਰ,
ਤੇ ਤੁਸੀਂ ਤੀਹ ਸਾਲਾਂ ਦਾ ਸਫ਼ਰ ਤਹਿ ਕਰ ਆਏ ਤਿੰਨ ਦਿਨ 'ਚ
ਦੱਸਦੈ ਇਤਿਹਾਸ ਕਿ ਚੰਡੀ ਧਿਆ ਰਿਹਾ ਗੋਬਿੰਦ,
ਜ਼ੁਲਮ ਸੰਗ ਡਹਿਣ ਲਈ!
ਤੇ ਤੁਸੀਂ...ਕਹਿ ਰਹੇ ਹੋ ਤੇਰਾ ਕੀਆ ਮੀਠਾ ਲਾਗੇ।
ਦਸ਼ਮੇਸ਼ ਦਾ ਅੰਮ੍ਰਿਤ ਤਾਂ ਕਰਦਾ ਸੀ ਸ਼ਿਕਾਰ,
ਤੇ....ਮਨੁੱਖਤਾ ਨੂੰ ਦਿੱਤੀ ਸੀ ਖੰਡੇ ਦੀ ਪਹੁਲ,
ਪਰ...! ਤੁਸੀਂ ਤਾਂ ਬਾਰਾਂ ਬੇਕੀ ਦੇ ਸਰਦਾ ਹੋ,
ਕਰਦੇ ਹੋ ਕਿਰਤ ਦਾ ਸ਼ਿਕਾਰ।
ਭਲਾ ਗਿਣੋ ਖਾਂ?
ਸਰਸਾ ਵਿਚ ਕਿੰਨੇ ਸ਼ਹੀਦ ਹੋਏ,
ਲੜਦੇ ਜ਼ੁਲਮ ਨਾਲ।
ਤੁਸੀਂ ਤਾਂ ਬਲਕਿ ਰੋੜ੍ਹੇ ਨੇ ਜੁਲਮ ਸੰਗ ਲੜਦੇ
ਸਤਲੁਜ ਦੇ ਪਾਣੀਆਂ ਵਿਚ
ਤੇ ਹੁਣ ਕਰਦੇ ਹੋ ਪਾਖੰਡ....।
ਚਮਕੌਰ ਦੀ ਕੱਚੀ ਗੜ੍ਹੀ ਨੂੰ, ਸੰਗਮਰੀ ਮਹੱਲਾਂ ਵਿਚ
ਬਦਲ ਕੇ ਛੁਪਾ ਨਹੀਂ ਸਕਦੇ ਸਰ-ਫ਼ਰੋਸ਼ੀ।
ਪੋਤਰਿਓ ਮੰਗੂ ਦਿਓ? ਨਿਮਕ ਹਰਾਮੀ ਨਾ ਬਣੋ?
ਰਹਿਣ ਦਿਓ ਜੇ ਤੁਹਾਡੇ ਤੋਂ ਮਰਿਆ ਨਹੀਂ ਜਾਂਦਾ
ਤਾਂ...ਸਿਰ ਧਰ ਤਲੀ ਤੁਰਨ ਵਾਲੇ
ਤਾਂ...ਆਪੇ ਪੁੱਜ ਰਹੇ ਨੇ ਵਸਾਖੀ 'ਤੇ
ਜਾਓ ਦੇਖੋ? ਜੇ ਸੱਚ ਦੇ ਰਾਖੇ ਕਹਿਲਾਉਂਦੇ ਹੋ
ਤਾਂ...ਗੋਬਿੰਦ ਅਜੇ ਵੀ ਕਹਿ ਰਿਹਾ ਹੈ
ਜਬ ਆਬਿ ਕੀ ਆਉਧ ਨਿਧਾਨ ਬਣੈ
ਅਤਿ ਹੀ ਰਣ ਮੈਂ ਤਬ ਜੂਝ ਮਰੋ।
ਤੁਸੀਂ ਤਾਂ...ਗੋਲਕ ਯੁੱਧ ਦੀ ਖ਼ਾਤਰ, ਕਰਕੇ ਗੋਬਿੰਦ ਮਾਰਗ ਪੱਕਾ
ਚਲ ਰਹੇ ਹੋ....ਤੇ ਜਾ ਤਲਵੰਡੀ ਸਾਬੋ ਦਮ ਲੈਣ ਲੱਗੇ ਹੋ।
ਵਿਖਾਓ ਖਾਂ...? ਕਿਥੋਂ ਤੁਹਾਡੇ ਕੱਪੜੇ ਪਾਟੇ ਨੇ ਕੰਡਿਆਂ ਨਾਲ
ਕਿਧੇ ਕੱਟੇ ਨੇ ਉਨੀਂਦਰੇ, ਤੇ ਲਾਏ ਨੇ ਟਿੰਡ ਦੇ ਸਿਰਹਾਣੇ।
ਜਰਾ ਹੋਰ ਦਮ ਲਵੋ....
ਉਹ ਆਉਣ ਹੀ ਵਾਲਾ, ਤੁਹਾਡੀਆਂ ਫੁਲੀਆਂ ਬਾਹਵਾਂ ਘੁੱਟਣ
ਮਾਲਵੇ ਦੇ ਬਰਾੜਾਂ ਵੀ ਤਾਂ ਫੜ ਲਈਆਂ ਸਨ ਲਗਾਮਾਂ
ਤਲਬਾਂ ਲੈਣ ਲਈ।
ਜੇ ਤੁਸੀਂ ਫੀਏਟ ਕਾਰਾਂ ਦਾ ਖਰਚਾ ਪਹਿਲਾਂ ਧਰਾ ਲਿਆ
ਤਾਂ ਫੇਰ ਕੀ ਹੋਇਆ
ਮੈਂ ਕਿਹਾ ਸਬਰ ਨਾਲ ਤੁਰੋ ਗੋਬਿੰਦ ਦੇ ਨਾਲ ਨਾਲ
ਅਜੇ ਤੁਸੀਂ ਕਸਮਾਂ ਖਾ ਕੇ ਧਰਮ ਦੀਆਂ
ਕੱਢਣਾ ਏ ਬਾਹਰ ਕਿਲੇ 'ਚੋਂ ਤੇ ਮਾਰਨਾ ਏ ਕੋਹ ਕੋਹ ਕੇ
ਇਕ ਇਕ ਸਿੱਖ ਨੂੰ ਅਜੇ ਚਮਕੌਰ 'ਚੋਂ,
ਮਾਸੂਮ ਬੱਚਿਆਂ ਦੇ ਸਿਰ ਕਲਮ ਕਰਨੇ ਨੇ।
ਤੇ...ਚਿਣ ਕੇ ਪੱਥਰਾਂ ਦੀ ਕੰਧ 'ਚ ਦੋ ਬੋਟ
ਪਿਰਤ ਪਾਲਣੀ ਹੈ ਆਪਣੇ ਬਜ਼ੁਰਗਾਂ ਦੀ
ਤੁਸੀਂ ਤਾਂ... ਬਾਜਾਂ ਦੇ ਨਾਲ ਨਾਲ ਤੁਰੋ,
ਗੱਡੀਆਂ ਭਰ ਕੇ ਤਾਕਤ ਦੀਆਂ
ਕਿਤੇ ਤੋੜ ਕੇ ਘੇਰਾ ਨਿਕਲ ਨਾ ਜਾਣ ਗੜ੍ਹੀ 'ਚੋਂ।
ਤੇ ਸਾਨੂੰ ਪਤੈ...?
ਉਸ ਇਸ ਵਾਰ ਵੀ ਨਿਕਲ ਜਾਣੈ,
ਤੁਹਾਡੇ ਅੱਖੀਂ ਘੱਟਾ ਪਾ ਕੇ ਤੇ ਉਚ ਦਾ ਪੀਰ ਬਣ ਕੇ
ਆ ਜਾਣੈ ਜੰਤਾ ਦੇ ਜੰਗਲ ਵਿਚ,
ਇਸ ਵਾਰ ਉਸ ਨੇ ਦਮਦਮੇ ਦੇ ਰਸਤਿਓਂ ਨਹੀਂ ਲੰਘਣਾ
ਤੇ ਜਾਣੈ ਸਿੱਧਾ ਲਾਲ ਕਿਲੇ ਵੱਲ,
ਲੈ ਕੇ ਲਾਡਲੀਆਂ ਫੌਜਾਂ।
ਇਸ ਵਾਰ ਫੇਰ ਵਜਾ ਦੇਣੀ ਏ ਇੱਟ ਨਾਲ ਇੱਟ,
ਤੇ ਦੱਬ ਦੇਣਾ ਏ ਸਮੇਤ ਅਮਰੀਕਾ....?
ਸਰਹੰਦ ਦੇ ਮਲਵੇ ਹੇਠ।
ਤੇ ਦੱਬ ਦੇਣੈ ਸਮੇਤ ਅਮਰੀਕਾ....

**ਡਾ. ਬਲਵਿੰਦਰ ਸੋਢੀ**
**98150-25292**

---

## ਕਾਮਰੇਡਾਂ ਨਾਲ ਤੁਰਦਿਆਂ (ਅਰੁੰਧਤੀ ਰਾਏ)

ਕਿਤਾਬ ਪੜ੍ਹਦਿਆਂ ਵਿਚਾਰ ਕਰਦਿਆਂ
ਪਤਾ ਹੀ ਨਾ ਲੱਗਿਆ
ਕਦੋਂ ਮੈਂ ਕਾਮਰੇਡਾਂ ਮਗਰ ਹੋ ਤੁਰਿਆ
ਜਾਂ ਸ਼ਾਇਦ ਅਰੁੰਧਤੀ ਰਾਏ ਦੀ
ਵਾਰਤਕ ਨੇ ਮੈਨੂੰ ਤੋਰ ਲਿਆ
ਮੇਰੀਆਂ ਮੁੱਠੀਆਂ ਵਿਚ ਭਰੀ
ਡਰ ਦੀ ਰੇਤ ਕਿਰ ਗਈ
ਬਸਤਰ ਭਰਮ ਦਾ ਤਾਰ ਤਾਰ ਹੋ ਗਿਆ
ਕਦਮ ਕਦਮ ਹਥਿਆਰ ਹੋ ਗਿਆ
ਹੌਲਾਂ ਫੁੱਲ ਵਰਗਾ ਭਾਰ ਹੋ ਗਿਆ
ਜੰਗਲ ਮੇਰਾ ਮੈਂ ਜੰਗਲ ਦਾ ਕਰਜ਼ਦਾਰ ਹੋ ਗਿਆ
ਬੇਵੱਸਾਂ ਦੇ ਹੰਝੂ
ਬਲਾਤਕਾਰਾਂ ਦਾ ਖ਼ੌਫ਼
ਭੁੱਖ ਤਿਹਾ ਮੌਤ ਦਾ ਤਾਂਡਵ
ਆਪਣੇ ਹੱਕਾਂ ਦੀ ਵਕਾਲਤ ਕਬਜ਼ਾ ਨਹੀ ਹੁੰਦਾ
ਦੇਸ਼ ਪਿਆਰ ਦਾ ਜਜ਼ਬਾ ਹੁੰਦਾ ਹੈ
ਜਿੰਦੇ ਹੋਣ ਦੇ ਅਹਿਸਾਸ
ਮੂੰਹ ਖੋਲਣ ਦਾ ਸੰਤਾਪ
ਬੋਲਣ ਦੀ ਸਜ਼ਾ
ਬਲਾਤਕਾਰੀਆਂ ਦੇ ਮੂੰਹਾਂ ਦੀਆਂ ਝੱਗਾਂ
ਘਰਾਂ ਨੂੰ ਲੱਗੀਆਂ ਅੱਗਾਂ
ਇਨਸਾਨਾਂ ਨੂੰ ਸਮਝਣ ਜਿਵੇਂ
ਹੋਣ ਗਾਈਆਂ ਮੱਝਾਂ
ਉਹ ਲੜ ਰਹੇ ਹਨ ਜ਼ਮੀਨ ਤੇ
ਨਾਟਕ ਕਰ ਰਹੇ ਹਨ ਸਟੇਜ ਉੱਤੇ
ਫੈਸਲਾ ਕਰਨਾ ਚਾਹੁੰਦੇ ਬਰਾਬਰ ਦੀ ਮੇਜ਼ ਉੱਤੇ
ਗੁਨਾਹ ਸਿਰਫ ਹੈ
ਸੁੱਤਿਆਂ ਨੂੰ ਜਗਾ ਕੇ ਅੱਖਾਂ ਵਿੱਚ ਸੁਪਨੇ ਭਰਨਾ
ਸਿਰ ਉਠਾ ਕੇ ਜਿਉਣ ਦਾ ਯਤਨ ਕਰਨਾ
ਹਵਾ ਲਈ ਪਾਣੀ ਲਈ
ਚਰੋਕਣੀ ਆਸ ਲਈ
ਭੁੱਖ ਪਿਆਸ ਲਈ
ਭੁੱਖ ਸੰਤਾਪ ਹੁੰਦੀ ਹੈ
ਜਦ ਮੈਂ ਰਮਜ਼ਾਂ ਜਾਣੀਆਂ
ਹੁਣ ਮੁੜਨਾ ਮੁਸ਼ਕਲ ਹੈ ਹਾਣੀਆਂ
ਸੁਖਦੇਵ ਨੂੰ ਛੱਡ ਕੇ
ਕਮਲਾਂ ਦੀਆਂ ਘਸੀਆਂ ਚਪਲੀਆਂ ਦੀ ਆਵਾਜ਼
ਪੁਕਾਰ ਰਹੀ ਹੈ
ਉਮੀਦ ਜ਼ਿੰਦਾ ਰੱਖਣ ਦਾ ਕਰ ਆਹਰ ਰਹੀ ਹੈ
ਸੀਸ ਤਲੀ ਤੇ ਧਰੀ ਫਿਰਦੇ ਹਨ ਉਹ ਸ਼ਾਹਸਵਾਰ
ਹੁਣ ਆਰ ਜਾਂ ਪਾਰ

**-ਪਰਮਿੰਦਰ ਰਮਨ**

## ਟ੍ਰੋਲ ਆਰਮੀ

ਸ਼ੋਰ ਦਾ ਸਮੰਦਰ ਹੈ
ਤੈਰ ਰਹੇ ਨੇ ਆਦਮੀ ਸ਼ਾਰਕਾਂ ਵਰਗੇ
ਸਮਤਲ ਤੋਂ ਅੱਧਾ ਫੁੱਟ ਥੱਲੇ
ਤਰਥੱਲ ਮੱਚੀ ਹੈ ਪਾਣੀਆਂ 'ਚ ਹਰ ਪਾਸੇ।

ਕਦੋਂ ਸਿਰ ਕੱਢ ਨਿਕਲ ਆਉਣ
ਹੋਕੇ ਹਮਲਾਵਰ।

ਲੋੜ ਵੀ ਨਹੀਂ
ਹੱਥਾਂ 'ਚ ਨਾ ਹੀ ਨੇ ਤਲਵਾਰਾਂ
ਨਾਹੀਂ ਹੀ ਸਟੇਨਗੰਨ
ਨਾ ਹੀ ਚਾਕੂ ਗੰਡਾਸੀਆਂ ਵਰਗੇ
ਮੂੰਹ ਹਨੇਰੇ ਨਿਕਲਣ ਦੀ ਵੀ
ਨਹੀਂ ਜ਼ਰੂਰਤ ਚੋਰਾਂ ਵਾਂਗ।

ਬੱਸ ਸਾਡੇ ਹੀ ਅੰਦਰ ਬੈਠੇ ਨੇ
ਹਥਿਆਰਬੰਦ
ਅਫਵਾਵਾਂ ਤੇ ਝੂਠੀਆਂ ਖਬਰਾਂ ਨਾਲ
ਸਲੀਪਿੰਗ ਸੈਲ ਵੀ ਨਹੀਂ
ਕਿ ਤਿਆਰੀ ਹੈ
ਆਰ ਡੀ ਐਕਸ ਦੀ ਸਮੱਗਲਿੰਗ ਦੀ

ਸਿਰਫ ਦੋ ਰੁਪਈਏ ਨੇ
ਓਹਨਾਂ ਦੀ ਸੇਵਾ ਦਾ ਮੁੱਲ।

ਤੇ ਕੁਛ ਵੀ ਵੱਢ ਸਕਦੇ ਨੇ
ਟੁੱਕ ਸਕਦੇ ਨੇ ਸ਼ਬਦਾਂ ਨਾਲ

ਕਮੈਂਟਸ
ਗਾਲਾਂ
ਦੇਸ਼-ਧ੍ਰੋਹ
ਪਾਕਿਸਤਾਨ
ਹਿੰਦੂ
ਹਿੰਦੋਸਤਾਨ
ਮੁਸਲਮਾਨ
ਆਦਿ ਸ਼ਬਦ ਨੇ
ਓਹਨਾ ਦੇ ਹੱਥਾਂ 'ਚ।

ਤਿੱਖੇ ਜ਼ਹਿਰੀਲੇ ਤੀਰ ਨਹੀਂ -
ਉਨ੍ਹਾਂ ਦੀ ਕਮਾਨ 'ਚ

ਸਿਰਫ਼ ਨਫ਼ਰਤੀ ਸ਼ਬਦ ਨੇ !

ਧਿਆਨ ਰੱਖਿਓ ਆਪਣਾ।

**ਪੰਕਜੇਸ਼ਵਰ**
**(ਬਰੈਂਪਟਨ, ਓਂਟਾਰੀਓ)**

---

## ਨਫ਼ਰਤ ਦਾ ਬਾਜ਼ਾਰ ਗਰਮ ਹੈ !

ਹਾਏ! ਨਫ਼ਰਤ ਦਾ, ਬਾਜ਼ਾਰ ਗਰਮ ਹੈ।
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।
ਨਾਂ ਪੁੱਛ ਕੇ ਅਸੀਂ ਕੋਹ ਨਹੀਂ ਸਕਦੇ,
ਇਹ ਤਾਂ ਕੋਈ ਹੋਰ ਧਰਮ ਹੈ।

ਧਰਮ ਪੁੱਛ ਕੇ, ਗਰਦਨ ਕੱਟੇਂ।
ਲਿੰਗ ਭੇਦ, ਬੇੜੀ ਵਿੱਚ ਵੱਟੇ।
ਸੋਚੀਂ ਪਈ, ਮਨੁੱਖਤਾ ਸਾਰੀ,
ਤੇਰਾ ਦੀਨ, ਈਮਾਨ ਖ਼ਤਮ ਹੈ।
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।

ਪਤਾ ਨਹੀਂ ਤੂੰ, ਕਿੱਥੋਂ ਪੜ੍ਹਿਆ।
ਨਾ ਤੂੰ ਰੱਬ ਦੇ, ਇਸ਼ਕ ਵਿਚ ਰੜਿਆ।
ਦੇਖ ਕੇ ਮੱਥਾ, ਟਿੱਕਾ ਲਾਵੇਂ,
ਕੈਸਾ 'ਲਾਲੋ ਲਾਲ' ਧਰਮ ਹੈ!
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।

'ਜੱਸੀ' ਮੁਹੰਮਦ, ਖ਼ੁਸ਼ ਨਹੀਂ ਕੋਈ,
ਨਾ ਬੁੱਲਾ, ਨਾ ਹਾਸ਼ਮ ਕੋਈ,
ਮੁਕਬਲ, ਵਾਰਸ, ਫ਼ਰੀਦ ਨੇ ਰੋਂਦੇ,
ਨਹੀਂ ਨਹੀਂ ਸਾਡਾ, ਇਹ ਨਾ ਧਰਮ ਹੈ।
ਝੁਕਿਆ ਸਿਰ ਮੇਰਾ ਨਾਲ ਸ਼ਰਮ ਹੈ।

ਨਾਂ ਪੁੱਛ ਕੇ ਅਸੀਂ, ਕੋਹ ਨਹੀਂ ਸਕਦੇ,
ਇਹ ਤਾਂ ਕੋਈ, ਹੋਰ ਧਰਮ ਹੈ।
ਝੁਕਿਆ ਸਿਰ ਮੇਰਾ, ਨਾਲ ਸ਼ਰਮ ਹੈ।

**ਜਸਪਾਲ ਜੱਸੀ**

## ਪਾਸ਼ ਦੇ ਸੁਪਨਿਆਂ ਦਾ ਪਿੱਛਾ ਕਰਦਿਆਂ

ਮੈਨੂੰ ਕੁੜੀਆਂ
ਸ਼ਿਵ ਦੀ ਕਿਤਾਬ ਵਰਗੀਆਂ ਨਹੀਂ
ਮੈਨੂੰ ਤਾਂ ਕੁੜੀਆਂ
ਪਾਸ਼ ਦੇ ਸੁਪਨਿਆਂ ਦਾ ਪਿੱਛਾ ਕਰਦਿਆਂ
ਭੱਜੀਆਂ ਫਿਰਦੀਆਂ ਹੀ ਲੱਭਦੀਆਂ

ਜਦ ਪਿੰਡ ਵੱਲ ਜਾਂਦੀ ਹਾਂ
ਤਾਂ ਸਿਰਾਂ ਉੱਤੇ ਦੋ ਦੋ ਪੰਡਾਂ ਚੱਕੀ
ਲਿਫਦੀਆਂ ਹੋਈਆਂ
ਪਗਡੰਡੀਆਂ ਤੇ ਹੀ ਟੱਕਰ ਜਾਂਦੀਆਂ

ਤੇ ਸਲਵਾਰਾਂ ਨੂੰ ਗੋਡਿਆਂ ਤਕ ਟੰਗੀ
ਜੇਠ ਹਾੜ੍ਹ ਦੇ ਮਹੀਨਿਆਂ 'ਚ
ਝੋਨਾ ਲਾਉਂਦੀਆਂ ਕੁੜੀਆਂ
ਸ਼ਿਵ ਦੀ ਕਿਤਾਬ ਵਰਗੀਆਂ ਤਾਂ
ਨਹੀਂ ਲੱਗਦੀਆਂ

ਜਦ ਸ਼ਹਿਰ ਵੱਲ ਝਾਤ ਮਾਰਦੀ ਹਾਂ
ਤਾਂ ਆਪਣੇ ਬੱਚਿਆਂ ਦੇ ਮੂੰਹ
'ਚੋਂ ਦੁੱਧ ਛੁਡਾ ਕੇ
ਬਾਹਾਂ ਚ ਪਰਸ ਪਾ ਕੇ
ਬੱਸਾਂ ਮਗਰ ਭੱਜੀਆਂ ਜਾਂਦੀਆਂ
ਕੁੜੀਆਂ ਵੀ
ਮੈਨੂੰ ਸ਼ਿਵ ਦੀ ਕਿਤਾਬ ਵਰਗੀਆਂ
ਨਹੀਂ ਲੱਗਦੀਆਂ

ਕਿ ਸ਼ਾਇਦ ਮੇਰੇ ਦੇਸ਼ 'ਚ ਹੀ
ਕੁੜੀਆਂ ਪਾਸ਼ ਦੇ ਸੁਪਨਿਆਂ
ਦਾ ਪਿੱਛਾ ਕਰਦੀਆਂ

ਤੇ ਸ਼ਿਵ ਦੀ ਕਿਤਾਬ ਵਰਗੀਆਂ
ਕੁੜੀਆਂ ਦੀ ਭਾਲ 'ਚ
ਜਹਾਜ਼ ਚੜ੍ਹ ਕਨੇਡਾ ਅਮਰੀਕਾ ਦੀ
ਧਰਤੀ ਤੇ ਪਹੁੰਚ ਜਾਂਦੀ ਹਾਂ

ਇੱਥੇ ਵੀ ਕੁੜੀਆਂ
ਹੱਥਾਂ 'ਚ ਬਰੈੱਡ ਤੇ ਟੋਸਟ ਫੜੀ
ਅਠਾਰਾਂ ਅਠਾਰਾਂ ਘੰਟੇ ਦੀਆਂ
ਸ਼ਿਫਟਾਂ ਲਗਾਉਂਦੀਆਂ
ਅੱਕੀਆਂ ਤੇ ਥੱਕੀਆਂ
ਨੀਂਦ ਨੂੰ ਤਰਸਦੀਆਂ ਹੀ ਲੱਭਦੀਆਂ

ਮੈਨੂੰ ਕੁੜੀਆਂ ਸ਼ਿਵ ਦੀ ਕਿਤਾਬ
ਵਰਗੀਆਂ ਨਹੀਂ ਲੱਭਦੀਆਂ

ਫਿਰ ਜਿਸ ਨੂੰ ਮਰਦ ਲੋਕ
ਸ਼ਾਇਦ ਸਵਰਗ ਲੋਕ ਕਹਿੰਦੇ ਨੇ
ਉੱਥੇ ਵੀ ਪਹੁੰਚ ਜਾਂਦੀ ਹਾਂ
ਜਿੱਥੇ ਕੁੜੀਆਂ
ਰੰਗ ਬਿਰੰਗੇ ਵਸਤਰ ਪਹਿਣ
ਅਤਰ ਫੁਲੇਲਾਂ ਲਾ
ਖੁੱਲ੍ਹੇ ਕੇਸ ਹਵਾ 'ਚ ਲਹਿਰਾਉਂਦੀਆਂ
ਤੇ ਸੋਮ ਰਸ ਨਾਲ
ਰਸ ਭਰੀਆਂ ਹੁੰਦੀਆਂ

ਪਰ ਇੱਥੇ ਵੀ ਕੁੜੀਆਂ ਮੈਨੂੰ
ਪਾਸ਼ ਦੇ ਸੁਪਨਿਆਂ ਦਾ ਪਿੱਛਾ
ਕਰਦਿਆਂ ਹੀ ਲੱਭਦੀਆਂ
ਜੋ ਲਿਪਸਟਿਕ ਹੇਠਾਂ
ਸਾਰੇ ਜ਼ਖ਼ਮਾਂ ਨੂੰ ਲੁਕੋ ਕੇ ਹੱਸਦੀਆਂ

ਮੈਨੂੰ ਤਾਂ ਕੁੜੀਆਂ
ਸ਼ਿਵ ਦੀ ਕਿਤਾਬ ਵਰਗੀਆਂ
ਨਹੀਂ ਲੱਭਦੀਆਂ

ਪਾਸ਼ ਦੇ ਸੁਪਨੇ
ਵਰਗੀ ਕੁੜੀ

**-ਵਿਰਕ ਪੁਸ਼ਪਿੰਦਰ**

## ਲੋਕਤੰਤਰ

ਯਾਦ ਹੈ ਨਾ
ਜਦ ਗਏ ਸੀ
ਜੁੱਤੀ ਲੈਣ
ਕਿੰਨੀਆਂ ਦੁਕਾਨਾਂ ਦੀ
ਫੱਕੀ ਸੀ
ਧੂੜ

ਪਾ ਕੇ ਦੋਵਾਂ ਪੈਰਾਂ 'ਚ
ਸ਼ੀਸ਼ੇ ਦੇ ਸਾਹਮਣੇ
ਕਿੰਨੇ ਪਾਸਿਆਂ ਤੋਂ
ਨਿਹਾਰਿਆ ਸੀ

ਹੱਥ 'ਚ ਫੜ ਕੇ
ਮਰੋੜਿਆ ਸੀ
ਅੱਗੇ-ਪਿੱਛੇ
ਮੋੜਿਆ ਸੀ

ਸਿਲਾਈ 'ਸੋਲ' 'ਹੀਲ'
ਕਿੰਨੀ ਕਿੰਨੀ ਵਾਰ
ਘੋਖੀ ਸੀ
ਪੁੱਛਿਆ ਸੀ
'ਸੇਲਜ਼ਮੈਨ' ਤੋਂ ਵੀ
ਠੀਕ ਲਗਦੀ ਹੈ ਨਾ!

ਲਿਆਉਣ ਤੋਂ ਬਾਅਦ
ਕਿੰਨੀ ਰੀਝ ਨਾਲ ਰੱਖੀ
ਰੀਝ ਨਾਲ ਪਾਈ
ਧੂੜ-ਪਾਣੀ ਤੋਂ ਬਚਾਈ
ਪਾਲਿਸ਼ ਨਾਲ ਚਮਕਾਈ
'ਸ਼ੂ-ਰੈਕ' 'ਤੇ
ਸਭ ਤੋਂ ਉੱਪਰ ਟਿਕਾਈ
ਕਿੰਨੀ ਦੇਖ-ਭਾਲ ਕਰਾਈ

ਪਰ
ਜਦ ਗਏ
ਲੋਕਤੰਤਰ ਲੈਣ
ਤਾਂ
ਤਹਿ ਕਰ ਲਿਆ
ਪਹਿਲਾਂ ਤੋਂ ਹੀ

ਨਾ ਦੇਖਿਆ
ਨਾ ਭਾਲਿਆ
ਨਾ ਮੋੜਿਆ
ਨਾ ਮਰੋੜਿਆ
ਨਾ ਪੁੱਛੀ ਗਰੰਟੀ
ਨਾ ਵਰੰਟੀ

ਨਾ ਦੇਖਿਆ ਪਾ ਕੇ
ਨਾ ਹੀ ਪੁੱਛਿਆ
ਕਿਸੇ ਤੋਂ
ਠੀਕ ਤਾਂ ਹੈ ਨਾ!

ਤੇ ਲਿਆਉਣ ਤੋਂ ਬਾਅਦ
ਸਿੱਟ ਤਾ
ਘਰ ਦੇ ਕਿਸੇ ਖੂੰਜੇ 'ਚ
ਪੂਰੇ ਪੰਜ ਸਾਲਾਂ ਲਈ

ਤੇ
ਉਮੀਦ ਕਰਦੇ ਰਹੇ
ਕਿ ਜਿਸ ਤਰ੍ਹਾਂ
ਜੁੱਤੀ ਰਾਖੀ ਕਰਦੀ ਹੈ
ਪੈਰ ਦੀ
ਉਸੇ ਤਰ੍ਹਾਂ
ਲੋਕਤੰਤਰ ਰਾਖੀ ਕਰੇਗਾ
ਸਿਰ ਦੀ

ਹੁਣ
ਤੁਸੀਂ ਹੀ ਸੋਚੋ
ਜਿਸਦੀ ਔਕਾਤ
ਜੁੱਤੀ ਤੋਂ ਵੀ
ਘੱਟ ਹੋਵੇ
ਉਸ ਤੋਂ ਕਿੰਨੀ ਕੁ
ਕੀਤੀ ਜਾ ਸਕਦੀ ਹੈ
ਉਮੀਦ

ਅਗਲੀ ਵਾਰ
ਜਦ ਜਾਉਂ
ਲੋਕਤੰਤਰ ਲੈਣ
ਤਾਂ
ਜੁੱਤੀ ਜਿੰਨਾਂ ਤਾਂ
ਜਰੂਰ ਸੋਚਣਾ



**ਮੂਲ ਲੇਖਕ : ਹੂਬ ਨਾਥ**
**ਅਨੁ. : ਯਸ਼ ਪਾਲ**
**(98145 35005)**

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਡਰੀਮਲੈਂਡ ਪਬਲਿਕ ਸਕੂਲ

# ਸਿੱਖਿਆ ਬੱਚਿਆਂ ਵਿੱਚ ਬਹੁਪੱਖੀ ਮਨੁੱਖੀ ਗੁਣਾ ਦਾ ਸੰਚਾਰ ਕਰਦੀ ਹੈ : ਬਲਦੇਵ ਬਾਠ





"ਸਿੱਖਿਆ ਦੀ ਵਡਿਆਈ ਇਸ ਲਈ ਅਕਹਿ ਹੁੰਦੀ ਹੈ, ਕਿ ਇਹ ਹੱਡ/ਮਾਸ ਦੇ ਸਰੀਰ ਵਿੱਚ ਬਹੁ-ਪਰਤੀ ਮਨੁੱਖੀ-ਗੁਣਾ ਦਾ ਸੰਚਾਰ ਕਰਦੀ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਇਸ ਤੱਤ ਨੂੰ ਸਮਝਿਆ, ਉਨ੍ਹਾਂ ਨੇ ਹਸਤੀਆਂ ਜਿਹਾ ਰੁਤਬਾ ਹਾਸਲ ਕੀਤਾ ਅਤੇ ਜਿਹੜੇ ਇਸੇ ਤੱਤ ਨੂੰ ਮੁੱਖ ਰੱਖਕੇ ਪੜ੍ਹਨਗੇ, ਉਹ ਵੀ ਕਿਸੇ ਦਿਨ ਹਸਤੀਆਂ ਬਣਨਗੇ।" ਇਹ ਵਿਚਾਰ ਸਰੀ (ਕੈਨੇਡਾ) ਨਿਵਾਸੀ ਵਿੱਦਿਅਕ-ਚਿੰਤਕ ਅਤੇ ਸਮਾਜ-ਸੇਵੀ ਸ: ਬਲਦੇਵ ਸਿੰਘ ਬਾਠ ਨੇ ਪ੍ਰਗਟ ਕੀਤੇ। ਉਹ ਕੇਂਦਰੀ ਬੋਰਡ ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ 'ਡਰੀਮਲੈਂਡ ਪਬਲਿਕ ਸਕੂਲ, ਬਸੀ ਗੁੱਜਰਾਂ ਦੀ ਕਰੋੜਾਂ ਰੁਪਏ ਦੀ ਲਾਗਤ ਨਾਲ ਉੱਸਰੀ ਨਵੀਂ ਇਮਾਰਤ ਦਾ ਉਦਘਾਟਨ ਕਰਨ ਉਪਰੰਤ, ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ 6 ਸਾਲ ਪਹਿਲਾਂ, ਉਹ ਇਸ ਇਮਾਰਤ ਦੀ ਸ਼ੁਰੂਆਤ ਕਰਵਾ ਕੇ ਗਏ ਸਨ ਅਤੇ ਹੁਣ ਉੱਸਰੀ ਖ਼ੂਬਸੂਰਤ ਇਮਾਰਤ ਨੂੰ ਵੇਖ ਕੇ ਧੰਨ ਹੋ ਗਏ ਹਨ।

**ਪੰਜਾਬ ਦੀ ਸਕੂਲੀ ਸਿੱਖਿਆ ਦਾ ਸੰਕਟ ਕਈ ਪੱਖਾਂ ਤੋਂ ਡੂੰਘਾ ਹੈ। ਪ੍ਰੰਤੂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਕਈ ਵਿਅਕਤੀ ਆਪਣੇ ਵਿਚਾਰਾਂ ਅਤੇ ਸਿੱਖਿਆ ਖੇਤਰ ਦੇ ਮਾਨਯੋਗ ਹਿੱਸਿਆਂ ਨਾਲ ਸਾਂਝ ਪਾ ਕੇ ਸਿੱਖਿਆ ਨੂੰ ਪੇਂਡੂ ਖੇਤਰ ਵਿਚ ਪਸਾਰਦੇ ਹਨ। ਉਨ੍ਹਾਂ ਵਿਚ ਚਮਕੌਰ ਸਾਹਿਬ ਇਲਾਕੇ ਵਿਚ ਸ੍ਰ. ਸਵਰਨ ਸਿੰਘ ਭੰਗੂ ਦੀ ਅਗਵਾਈ ਵਿਚ ਅਜਿਹਾ ਹੀ ਮੁੱਲਵਾਨ ਕਾਰਜ ਕੀਤਾ ਜਾ ਰਿਹਾ ਹੈ, ਜਿਥੇ ਬੌਧਿਕ ਪੱਧਰ 'ਤੇ ਸਮਰੱਥਾ ਰੱਖਣ ਵਾਲੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਦਾਨਸ਼ਵਰਾਂ ਦੀਆਂ ਸਹਾਇਤਾ ਨਾਲ ਪੜ੍ਹਾਇਆ ਜਾਂਦਾ ਹੈ ਤਾਂ ਕਿ ਇਹ ਮਨੁੱਖੀ ਸਰਮਾਇਆ ਸਮਾਜ ਵਿਚ ਵੱਧ ਫੁੱਲ ਸਕੇ। ਇਸ ਦੀ ਅਗਲੀ ਕੜੀ ਵਜੋਂ ਇਕ ਹੋਰ ਸੰਸਥਾ 'ਡਰੀਮਲੈਂਡ ਪਬਲਿਕ ਸਕੂਲ' ਦਾਨੀ ਸੱਜਣਾਂ ਦੀ ਮਦਦ ਨਾਲ ਚਲ ਰਹੀ ਸੰਸਥਾ ਵਿਚ ਸਥਾਪਤ ਕੀਤੀ ਗਈ ਹੈ। ਜਿਸ ਦਾ ਉਦਘਾਟਨ ਲੋਕਹਿਤਾਂ ਲਈ ਪ੍ਰਣਾਏ ਹੋਏ ਬਲਦੇਵ ਸਿੰਘ ਬਾਠ ਅਤੇ ਹੋਰ ਸੱਜਣਾਂ ਨੇ ਕੀਤੀ।**

ਉਦਘਾਟਨੀ ਪਲੇਟ ਤੋਂ ਉਨ੍ਹਾਂ ਅਤੇ ਸ੍ਰੀਮਤੀ ਰੇਸ਼ਮ ਕੌਰ ਨੇ ਸਾਂਝੇ ਤੌਰ 'ਤੇ ਪਰਦਾ ਉਠਾਇਆ। ਵਰਨਣਯੋਗ ਹੈ, ਕਿ ਢੋਲਾਂ ਦੇ ਖੜਕਾਟ, ਤਾੜੀਆਂ ਦੀ ਗੂੰਜ ਅਤੇ ਪੁਸ਼ਪ-ਵਰਖਾ ਦੌਰਾਨ, ਇਹ ਉਦਘਾਟਨੀ ਕਾਫ਼ਲਾ ਜਿਸ ਵਿੱਚ ਸ: ਸੁਰਜੀਤ ਸਿੰਘ ਅਤੇ ਸ੍ਰੀਮਤੀ ਜਸਵਿੰਦਰ ਕੌਰ (ਕੈਨੇਡਾ), ਡਾ: ਕੁਲਵਿੰਦਰ ਸਿੰਘ ਬਾਠ ਅਤੇ ਸ੍ਰੀਮਤੀ ਗੁਰਜੀਤ ਕੌਰ ਬਾਠ (ਅਮਰੀਕਾ) ਅਤੇ ਸ: ਜਰਨੈਲ ਸਿੰਘ ਬਾਠ ਅਤੇ ਸ੍ਰੀਮਤੀ ਨਰਿੰਦਰ ਕੌਰ ਵਾਸੀ ਇੰਗਲੈਂਡ ਸ਼ਾਮਲ ਸਨ। ਇਹ ਕਾਫ਼ਲਾ ਇੱਕ ਨਿਰਧਾਰਤ ਦੂਰੀ ਤੋਂ, ਨਵੇਂ ਸਕੂਲ ਦੇ ਗੇਟ 'ਤੇ ਪਹੁੰਚਾ ਸੀ। ਸਟਾਫ਼ ਨੇ ਆਪਣੀਆਂ ਬਰੂਹਾਂ 'ਤੇ ਤੇਲ ਚੋਅ ਕੇ ਸ਼ਗਨ ਕੀਤਾ ਅਤੇ ਫਿਰ ਉਦਘਾਟਨ ਦੀ ਪ੍ਰਭਾਵੀ-ਰਸਮ ਦੌਰਾਨ ਸਮਾਂ ਰੁਕ ਗਿਆ ਪ੍ਰਤੀਤ ਹੋਇਆ। ਇਮਾਰਤ ਤੋਂ ਸੁਰਾਂ ਉੱਭਰੀਆਂ ਸਨ, ਤਾਲ ਸੀ, ਇਮਾਰਤ ਦੇ ਸਿਖ਼ਰ ਤੋਂ ਪੁਸ਼ਪ-ਵਰਖਾ ਹੋਈ ਸੀ। ਸੰਸਥਾ ਦੇ ਨਿਰਦੇਸ਼ਕ ਸਵਰਨ ਸਿੰਘ ਭੰਗੂ ਨੇ ਵਿਆਖਿਆ ਕੀਤੀ, ਕਿ ਉਨ੍ਹਾਂ ਨੂੰ ਇਹ ਨਵੀ ਸੰਸਥਾ ਕਿਉਂ ਖੋਲ੍ਹਣੀ ਪਈ ਹੈ? ਉਨ੍ਹਾਂ ਦੇਸ/ਵਿਦੇਸ਼ ਦੇ ਮਿਹਰਬਾਨਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਬਦੌਲਤ ਇਸ ਨਵੀਂ ਇਮਾਰਤ ਦੀ ਉਸਾਰੀ ਸੰਭਵ ਹੋਈ। ਪ੍ਰਿੰਸੀਪਲ ਨਵਪ੍ਰੀਤ ਕੌਰ ਨੇ ਸਕੂਲ ਦੀ ਪ੍ਰਗਤੀ-ਰਿਪੋਰਟ ਪੜ੍ਹੀ ਅਤੇ ਭਵਿੱਖ ਦੇ ਟੀਚਿਆਂ ਦਾ ਖੁਲਾਸਾ ਕੀਤਾ। ਚੱਲਦੇ ਸਮਾਗਮ ਦੌਰਾਨ ਵਿਦਿਆਰਥੀਆਂ ਅਤੇ ਮਹਿਮਾਨਾਂ ਦਾ ਮਾਣ ਸਨਮਾਨ ਦਾ ਸੀ, ਕਲਾ ਵੰਨਗੀਆਂ ਸਨ। ਇਸ ਮੌਕੇ 'ਤੇ ਪ੍ਰਿੰਸੀਪਲ ਅਮਨਦੀਪ ਕੌਰ, ਚੌਧਰੀ ਤੀਰਥ ਰਾਮ, ਕੁਲਵਿੰਦਰ ਸਿੰਘ, ਬੇਅੰਤ ਕੌਰ, ਜਸਵੀਰ ਸਿੰਘ ਗਿੱਲ, ਕਰਮਜੀਤ ਸਿੰਘ, ਨੇਤਰ ਸਿੰਘ ਆਦਿ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਪੇ ਅਤੇ ਸਟਾਫ ਮੈਂਬਰ ਮੌਜੂਦ ਸਨ।















# ਦੇਸ਼ ਦੇ ਲੋਕਾਂ ਨੂੰ ਧਰਮ ਦੇ ਨਾਮ 'ਤੇ ਵੰਡਿਆ ਜਾ ਰਿਹੈ : ਹਿਮਾਂਸ਼ੂ ਕੁਮਾਰ





'ਪੂੰਜੀਵਾਦ ਕਿਤੇ ਸਬਰ ਨਹੀਂ ਕਰਦਾ।' ਜੇਕਰ ਪੂੰਜੀਵਾਦ ਰੁਕ ਜਾਵੇ ਤਾਂ ਉਹ ਮਰ ਜਾਂਦਾ ਹੈ। ਇਹ ਬੋਲ ਹਨ ਉੱਘੇ ਗਾਂਧੀਵਾਦੀ ਕਾਰਕੁੰਨ ਮਨੁੱਖੀ ਅਧਿਕਾਰਾਂ ਦੇ ਰਾਖੇ ਹਿਮਾਂਸ਼ੂ ਕੁਮਾਰ ਜੀ ਦੇ ਹਨ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਯਤਨਾਂ ਸਦਕਾ ਜਮਹੂਰੀ ਅਧਿਕਾਰ ਸਭਾ ਦੇ ਸਹਿਯੋਗ ਨਾਲ ਅੱਜ ਗੁਰਸ਼ਰਨ ਕਲਾ ਭਵਨ ਵਿਖੇ ਸ਼੍ਰੀ ਹਿਮਾਂਸ਼ੂ ਕੁਮਾਰ ਜੀ ਪਹੁੰਚੇ ਸਨ। ਉਹਨਾਂ ਦੇ ਨਾਲ ਉੱਘੇ ਲੇਖਕ ਤੇ ਚਿੰਤਕ ਬੂਟਾ ਸਿੰਘ ਮਹਿਮਦਪੁਰ, ਪ੍ਰੋਫੈਸਰ ਏ.ਕੇ ਮਲੇਰੀ, ਜਸਵੰਤ ਜੀਰਖ ਵੀ ਪਹੁੰਚੇ ਸਨ। ਇਸ ਮੌਕੇ ਤੇ ਹਿਮਾਂਸ਼ੂ ਕੁਮਾਰ ਜੀ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਧਰਮ ਦੇ ਨਾਮ ਤੇ ਵੰਡਿਆ ਜਾ ਰਿਹਾ ਹੈ। ਦੇਸ਼ ਦੇ ਸੰਸਾਧਨਾਂ ਨੂੰ ਕੌਡੀਆਂ ਦੇ ਭਾਅ ਕਾਰਪੋਰੇਟਰਾਂ ਨੂੰ ਵੇਚਿਆ ਜਾ ਰਿਹਾ ਹੈ। ਆਦਿ ਵਾਸੀਆਂ ਨੂੰ ਤਰੱਕੀ ਦੇ ਨਾਂ ਤੇ ਉਜਾੜਿਆ ਜਾ ਰਿਹਾ ਹੈ। ਕਿਸਾਨਾਂ ਕੋਲੋਂ ਜ਼ਮੀਨਾਂ ਖੋਹਣ ਦੀ ਹੁਣ ਕਾਰਪੋਰੇਟ ਘਰਾਣਿਆਂ ਦੀ ਅੱਖ ਹੈ। ਇਸ ਲਈ ਹੁਣ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੀ ਤਿਆਰੀ ਚੱਲ ਰਹੀ ਹੈ। ਜੇਕਰ ਤੁਸੀਂ ਦੇਸ਼ ਨੂੰ ਬਚਾਉਣਾਂ ਹੈ ਤਾਂ ਆਪੋ ਆਪਣੇ ਸੰਗਠਨ ਮਜ਼ਬੂਤ ਕਰੀਏ। ਬੂਟਾ ਸਿੰਘ ਮਹਿਮਦਪੁਰ ਨੇ ਵੀ ਸੰਬੋਧਨ ਕੀਤਾ। ਲੋਕ ਕਲਾ ਮੰਚ ਰਜਿ ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਜੀ ਨੇ ਹਿਮਾਂਸ਼ੂ ਕੁਮਾਰ ਜੀ ਤੇ ਉਹਨਾਂ ਦੇ ਨਾਲ ਆਈ ਟੀਮ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਦੀਪਕ ਰਾਏ ਜੀ ਨੇ ਕੀਤਾ। ਲੋਕ ਕਲਾ ਮੰਚ ਰਜਿ ਮੰਡੀ ਮੁੱਲਾਂਪੁਰ ਵੱਲੋਂ ਹਿਮਾਂਸ਼ੂ ਕੁਮਾਰ ਜੀ ਨੂੰ ਸਨਮਾਨ ਚਿੰਨ੍ਹ ਗੁਰਸ਼ਰਨ ਭਾਅ ਜੀ ਦੀ ਤਸਵੀਰ ਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੁਖਵੰਤ ਮੋਹੀ, ਭਾਗ ਸਿੰਘ, ਸੁਖਦੀਪ ਸਿੰਘ ਚਾਨਾ, ਅਨਿਲ ਸੇਠੀ, ਪ੍ਰਗਟ ਸਿੰਘ, ਗੁਰਜੀਤ ਸਿੰਘ, ਬਲਵੀਰ ਬਾਸੀਆਂ ਬੇਟ, ਅਜਮੇਰ ਸਿੰਘ, ਗੁਰਮੀਤ ਸਿੰਘ ਧਨੋਆ, ਅੰਜੂ ਚੌਧਰੀ, ਨੀਰਜਾ ਬਾਂਸਲ, ਕਮਲਜੀਤ ਮੋਹੀ ਆਦਿ ਹਾਜ਼ਰ ਸਨ।

# ਪਹਿਲਗਾਮ ਵਿਖੇ ਮਾਰੇ ਗਏ ਬੇਦੋਸ਼ੇ ਲੋਕਾਂ ਨੂੰ ਸਮਰਪਿਤ ਪ੍ਰੋਗਰਾਮ










ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਅਿਆਲਾ) : ਗੁਰਸ਼ਰਨ ਕਲਾ ਭਵਨ ਵਿਖੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਅਤੇ ਪਹਿਲਗਾਮ ਵਿਖੇ ਬੇਦੋਸ਼ੇ ਮਾਰੇ ਗਏ ਲੋਕਾਂ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਕਰਨ ਲਈ ਡਾ. ਅਮਰਪ੍ਰੀਤ ਦਿਉਲ, ਡਾ. ਰੂਹੀ ਦਿਉਲ, ਡਾ. ਨਿਰਮਲ ਜੌੜਾ, ਜਸਵਿੰਦਰ ਸਿੰਘ ਬਿਰਕ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਹਰਕੇਸ਼ ਚੌਧਰੀ, ਕ੍ਰਿਸ਼ਨ ਕੁਮਾਰ ਧੋਤੀ ਵਾਲੇ, ਸਾਬਕਾ ਸਰਪੰਚ ਕਮਲਜੀਤ ਕੌਰ ਮੁੱਲਾਂਪੁਰ, ਪਰਮਜੀਤ ਸਿੰਘ ਪੰਮੀ, ਜਸਰਮਨ ਸਿੰਘ ਬੇਦੀ ਬੈਂਕ ਮੈਨੇਜਰ, ਸੁਖਦੀਪ ਸਿੰਘ ਚਾਨਾ ਆਦਿ ਨੇ ਮੋਮਬੱਤੀਆਂ ਜਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਡਾ. ਅਮਰਪ੍ਰੀਤ ਦਿਉਲ ਜੀ ਨੇ ਇਨਸਾਨੀਅਤ ਬਚਾਉਣ ਦਾ ਸੱਦਾ ਦਿੱਤਾ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਵੱਲੋਂ ਹਰਕੇਸ਼ ਚੌਧਰੀ ਜੀ ਦਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ 'ਅੱਲੜ੍ਹ ਉਮਰਾਂ ਘੁੱਪ ਹਨੇਰੇ' ਖੇਡਿਆ ਗਿਆ। ਇਸ ਨਾਟਕ ਵਿੱਚ ਨਸ਼ਿਆਂ ਦੇ ਨਾਲ ਬਰਬਾਦ ਕੀਤੀ ਜਾ ਰਹੀ ਜਵਾਨੀ ਦੇ ਜ਼ਿੰਮੇਵਾਰ ਨਿਜ਼ਾਮ ਤੇ ਉਂਗਲ ਰੱਖੀ ਗਈ। ਲੋਕੋ ਸਾਡੇ ਪੁੱਤਾਂ ਦੀ ਫ਼ਸਲ ਨੂੰ ਨਸ਼ਿਆਂ ਰੂਪੀ ਨਦੀਨ ਚਿੰਬੜ ਗਏ ਹਨ। ਆਓ ਗੋਪੀਏ ਤਿਆਰ ਕਰਕੇ ਆਪਣੇ ਪੁੱਤਾਂ ਨੂੰ ਬਚਾਈਏ। ਨਾਟਕ ਵਿੱਚ ਮਾਸੂਮ ਅਤੇ ਅਣਭੋਲ ਨੌਜਵਾਨਾਂ ਨੂੰ ਕਿਵੇਂ ਚਲਾਕ ਨਸ਼ਿਆਂ ਦੇ ਵਿਉਪਾਰੀ ਆਪਣੇ ਜਾਲ ਵਿੱਚ ਫਸਾ ਕੇ ਬਰਬਾਦ ਕਰ ਦੇ ਹਨ। ਇਸ ਕਹਾਣੀ ਨੂੰ ਬਾਖ਼ੂਬੀ ਦਿਖਾਇਆ ਗਿਆ। ਇਸ ਜਾਲ ਤੋਂ ਪੰਜਾਬ ਦੀਆਂ ਧੀਆਂ ਵੀ ਨਹੀਂ ਬਚੀਆਂ ਹਨ। ਦੀਪਕ ਰਾਏ, ਕਮਲਜੀਤ ਮੋਹੀ, ਪ੍ਰਦੀਪ ਕੌਰ ਚੰਨਪ੍ਰੀਤ ਕੌਰ, ਰਣਵੀਰ ਸਿੰਘ ਦੀ ਅਦਾਕਾਰੀ ਨੇ ਲੋਕਾਂ ਮੰਨਵਾਇਆ। ਨਾਟਕ ਨੂੰ ਦਰਸ਼ਕਾਂ ਨੇ ਭਰਪੂਰ ਦਾਦ ਦਿੱਤੀ। ਇਸ ਉਪਰੰਤ ਇੱਕ ਕੌਰੀਓਗ੍ਰਾਫੀ 'ਉੱਠ ਨੀ ਕੁੜੀਏ ਉੱਠ ਨੀ ਚਿੜੀਏ ਚੀਖ ਚਿਹਾੜਾ ਪਾ' ਪੇਸ਼ ਕੀਤੀ ਗਈ। ਔਰਤਾਂ ਦੀ ਅਜੋਕੇ ਸਮਾਜ ਵਿੱਚ ਹੋ ਰਹੀ ਦੁਰਦਸ਼ਾ ਬਿਆਨ ਕਰਦੀ ਅਤੇ ਸੰਘਰਸ਼ ਕਰਨ ਦਾ ਸੱਦਾ ਦੇ ਗਈ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪਹੁੰਚ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸਾਬਕਾ ਮੁੱਖ ਅਧਿਆਪਕਾ ਇੰਦਰਜੀਤ ਸਿੰਘ ਮੁੱਲਾਂਪੁਰ, ਅੰਜੂ ਚੌਧਰੀ, ਸਤਨਾਮ ਸਿੰਘ ਡਿਪਟੀ ਡਾਇਰੈਕਟਰ, ਰਾਜੀਵਪੁਰੀ ਸਾਬਕਾ ਟੈਕਸ ਅਧਿਕਾਰੀ ਲੁਧਿਆਣਾ, ਲੈਕਚਰਾਰ ਇਕਬਾਲ ਸਿੰਘ, ਮਾਸਟਰ ਗੁਰਜੀਤ ਸਿੰਘ, ਲੈਕਚਰਾਰ ਪ੍ਰਗਟ ਸਿੰਘ, ਲੈਕਚਰਾਰ ਦਲਜੀਤ ਸਿੰਘ, ਮਾਸਟਰ ਹਰਦੀਪ ਸਿੰਘ, ਬੀਪੀਈਓ ਨਿਰੰਜਣ ਸਿੰਘ, ਵਿਜੇ ਮਿੱਤਲ ਮੋਗਾ, ਅੰਜੂ ਚੌਧਰੀ, ਨੀਰਜਾ ਬਾਂਸਲ ਆਦਿ ਹਾਜ਼ਰ ਸਨ।

**ਪਹਿਲਗਾਮ ਦਹਿਸ਼ਤੀ ਹਮਲਾ**

# ਨਿਕੰਮੇ ਸੁਰੱਖਿਆ ਪ੍ਰਬੰਧਾਂ ਖਿਲਾਫ ਕੀਤੀ ਨਾਅਰੇਬਾਜ਼ੀ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਲੁਧਿਆਣਾ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਦੀ ਹੰਗਾਮੀ ਮੀਟਿੰਗ ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਹੋਈ। ਜੱਥੇਬੰਦੀਆਂ ਦੇ ਕਾਰਕੁੰਨਾਂ ਨੇ ਕਸ਼ਮੀਰ ਵਿੱਚ ਪਹਿਲਗਾਮ ਵਿਖੇ ਅਤੰਕੀ ਹਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਵਿਚਾਰਦਿਆਂ ਜਾਨ ਗੁਆ ਗਏ ਲੋਕਾਂ ਪ੍ਰਤੀ ਗਹਿਰਾ ਦੁੱਖ ਪ੍ਰਗਟਾਉਂਦਿਆਂ ਮਹਿਸੂਸ ਕੀਤਾ ਕਿ ਇਹ ਕਸ਼ਮੀਰੀ ਹਿੰਦੂ – ਮੁਸਲਮਾਨ ਭਾਈਚਾਰਕ ਸਾਂਝ ਦੀਆਂ ਨਾ ਭੁੱਲਣ ਯੋਗ ਯਾਦਾਂ ਵੀ ਛੱਡ ਗਿਆ ਹੈ। ਇਸ ਹਮਲੇ ਸਮੇਂ ਲੋਕਾਂ ਨੇ ਸਰਕਾਰ ਦੀ ਧਰਮ ਅਧਾਰਤ ਮਨੁੱਖੀ ਵੰਡ ਕਰਨ ਦੀ ਨੀਤੀ ਨੂੰ ਨਿਕਾਰਦਿਆਂ ਅਤੰਕੀਆਂ ਵਿਰੁੱਧ ਆਪਸੀਭਾਈਚਾਰਕ ਸਾਂਝ 'ਤੇ ਪਹਿਰਾ ਦਿੱਤਾ ਹੈ ਜੋ ਇੱਕ ਸ਼ਲਾਘਾਯੋਗ ਕਦਮ ਹੈ। ਲੁਧਿਆਣਾ ਦੀਆਂ ਲੋਕਪੱਖੀ ਜੱਥੇਬੰਦੀਆਂ ਜਿਨ੍ਹਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ, ਮਹਾਂ ਸਭਾ ਲੁਧਿਆਣਾ, ਪੰਜਾਬ ਲੋਕ ਸਭਿਆਚਾਰਕ ਮੰਚ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ, ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਸ਼ਾਮਲ ਸਨ। ਇਹਨਾਂ ਦੇ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਬੇਸ਼ੱਕ ਦੇਸ਼ ਭਰ ਅੰਦਰ ਇਸ ਦਰਦਨਾਕ ਘਟਨਾ ਨੂੰ ਲੈ ਕੇ ਸਰਕਾਰ ਪੱਖੀ ਗੋਦੀ ਮੀਡੀਆ ਵੱਲੋਂ ਨਫ਼ਰਤੀ ਫਿਰਕੂ ਮਾਹੌਲ ਸਿਰਜਣ ਦੀਆਂ ਘਿਨਾਉਣੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਪਰ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਅਜਿਹੇ ਭਿਆਨਕ ਵਕਤ ਮੌਕੇ, ਵਰ੍ਹਦੀਆਂ ਗੋਲੀਆਂ ਵਿੱਚ ਵੀ ਸੈਯਦ ਹੁਸੈਨ ਵਰਗੇ ਸੱਚੇ ਕਸ਼ਮੀਰੀਆਂ ਨੇ ਦੂਜੇ ਧਰਮ ਨੂੰ ਬਚਾਉਣ ਲਈ ਆਪਣੀ ਸ਼ਹਾਦਤ ਦੇਣ ਤੋਂ ਸੰਕੋਚ ਨਹੀਂ ਕੀਤਾ। ਕਸ਼ਮੀਰੀ ਲੋਕਾਂ ਨੇ ਧਰਮਾਂ ਤੋਂ ਉੱਪਰ ਉੱਠਕੇ ਇਨਸਾਨੀਅਤ ਨੂੰ ਜਿੰਦਾ ਰੱਖਿਆ ਹੈ ਅਤੇ ਇਸ ਕਤਲੇਆਮ ਖਿਲਾਫ ਇਕੱਠੇ ਹੋ ਕੇ ਮੁਜਾਹਰਾ ਕੀਤਾ।

ਦੂਜੇ ਪਾਸੇ ਇਹ ਅਤਿ ਦੁਖਦਾਈ ਹੈ ਕਿ ਸਰਕਾਰ ਲੋਕਾਂ ਦੀ ਸੁਰੱਖਿਆ ਅਤੇ ਕਸ਼ਮੀਰ ਵਾਸੀਆਂ ਦੇ ਰੋਜਗਾਰ ਦੀ ਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਹੋਈ ਹੈ, ਜਿਸ ਕਰਕੇ ਉਹ ਲੋਕਾਂ ਨੂੰ ਜਵਾਬਦੇਹ ਹੈ। ਬੜੀ ਬੇਸ਼ਰਮੀ ਨਾਲ ਇਸ ਮੁਸੀਬਤ ਵਿੱਚ ਵੀ ਹਕੂਮਤ ਇਸ ਦਰਦਨਾਕ ਘਟਨਾ ਨੂੰ ਆਪਣੇ ਰਾਜਨੀਤਕ ਲਾਭ ਲਈ ਚੋਣਾ ਵਿੱਚ ਇੱਕ ਹਥਿਆਰ ਵਜੋਂ ਵਰਤ ਰਹੀ ਹੈ।

ਕਸ਼ਮੀਰ ਵਿੱਚ ਲੀਥੀਅਮ ਧਾਤ ਦੇ ਬਹੁਤ ਵੱਡੇ ਭੰਡਾਰ ਹਨ ਜੋ ਕਿ ਇਲੈਕਟ੍ਰਾਨਿਕ ਵਿੱਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਧਾਤ ਹੈ। ਇਹਨਾਂ ਭੰਡਾਰਾਂ ਨੂੰ ਰੇਲ ਰਾਹੀਂ ਸਸਤੇ ਤਰੀਕੇ ਨਾਲ ਅਡਾਨੀ-ਅੰਬਾਨੀ ਦੀਆਂ ਬੰਦਰਗਾਹਾਂ ਤੱਕ ਪਹੁੰਚਾਉਣ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ, ਜਿਸਦਾ ਕਸ਼ਮੀਰੀ ਲੋਕ ਵਿਰੋਧ ਕਰ ਰਹੇ ਹਨ। ਇਸ ਲਈ ਇਸ ਦਰਦਨਾਕ ਘਟਨਾ ਨੂੰ ਲੋਕਾਂ ਦੀ ਸਹੀ ਆਵਾਜ਼ ਦਬਾਉਣ ਲਈ ਵਰਤੇ ਜਾਣ ਦਾ ਵੀ ਬਹੁਤ ਵੱਡਾ ਖਦਸਾ ਹੈ। ਇਸ ਘਟਨਾ ਨੇ ਕਸ਼ਮੀਰੀ ਲੋਕਾਂ ਨੂੰ ਬੇ-ਰੋਜਗਾਰ ਕਰਕੇ ਉਹਨਾਂ ਨੂੰ ਉਜਾੜੇ ਦੇ



ਮੂੰਹ ਧੱਕ ਦਿੱਤਾ ਹੈ।

ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਦੀ ਧਰਮਾਂ ਦੀ ਰਾਜਨੀਤੀ ਵਿੱਚ ਨਾ ਪੈ ਕੇ ਆਪਣੇ ਅਸਲ ਮਸਲਿਆਂ ਲਈ ਇਕੱਠੇ ਹੋ ਕੇ ਅੱਗੇ ਆਉਣ। ਜੱਥੇਬੰਦੀਆਂ ਨੇ ਇਸ ਘਟਨਾ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਵੀ ਵੱਡੀ ਪੱਧਰ 'ਤੇ ਲੋਕਾਂ ਤੱਕ ਲੈ ਕੇ ਜਾਣ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਪ੍ਰੋ. ਜਗਮੋਹਨ ਸਿੰਘ, ਪ੍ਰੋ. ਏ ਕੇ ਮਲੇਰੀ, ਜਸਵੰਤ ਜ਼ੀਰਖ, ਡਾ ਹਰਬੰਸ ਗਰੇਵਾਲ, ਹਰਜਿੰਦਰ ਸਿੰਘ, ਬਲਵਿੰਦਰ ਔਲਖ, ਕਸਤੂਰੀ ਲਾਲ, ਪ੍ਰਿੰਸੀਪਲ ਅਜਮੇਰ ਦਾਖਾ, ਐਡਵੋਕੇਟ ਹਰਪ੍ਰੀਤ ਜ਼ੀਰਖ, ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਬਲਵਿੰਦਰ ਸਿੰਘ, ਪ੍ਰਮਜੀਤ ਸਿੰਘ, ਮਾ. ਸੁਰਜੀਤ ਸਿੰਘ, ਜਗਜੀਤ ਸਿੰਘ, ਸਤਨਾਮ ਸਿੰਘ ਹਾਜ਼ਰ ਸਨ।

## Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058



## Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Ph : 604-240-8002
or : 604-250-3834

Free Estimates
3822 Marine Way
Burnaby, B.C. V5J 3H4





THE HARP GREWAL REAL ESTATE TEAM
ਹਰਪ ਗਰੇਵਾਲ

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC. BROKERAGE
HIGHER STANDARDS





## Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com



Trust Your Memories to the Professionals

## Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary





## Punjabi Rang Radio

CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313



## ZOLO

Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2



GALAXY Frightline inc.

## Hiring Drivers/Owners/Operators

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# ਇੱਕ ਰੋਜ਼ਾ ਪੁਸਤਕ ਮੇਲੇ 'ਤੇ ਕੈਲਗਰੀ ਦੇ ਪਾਠਕਾਂ ਵਲੋਂ ਉਤਸ਼ਾਹ






ਕੈਲਗਰੀ (ਹਰਚਰਨ ਸਿੰਘ ਪਰਹਾਰ): 6 ਅਪਰੈਲ ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਇਸ ਮੌਕੇ 'ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਵਲੋਂ ਪੁਸਤਕ ਮੇਲੇ ਵਿੱਚ ਸ਼ਾਮਿਲ ਹੋ ਕੇ ਕਿਤਾਬਾਂ ਖਰੀਦਣ ਲਈ ਧੰਨਵਾਦ ਕੀਤਾ। ਪੁਸਤਕ ਮੇਲੇ ਦਾ ਉਦਘਾਟਨ ਮਾਸਟਰ ਹਰਕੀਰਤ ਧਾਲ਼ੀਵਾਲ਼ ਵਲੋਂ ਕੀਤਾ ਗਿਆ। ਜਿਹੜੇ ਲੇਖਕ ਹੋਣ ਦੇ ਨਾਲ਼-ਨਾਲ਼ ਆਪ ਵੀ ਬਹੁਤ ਕਿਤਾਬਾਂ ਬੜੇ ਸ਼ੌਕ ਨਾਲ਼ ਪੜ੍ਹਦੇ ਹਨ। ਉਨ੍ਹਾਂ ਇਸ ਗੱਲ 'ਤੇ ਅਫ਼ਸੋਸ ਜਾਹਰ ਕੀਤਾ ਕਿ ਪੰਜਾਬੀਆਂ ਦੇ ਘਰਾਂ 'ਚ ਸ਼ਰਾਬ ਦੀ ਬਾਰਾਂ ਤਾਂ ਆਮ ਮਿਲ ਜਾਣਗੀਆਂ, ਪਰ ਕਿਤਾਬਾਂ ਦੀ ਲਾਇਬ੍ਰੇਰੀ ਕਿਸੇ ਵਿਰਲੇ ਘਰ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਕਿਤਾਬਾਂ ਸਾਡਾ ਮਾਨਸਿਕ ਵਿਕਾਸ ਕਰਦੀਆਂ ਹਨ ਅਤੇ ਸਾਨੂੰ ਸੋਚਣ ਲਗਾਉਂਦੀਆਂ ਹਨ।

ਇਸ ਮੌਕੇ 'ਤੇ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਪਹਿਲੀ ਕਿਤਾਬ ਗਦਰੀ ਬਾਬਾ ਭਾਨ ਸਿੰਘ ਸੁਨੇਤ ਦੇ ਇਨਕਲਾਬੀ ਜੀਵਨ ਬਾਰੇ 'ਦਾਸਤਨ-ਏ. ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ' ਸੀ, ਜਿਸਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਨੁਮਾਇੰਦਿਆਂ ਅਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸਹਿਯੋਗੀਆਂ ਵਲੋਂ ਰਿਲੀਜ਼ ਕੀਤਾ ਗਿਆ। ਦੂਸਰੀ ਕਿਤਾਬ 'ਅਜਮੇਰ ਸਿੰਘ ਦੀ ਪੁਸਤਕ: ਖਾੜਕੂ ਲਹਿਰਾਂ ਦੇ ਅੰਗ-ਸੰਗ ਦਾ ਕੱਚ-ਸੱਚ' ਸੀ, ਜਿਸਨੂੰ ਉਘੇ ਪੰਜਾਬੀ ਲੇਖਕ ਅਤਰਜੀਤ ਕਹਾਣੀਕਾਰ ਵਲੋਂ ਲਿਖਿਆ ਗਿਆ ਸੀ। ਜਿਸ ਵਿੱਚ ਅਜਮੇਰ ਸਿੰਘ ਵਲੋਂ ਫੈਲਾਏ ਜਾ ਰਹੇ ਝੂਠ ਨੂੰ ਨੰਗਾ ਕਰਦੀ ਹੈ। ਇਹ ਪੁਸਤਕ ਹਰਚਰਨ ਪਰਹਾਰ, ਰਿਸ਼ੀ ਨਾਗਰ, ਸੁਖਵੀਰ



ਗਰੇਵਾਲ਼, ਬਲਜਿੰਦਰ ਸੰਘਾ ਸਮੇਤ ਅਨੇਕਾਂ ਹੋਰ ਸ਼ਖਸੀਅਤਾਂ ਵਲੋਂ ਰਿਲੀਜ਼ ਕੀਤੀ ਗਈ। ਇਸ ਪੁਸਤਕ ਬਾਰੇ ਹਰਚਰਨ ਪਰਹਾਰ ਵਲੋਂ ਪਾਠਕਾਂ ਨਾਲ਼ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੁਸਤਕ ਬਾਰੇ ਜਾਣਕਾਰੀ ਦਿੱਤੀ। ਬਹੁਤ ਸਾਰੇ ਪਾਠਕਾਂ ਨੇ ਮੇਲੇ ਦੌਰਾਨ ਪੁਸਤਕ ਖਰੀਦੀ।

ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ।ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੇ ਸੈਸ਼ਨ ਦੀ ਹੋਈ ਚੋਣ

## ਜਸਵੰਤ ਜ਼ੀਰਖ ਸਰਬਸੰਮਤੀ ਨਾਲ ਚੌਥੀ ਵਾਰ ਬਣੇ ਜਥੇਬੰਦਕ ਮੁਖੀ

ਲੁਧਿਆਣਾ (ਬਲਜਿੰਦਰ ਸਿੰਘ ਪਟਿਆਲਾ) : ਤਰਕਸ਼ੀਲ ਸੁਸਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੀ ਦੋ ਸਾਲਾ 2025-2027 ਦੀ ਚੋਣ ਜ਼ੋਨ ਲੁਧਿਆਣਾ ਦੇ ਦਫਤਰ ਨਜ਼ੀਦਕ ਬੱਸ ਸਟੈਂਡ ਲੁਧਿਆਣਾ ਵਿਖੇ ਹੋਈ। ਇਸ ਵਿੱਚ ਲੁਧਿਆਣੇ ਜ਼ੋਨ ਨਾਲ ਸਬੰਧਤ ਇਕਾਈਆਂ ਲੁਧਿਆਣਾ ਕੁਹਾੜਾ, ਸੁਧਾਰ, ਜਗਰਾਉਂ ਅਤੇ ਮਲੇਰਕੋਟਲਾ ਦੇ ਡੈਲੀਗੇਟਾਂ ਨੇ ਭਾਗ ਲਿਆ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਜਥੇਬੰਦਕ ਮੁਖੀ ਜਸਵੰਤ ਜੀਰਖ ਨੇ ਕਿਹਾ ਭਾਵੇਂ ਜ਼ੋਨ ਲੁਧਿਆਣਾ ਦੇ ਆਗੂ ਅਤੇ ਇਕਾਈਆਂ ਦੇ ਮੈਂਬਰ ਤਰਕਸ਼ੀਲਤਾ ਦੇ ਪ੍ਰਚਾਰ ਅਤੇ ਪਸਾਰ ਵਿੱਚ ਟੀਮ ਦੀ ਤਰ੍ਹਾਂ ਕੰਮ ਕਰ ਰਹੇ ਹਨ। ਫਿਰ ਵੀ ਸਮੇਂ-ਸਮੇਂ ਕਾਰਜਾਂ ਨੂੰ ਸੁਚਾਰੂ ਰੂਪ ਦੇਣ ਲਈ ਕਈ ਵਾਰੀ ਲੋੜੀਂਦੀਆਂ ਤਬਦੀਲੀਆਂ ਵੀ ਕਰਨੀਆਂ ਪੈਂਦੀਆਂ ਹਨ। ਇਸ ਤਹਿਤ ਹੀ ਪੁਰਾਣੀ ਕਾਰਜਕਰਨੀ ਨੂੰ ਭੰਗ ਕਰਕੇ ਨਵੀਂ ਟੀਮ ਦੀ ਚੋਣ ਕਰ ਰਹੇ ਹਾਂ। ਇਸ ਸਮੇਂ




ਸਬੰਧਤ ਵਿਭਾਗਾਂ ਦੇ ਮੁਖੀਆਂ ਨੇ ਦੋ ਸਾਲਾਂ ਦੀ ਆਪਣੇ ਕੰਮਾਂ ਦੀ ਰਿਪੋਰਟ ਰੱਖੀ ਜੋ ਕਿ ਸਰਬਸੰਮਤੀ ਨਾਲ ਪਾਸ ਹੋਈ। ਇਸ ਦੇ ਬਾਅਦ ਤਰਕਸ਼ੀਲ ਸਾਹਿਤ ਵੈਨ ਵਿਭਾਗ ਦੇ ਮੁਖੀ ਮੋਹਣ ਬਡਲਾ ਦੀ ਨਿਗਰਾਨੀ ਹੇਠ ਜੋਨ ਦੇ ਪੰਜੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੋਈ ਜਿਸ ਵਿੱਚ ਇਸ ਵਾਰ ਵੀ ਜਥੇਬੰਦਕ ਮੁਖੀ ਜਸਵੰਤ ਜੀਰਖ, ਵਿੱਤ ਮੁਖੀ ਧਰਮਪਾਲ ਸਿੰਘ, ਸਭਿਆਚਾਰਕ ਮੁਖੀ ਸ਼ਮਸ਼ੇਰ ਨੂਰਪੁਰੀ, ਮੀਡੀਆ ਮੁਖੀ ਹਰਚੰਦ ਭਿੰਡਰ ਅਤੇ ਮਾਨਸਿਕ ਸਿਹਤ ਮਸ਼ਵਰਾ ਮੁਖੀ ਕਮਲਜੀਤ ਬੁਜ਼ਰਗ ਨੂੰ ਚੁਣਿਆ ਗਿਆ। ਇਸ ਸਬੰਧ ਵਿੱਚ ਪ੍ਰੈਸ ਨੋਟ ਜਾਰੀ ਕਰਦਿਆਂ ਮੀਡੀਆ ਮੁਖੀ ਹਰਚੰਦ ਭਿੰਡਰ ਨੇ ਕਿਹਾ ਕਿ ਇਹ ਸਾਰੀ ਚੋਣ ਬਹੁਤ ਵਧੀਆ ਤੇ ਸੁਲਝੇ ਹੋਏ ਢੰਗ ਨਾਲ ਹੋਈ। ਇਸ ਸਮੇਂ ਸਾਰੀ ਟੀਮ ਨੇ ਤਰਕਸ਼ੀਲਤਾ ਦੇ ਪ੍ਰਚਾਰ ਪਸਾਰ ਵਾਸਤੇ ਅਹਿਦ ਲਿਆ ਤੇ ਸਮਾਜ ਵਿੱਚਲੇ ਨਫਰਤੀ ਤੱਤਾਂ ਤੋਂ ਵੀ ਲੋਕਾਂ ਨੂੰ ਸੁਚੇਤ ਕਰਕੇ ਸਮਾਜਿਕ ਸਾਂਝਾਂ ਬਰਕਰਾਰ ਰੱਖਣ ਤੇ ਜੋਰ ਦੇਣ ਦੀ ਅਪੀਲ ਕੀਤੀ।

ਇਸ ਦੇ ਬਾਅਦ ਸਾਹਿਤ ਵੈਨ ਟੀਮ ਦੇ ਮੁਖੀ ਦੀ ਸਲਾਹ ਨਾਲ ਅਲੱਗ ਅਲੱਗ ਇਕਾਈਆਂ ਵੱਲੋਂ ਆਪੋ ਆਪਣੇ ਇਲਾਕਿਆਂ ਵਿੱਚ ਤਰਕਸ਼ੀਲ ਸਹਿਤ ਨੂੰ ਪਾਠਕਾਂ ਕੋਲ ਪਹੁੰਚਾਣ ਹਿੱਤ ਅਤੇ ਆਮ ਲੋਕਾਂ ਨੂੰ ਵਿਗਿਆਨਕ ਚੇਤਨਾ ਤੋਂ ਜਾਣੂ ਕਰਾਉਣ ਹਿੱਤ ਵਿਉਂਤਬੰਦੀ ਕੀਤੀ ਗਈ। ਜਿਸ ਵਿੱਚ ਸਬੰਧਤ ਇਕਾਈਆਂ ਨੇ ਵਧੀਆ ਹੁੰਗਾਰਾ ਭਰਿਆ। ਇਸ ਸਮੇਂ ਉਪਰੋਕਤ ਤੋਂ ਇਲਾਵਾ ਬਲਵਿੰਦਰ ਸਿੰਘ, ਧਰਮ ਸਿੰਘ ਸੂਜਾਪੁਰ, ਕਰਤਾਰ ਵਿਰਾਨ, ਮੇਜ਼ਰ ਸਿੰਘ, ਮਲਕੀਤ ਸਿੰਘ, ਰੁਪਿੰਦਰਪਾਲ ਸਿੰਘ ਅਤੇ ਦੀਪ ਦਿਲਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds

Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਪਿੰਡ ਭੈਣੀ ਬੜਿੰਗਾਂ ਵਿਖੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦਾ 13ਵਾਂ ਸਮੂਹਿਕ ਵਿਆਹ ਸਮਾਗਮ

## ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਕਰਵਾਏ ਜਾਂਦੇ ਅਜਿਹੇ ਉਪਰਾਲੇ ਸ਼ਲਾਘਾਯੋਗ : ਸਵਰਨ ਟਹਿਣਾ





ਰਾਏਕੋਟ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਪਬਲਿਕ ਲਾਇਬ੍ਰੇਰੀ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ 13ਵਾਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸਮਾਗਮ ਗੁਰਦੁਆਰਾ ਡੇਰਾ ਸਾਹਿਬ ਪਿੰਡ ਭੈਣੀ ਬੜਿੰਗਾਂ ਵਿਖੇ ਕਰਵਾਏ ਗਏ। ਇਸ ਮੌਕੇ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਗੁਰਸੇਵਕ ਸਿੰਘ ਬੜਿੰਗ ਅਤੇ ਗੁਰਦੀਪ ਸਿੰਘ ਦੂਲੋਂ ਨੇ ਦੱਸਿਆ ਕਿ ਪ੍ਰਿਤਪਾਲ ਸਿੰਘ ਪਾਲ ਸੇਖੋਂ ਕੈਲਗਰੀ ਵਲੋਂ ਸਮੂਹ ਨਗਰ ਨਿਵਾਸੀ ਵੀਰਾਂ ਤੇ ਐਨ.ਆਰ.ਆਈਜ਼ ਵੀਰਾਂ ਦੇ ਸਹਿਯੋਗ ਨਾਲ ਪਿਛਲੇ 13 ਸਾਲਾਂ ਤੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਹੱਥ ਪੀਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਵੀ ਸਭਨਾਂ ਦੇ ਸਹਿਯੋਗ ਨਾਲ 5 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਰਾਗੀ ਭਾਈ ਜਸਵਿੰਦਰ ਸਿੰਘ ਵਲੋਂ ਕਰਵਾਏ ਗਏ। ਇਸ ਸਮਾਗਮ ਵਿਚ ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਲੁਧਿਆਣਾ, ਜਥੇਦਾਰ ਤਰਨਜੀਤ ਸਿੰਘ ਨਿਮਾਣਾ ਸੇਵਾਦਾਰ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ.) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਯੂਨੀਅਨ, ਸੀਨੀਅਰ ਪੱਤਰਕਾਰ ਸਵਰਨ ਸਿੰਘ ਟਹਿਣਾ (ਹੋਸਟ ਚੱਜ ਦਾ ਵਿਚਾਰ), ਹਰਮਨ ਥਿੰਦ (ਹੋਸਟ ਚੱਜ ਦਾ ਵਿਚਾਰ), ਜਰਨੈਲ ਸਿੰਘ ਤੱਗੜ, ਪ੍ਰਸਿੱਧ ਢਾਡੀ ਨਾਥ ਸਿੰਘ ਹਮੀਦੀ, ਕਵੀਸ਼ਰੀ ਭਾਈ ਮਨਜੀਤ ਸਿੰਘ ਬੁਟਾਹਰੀ, ਸੇਵਾ ਸਿੰਘ ਪ੍ਰੇਮੀ, ਸਰਪੰਚ ਸਰਬਜੀਤ ਕੌਰ, ਕਵੀਸ਼ਰ ਭਾਈ ਗੁਰਸੇਵਕ ਸਿੰਘ ਅਜਨਾਲਾ, ਮਨਜੀਤ ਸਿੰਘ ਤੱਖਰ, ਲਖਵੀਰ ਸਿੰਘ ਬਰਾੜ, ਸਤਵਿੰਦਰ ਸਿੰਘ ਮਿੱਠੀ, ਹਰਪਾਲ ਕੌਰ ਖਹਿਰਾ, ਧਰਮਿੰਦਰ ਸਿੰਘ ਪ੍ਰੇਮੀ, ਜਸਤਾਰ ਸਿੰਘ ਯੂ.ਐਸ.ਏ., ਮਹਿੰਦਰਪਾਲ ਸਿੰਘ ਯੂ.ਐਸ.ਏ., ਜਗਰੂਪ ਸਿੰਘ ਬੜਿੰਗ ਕੈਨੇਡਾ, ਲਖਵੀਰ ਸਿੰਘ ਲੱਖੀ ਕੈਨੇਡਾ, ਜਸਪਾਲ ਸਿੰਘ ਧਨੋਆ ਆਦਿ ਵਲੋਂ ਨਵਵਿਆਹੁਤਾ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਦੇਸ਼-ਵਿਦੇਸ਼ ਤੋਂ ਪੁੱਜੀਆਂ ਸ਼ਖਸੀਅਤਾਂ ਨੂੰ ਪ੍ਰਿਤਪਾਲ ਸਿੰਘ ਪਾਲ ਸੇਖੋਂ ਅਤੇ ਸਰਪੰਚ ਬੀਬੀ ਸਰਬਜੀਤ ਕੌਰ ਸਮੇਤ ਸਮੂਹ ਗ੍ਰਾਮ ਪੰਚਾਇਤ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਆਹੁਤਾ ਜੋੜੀਆਂ ਨੂੰ ਦਾਜ-ਦਹੇਜ ਵਜੋਂ ਘਰੇਲੂ ਵਰਤੋਂ ਵਾਲਾ ਸਮਾਨ ਦਿੱਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਗੁਰਸੇਵਕ ਸਿੰਘ, ਡਾਇਰੈਕਟਰ ਜਗਤਾਰ ਸਿੰਘ ਭੈਣੀ ਬੜਿੰਗਾ, ਢਾਡੀ ਕਰਨੈਲ ਸਿੰਘ ਛਾਪਾ, ਗੁਰਦੀਪ ਸਿੰਘ ਦੋਲੋ, ਡਾ. ਜਸਵੰਤ ਸਿੰਘ ਭੈਣੀ ਬੜਿੰਗਾ, ਚਮਕੌਰ ਸਿੰਘ, ਗੁਰਦਿੱਤ ਸਿੰਘ, ਗੋਬਿੰਦ ਸਿੰਘ, ਢਾਡੀ ਸੁਖਪਾਲ ਸਿੰਘ ਡੋਡ ਬਾਂਦਰ ਆਦਿ ਹਾਜ਼ਰ ਸਨ।

# ਮਹਾਂ ਸਭਾ ਲੁਧਿਆਣਾ ਦੇ ਚੁਣੇ ਨਵੇਂ ਪ੍ਰਧਾਨ, ਯੋਜਨਾਂ ਕਮੇਟੀ ਦਾ ਗਠਨ

## ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਦੇ ਨਵੇਂ ਗੇਟ ਦਾ ਉਦਘਾਟਨ

**ਬਲਜਿੰਦਰ ਸਿੰਘ ਪਟਿਆਲਾ**





ਲੁਧਿਆਣਾ ਵਿਖੇ ਸਥਾਪਤ ਸਮਾਜ ਸੇਵੀ ਸੰਸਥਾ ਮਹਾਂ ਸਭਾ ਲੁਧਿਆਣਾ ਜੋ ਕਿ ਪਿਛਲੇ ਸਮੇਂ ਤੋਂ ਲੋਕ ਮਸਲੇ ਚੁੱਕਣ ਅਤੇ ਸਮਾਜ ਪੱਖੀ ਕਦਰਾਂ ਕੀਮਤਾਂ ਬਰਕਰਾਰ ਰੱਖਣ ਲਈ ਯਤਨਸ਼ੀਲ ਹੈ, ਦੇ ਪ੍ਰਧਾਨ ਦੀ ਚੋਣ ਕਰਨ ਲਈ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਦੱਸਿਆ ਕਿ ਇਸ ਸੰਸਥਾ ਨੇ ਸਦੀਵੀ ਵਿਛੋੜਾ ਦੇ ਗਏ ਪ੍ਰਧਾਨ ਕਰਨਲ ਜੇ ਐਸ ਬਰਾੜ ਦੀ ਅਗਵਾਈ ਵਿੱਚ ਦ੍ਰਿੜਤਾ ਨਾਲ ਸੰਘਰਸ਼ ਕੀਤਾ, ਜਿਹਨਾਂ ਦੀ ਬੇਵਕਤੀ ਮੌਤ ਕਾਰਨ ਇਸ ਸੰਸਥਾ ਦੇ ਕੰਮਾਂ ਵਿੱਚ ਆਈ ਖੜੋਤ ਨੂੰ ਗੰਭੀਰਤਾ ਨਾਲ ਲੈਂਦਿਆਂ ਉਹਨਾਂ ਦੀ ਅਗਵਾਈ ਵਿੱਚ ਕੀਤੇ ਕੰਮਾਂ ਰਾਹੀਂ ਯਾਦ ਕੀਤਾ ਗਿਆ। ਅੱਜ ਉਹਨਾਂ ਦੀ ਥਾਂ ਉੱਘੇ ਸਮਾਜ ਚਿੰਤਕ ਬਾਪੂ ਬਲਕੌਰ ਸਿੰਘ ਨੂੰ ਸਰਵ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਬਲਕੌਰ ਸਿੰਘ ਵੱਲੋਂ ਇਸ ਮੌਕੇ ਸਮਾਜ ਵਿੱਚ ਫੈਲੀਆਂ ਅਲਾਮਤਾਂ ਲਈ ਗਲਤ ਰਾਜ ਪ੍ਰਬੰਧ ਨੂੰ ਜ਼ੁੰਮੇਵਾਰ ਠਹਿਰਾਉਂਦਿਆਂ ਲੋਕਾਂ ਨੂੰ ਸਹੀ ਸੇਧ ਦੇਣ 'ਤੇ ਜ਼ੋਰ ਦਿੱਤਾ। ਸੰਸਥਾ ਦੇ ਅਧੂਰੇ ਪਏ ਕੰਮਾਂ ਨੂੰ ਨੇਪਰੇ ਚਾੜ੍ਹਨ ਅਤੇ ਅਗਲੀ ਵਿਉਂਤਬੰਦੀ ਕਰਦਿਆਂ ਇੱਕ ਯੋਜਨਾ ਕਮੇਟੀ ਦਾ ਗਠਨ ਵੀ ਕੀਤਾ ਗਿਆ। ਇਸ ਕਮੇਟੀ ਵਿੱਚ ਪ੍ਰੋ. ਜਗਮੋਹਨ ਸਿੰਘ, ਬਲਕੌਰ ਸਿੰਘ ਗਿੱਲ, ਵਿਗਿਆਨੀ ਬਲਵਿੰਦਰ ਔਲਖ, ਜਸਵੰਤ ਜ਼ੀਰਖ ਅਤੇ ਰਾਕੇਸ਼ ਆਜ਼ਾਦ ਦੇ ਨਾਵਾਂ ਨੂੰ ਸਰਵ ਸੰਮਤੀ ਨਾਲ ਪਾਸ ਕੀਤਾ। ਇਸ ਦੌਰਾਨ ਮੀਟਿੰਗਾਂ ਦੀ ਲਗਾਤਾਰਤਾ ਅਤੇ ਸਮੇਂ ਦੀ ਮਹੱਤਤਾ ਸਮਝਦਿਆਂ ਸਾਰੇ ਮੈਂਬਰਾਂ ਨੂੰ ਸਮੇਂ ਦੀ ਕਦਰ ਕਰਨ 'ਤੇ ਜ਼ੋਰ ਦਿੱਤਾ। ਸੰਸਥਾ ਦਾ ਖਾਤਾ ਚਲਾਉਣ ਲਈ ਵੀ ਮਤਾ ਪਾਸ ਕੀਤਾ ਗਿਆ ਗਲਤ ਵਰਤਾਰਿਆਂ ਨੂੰ ਰੋਕਣ ਲਈ ਚੱਲ ਰਹੇ ਅਦਾਲਤੀ ਕੇਸਾਂ ਦੀ ਪੈਰਵਾਈ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ। ਇਸ ਮੌਕੇ ਇਸ ਯਾਦਗਾਰ ਦੇ ਨਵੇਂ ਨਿਰਮਾਣ ਕੀਤੇ ਮੁੱਖ ਗੇਟ ਦਾ ਉਦਘਾਟਨ ਵੀ ਕੀਤਾ ਗਿਆ। ਮੀਟਿੰਗ ਵਿੱਚ ਪ੍ਰੋ. ਜਗਮੋਹਨ ਸਿੰਘ, ਜਸਵੰਤ ਜ਼ੀਰਖ, ਡਾ. ਬਲਵਿੰਦਰ ਔਲਖ, ਸਤਨਾਮ ਸਿੰਘ ਧਾਲੀਵਾਲ, ਕਸਤੂਰੀ ਲਾਲ, ਮਾ. ਸੁਰਜੀਤ ਸਿੰਘ, ਸੁਬੇਗ ਸਿੰਘ, ਪ੍ਰਿੰਸੀਪਲ ਅਜਮੇਰ ਦਾਖਾ, ਐਡਵੋਕੇਟ ਹਰਪ੍ਰੀਤ ਜ਼ੀਰਖ, ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਜਗਜੀਤ ਸਿੰਘ, ਪ੍ਰਤਾਪ ਸਿੰਘ ਸ਼ਾਮਲ ਸਨ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਹਿੰਦੂ ਫਾਸ਼ੀਵਾਦੀਆਂ ਦਾ ਯੂਨੀਫਾਰਮ ਸਿਵਲ ਕੋਡ ਬਨਾਮ ਲੋਕ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਉੱਤਰਾਖੰਡ ਵਿੱਚ ਭਾਜਪਾ ਸਰਕਾਰ ਨੇ 27 ਜਨਵਰੀ 2025 ਨੂੰ ਯੂਸੀਸੀ ਭਾਵ ਯੂਨੀਫਾਰਮ ਸਿਵਲ ਕੋਡ ਲਾਗੂ ਕਰ ਦਿੱਤਾ ਹੈ। ਇਸ ਕੋਡ ਨੂੰ ਹਿੰਦੂ ਫਾਸ਼ਵਾਦੀ ਸਰਕਾਰ ਆਪਣੀ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਹੈ। ਇਸ ਕੋਡ ਦੇ ਮਾਮਲੇ ਵਿੱਚ ਬਿਲਕੁਲ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ ਝੂਠਾ ਪ੍ਰਚਾਰ ਇਸ ਰੂਪ ਵਿੱਚ ਹੈ ਕਿ ਇਸ ਕਾਨੂੰਨ ਨੇ ਜਾਇਦਾਦ ਵਿੱਚ ਬੇਟੀਆਂ ਨੂੰ ਵੀ ਬਰਾਬਰ ਦਾ ਅਧਿਕਾਰ ਦਿੱਤਾ ਹੈ ਅਤੇ ਲਿਵਇਨ ਸੰਬੰਧਾਂ ਵਿੱਚ ਔਰਤਾਂ ਨੂੰ ਸੁਰੱਖਿਆ ਦਿੱਤੀ ਹੈ। ਔਰਤਾਂ ਨੂੰ ਮਜ਼ਬੂਤ ਬਣਾਇਆ ਹੈ। ਸੰਪਤੀ ਵਿੱਚ ਬੇਟੀਆਂ ਦਾ ਬਰਾਬਰਤਾ ਦਾ ਅਧਿਕਾਰ ਵੀ 2005 ਦੇ ਕਾਨੂੰਨ ਨਾਲ ਆਪਣਾਇਆਂ ਸੀ ਅਤੇ ਇਸੇ ਤਰ੍ਹਾਂ ਲਿਵ ਇਨ ਸਬੰਧਾਂ ਨੂੰ ਸੁਪਰੀਮ ਕੋਰਟ ਨੇ ਪਹਿਲਾਂ ਹੀ ਮਾਨਤਾ ਦਿੱਤੀ ਹੋਈ ਹੈ ਅਤੇ ਪੈਦਾ ਹੋਣ ਵਾਲੀ ਬੱਚਿਆਂ ਨੂੰ ਵਰਾਸਤ ਵਿੱਚ ਜਾਇਦਾਦ ਦਾ ਅਧਿਕਾਰ ਹਾਸਲ ਹੈ। ਨਾਲ ਹੀ ਔਰਤ ਨੂੰ ਉਪਜਵਿਕਾ ਦਾ ਅਧਿਕਾਰ ਹੈ। ਇਸ ਸਬੰਧੀ ਮਾਮਲਿਆਂ ਵਿੱਚ ਸੁਪਰੀਮ ਕੋਰਟ ਇਹ ਫੈਸਲੇ ਦੇ ਚੁੱਕੀ ਹੈ। ਉੱਤਰਾਖੰਡ ਵਿੱਚ ਯੂਨੀਫਾਰਮ ਸਿਵਲ ਕੋਡ ਦੇ ਲਾਗੂ ਹੋਣ ਦੇ ਦੌਰਾਨ ਅਤੇ ਬਾਅਦ ਵਿੱਚ ਇਸ ਦਾ ਵਿਰੋਧ ਅਲੱਗ ਅਲੱਗ ਕਾਰਨਾਂ ਕਰਕੇ ਹੋ ਰਿਹਾ ਹੈ। ਇੱਕ ਪਾਸੇ ਸੱਜੇਪੱਖੀ ਸਮੂਹ ਜਾਂ ਲੋਕ ਹਨ ਜਿਨਾਂ ਦਾ ਵਿਰੋਧ ਇਸ ਲਈ ਹੈ ਕਰੋਨਾ ਲਿਵ ਇਨ ਰਿਲੇਸ਼ਨਸ਼ਿਪ ਨੂੰ ਰਜਿਸਟ੍ਰੇਸ਼ਨ ਰਾਹੀਂ ਜਾਇਜ਼ ਮੰਨਦਾ ਹੈ ਅਤੇ ਅਜਿਹਾ ਕਰਨਾ ਉੱਤਰਾਖੰਡ ਦੇ ਸੱਭਿਆਚਾਰ ਖਿਲਾਫ ਹੈ। ਖੁਦ ਕਾਂਗਰਸ ਜੋ ਅਗਾਂਹਵਧੂ ਹੋਣ ਦਾ ਦਾਅਵਾ ਕਰਦੀ ਹੈ, ਉਸ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਇਸੇ ਤਰਕ ਦੇ ਅਧਾਰ ਤੇ ਇਸ ਕੋਡ ਦੇ ਵਿਰੋਧ ਵਿੱਚ ਰੈਲੀ ਕੱਢੀ ਸੀ। ਇਸ ਤੋਂ ਇਲਾਵਾ ਵਿਰੋਧ ਦੀ ਆਵਾਜ਼ ਸੂਬੇ ਦੇ ਕਈ ਹੋਰ ਸੰਗਠਨਾਂ ਤੋਂ ਵੀ ਆਈ ਹੈ। ਇਹਨਾਂ ਵਿੱਚੋਂ ਕੁਝ ਇਸ ਨੂੰ ਸੰਵਿਧਾਨਿਕ ਆਧਾਰ ਤੇ ਗਲਤ ਮੰਨਦੇ ਹਨ। ਉਹ ਇਸ ਨੂੰ ਸ਼ਹਿਰੀ ਆਜ਼ਾਦੀਆਂ ਤੇ ਹਮਲਾ ਕਰਨਾ ਵਾਲਾ ਅਤੇ ਨਾਗਰਿਕਾਂ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਮੰਨਦੇ ਹਨ। ਇਹਨਾਂ ਵਿੱਚੋਂ ਕੁਝ ਅਜਿਹੇ ਵੀ ਹਨ ਜੋ ਸਿੱਧੇ ਇਸ ਕੋਡ ਦਾ ਵਿਰੋਧ ਕਰਨ ਦੀ ਬਜਾਏ ਅਨੁਛੇਦ 44 ਦਾ ਤਰਕ ਦੇ ਕੇ ਇਸ ਕੋਡ ਨੂੰ ਅਸੰਵਿਧਾਨਕ ਕਰਾਰ ਦਿੰਦੇ ਹਨ। ਇਸ ਹਿਸਾਬ ਨਾਲ ਅਨੁਛੇਦ 44 ਦੇ ਅਧਾਰ ਤੇ ਸਿਰਫ ਕੇਂਦਰ ਸਰਕਾਰ ਹੀ ਨਾਗਰਿਕਾਂ ਲਈ ਇੱਕ ਯੂਨੀਫਾਰਮ ਸਿਵਲ ਕੋਡ ਬਣਾ ਸਕਦੀ ਹੈ। ਇਸ ਤਰਕ ਦੇ ਹਿਸਾਬ ਨਾਲ ਵੇਖੀਏ ਤਾਂ ਜੇ ਅਨੁਛੇਦ-44 ਦੇ ਤਹਿਤ ਮੋਦੀ ਸਰਕਾਰ ਇਸ ਤਰ੍ਹਾਂ ਦਾ ਯੂਜੀਸੀ ਲਿਆਉਂਦੀ ਹੈ ਤਾਂ ਫਿਰ ਵਿਰੋਧ ਖੁਦ ਹੀ ਖਾਰਜ ਹੋ ਜਾਂਦਾ ਹੈ।

ਦਰਅਸਲ ਰਾਜ ਸਰਕਾਰ ਨੂੰ ਵੀ ਸਮਵਰਤੀ ਸੂਚੀ (ਸਤਵੀਂ ਅਨੁਸੂਚੀ) ਤਹਿਤ ਵਿਆਹ, ਤਲਾਕ ਤੇ ਵਸੀਅਤ ਦੇ ਮਾਮਲੇ ਵਿੱਚ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਵਿਰੋਧੀ ਆਵਾਜ਼ ਜਮੀਅਤ ਵਰਗੇ ਧਾਰਮਿਕ ਕੱਟੜਪੰਥੀ ਸੰਗਠਨਾਂ ਵੱਲੋਂ ਵੀ ਹੈ। ਜ਼ਾਹਿਰ ਹੈ ਇਹਨਾਂ ਦਾ ਜ਼ੋਰ ਧਰਮ 'ਤੇ ਹੀ ਹੋਣਾ ਹੈ। ਉਹ ਇਸ ਨੂੰ ਕੇਵਲ ਸ਼ਰੀਅਤ ਤੇ ਹਮਲੇ ਦੇ ਰੂਪ ਵਿੱਚ ਹੀ ਦੇਖਦੇ ਹਨ। ਸ਼ਰੀਅਤ ਤੇ ਹਮਲੇ ਨੂੰ ਨਾ ਸਹਿਣ ਦਾ ਤਰਕ ਦਿੰਦੇ ਹਨ। ਵੱਖ-ਵੱਖ ਧਰਮਾਂ ਦੇ ਦਮ ਦੇ ਅਜਿਹੇ ਸੰਗਠਨਾਂ ਦੇ ਵਿਅਕਤੀਆਂ ਨੇ ਇਸ ਕੋਡ ਨੂੰ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਹੈ। ਨਿਆਂ ਪਾਲਿਕਾ ਨੇ ਹਿੰਦੂ ਫਾਸ਼ਵਾਦੀ ਤਾਕਤਾਂ ਦੇ ਮੂਹਰੇ ਗੋਡੇ ਟੇਕ ਦਿੱਤੇ ਲੱਗਦੇ ਹਨ। ਜਿਸ ਕਰਕੇ ਗੁੰਜਾਇਸ਼ ਘੱਟ ਹੀ ਹੈ ਕਿ ਲੋਕਾਂ ਦੇ ਹੱਕ ਵਿੱਚ ਫੈਸਲਾ ਆਵੇ। ਇਸ ਅਖੌਤੀ ਯੂਨੀਫਾਰਮ ਸਿਵਲ ਕੋਡ ਉੱਤਰਾਖੰਡ ਵਿੱਚ ਪ੍ਰਯੋਗ ਕਰਕੇ ਵੇਖਣ ਵਜੋਂ ਠੋਸਿਆ ਗਿਆ ਹੈ। ਹਿੰਦੂ ਫਾਸ਼ੀਵਾਦੀਆਂ ਨੇ ਆਮ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਯੂਨੀਫਾਰਮ ਸਿਵਲ ਕੋਡ ਬਣਾਉਣ ਨੂੰ ਮੁੱਦਾ ਬਣਾਇਆ ਸੀ। ਪਰ ਉਦੋਂ ਆਦੀਵਾਸੀ ਜਨਜਾਤੀ ਸੰਗਠਨਾਂ ਦੇ ਵਿਰੋਧ ਨੂੰ ਵੇਖਦਿਆਂ, ਇਹਨਾਂ ਨੇ ਆਪਣੇ ਕਦਮ ਪਿੱਛੇ ਖਿੱਚ ਲਏ ਸਨ। ਆਰਐਸਐਸ ਸਮਾਨ ਨਾਗਰਿਕਤਾ ਕੋਡ ਬਣਾਉਣ ਨੂੰ ਕਾਫੀ ਲੰਮੇ ਸਮੇਂ ਤੋਂ ਮੁੱਦਾ ਬਣਾਉਂਦਾ ਰਿਹਾ ਹੈ। ਪਿਛਲੀ ਸਦੀ ਦੇ 60 ਦੇ ਦਹਾਕੇ ਵਿੱਚ ਸੰਘੀਆਂ ਨੇ ਵਿਆਹ, ਤਲਾਕ, ਉੱਤਰਾਧਿਕਾਰ ਤੇ ਗੋਦ ਲੈਣ ਦੇ ਮਾਮਲੇ ਵਿੱਚ ਬਹੁਗਿਣਤੀ ਹਿੰਦੂਆਂ ਲਈ ਬਣੇ ਹਿੰਦੂ ਸਿਵਲ ਕੋਡ ਬਿੱਲ ਦਾ ਜਬਰਦਸਤ ਵਿਰੋਧ ਕੀਤਾ ਸੀ। ਇਸ ਕੋਡ ਨੂੰ ਕਾਂਗਰਸ ਸਰਕਾਰ ਨੇ ਆਪਣੇ ਨਰਮ ਹਿੰਦੂਤਵ ਦੀ ਨੀਤੀ ਤਹਿਤ ਹੀ ਸਿੱਖ, ਬੋਧੀ, ਜੈਨੀ ਤੇ ਆਦਿਵਾਸੀਆਂ 'ਤੇ ਠੋਸ ਦਿੱਤਾ ਸੀ। ਉਸ ਵਕਤ ਇਹ ਹਿੰਦੂ ਵਿਆਹ ਕਾਨੂੰਨ ਅਤੇ ਹਿੰਦੂ ਵਿਰਾਸਤ ਕਾਨੂੰਨ ਕਾਫੀ ਹੱਦ ਤੱਕ ਹਿੰਦੂ ਧਾਰਮਿਕ ਕਨੂੰਨ ਅਤੇ ਪਰੰਪਰਾ ਦੇ ਹਿਸਾਬ ਨਾਲ ਬਣਿਆ ਸੀ। ਬਾਅਦ ਵਿੱਚ ਸੰਘਰਸ਼ਾਂ ਅਤੇ ਕਨੂੰਨੀ ਚੁਣੌਤੀਆਂ ਮਿਲਣ ਤੇ ਸਮਾਜ ਦੇ ਅੱਗੇ ਵਧਣ ਵਿੱਚ ਇਸ ਵਿੱਚ ਬਦਲਾਅ ਵੀ ਹੋਏ।



ਲਿਵ ਇਨ ਸਬੰਧਾਂ, ਜਾਇਦਾਦ ਵਿੱਚ ਲੜਕੀਆਂ ਨੂੰ ਵੀ ਬਰਾਬਰ ਦਾ ਅਧਿਕਾਰ ਦੇਣ ਦੇ ਮਾਮਲਿਆਂ ਵਿੱਚ ਇਸ ਵਿੱਚ ਕੁਝ ਸੁਧਾਰ ਕਰਨੇ ਪਏ। ਹਿੰਦੂ ਵਾਸ਼ੀਵਾਦੀਆਂ ਦੀ ਇਹ ਯੂਨੀਫਾਰਮ ਸਿਵਲ ਕੋਡ ਇਸ ਦੇ ਫਾਸ਼ੀਵਾਦੀ ਹਮਲੇ ਦੀ ਹੀ ਅਗਲੀ ਕੜੀ ਹੈ। ਇਸ ਕੋਡ ਦੇ ਜਰੀਏ ਵੀ ਇਹ ਫਾਸ਼ੀਵਾਦੀ ਧਰੁਵੀਕਰਨ ਦੇ ਆਪਣੇ ਏਜੰਡੇ ਨੂੰ ਹੀ ਅੱਗੇ ਵਧਾ ਰਹੇ ਹਨ।

ਉੱਤਰਾਖੰਡ ਤੇ ਫਿਰ ਹੋਰ ਰਾਜਾ ਵਿੱਚ ਲਾਗੂ ਕਰਦੇ ਹੋਏ ਫਿਰ ਕੇਂਦਰ ਵੱਲ ਵਧਣ ਦੀ ਇਸ ਦੀ ਯੋਜਨਾ ਹੈ। ਇਸ ਦੀ ਸੰਭਾਵਨਾ ਹੈ ਕਿ ਅਗਲੀਆਂ ਆਮ ਚੋਣਾਂ ਵਿੱਚ ਇਸ ਨੂੰ ਮੁੱਦਾ ਬਣਾਇਆ ਤੇ ਧਰੁਵੀਕਰਣ ਨੂੰ ਅੱਗੇ ਵਧਾਇਆ ਜਾਵੇ। ਸ਼ੁਰੂਆਤ ਦੇ ਵਿੱਚ ਜਨਜਾਤੀ ਅਤੇ ਆਦਿਵਾਸੀ ਸੰਗਠਨਾਂ ਦੇ ਵਿਰੋਧ ਨੂੰ ਦੇਖਦੇ ਹੋਏ ਸੰਘੀ ਸਰਕਾਰ ਨੇ ਉੱਤਰਾਖੰਡ ਵਿੱਚ ਇਹਨਾਂ ਨੂੰ ਇਸ ਕਥਿਤ ਨਾਗਰਿਕ ਕੋਡ ਤੋਂ ਬਾਹਰ ਰੱਖਿਆ ਸੀ। ਯਾਨੀ ਇਹਨਾ ਤੇ ਇਹ ਕਨੂੰਨ ਲਾਗੂ ਨਹੀਂ ਹੋਵੇਗਾ। ਇਸ ਤਰ੍ਹਾਂ ਨਾਲ ਦੇਸ਼ ਦੇ ਸਾਰੇ ਆਦਿਵਾਸੀ ਸਮੂਹਾਂ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਉਹਨਾਂ ਦੀਆਂ ਵਿਆਹ ਤੇ ਤਲਾਕ ਦੀਆਂ ਰਵਾਇਤਾਂ 'ਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ। ਉੱਤਰਾਖੰਡ ਵਿੱਚ ਭਾਜਪਾ ਸਰਕਾਰ ਦਾ ਇਹ ਫਾਸ਼ੀਵਾਦੀ ਤਜਰਬਾ ਫਿਲਹਾਲ ਸਫਲ ਰਿਹਾ ਹੈ। ਇਸ ਦੇ ਲੋਕ ਵਿਰੋਧੀ ਸੰਵਿਧਾਨਿਕ ਅਧਿਕਾਰਾਂ ਤੇ ਵਿਰੋਧੀ ਹੋਣ ਦੇ ਤਰਕ ਦੇ ਅਧਾਰ ਤੇ ਕੋਈ ਵੱਡਾ ਵਿਰੋਧ ਨਹੀਂ ਹੋਇਆ। ਪਿਛਲੇ 60-70 ਸਾਲਾਂ ਤੋਂ ਸੰਘੀ ਸੰਗਠਨ ਅਤੇ ਭਾਜਪਾ ਵੱਡੇ ਪੈਮਾਨੇ 'ਤੇ ਮੁਸਲਮਾਨਾਂ ਖਿਲਾਫ ਭਿਆਨਕ ਦੁਰਪ੍ਰਚਾਰ ਕਰਕੇ ਕਿ ਮੁਸਲਮਾਨ ਮਰਦ 4-4 ਸ਼ਾਦੀਆਂ ਕਰਦੇ ਹਨ ਤੇ 20-25 ਬੱਚੇ ਪੈਦਾ ਕਰਦੇ ਹਨ, ਦਾ ਇਹ ਅਸਰ ਹੈ। ਇਸ ਤਰ੍ਹਾਂ ਨਫਰਤ ਨੂੰ ਇਕ ਪਾਸੇ ਜਨਸੰਖਿਆ ਵਧਾਉਣ ਦਾ ਤਰਕ ਦੇ ਕੇ ਅਤੇ ਦੂਜੇ ਪਾਸੇ ਪਿਤਰੀ ਸੱਤਾਵਾਦੀ ਸੋਚ ਦੇ ਹਿਸਾਬ ਨਾਲ ਹਿੰਦੂ ਪੁਰਸ਼ਾਂ ਵਿੱਚ "ਸੁੱਖ ਸੇ ਵੰਚਿਤ ਰਹਿਣ" ਦੀ ਕੁੰਠਾਂ ਨੂੰ ਵਧਾ ਕੇ ਜਾਂ ਖੁਦ ਤਰਕ ਦੇ ਕੇ ਅੱਗੇ ਵਧਾਇਆ ਗਿਆ। ਇਸ ਲਈ ਇੱਕ ਦੇਸ਼ ਵਿੱਚ ਦੋ ਕਾਨੂੰਨ ਨਹੀਂ ਹੋਣੇ ਚਾਹੀਦੇ ਦਾ ਕੁਤਰਕ ਘੜ ਕੇ ਕਥਿਤ ਯੂਨੀਫਾਰਮ ਸਿਵਲ ਕੋਡ ਲਈ ਮਾਹੌਲ ਬਣਾਇਆ ਗਿਆ। ਹਿੰਦੂ ਫਾਸ਼ੀਵਾਦੀ ਦਾ ਇਹ ਸਿਵਲ ਕੋਡ ਕਿਸੇ ਵੀ ਰੂਪ ਵਿੱਚ ਬਰਾਬਰ ਦੀ ਨਾਗਰਿਕਤਾ ਵਾਲਾ ਕੋਡ ਨਹੀਂ ਹੋ ਸਕਦਾ। ਇਸ ਦੇ ਲਈ ਇਹਨਾਂ ਦੀ ਭਾਸ਼ਾਵਾਦੀ ਸੋਚ ਦੇ ਅਨੁਸਾਰ ਹੀ ਹੋਣਾ ਸੀ। ਹਿੰਦੂ ਫਾਸ਼ੀਵਾਦੀ ਘੋਰ ਮਜ਼ਦੂਰ ਵਿਰੋਧੀ ਹਨ, ਔਰਤ ਵਿਰੋਧੀ ਹਨ। ਘੋਰ ਦਲਿਤ ਤੇ ਮੁਸਲਮਾਨ ਵਿਰੋਧੀ ਹਨ। ਇਹ ਹਰ ਤਰ੍ਹਾਂ ਦੇ ਜਨਵਾਦ, ਬਰਾਬਰੀ ਅਤੇ ਆਜ਼ਾਦੀ ਨੂੰ ਖਤਮ ਕਰਨ 'ਚ ਯਕੀਨ ਰੱਖਦੇ ਹਨ। ਹਰ ਨਾਗਰਿਕ ਨੂੰ ਨਗਰਾਨੀ ਤੰਤਰ, ਪੁਲਿਸ ਅਤੇ ਲੰਪਟ ਸੰਘੀ ਸੰਗਠਨਾਂ ਦੇ ਹਵਾਲੇ ਕਰ ਦੇਣਾ ਚਾਹੁੰਦੇ ਹਨ।

ਉੱਤਰਾਖੰਡ ਦਾ ਇਹ ਕਥਿਤ ਯੂਨੀਫਾਰਮ ਸਿਵਲ ਕੋਡ ਇਹਨਾਂ ਦੀ ਇਸੇ ਘਿਰਣਤ ਫਾਸ਼ੀਵਾਦੀ ਮਾਨਸਿਕਤਾ ਦਾ ਪੁਲੰਦਾ ਹੈ। ਸਹੀ ਅਰਥਾਂ ਵਿੱਚ ਇੱਕ ਬਰਾਬਰ ਨਾਗਰਿਕ ਕੋਡ ਤਾਂ ਹੀ ਸਹੀ ਬਣ ਸਕਦਾ ਹੈ ਜੇ ਕੋਈ ਰਾਜ ਜਾਂ ਦੇਸ਼ ਹੈ ਧਰਮ ਨਿਰਪੱਖ ਹੋਵੇ। ਧਰਮ ਨਿੱਜੀ ਮਾਮਲਾ ਹੈ। ਖਾੜਕੂ ਹਿੰਦੂਤਵ ਦੀ ਨੀਤੀ ਤੇ ਚਲਣ ਵਾਲੀ ਸਟੇਟ ਅਤੇ ਇੱਕ ਬਰਾਬਰ ਨਾਗਰਿਕ ਕੋਡ ਬਿਲਕੁਲ ਵਿਰੋਧੀ ਗੱਲਾਂ ਹਨ। ਉੱਤਰਾਖੰਡ ਦੇ ਇਸ ਨਾਗਰਿਕ ਕੋਡ ਨੂੰ ਦੇਖਿਆ ਜਾਵੇ। ਇਸ ਵਿੱਚ ਇੱਕ 193 ਪੇਜ ਦਾ ਬਰਾਬਰ ਨਾਗਰਿਕ ਕੋਡ ਅਧਿਨਿਯਮ ਹੈ। ਇਸ ਤੋਂ ਇਲਾਵਾ 200 ਤੋਂ ਜਿਆਦਾ ਪੇਜ ਦੀ ਯੂਸੀਸੀ ਨਿਯਮਾਂਵਲੀ ਅਤੇ ਤਿੰਨ-ਚਾਰ ਸਫੇ ਦਾ ਰਜਿਸਟ੍ਰੇਸ਼ਨ ਆਦਿ ਦੇ ਮਾਮਲੇ ਵਿੱਚ ਲੱਗਣ ਵਾਲੀ ਫੀਸ ਦਾ ਦਸਤਾਵੇਜ਼ ਹੈ। ਇਹ ਕੋਡ ਖੁਦ ਹਿੰਦੂ ਫਾਸ਼ੀਵਾਦੀਆਂ ਦੇ ਇੱਕ ਦੇਸ਼ ਵਿੱਚ ਦੋ ਕਾਨੂੰਨ ਨਹੀਂ ਚੱਲਣਗੇ ਦੇ ਬਿਲਕੁਲ ਉਲਟ ਹੈ। ਇਹ ਉਤਰਾਖੰਡ ਦੀ ਤਿੰਨ ਫੀਸਦੀ ਜਨਜਾਤੀ ਆਬਾਦੀ ਤੇ ਲਾਗੂ ਨਹੀਂ ਹੁੰਦਾ ਹੈ, ਯਾਨੀ ਉੱਤਰਾਖੰਡ ਦੀ 97 ਫੀਸਦੀ ਆਬਾਦੀ ਇਸ ਕਾਨੂੰਨ ਦੇ ਹਿਸਾਬ ਨਾਲ ਚੱਲਣ ਦੇ ਲਈ ਪਾਬੰਦ ਹੈ, ਜਦਕਿ ਆਦਿਵਾਸੀ ਜਨਜਾਤੀ ਆਪਣੀ ਪਰੰਪਰਾ ਦੇ ਹਿਸਾਬ ਨਾਲ ਚੱਲੂਗੀ। ਜੋਨਸਰ ਇੱਥੋਂ ਦੇ ਹਿੰਦੂਆਂ ਵਿੱਚ ਕਿਸੇ ਵੇਲੇ ਬਹੁਪਤੀ ਵਿਆਹ ਪ੍ਰਚਲਤ ਸੀ। ਅਜੇ ਵੀ ਆਪਵਾਦਿਕ ਮਾਮਲੇ ਆਉਂਦੇ ਹਨ। ਇੱਥੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਇਸ ਤਰਾਂ 'ਇੱਕ ਰਾਜ ਵਿੱਚ ਦੋ ਕਨੂੰਨ' ਚੱਲਣਗੇ। ਇਹ ਕਾਨੂੰਨ ਉੱਤਰਾਖੰਡ ਦੇ ਅੰਦਰ ਰਹਿਣ ਵਾਲੇ ਅਤੇ ਉੱਤਰਾਖੰਡ ਤੇ ਉਹ ਨਿਵਾਸੀ ਜੋ ਇਥੋਂ ਬਾਹਰ ਰਹਿੰਦੇ ਹਨ ਉਹਨਾਂ ਉਪਰ ਲਾਗੂ ਹੋਵੇਗਾ। ਬਾਹਰੀ ਰਜਾ ਵਿੱਚ ਲੋਕਾਂ ਤੇ ਵੀ ਲਾਗੂ ਹੁੰਦਾ ਹੈ ਜੋ ਇੱਥੇ ਇੱਕ ਸਾਲ ਤੋਂ ਰਹਿ ਰਹੇ ਹਨ। ਕਹਿੰਦੇ ਸਰਕਾਰ ਦੇ ਉਤਰਾਖੰਡ ਦੇ ਅੰਦਰ ਸੰਸਥਾਵਾਂ 'ਚ ਕੰਮ ਕਰਨ ਵਾਲੇ ਨਾਗਰਿਕਾਂ ਤੇ ਵੀ ਇਹ ਕਾਨੂੰਨ ਲਾਗੂ ਹੁੰਦਾ ਹੈ। ਇਸ ਰੂਪ ਵਿੱਚ ਦੂਜੇ ਰਾਜਾਂ ਦੇ ਨਿਵਾਸੀਆਂ ਤੇ ਲਾਗੂ ਹੋਣ ਦੇ ਚਲਦੇ ਵੀ ਇਹ ਇੱਕ ਕਾਨੂੰਨ ਵਿਵਾਦ ਦਾ ਵਿਸ਼ਾ ਇਸ ਰੂਪ ਵਿੱਚ ਬਣੇਗਾ ਕਿ ਕੇਂਦਰ ਅਤੇ ਰਾਜ ਦੇ ਕਾਨੂੰਨ ਵਿੱਚ ਕਿਸ ਦੀ ਬਲੀ ਦਿੱਤੀ ਜਾਵੇ? ਇਹ ਕਾਨੂੰਨ ਦੀ ਨਿਗਰਾਨੀ ਜਾਂ ਜਾਸੂਸੀ ਦਾ ਔਜ਼ਾਰ ਹੈ, ਜੋ ਨਾਗਰਿਕ ਦੀ ਹਰ ਜਾਣਕਾਰੀ ਦੀ ਮੰਗ ਕਰਦਾ ਹੈ। ਇਹ ਇਸ ਤਰ੍ਹਾਂ ਨਿੱਜਤਾ ਵਿੱਚ ਪੂਰੀ ਤਰ੍ਹਾਂ ਦਖਲ ਦਿੰਦਾ ਹੈ। ਇਸ ਵਿੱਚ ਸਬੂਤ ਇਕੱਠਾ ਕਰਨ ਦਾ ਬੋਝ ਵੀ ਰਜਿਸਟਰੇਸ਼ਨ ਕਰਾਉਣ ਵਾਲੇ ਦੇ ਉੱਪਰ ਵੀ ਪਾਇਆ ਗਿਆ ਹੈ। 26 ਮਾਰਚ 2010 ਦੇ ਬਾਅਦ ਤੋਂ ਕੋਡ ਲਾਗੂ ਹੋਣ ਦੇ ਵਿੱਚ ਹੋਏ ਸਾਰੇ ਵਿਆਹ/ਤਲਾਕ ਦਾ ਕੋਡ ਲਾਗੂ ਹੋਣ ਦੀ ਤਰੀਕ ਤੋਂ ਛੇ ਮਹੀਨੇ ਦੇ ਅੰਦਰ ਰਜਿਸਟਰੇਸ਼ਨ ਲਾਜ਼ਮੀ ਬਣਾਉਂਦਾ ਹੈ, ਜਦ ਕਿ ਕੋਡ ਲਾਗੂ ਹੋਣ ਤੋਂ ਬਾਅਦ ਹੋਏ ਵਿਆਹ ਨੂੰ 60 ਦਿਨ ਵਿੱਚ। 26 ਮਾਰਚ 2010 ਤੋਂ ਪਹਿਲਾਂ ਦੇ ਵਿਆਹ ਵਾਲਿਆਂ ਲਈ ਰਜਿਸਟਰੇਸ਼ਨ ਲਾਜਮੀ ਨਹੀਂ ਹੈ। ਜੋ ਰਜਿਸਟਰੇਸ਼ਨ ਕੇਵਲ ਇੱਕ ਸਵੈਘੋਸ਼ਣਾ ਪੱਤਰ ਦੇਣ ਨਾਲ ਹੀ ਸੰਭਵ ਸੀ ਉਸਨੂੰ ਬੇਹਦ ਗੁੰਝਲਦਾਰ ਬਣਾਇਆ ਗਿਆ ਹੈ। ਰਜਿਸਟਰੇਸ਼ਨ ਲਈ ਆਧਾਰ ਕਾਰਡ, ਫੋਨ ਨੰਬਰ ਤੋਂ ਲੈ ਕੇ 25-30 ਕਿਸਮ ਦੀ ਜਾਣਕਾਰੀਆਂ (ਸਬੂਤ) ਇਕੱਠੇ ਕਰਕੇ ਸਰਕਾਰ ਨੂੰ ਦੇਣੇ ਪੈਣਗੇ।

ਆਧਾਰ ਕਾਰਡ ਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਕਰਕੇ ਇਹ ਕਾਨੂੰਨ ਇਸ ਨੂੰ ਰਜਿਸਟਰੇਸ਼ਨ ਦੇ ਲਈ ਲਾਜ਼ਮੀ ਬਣਾਉਂਦਾ ਹੈ। ਆਪਣੇ ਪਹਿਲਾਂ ਦੇ ਵਿਆਹ ਜਾਂ ਤਲਾਕ ਅਤੇ ਇਸ ਨਾਲ ਜੁੜੀ ਜਾਣਕਾਰੀ (ਸਬੂਤ) ਸਰਕਾਰ ਨੂੰ ਦੇਣੇ ਪੈਣਗੇ। ਹਰ ਵਾਰੀ ਪਤਾ ਬਦਲਣ, ਨੰਬਰ ਬਦਲਣ, ਧਰਮ ਬਦਲਣ ਆਦਿ ਦੀ ਜਾਣਕਾਰੀ ਸਰਕਾਰ ਨੂੰ ਫੌਰਨ ਦੇਣੀ ਪਵੇਗੀ। ਆਪਣਾ ਵਟਸਅਪ ਨੰਬਰ ਸਰਕਾਰ ਨੂੰ ਦੇਣਾ ਪਵੇਗਾ। ਜੇ ਇਕ ਤੋਂ ਜ਼ਿਆਦਾ ਵਿਆਹ ਅਤੇ ਤਲਾਕ ਹੋਏ ਹਨ ਤਾਂ ਆਪਣੀ ਹਰ ਪਹਿਲੀ ਪਤਨੀ ਦੀ ਫੋਟੋ ਅਤੇ ਹੋਰ ਜਾਣਕਾਰੀਆਂ ਆਨਲਾਈਨ ਜਾਂ ਆਫਲਾਈਨ ਫਾਰਮ ਤੇ ਲਾਉਣੀਆਂ ਜਾਂ ਦੇਣੀਆਂ ਪੈਣਗੀਆਂ। ਕਿਸ ਤਰ੍ਹਾਂ ਨਾਗਰਿਕਾਂ ਨੂੰ ਸਬੂਤ ਇਕੱਠੇ ਕਰਨ ਦੇ ਪਚੀਦਾ, ਉਲਝਾਊ ਤੇ ਬੇਲੋੜੇ ਕੰਮ ਵੱਲ ਤੱਕ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਰਾਜ ਦੇ ਹਰ ਨਾਗਰਿਕ ਦੀ ਸਰਗਰਮੀ, ਉਸ ਦੇ ਰਾਜਨੀਤਿਕ ਝੁਕਾਅ ਆਦਿ ਨੂੰ ਨਿਗਰਾਨੀ ਦੇ ਦਾਇਰੇ ਵਿੱਚ ਲੈ ਆਂਦਾ ਗਿਆ ਹੈ। ਇਹ ਪ੍ਰਕ੍ਰਿਆ ਕਈ ਔਰਤਾਂ ਦੇ ਲਈ ਕਈ ਮੁਸ਼ਕਿਲਾਂ ਖੜ੍ਹੀਆਂ ਕਰੇਗੀ। ਖਾਸ ਕਰਕੇ ਬਿਨਾਂ ਰਵਾਇਤੀ ਤਲਾਕ ਦੇ ਪਤੀ ਨੂੰ ਉਸ ਦੀਆਂ ਹਰਕਤਾਂ ਤੋਂ ਤੰਗ ਆ ਕੇ ਛੱਡ ਦੇਣਾ ਵਾਲੀਆਂ ਔਰਤਾਂ ਨੂੰ। ਇਹ ਕਾਨੂੰਨ ਰਾਜਿਸਟਰੇਸ਼ਨ ਤੋਂ ਲੈ ਕੇ ਵਸੀਅਤਨਾਮੇ ਅਤੇ ਸਜ਼ਾ ਹਰ ਪੱਧਰ ਤੇ ਵਸੂਲੀ (ਫੀਸ ਦੇ ਨਾਂ ਤੇ) ਦਾ ਵੀ ਤੰਤਰ ਹੈ। ਲਿਵ ਇਨ ਸੰਬੰਧਾਂ ਵਿੱਚ ਤਾਂ ਇੱਕ ਮਹੀਨੇ ਦੇ ਅੰਦਰ ਹੀ ਰਜਿਸਟ੍ਰੇਸ਼ਨ ਕਰਾਉਣੀ ਪਵੇਗੀ। ਇਹ ਕਾਨੂੰਨਾਂ ਨਾਗਰਿਕਾਂ ਦੀ ਲੁੱਟ ਖਸੁੱਟ ਅਤੇ ਦਮਨ ਕਰਨ ਵਾਲਾ ਹੈ। ਵਿਆਹ ਤਲਾਕ ਦੀ ਰਜਿਸਟਰੇਸ਼ਨ ਤਹਿ ਸਮੇਂ ਅੰਦਰ ਕਰਾਉਣੀ ਹੋਵੇਗੀ। ਇਸ ਵਿੱਚ ਅਧੂਰੀ ਸੂਚਨਾ ਦੇਣ, ਝੂਠੀ ਸੂਚਨਾ ਦੇਣ, ਤੱਥ ਲਕਾਉਣ ਤੇ ਰਜਿਸਟਰਾਰ, (ਰਜਿਸਟ੍ਰੇਸ਼ਨ ਕਰਨ ਅਧਿਕਾਰੀ) ਦੁਆਰਾ ਦਿੱਤੇ ਗਏ ਨੋਟਿਸ ਦਾ ਕੋਈ ਵੀ ਜਵਾਬ ਨਾ ਦੇਣ ਤੇ ਨਾਮ ਤੇ ਵੱਖ ਵੱਖ ਤਰ੍ਹਾਂ ਦੀ ਸਜ਼ਾ ਦੀ ਵਿਵਸਥਾ ਹੈ। ਵਿਆਹ ਰਜਿਸਰੇਸ਼ਨ ਲਈ 250 ਰੁਪਏ, ਲਿਵ ਇੰਨ ਦੇ ਲਈ 500 ਰੁਪਏ ਅਤੇ ਲਿਵ ਇਨ ਸਬੰਧ ਤੋੜਨ ਦੀ ਫੀਸ 1000 ਰੁਪਏ। ਵਿਆਹ/ਤਲਾਕ ਦੀ ਰਜਿਸਟਰੇਸ਼ਨ ਦੇ ਮਾਮਲੇ ਵਿੱਚ ਦੇਰੀ ਹੋਣ ਤੇ 200 ਰੁਪਏ ਤੋਂ ਲੈ ਕੇ 10 ਹਜ਼ਾਰ ਰੁਪਏ ਵਜੇ ਤੱਕ ਦਾ ਜ਼ੁਰਮਾਨਾ ਦੇਣਾ ਪਵੇਗਾ। ਇਸ ਤੋਂ ਇਲਾਵਾ ਰਜਿਸਟਰੇਸ਼ਨ ਨਾ ਕਰਵਾਉਣ ਤੇ ਸਰਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝਿਆਂ ਕਰ ਦਿੱਤੇ ਜਾਣ ਦੀ ਵੀ ਸੰਭਾਵਨਾ ਹੈ। ਲਿਵ ਇੰਨ ਸੰਬੰਧਾਂ ਦੇ ਮਾਮਲੇ 'ਚ 10 ਹਜ਼ਾਰ ਤੋਂ ਲੈ ਕੇ 25 ਹਜ਼ਾਰ ਤੱਕ ਦੇ ਜੁਰਮਾਨੇ ਨਾਲ ਹੀ ਤਿੰਨ ਤੋਂ ਛੇ ਸਾਲ ਤਕ ਵੀ ਜੇਲ ਹੈ। ਇਸ ਤਰ੍ਹਾਂ ਦੇਖੀਏ ਤਾਂ ਇਹ ਬਗੈਰ ਵਿਆਹ ਇੱਕਠੇ ਰਹਿਣ (ਲਿਵ ਇੰਨ ਸਬੰਧਾ) ਨੂੰ ਅਸੰਭਵ ਜਾਂ ਇੱਕ ਤਰ੍ਹਾਂ ਨਾਲ ਅਪਰਾਧ ਦੀ ਸ਼੍ਰੇਣੀ 'ਚ ਪਾ ਦਿੰਦਾ ਹੈ। ਇਹ ਕਨੂੰਨ ਸਰਕਾਰ ਹੀ ਨਹੀਂ, ਕਿਸੇ ਤੀਜੇ ਬੰਦੇ ਨੂੰ ਵੀ ਨਿੱਜੀ ਜ਼ਿੰਦਗੀ ਵਿੱਚ ਝਾਕਣ ਤੇ ਦਖਲਅੰਦਾਜ਼ੀ ਦਾ ਮੌਕਾ ਦਿੰਦਾ ਹੈ। ਪੁਲਿਸ ਕੋਲ ਸ਼ਕਾਇਤ ਕਰਨ ਦਾ ਅਧਿਕਾਰ ਦਿੰਦਾ ਹੈ। ਲਿਵ ਇਨ ਸੰਬੰਧਾਂ ਵਿੱਚ ਸ਼ੱਕ ਹੋਣ ਤੇ, ਰਜਿਸਟਰੇਸ਼ਨ ਸੰਬੰਧੀ ਸ਼ੱਕ ਹੋਣ ਤੇ ਕੋਈ ਵੀ ਤੀਜਾ ਬੰਦਾ ਸ਼ਿਕਾਇਤ ਦਰਜ ਕਰਾ ਸਕਦਾ ਹੈ। ਸ਼ਕਾਇਤਕਰਤਾ ਵੱਲੋਂ ਕੋਈ ਵੀ ਦੂਸਰੀ ਤੇ ਤੀਜੀ ਝੂਠੀ ਸ਼ਿਕਾਇਤ ਤੇ ਜੁਰਮਾਨਾ ਜ਼ਰੂਰ ਹੈ। ਲਿਵਇਨ ਸਬੰਧਾਂ ਵਿੱਚ ਰਹਿਣ ਵਾਲਿਆਂ ਦੀ ਜਾਣਕਾਰੀ, ਉਹਨਾਂ ਦੇ ਮਾਤਾ ਪਿਤਾ ਤੇ ਮਕਾਨ ਮਾਲਕ ਨੂੰ ਦਿਤੀ ਜਾਏਗੀ ਅਤੇ ਪੁਲਿਸ ਨਾਲ ਸਾਰੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਲਿਵ ਇੰਨ ਵਿੱਚ ਕੋਈ ਵੀ ਪੱਖ ਇੱਕਤਰਫਾ ਤੌਰ 'ਤੇ ਰਜਿਸਟਰਾਰ ਨੂੰ ਸੂਚਿਤ ਕਰਕੇ ਸੰਬੰਧ ਖਤਮ ਕਰ ਸਕਦਾ ਹੈ। ਲਿਵ ਇਨ ਸਬੰਧਾਂ ਵਿੱਚ ਬਣਿਆ ਇਹ ਕਾਨੂੰਨ ਉਦਯੋਗਿਕ ਇਲਾਕਿਆਂ ਅਤੇ ਸੇਵਾ ਖੇਤਰਾਂ ਵਿੱਚ ਘੱਟੋ ਘੱਟ ਮਜ਼ਦੂਰੀ 'ਤੇ ਜਾਂ ਇਸ ਤੋਂ ਵੀ ਵੰਚਿਤ ਮਜ਼ਦੂਰ ਵਰਗ ਤੇ ਗਰੀਬੀ ਆਬਾਦੀ (ਜਿੱਥੇ ਆਪਸੀ ਸਹਿਮਤੀ ਨਾਲ ਔਰਤ ਮਰਦ ਵਿਆਹ ਤੋਂ ਪਹਿਲਾਂ ਇਕੱਠੇ ਰਹਿਣਾ ਆਸਾਨੀ ਨਾਲ ਸ਼ੁਰੂ ਕਰ ਦਿੰਦੇ ਰਹੇ ਹਨ) ਅਤੇ ਨੌਜਵਾਨਾਂ ਨੂੰ ਹਰ ਤਰ੍ਹਾਂ ਨਾਲ ਹੈਰਾਨ ਪ੍ਰੇਸ਼ਾਨ ਕਰਨ ਵਾਲਾ ਸਾਬਿਤ ਹੋਵੇਗਾ। ਇਕੋ ਪਿੰਡ ਤੇ ਇਕੋ ਗੋਤਰ ਵਾਲੇ ਵਿਆਹ ਦੇ ਅਧਾਰ ਤੇ ਹਿੰਦੂਆਂ ਵਿੱਚ ਅਜਿਹੇ ਲਿਵ ਇੰਨ ਸਬੰਧਾਂ ਦੀ ਰਜਿਸਟ੍ਰੇਸ਼ਨ ਨਹੀਂ ਹੋਵੇਗੀ ਅਤੇ ਇਹ ਨਜਾਇਜ਼ ਮੰਨਿਆ ਜਾਵੇਗਾ ਜੋ ਨਜਾਇਜ਼ ਸਬੰਧਾਂ ਦੇ ਦਾਇਰੇ ਵਿੱਚ ਹੈ। ਜਿਸ ਸਮਾਜ ਦਾ ਧਰਮ ਆਦਿ ਵਿੱਚ ਅਜਿਹੇ ਨਜਾਇਜ਼ ਸਬੰਧਾਂ ਦੀ ਇਸ ਤਰ੍ਹਾਂ ਦੀ ਰੋਕ ਨਹੀਂ ਹੈ ਉਹ ਆਪਣੇ ਧਰਮ ਗੁਰੂ ਦਾ ਸਬੂਤ ਦੇ ਕੇ ਲਿਵ ਇੰਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਹ ਕਾਨੂੰਨ ਔਰਤ ਵਿਰੋਧੀ ਹੈ। ਉਨਾਂ ਦੀ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਦੇ ਅਧਿਕਾਰ ਨੂੰ ਅਸੰਭਵ ਬਣਾ ਦਿੰਦਾ ਹੈ। ਅੱਜ ਸਮਾਜ 'ਚ ਦਲਿਤਾਂ, ਮੁਸਲਮਾਨਾਂ, ਇਸਾਈਆਂ ਦੇ ਖਿਲਾਫ ਕੀ ਸਥਿਤੀ ਹੈ ਇਹ ਕਿਸੇ ਤੋਂ ਛੁਪੀ ਨਹੀਂ ਹੈ। ਲਿਵ ਇਨ ਸਬੰਧਾਂ ਵਿੱਚ ਬੰਨੇ ਜਾਣ ਵਾਲੇ ਜਦੋਂ ਹੀ ਆਪਣੀ ਰਜਿਸਟ੍ਰੇਸ਼ਨ ਵੱਲ ਜਾਣਗੇ, ਆਪਣੇ ਆਧਾਰ ਕਾਰਡ, ਜਾਤੀ ਧਰਮ, ਮਾਤਾ ਪਿਤਾ, ਫੋਨ ਨੰਬਰ ਦੀ ਜਾਣਕਾਰੀ ਰਜਿਸਟਰੇਸ਼ਨ ਦੌਰਾਨ ਦੇਣਗੇ, ਕੁਝ ਵੀ ਸਮੇਂ ਵਿੱਚ ਇਹ ਜਾਣਕਾਰੀ ਲੜਕੀ ਦੇ ਮਾਪਿਆਂ ਤੋਂ ਲੈ ਕੇ ਲੰਪਟ ਧਰਮ ਰੱਖਿਅਕ ਸੰਗਠਨਾਂ ਤੱਕ ਪਹੁੰਚਾਵੇਗੀ। ਜੇ ਲੜਕਾ ਮੁਸਲਿਮ ਹੋਵੇਗਾ ਤਾਂ ਇਹ ਲੰਪਟ ਸੰਘੀ ਸੰਗਠਨ ਉਸ ਨੂੰ ਲਵ ਜਹਾਦ ਦਾ ਮੁੱਦਾ ਕਹਿ ਕੇ ਨਫਰਤ ਤੇ ਫਿਰਕੂ ਜ਼ਹਿਰ ਭਰਨਗੇ ਤੇ ਜਨੂੰਨ ਪੈਦਾ ਕਰਨਗੇ, ਜਦਕਿ ਮਾਤਾ ਪਿਤਾ ਆਪਣੀ ਜਾਤੀ, ਧਰਮ ਤੋਂ ਬਾਹਰ ਲੜਕੀ ਦੀ ਸ਼ਾਦੀ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕਰਨਗੇ। ਲੜਕੇ ਦੇ ਦਲਿਤ ਜਾਂ ਇਸਾਈ ਹੋਣ ਤੇ ਵੀ ਸਹਿ ਜੀਵਨ (ਲਿਵ ਇਨ) ਮੁਸ਼ਕਿਲ ਹੋ ਜਾਏਗਾ। ਜਿੱਥੇ ਇੱਜ਼ਤ ਦੇ ਨਾਂ ਤੇ ਹੇਠਲੀਆਂ ਜਾਤਾਂ ਨਾਲ ਵਿਆਹ ਕਰਨ ਤੇ ਉਦੋਂ ਹੀ ਆਨਰ ਕਲਿੰਗ ਕਰ ਦਿੱਤੀ ਜਾਂਦੀ ਹੈ, ਸਥਿਤੀ ਕਿੰਨੀ ਗੰਭੀਰ ਹੋਵੇਗੀ ਸਮਝ ਵਿੱਚ ਆ ਸਕਦੀ ਹੈ। ਇਸ ਤਰ੍ਹਾਂ ਅਮਲ ਵਿੱਚ ਇਹ ਕਾਨੂੰਨ ਔਰਤਾਂ ਨੂੰ ਮਜਬੂਤ ਨਹੀਂ ਬਣਾਉਂਦਾ ਬਲਕਿ ਉਹਨਾਂ ਦੀ ਆਪਣੀ ਪਸੰਦ ਦੇ ਹਿਸਾਬ ਨਾਲ ਵਿਆਹ ਕਰਨ ਨੂੰ ਅਸੰਭਵ ਬਣਾ ਦਿੰਦਾ ਹੈ। ਉਸ ਦੀ ਯੌਨਿਕਤਾ ਨੂੰ ਕੰਟਰੋਲ ਕਰਨ ਦਾ ਔਜਾਰ ਬਣ ਜਾਂਦਾ ਹੈ। ਇਹ ਕਾਨੂੰਨ ਦਲਿਤਾਂ, ਇਸਾਈਆਂ ਅਤੇ ਮੁਸਲਮਾਨਾਂ ਦੇ ਖਿਲਾਫ ਹੈ। ਜਾਤੀਵਾਦ ਖਤਮ ਹੋਣ ਦੇ ਲਈ ਜ਼ਰੂਰੀ ਹੈ ਕਿ ਅੰਤਰਜਾਤੀ ਵਿਆਹ

ਸਮਾਜ ਵਿੱਚ ਤੇਜ਼ੀ ਨਾਲ ਅੱਗੇ ਵਧਣ। ਆਮ ਤੌਰ 'ਤੇ ਸਮਾਜ ਵਿੱਚ ਲੋਕ ਜਾਤੀ ਧਰਮ ਦੇ ਹਿਸਾਬ ਨਾਲ ਅਲੱਗ ਅਲੱਗ ਵਾਰਡਬੰਦੀਆਂ ਵਰਗੀ ਹਾਲਤ ਦੇ ਵਿੱਚ ਰਹਿੰਦੇ ਹਨ। ਸਵਰਨਾ ਦੀ ਬਸਤੀ ਅਲੱਗ, ਦਲਿਤਾਂ ਦੀਆਂ ਅੱਡ, ਮੁਸਲਮਾਨਾਂ ਦੀ ਅੱਡ। ਇਹ ਸਥਿਤੀ ਆਪਣੇ ਆਪ ਵਿੱਚ ਹੀ ਸਿਹਤਮੰਦ ਸਮਾਜ ਬਣਾਉਣ ਦੇ ਰਸਤੇ ਵਿੱਚ ਸਭ ਤੋਂ ਵੱਡਾ ਰੋੜਾ ਹੈ। ਹਿੰਦੂ ਫਾਸ਼ੀਵਾਦੀਆਂ ਲਈ ਇਹ ਸਥਿਤੀ ਕਾਫੀ ਮਦਦਗਾਰ ਹੈ। ਲਿਵਿੰਗ ਸੰਬੰਧਾਂ ਤੇ ਵਿਆਹ ਦੇ ਰਜਿਸਟਰੇਸ਼ਨ ਤੇ ਬਣਾਇਆ ਇਹ ਕਾਨੂੰਨ ਇਸ ਸਥਿਤੀ ਨੂੰ ਅੱਗੇ ਵਧਾਉਂਦਾ ਹੈ। ਅੰਤਰਜਾਤੀ ਵਿਆਹ ਤੇ ਅੰਤਰ-ਧਰਮਿਕ ਵਿਆਹ ਨੂੰ ਇਹ ਅਮਲ ਵਿੱਚ ਬੇਹੱਦ ਮੁਸ਼ਕਿਲ ਬਣਾਉਂਦਾ ਹੈ। ਇੱਕ ਪਾਸੇ ਅਜਿਹਾ ਦਲਿਤ ਤੇ ਸਵਰਨ ਦੇ ਵਿਆਹ ਜਾਂ ਲਿਵ ਇੰਨ ਦੇ ਮਾਮਲੇ ਵਿੱਚ ਹੋਵੇਗਾ ਤਾਂ ਦੂਸਰੇ ਪਾਸੇ ਦਲਿਤ ਅਤੇ ਮੁਸਲਿਮ ਤੇ ਵਿੱਚ ਵੀ ਇਹੀ ਹੋਵੇਗਾ। ਇਹ ਕਾਨੂੰਨ ਵਿਰਾਸਤ ਦੇ ਮਾਮਲੇ ਵਿੱਚ ਹਿੰਦੂਆਂ ਦੀ ਪਿਤਰ ਸੱਤਾ ਪ੍ਰਣਾਲੀ ਨੂੰ ਸਾਰਿਆਂ ਤੇ ਠੋਸ ਦਿੰਦਾ ਹੈ। 2005 ਵਿੱਚ ਹਿੰਦੂ ਔਰਤਾਂ ਨੂੰ ਪਿਤਾ ਦੀ ਜਾਇਦਾਦ ਦੇ ਬਰਾਬਰ ਦੇ ਅਧਿਕਾਰ ਦਾ ਕਾਨੂੰਨ ਬਣਾ ਕੇ ਉਸ ਨੂੰ ਕਮਜ਼ੋਰ ਕੀਤਾ ਗਿਆ। ਇਸ ਪ੍ਰਣਾਲੀ ਦੇ ਹਿਸਾਬ ਨਾਲ ਪਿਤਾ ਆਪਣੇ ਕਮਾਈ ਹੋਈ ਜਾਇਦਾਦ ਤੋਂ ਆਪਣੀ ਪਤਨੀ ਤੇ ਬੱਚਿਆਂ ਨੂੰ ਬੇਦਖ਼ਲ ਕਰ ਸਕਦਾ ਹੈ ਤੇ ਉਹ ਸਿਰਫ ਗੁਜ਼ਾਰੇ ਦੇ ਅਧਿਕਾਰੀ ਹੀ ਹਨ। ਇਹ ਵਿਵਸਥਾ ਇੱਕ ਕੋਡ ਵਿੱਚ ਬਣੀ ਹੋਈ ਹੈ। ਜਦਕਿ ਮੁਸਲਮਾਨਾਂ ਵਿੱਚ ਪਿਤਾ ਜਾਂ ਮਰਦ ਪਤਨੀ ਜਾਂ ਬੱਚਿਆਂ ਨੂੰ ਬੇਦਖਲ ਜਾਂ ਵੰਚਿਤ ਨਹੀਂ ਕਰ ਸਕਦਾ।

ਇਸ ਤਰ੍ਹਾਂ ਨਾਲ ਵੀ ਇਹ ਕਾਨੂੰਨ ਮੁਸਲਿਮ ਵਿਰੋਧੀ ਹੈ। ਫਰਾਂਸ ਸਮੇਤ ਯੂਰਪ ਦੇ ਕਈ ਦੇਸ਼ਾਂ ਵਿੱਚ ਦੋ ਸ਼ਤਾਬਦੀ ਪਹਿਲਾਂ ਹੋਏ ਫਰਾਂਸੀਸੀ ਇਨਕਲਾਬ ਤੋਂ ਪਿੱਛੋਂ ਨਪੋਲੀਅਨ ਕੋਡ (ਸਮਾਨ ਨਾਗਰਿਕ ਕੋਡ) ਦੀ ਗੱਲ ਕੀਤੀ ਗਈ ਤਾਂ ਉੱਥੇ ਜਬਰਨ ਵਿਰਾਸਤ ਦਾ ਕਾਨੂੰਨ ਹੈ। ਇਹ ਦੇ ਵਿੱਚ ਮਰਦ (ਪਿਤਾ) ਆਪਣੀ ਕਮਾਈ, ਹੋਈ ਜਾਇਦਾਦ ਤੋਂ ਪਤਨੀ ਤੇ ਬੱਚਿਆਂ ਨੂੰ ਵੀ ਬੇਦਖ਼ਲ ਨਹੀਂ ਕਰ ਸਕਦਾ। ਇਸ ਤਰ੍ਹਾਂ ਤਲਾਕ ਦੇ ਮਾਮਲੇ ਵਿੱਚ ਦੇਖਿਆ ਜਾਏ ਤਾਂ ਤਲਾਕ ਜਾਂ ਹਿੰਦੂ ਵਿਆਹ ਵਿੱਚ ਵਿਸ਼ੇਸ਼ ਕਾਨੂੰਨ ਔਰਤਾਂ ਦੇ ਲਈ ਤਲਾਕ ਨੂੰ ਬੇਹੱਦ ਮੁਸ਼ਕਿਲ ਬਣਾਉਂਦਾ ਹੈ। ਇਹੀ ਬਰਾਬਰ ਨਾਗਰਿਕ ਕੋਡ ਵਿੱਚ ਵੀ ਬਣਿਆ ਹੋਇਆ ਹੈ। ਮੁਸਲਿਮ ਔਰਤਾਂ ਨੂੰ ਧਾਰਮਿਕ ਕਾਨੂੰਨ ਦੇ ਹਿਸਾਬ ਨਾਲ ਖੁੱਲਾ ਮੁਬਾਰਤ ਜਾਂ ਲਿਆਣ ਦੇ ਜਰੀਏ ਤਲਾਕ ਦਾ ਅਧਿਕਾਰ ਹਾਸਲ ਸੀ ਪਰ ਹੁਣ ਇਸ ਕਾਨੂੰਨ ਦੇ ਚਲਦਿਆਂ ਇਹ ਸਥਿਤੀ ਖਤਮ ਕਰ ਦਿੱਤੀ ਗਈ ਹੈ। ਕਿੱਥੋਂ ਜਿੱਥੋਂ ਤੱਕ ਐਲਜੀਬੀਟੀ ਫਿਰਕੇ ਦੀ ਗੱਲ ਹੈ ਇਸ ਸਬੰਧ ਵਿੱਚ ਇਹ ਕੋਰਟ ਪੂਰੀ ਤਰ੍ਹਾਂ ਖਾਮੋਸ਼ ਹੈ ਜਿਵੇਂ ਕਿ ਇਸ ਫਿਰਕੇ ਦਾ ਕੋਈ ਵਜੂਦ ਹੀ ਨਾ ਹੋਵੇ। ਇਸ ਤਰ੍ਹਾਂ ਇਹ ਸਾਫ ਹੈ ਕਿ ਇਹ ਨਾਗਰਿਕ ਕੋਡ ਸੰਘਰਸ਼ਾਂ ਨਾਲ ਹਾਸਲ ਸੰਵਿਧਾਨ ਵਿੱਚ ਦਰਜ਼ ਜਨਵਾਦੀ ਤੇ ਮੌਲਿਕ ਅਧਿਕਾਰਾਂ ਦੀ ਪੂਰੀ ਕੁਚਲਦਾ ਹੈ। ਆਜ਼ਾਦੀ ਅਤੇ ਜਨਵਾਦ ਨੂੰ ਨਿਗਰਾਨੀ ਤੰਤਰ, ਜਾਣਕਾਰੀ ਦੀ ਭਰਮਾਰ ਇਕੱਠਿਆ ਕਰਨ, ਪੁਲਿਸ ਅਤੇ ਤੀਜੇ ਵਿਅਕਤੀ ਦੇ ਦਖਲ ਨਾਲ ਪੂਰੀ ਤਰ੍ਹਾਂ ਖਤਮ ਕਰ ਦਿੰਦਾ ਹੈ। ਆਪਣੀ ਇੱਛਾ ਪਸੰਦਗੀ ਦੇ ਹਿਸਾਬ ਨਾਲ ਵਿਆਹ ਕਰਨਾ ਤੇ ਇਸ ਵਿੱਚ ਕਿਸੇ ਨੂੰ ਵੀ ਦਖਲ ਨਾ ਦੇਣ ਦੇ ਜਨਵਾਦੀ ਅਧਿਕਾਰ ਨੂੰ ਅਮਲ ਵਿੱਚ ਖਤਮ ਕਰ ਦਿੰਦਾ ਹੈ। ਵਿਆਹ ਜਾਂ ਲਿਵ ਇਨ ਸਬੰਧਾਂ 'ਚ ਰਜਿਸਟਰੇਸ਼ਨ ਨਾ ਕਰਰਾਉਣ ਜਾਂ ਦੇਰੀ ਨਾਲ ਕਰਾਉਣ ਜਾਂ ਨਾ ਕਰਾ ਸਕਣ ਜਾਂ ਫਿਰ ਝੂਠੀ ਸੂਚਨਾ ਦੇਣ, ਜਾਂ ਤੱਥ ਛੁਪਾਉਣ ਦਾ ਦੋਸ਼ ਲਾ ਕੇ ਇਹਨਾਂ ਨੂੰ ਅਪਰਾਧਿਕ ਬਣਾ ਕੇ ਜੁਰਮਾਨੇ ਜਾਂ ਜੇਹਲ ਦੀ ਵਿਵਸਥਾ ਕਰਦਾ ਹੈ। ਇਸ ਲਈ ਇਹ ਕਾਨੂੰਨ/ਕੋਡ ਦਾ ਹਰ ਤਰ੍ਹਾਂ ਨਾਲ ਵਿਰੋਧ ਕਰਨਾ ਤੇ ਨਾਲ ਹੀ ਸਮੂਚੇ ਤੌਰ ਤੇ ਹਿੰਦੂ ਫੈਸ਼ਵਾਦੀਆਂ ਦੇ ਮਾੜੇ ਇਰਾਦਿਆਂ ਨੂੰ ਬੇਨਕਾਬ ਕਰਨਾ ਜਰੂਰੀ ਹੈ।

(ਕਰਟਸੀ ਨਾਗਰਿਕ ਅਪ੍ਰੈਲ, 2025)

# ਸੰਸਾਰ ਸਰਮਾਏਦਾਰ-ਸਾਮਰਾਜੀ ਪ੍ਰਬੰਧ ਦਾ ਮੁਕੰਮਲ ਖਾਤਮਾ ਹੀ ਸ਼ਾਂਤੀ ਦਾ ਇੱਕੋ-ਇੱਕ ਰਾਹ

## ਲੈਨਿਨ ਦੀ ਕਿਤਾਬ 'ਸਾਮਰਾਜ, ਸਰਮਾਏਦਾਰੀ ਦਾ ਸਰਵਉਚ ਪੜਾਅ' ਦਾ ਸੁਨੇਹਾ

**ਗੁਰਪ੍ਰੀਤ ਅੰਮ੍ਰਿਤਸਰ**

ਲੈਨਿਨ ਨੇ ਆਪਣੀ ਕਿਤਾਬ "ਸਾਮਰਾਜ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਵਿੱਚ ਕਿਹਾ ਸੀ "ਅੰਤਰ ਸਾਮਰਾਜੀ ਜਾਂ ਪੜ-ਸਾਮਰਾਜੀ ਸਮਝੌਤੇ, ਭਾਵੇਂ ਉਹ ਕੋਈ ਵੀ ਰੂਪ ਧਾਰਨ ਕਰ ਲੈਣ, ਇੱਕ ਸਾਮਰਾਜੀ ਕੁਲੀਸ਼ਨ ਵਿਰੁੱਧ ਦੂਜੀ ਸਾਮਰਾਜੀ ਕੁਲੀਸ਼ਨ ਦਾ, ਜਾਂ ਸਭਨਾ ਸਾਮਰਾਜੀ ਸ਼ਕਤੀਆਂ ਨੂੰ ਆਪਣੀ ਲਪੇਟ ਵਿੱਚ ਲੈਂਦੇ ਆਮ ਸਮਝੌਤੇ ਦਾ ਅਟੱਲ ਤੌਰ 'ਤੇ ਯੁੱਧਾਂ ਵਿਚਕਾਰਲੇ ਸਮਿਆਂ ਦੌਰਾਨ ਜੰਗਬੰਦੀ ਤੋਂ ਵੱਧ ਹੋਰ ਕੋਈ ਮਤਲਬ ਨਹੀਂ। ਅਮਨ ਭਰੇ ਮੁਕਾਬਲੇ ਜੰਗ ਲਈ ਜ਼ਮੀਨ ਤਿਆਰ ਕਰਦੇ ਹਨ ਅਤੇ ਆਪਣੀ ਥਾਂ ਜੰਗਾਂ ਵਿੱਚੋਂ ਪੈਦਾ ਹੁੰਦੇ ਹਨ, ਇੱਕ ਗੱਲ ਦੂਜੀ ਉੱਪਰ ਨਿਰਭਰ ਹੈ ਅਤੇ ਸੰਸਾਰ ਆਰਥਿਕਤਾ ਅਤੇ ਸੰਸਾਰ ਸਿਆਸਤ ਦੇ ਅੰਦਰ-ਅੰਦਰ ਸਾਮਰਾਜੀ ਸਬੰਧਾਂ ਦੇ ਰਿਸ਼ਤਿਆਂ ਦੇ ਇੱਕੋ-ਇੱਕ ਆਧਾਰ 'ਤੇ ਅਮਨ ਭਰੇ ਅਤੇ ਗੈਰ ਅਮਨ ਭਰੇ ਘੋਲ਼ ਇੱਕ ਦੂਜੇ ਦੀ ਥਾਂ ਲੈਂਦੇ ਰੂਪਾਂ ਨੂੰ ਪੈਦਾ ਕਰਦੇ ਹਨ।" ਇਤਿਹਾਸ ਨੇ ਇਸ ਗੱਲ ਨੂੰ ਵਾਰ-ਵਾਰ ਸਹੀ ਸਿੱਧ ਕੀਤਾ ਹੈ। ਹੁਣ ਰੂਸ-ਯੂਕਰੇਨ ਜੰਗ ਜੋ ਕਿ ਅਸਲ ਵਿੱਚ ਰੂਸ-ਨਾਟੋ ਜੰਗ ਸੀ, ਦੇ ਬਿਲਕੁਲ ਆਖਰੀ ਸਮੇਂ, ਜਦੋਂ ਯੂਕਰੇਨ ਬੁਰੀ ਤਰ੍ਹਾਂ ਨਾਲ਼ ਹਾਰ ਕੇ ਬਿਲਕੁਲ ਤਬਾਹੀ ਕੰਢੇ ਹੈ, ਸੰਸਾਰ ਸਾਮਰਾਜੀ ਪ੍ਰਬੰਧ ਵਿੱਚ ਭਾਰੀ ਉਥਲ-ਪੁਥਲ ਹੋ ਰਹੀ ਹੈ। ਇੱਕ ਪਾਸੇ ਜਿੱਥੇ ਰੂਸੀ ਸਾਮਰਾਜੀ ਸਪੱਸ਼ਟ ਤੌਰ 'ਤੇ ਇਸ ਜੰਗ ਵਿੱਚੋਂ ਜੇਤੂ ਤਾਕਤ ਬਣਕੇ ਉੱਭਰੇ ਹਨ, ਉੱਥੇ ਹੀ ਅਮਰੀਕਾ ਦੀ ਅਗਵਾਈ ਵਾਲ਼ੇ ਪੱਛਮੀ ਸਾਮਰਾਜੀਆਂ ਦੇ ਧੜੇ ਵਿੱਚ ਆਪਸੀ ਵਿਰੋਧਤਾਈਆਂ ਕਾਫੀ ਤਿੱਖੀਆਂ ਹੋ ਗਈਆਂ ਹਨ। ਅਮਰੀਕਾ ਵਿੱਚ ਟਰੰਪ ਦੇ ਸਦਰ ਬਣਨ ਤੋਂ ਬਾਅਦ ਤੋਂ ਹੀ ਅਮਰੀਕਾ ਵੱਲੋਂ ਯੂਕਰੇਨ ਨੂੰ ਵਰਤ ਕੇ, ਰੂਸੀ ਸਾਮਰਾਜ ਵਿਰੁੱਧ ਲੜੀ ਜਾਂ ਰਹੀ ਜੰਗ ਨੂੰ ਹਮਾਇਤ ਬਿਲਕੁਲ ਘਟ ਗਈ ਸੀ ਅਤੇ ਹੁਣ ਤਾਂ ਟਰੰਪ ਨੇ ਫੌਜੀ ਅਤੇ ਆਰਥਿਕ, ਹਰ ਤਰ੍ਹਾਂ ਦੀ ਹਮਾਇਤ ਉੱਪਰ ਪੂਰਨ ਰੋਕ ਲਗਾ ਦਿੱਤੀ ਹੈ। ਇਸ ਸਮੇਂ ਟਰੰਪ ਦਾ ਮੁੱਖ ਮਕਸਦ ਰੂਸੀ ਸਾਮਰਾਜੀਆਂ ਨਾਲ਼ ਸਬੰਧ ਠੀਕ ਕਰਨਾ ਅਤੇ ਯੂਕਰੇਨ ਜੰਗ ਵਿੱਚੋਂ ਪੂਰੀ ਤਰ੍ਹਾਂ ਨਾਲ਼ ਆਪਣੇ ਹੱਥ ਪਿੱਛੇ ਖਿੱਚ ਕੇ ਆਪਣਾ ਸਾਰਾ ਜੋਰ ਏਸ਼ੀਆ ਵਿੱਚ ਚੀਨ ਦੇ ਵਿਰੁੱਧ ਲਾਉਣਾ ਹੈ। ਇਸ ਤੋਂ ਬਿਨਾਂ ਟਰੰਪ ਨੂੰ ਯੂਰਪ ਦੇ ਭਾਈਵਾਲਾਂ ਦੀ ਫੌਜੀ ਹਮਾਇਤ ਕਰਨ ਵਿੱਚ ਵੀ ਖਾਸ ਦਿਲਚਸਪੀ ਨਹੀਂ ਹੈ। ਇੱਥੋਂ ਤੱਕ ਕਿ ਕਿਤੇ-ਕਿਤੇ ਨਾਟੋ ਗਠਜੋੜ ਵਿਰੁੱਧ ਵੀ ਬਿਆਨਬਾਜੀ ਹੋ ਰਹੀ ਹੈ। ਅਮਰੀਕਾ ਯੂਕਰੇਨ ਵਿੱਚ ਆਪਣੀ ਹਾਰ ਕਬੂਲ ਕਰ ਚੁੱਕਾ ਹੈ ਅਤੇ ਹੁਣ ਟਰੰਪ ਦਾ ਸਾਰਾ ਜੋਰ ਰੂਸ ਨਾਲ਼ ਸਮਝੌਤਾ ਕਰਕੇ, ਯੂਕਰੇਨ ਦੇ ਦੁਰਲੱਭ ਖਣਿਜ ਪਦਾਰਥ ਹੜੱਪਣ ਉੱਪਰ ਹੈ। ਦੂਜੇ ਪਾਸੇ ਯੂਰਪੀ ਸਾਮਰਾਜੀ ਵੀ ਇਹਨਾਂ ਸਰੋਤਾਂ ਲਈ ਤਰਲੋਮੱਛੀ ਹੋ ਰਹੇ ਹਨ। ਯੂਕਰੇਨ ਦਾ ਸਦਰ ਜ਼ੈਲਏਨਸਕੀ ਕਿਸੇ ਤਰ੍ਹਾਂ ਨਾਲ਼ ਜੰਗ ਜਾਰੀ ਰੱਖ ਕੇ ਖੁਦ ਨੂੰ ਬਚਾਉਣਾ ਚਾਹੁੰਦਾ ਹੈ। ਯੂਰਪੀ ਸਾਮਰਾਜੀਆਂ ਦੇ ਹਿੱਤ ਵੀ ਜੰਗ ਜਾਰੀ ਰੱਖਣ ਵਿੱਚ ਹਨ। ਪਰ ਅਮਰੀਕਾ ਇਸ ਜੰਗ ਦੀ ਹੋਰ ਹਮਾਇਤ ਨਹੀਂ ਕਰਨਾ ਚਾਹੁੰਦਾ। ਇਹਨਾਂ ਸਭ ਕਾਰਨਾਂ ਕਰਕੇ ਅਮਰੀਕਾ ਅਤੇ ਯੂਰਪੀ ਸਾਮਰਾਜੀਆਂ ਵਿੱਚ ਸਬੰਧ ਖਰਾਬ ਹੋ ਰਹੇ ਹਨ ਅਤੇ ਦੂਜੀ ਸੰਸਾਰ ਜੰਗ ਤੋਂ ਬਾਅਦ ਬਣੇ ਨਾਟੋ ਗਠਜੋੜ ਵਿੱਚ ਤਰੇੜਾਂ ਸਾਫ ਨਜਰ ਆ ਰਹੀਆਂ ਹਨ। ਇਸ ਸਮੇਂ ਸੰਸਾਰ ਸਾਮਰਾਜੀ ਪ੍ਰਬੰਧ ਵਿੱਚ ਨਵੇਂ ਸਮੀਕਰਨ ਬਣ ਰਹੇ ਹਨ ਅਤੇ ਇਵੇਂ ਲੱਗਦਾ ਹੈ ਕਿ ਆਉਣ ਵਾਲ਼ੇ ਸਮੇਂ ਵਿੱਚ ਯੂਰਪ ਵਿੱਚ ਕਾਫੀ ਉਥਲ-ਪੁਥਲ ਹੋਵੇਗੀ।

**ਰੂਸ-ਯੂਕਰੇਨ ਜੰਗ** : ਸਹੀ ਅਰਥਾਂ ਵਿੱਚ ਇਹ ਰੂਸੀ ਸਾਮਰਾਜ ਦੀ ਨਾਟੋ ਧੜੇ ਵਿਰੁੱਧ ਜੰਗ ਹੈ ਜਿਸ ਵਿੱਚ ਅਮਰੀਕਾ ਦੀ ਅਗਵਾਈ ਵਾਲ਼ੇ ਨਾਟੋ ਦੇਸ਼ ਯੂਕਰੇਨ ਨੂੰ ਵਰਤ ਕੇ, ਰੂਸੀ ਸਾਮਰਾਜ ਨੂੰ ਕਮਜੋਰ ਕਰਨ, ਰੂਸ ਵਿੱਚ ਤੱਖਤਾਪਲਟ ਕਰਕੇ, ਰੂਸ ਦੇ ਵਿਸ਼ਾਲ ਕੁਦਰਤੀ ਸਰੋਤਾਂ ਦੇ ਭੰਡਾਰਾਂ ਉੱਪਰ ਕਬਜਾ ਕਰਨਾ ਚਾਹੁੰਦੇ ਸਨ। ਇਹ ਜੰਗ 2014 ਵਿੱਚ ਹੀ ਸ਼ੁਰੂ ਹੋ ਗਈ ਸੀ। 2014 ਵਿੱਚ ਯੂਰੋ-ਮੈਦਾਨ ਲਹਿਰ ਰਾਹੀਂ ਨਾਟੋ ਧੜੇ ਨੇ ਯੂਕਰੇਨ ਵਿੱਚ ਰੂਸ ਪੱਖੀ ਸਰਕਾਰ ਸੁੱਟੀ ਗਈ ਅਤੇ ਪੱਛਮ ਪੱਖੀ ਸਰਕਾਰ ਬਣਾਈ ਗਈ। ਇਸ ਤੋਂ ਬਾਅਦ ਹੀ ਰੂਸ ਨੂੰ ਪਤਾ ਲੱਗ ਗਿਆ ਕਿ ਆਉਣ ਵਾਲ਼ੇ ਸਮੇਂ ਵਿੱਚ ਯੂਕਰੇਨ ਨੂੰ ਵਰਤ ਕੇ ਉਸ ਉੱਪਰ ਦਬਾਅ ਵਧ ਸਕਦਾ ਹੈ। ਇਸੇ ਸਿਲਸਿਲੇ ਵਿੱਚ ਰੂਸ ਨੇ ਕਿ ?ਰਮੀਆ ਉੱਪਰ ਕਬਜਾ ਕੀਤਾ। ਯੂਕਰੇਨ ਦੀ ਨਵੀਂ ਸਰਕਾਰ ਅਤੇ ਅਮਰੀਕੀ ਗਠਜੋੜ ਨੇ ਯੂਕਰੇਨ ਵਿਚਲੇ ਨਾਜੀ ਅਤੇ ਹੋਰ ਪਿਛਾਖੜੀ ਜਥੇਬੰਦੀਆਂ ਦੀ ਹਮਾਇਤ ਨਾਲ਼ ਯੂਕਰੇਨ ਦੇ ਪੂਰਬੀ ਇਲਾਕੇ ਦੋਨੇਤਸਕ ਅਤੇ ਲੁਹਾਂਸਕ ਜਿੱਥੇ ਬਹੁਗਿਣਤੀ ਵਸੋਂ ਰੂਸੀ ਭਾਸ਼ੀ ਹੈ, ਉੱਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਦੂਜੇ ਹੱਥ ਰੂਸ ਨੇ ਵੀ ਇਹਨਾਂ ਇਲਾਕਿਆਂ ਵਿੱਚ ਰੂਸ ਪੱਖੀ ਅਨਸਰਾਂ ਨੂੰ ਹਮਾਇਤ ਦੇਣੀ ਸ਼ੁਰੂ ਕੀਤੀ। ਸਾਲ 2015 ਵਿੱਚ ਹੋਏ ਮਿਨਸਕ 1 ਅਤੇ 2 ਸਮਝੌਤਿਆਂ ਤੋਂ ਬਾਅਦ ਕੁਝ ਸਮੇਂ ਲਈ ਜੰਗ ਦੀ ਤੀਬਰਤਾ ਘਟ ਗਈ ਪਰ ਇਹ ਕਦੀ ਵੀ ਪੂਰੀ ਤਰ੍ਹਾਂ ਨਾਲ਼ ਰੁਕੀ ਨਹੀਂ। ਨਾਟੋ ਅਤੇ ਯੂਰਪੀ ਤਾਕਤਾਂ ਦਾ ਮਕਸਦ ਇਹਨਾਂ ਸਮਝੌਤਿਆਂ ਰਾਹੀਂ ਯੂਕਰੇਨ ਨੂੰ ਹਥਿਆਰਬੰਦ ਕਰਨਾ ਸੀ। ਸਾਲ 2022 ਵਿੱਚ ਰੂਸ ਨੇ ਨਾਟੋ ਦੀਆਂ ਚਾਲਾਂ ਸਮਝਦੇ ਹੋਏ ਯੂਕਰੇਨ ਉੱਪਰ ਹਮਲਾ ਕਰ ਦਿੱਤਾ। ਹੁਣ ਤਕਰੀਬਨ ਤਿੰਨ ਸਾਲ ਬਾਅਦ ਇਸ ਜੰਗ ਵਿੱਚ ਨਾਟੋ ਦੀ ਭਾਰੀ ਹਮਾਇਤ ਦੇ ਬਾਵਜੂਦ ਵੀ ਯੂਕਰੇਨ ਦੀ ਪੱਛਮ ਪੱਖੀ ਹਕੂਮਤ ਬੁਰੀ ਤਰ੍ਹਾਂ ਨਾਲ਼ ਹਾਰ ਗਈ ਹੈ। ਰੂਸ ਨੇ ਯੂਕਰੇਨ ਦੇ ਪੂਰਬੀ ਇਲਾਕੇ ਦੇ ਵੱਡੇ ਹਿੱਸੇ ਉੱਪਰ ਕਬਜਾ ਕਰ ਲਿਆ ਹੈ। ਇੱਥੋਂ ਦੀ ਵਸੋਂ ਵੀ ਕੌਮੀ ਤੌਰ 'ਤੇ ਰੂਸੀ ਹੀ ਹੈ ਅਤੇ ਇਹ ਖਿੱਤੇ ਖਣਿਜ ਪਦਾਰਥਾਂ ਨਾਲ਼ ਭਰੇ ਹੋਏ ਹਨ ਜਿਨ੍ਹਾਂ ਵਿੱਚ ਦੁਰਲੱਭ ਖਣਿਜ ਅਤੇ ਜਰੂਰੀ ਖਣਿਜ ਪਦਾਰਥ ਸ਼ਾਮਲ ਹਨ। ਜੰਗ ਵਿੱਚ ਯੂਕਰੇਨ ਦਾ ਵੱਡੇ ਪੱਧਰ ਉੱਪਰ ਆਰਥਿਕ ਅਤੇ ਜਾਨੀ ਨੁਕਸਾਨ ਹੋਇਆ ਹੈ। ਇੱਕ ਅੰਦਾਜੇ ਮੁਤਾਬਕ ਯੂਕਰੇਨ ਵਿੱਚ ਨਾਗਰਿਕ ਅਤੇ ਫੌਜੀ ਦੋਨਾਂ ਦੀ ਮੌਤ ਦੇ ਅੰਕੜੇ ਕੁੱਲ ਮਿਲ਼ਾ ਕੇ 10 ਲੱਖ ਤੋਂ ਵੱਧ ਬਣਦੇ ਹਨ। ਹੁਣ ਤਾਂ ਇਹ ਹਾਲ ਸੀ ਕਿ ਯੂਕਰੇਨ ਦੇ ਲੋਕਾਂ ਨੂੰ ਜਬਰਦਸਤੀ ਅਗਵਾ ਕਰਕੇ ਰੂਸੀ ਹਮਲੇ ਦਾ ਸਾਹਮਣਾ ਕਰਨ ਲਈ ਭੇਜਿਆ ਜਾ ਰਿਹਾ ਸੀ। ਇਸ ਜੰਗ ਵਿੱਚ ਨਾਟੋ ਸਿੱਧੇ ਰੂਪ ਵਿੱਚ ਤਾਂ ਸ਼ਾਮਲ ਨਹੀਂ ਹੋਇਆ ਪਰ ਨਾਟੋ ਦੇ ਫੌਜੀ ਮਾਹਰ ਆਪਣੀ ਫੌਜ ਵਿੱਚੋਂ ਅਸਤੀਫ਼ਾ ਦੇ ਕੇ, ਯੂਕਰੇਨ ਵਿੱਚ ਆ ਕੇ ਲੜ ਰਹੇ ਸਨ। ਪੂਰੇ ਪੱਛਮੀ ਧੜੇ ਦੀ ਆਰਥਿਕ, ਫੌਜੀ ਅਤੇ ਮੀਡੀਆ ਦੀ ਭਾਰੀ ਹਮਾਇਤ ਦੇ ਬਾਵਜੂਦ ਇਸ ਜੰਗ ਵਿੱਚ ਰੂਸੀ ਸਾਮਰਾਜੀ ਜੇਤੂ ਰਹੇ ਹਨ। ਇਸ ਜੰਗ ਰਾਹੀਂ ਰੂਸ ਨੂੰ ਆਰਥਿਕ ਅਤੇ ਫੌਜੀ ਤੌਰ 'ਤੇ ਕਮਜੋਰ ਕਰਨ ਦੀ ਯੋਜਨਾ ਫਿਲਹਾਲ ਲਈ ਤਾਂ ਬੁਰੀ ਤਰ੍ਹਾਂ ਨਾਲ਼ ਅਸਫਲ ਹੋ ਗਈ ਹੈ।

**ਅਮਰੀਕਾ ਅਤੇ ਯੂਰਪੀ ਦੇਸ਼ਾਂ ਦਾ ਆਪਸੀ ਕਲੇਸ਼ ਅਤੇ ਯੂਕਰੇਨ ਦੇ ਕੁਦਰਤੀ ਸਰੋਤਾਂ ਦੀ ਲੁੱਟ** : ਜਦੋਂ ਤੋਂ ਅਮਰੀਕੀ ਸਦਰ ਟਰੰਪ ਨੇ ਯੂਕਰੇਨ ਦੀ ਹਮਾਇਤ ਬੰਦ ਕੀਤੀ ਹੈ, ਪੂਰਾ ਯੂਰਪੀ ਖੇਮਾ ਬੁਰੀ ਤਰ੍ਹਾਂ ਨਾਲ਼ ਬੌਂਦਲ ਗਿਆ ਹੈ। ਟਰੰਪ ਨੇ ਰੂਸੀ ਸਾਮਰਾਜੀਆਂ ਨਾਲ਼ ਸਿੱਧੀ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਇਹ ਗੱਲਬਾਤ ਯੂਕਰੇਨ ਅਤੇ ਯੂਰਪੀ ਦੇਸ਼ਾਂ ਨੂੰ ਸ਼ਾਮਲ ਕੀਤੇ ਬਿਨਾਂ ਹੀ ਸ਼ੁਰੂ ਹੋ ਗਈ ਜਿਸ ਤੋਂ ਇਹ ਸਪੱਸ਼ਟ ਤੌਰ 'ਤੇ ਪਤਾ ਚੱਲਦਾ ਹੈ ਕਿ ਇਹ ਜੰਗ ਅਸਲ ਵਿੱਚ ਰੂਸ ਅਤੇ ਅਮਰੀਕੀ ਸਾਮਰਾਜੀਆਂ ਦਰਮਿਆਨ ਹੀ ਸੀ ਜਿਸ ਵਿੱਚ ਯੂਕਰੇਨ ਇੱਕ ਮੋਹਰੇ ਤੋਂ ਵੱਧ ਕੁਝ ਨਹੀਂ ਸੀ। ਅਮਰੀਕੀ ਸਦਰ ਨੇ ਕੁਝ ਦਿਨ ਪਹਿਲਾਂ ਹੀ ਯੂਕਰੇਨ ਦੇ ਸਦਰ ਜ਼ੈਲਏਨਸਕੀ ਨੂੰ ਅਮਰੀਕਾ ਬੁਲਾ ਕੇ ਸੰਸਾਰ ਭਰ ਦੇ ਮੀਡੀਆ ਦੇ ਸਾਹਮਣੇ ਉਸਦੀ ਭਿਅੰਕਰ ਮਿੱਟੀ ਪਲੀਤ ਕੀਤੀ। ਟਰੰਪ ਯੂਕਰੇਨ ਤੋਂ ਉਸਦੇ ਕੁਦਰਤੀ ਸਰੋਤਾਂ ਦਾ 50% ਤੱਕ ਦਾ ਹਿੱਸਾ ਮੰਗ ਰਿਹਾ ਹੈ ਜਿਸਦੀ ਕੁੱਲ ਕੀਮਤ 500 ਅਰਬ ਡਾਲਰ ਦੱਸੀ ਜਾ ਰਹੀ ਹੈ। ਇਸੇ ਸਮਝੌਤੇ ਉੱਪਰ ਦਸਤਖਤ ਕਰਨ ਲਈ ਜ਼ੈਲਏਨਸਕੀ ਨੂੰ ਅਮਰੀਕਾ ਸੱਦਿਆ ਗਿਆ ਸੀ ਪਰ ਜ਼ੈਲਏਨਸਕੀ ਦੇ ਉਜਰ ਕਰਨ ਨਾਲ਼ ਉਸ ਵੇਲੇ ਇਹ ਸਮਝੌਤਾ ਨਹੀਂ ਹੋ ਸਕਿਆ। ਟਰੰਪ ਜੰਗ ਨੂੰ ਖਤਮ ਕਰਕੇ, ਰੂਸੀ ਸਾਮਰਾਜੀਆਂ ਨੂੰ ਜਿੱਤੇ ਹੋਏ ਇਲਾਕਿਆਂ ਉੱਪਰ ਕਬਜੇ ਦੇ ਬਦਲੇ, ਯੂਕਰੇਨ ਦੇ ਕੁਦਰਤੀ ਸਰੋਤਾਂ ਦਾ ਸੌਦਾ ਕਰਨਾ ਚਾਹੁੰਦਾ ਹੈ। ਯੂਕਰੇਨ ਦੇ ਜਿਆਦਾਤਰ ਕੁਦਰਤੀ ਸਰੋਤ ਵਾਲ਼ੇ ਇਲਾਕੇ ਇਸ ਸਮੇਂ ਰੂਸ ਦੇ ਕਬਜੇ ਵਿੱਚ ਹਨ। ਬਦਲੇ ਵਿੱਚ ਅਮਰੀਕਾ ਯੂਕਰੇਨ ਨੂੰ ਨਾਟੋ ਵਿੱਚ ਸ਼ਾਮਲ ਨਾ ਕਰਨ ਅਤੇ ਭਵਿੱਖ ਵਿੱਚ ਯੂਰਪੀ ਮਹਾਂਦੀਪ ਤੋਂ ਰੂਸ ਦੇ ਉੱਪਰ ਬੀੜੀਆਂ ਹੋਈਆਂ ਔਸਤ ਦੂਰੀ ਦੀਆਂ ਮਿਜਾਇਲਾਂ ਨੂੰ ਹਟਾਉਣ ਦੀ ਵੀ ਤਸੱਲੀ ਦੇ ਰਿਹਾ ਹੈ। ਇਸ ਸਭ ਤੋਂ ਯੂਰਪ ਦੇ ਸਾਮਰਾਜੀ ਜਿਵੇਂ ਫਰਾਂਸ, ਇੰਗਲੈਂਡ ਅਤੇ ਜਰਮਨੀ ਖਾਸੇ ਤੰਗ ਹਨ। ਇੱਕ ਤਾਂ ਰੂਸ ਦੇ ਤਗੜੇ ਹੋਣ ਅਤੇ ਅਮਰੀਕਾ ਦੇ ਨਾਟੋ ਵਿੱਚੋਂ ਹੱਥ ਪਿੱਛੇ ਖਿੱਚਣ ਨਾਲ਼ ਉਹਨਾਂ ਨੂੰ ਆਪਣੀ ਫੌਜ ਉੱਪਰ ਖਰਚ ਵਧਾਉਣਾ ਪਵੇਗਾ। ਇਹ ਖਰਚਾ ਵਧਾਉਣ ਲਈ ਇਹਨਾਂ ਦੇਸ਼ਾਂ ਦੇ ਹਾਕਮ ਲੋਕਾਂ ਦੀਆਂ ਜਨਤਕ ਸਹੂਲਤਾਂ ਉੱਤੇ ਕੱਟ ਲਾਉਣ ਵੱਲ ਵਧ ਸਕਦੇ ਹਨ ਜਿਸਦੇ ਪ੍ਰਤੀਕਰਮ ਵਜੋਂ ਇੱਥੇ ਬੇਚੈਨੀ ਫੈਲ ਸਕਦੀ ਹੈ। ਇਹਨਾਂ ਖਬਰਾਂ ਤੋਂ ਫਰਾਂਸ ਵਿੱਚ ਹੁਣ ਤੋਂ ਹੀ ਰੋਸ-ਮੁਜਾਹਰੇ ਸ਼ੁਰੂ ਹੋ ਗਏ ਹਨ। ਇਸ ਜੰਗ ਕਾਰਣ ਇੱਕ ਤਾਂ ਸਸਤੇ ਰੂਸੀ ਤੇਲ ਅਤੇ ਗੈਸ ਤੋਂ ਯੂਰਪੀ ਦੇਸ਼ਾਂ ਦੀ ਸਨਅਤ ਵਾਂਝੀ ਹੋ ਗਈ ਜਿਸ ਨਾਲ਼ ਇਹਨਾਂ ਦੇਸ਼ਾਂ ਦੇ ਅਰਥਚਾਰੇ ਕਾਫੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਹੁਣ ਟਰੰਪ ਕਾਰਣ ਉਹਨਾਂ ਨੂੰ ਯੂਕਰੇਨ ਦੇ ਕੁਦਰਤੀ ਸਰੋਤਾਂ ਦੀ ਲੁੱਟ ਵਿੱਚੋਂ ਵੀ ਹਿੱਸਾ ਨਹੀਂ ਮਿਲ਼ੇਗਾ। ਇਹੀ ਕਾਰਣ ਹੈ ਕਿ ਯੂਰਪੀ ਹਾਕਮ ਯੂਕਰੇਨ ਨੂੰ ਜੰਗ ਜਾਰੀ ਰੱਖਣ ਲਈ ਮਦਦ ਕਰਨ ਦੀ ਗੱਲ ਕਰ ਰਹੇ ਹਨ। ਇਹੀ ਗੱਲ ਕਰਨ ਫਰਾਂਸ ਦਾ ਸਦਰ ਮੈਕਰੋਂ ਅਤੇ ਇੰਗਲੈਂਡ ਦਾ ਪ੍ਰਧਾਨ ਮੰਤਰੀ ਸਟਰਾਇਮਰ ਵੀ ਅਮਰੀਕਾ ਗਿਆ ਪਰ ਟਰੰਪ ਆਪਣੇ ਫੈਸਲੇ ਉੱਤੇ ਹੀ ਬਣਿਆ ਰਿਹਾ। ਇਸੇ ਕਾਰਣ ਹੁਣ ਅਮਰੀਕਾ ਤੇ ਯੂਰਪ ਵਿੱਚ ਵਿਰੋਧਤਾਈਆਂ ਤਿੱਖੀਆਂ ਹੋ ਰਹੀਆਂ ਹਨ। ਅਮਰੀਕਾ ਦੇ ਯੂਰਪ ਵਿੱਚੋਂ ਹੱਥ ਪਿੱਛੇ ਖਿੱਚਣ ਕਾਰਣ ਹੁਣ ਯੂਰਪੀ ਯੂਨੀਅਨ ਨੇ ਯੂਰਪ ਨੂੰ ਮੁੜ ਹਥਿਆਰਬੰਦ ਕਰਨ ਲਈ 800 ਅਰਬ ਡਾਲਰ ਦੇ ਬਜਟ ਦਾ ਟੀਚਾ ਰੱਖਿਆ ਹੈ। ਫਰਾਂਸ ਜਰਮਨੀ ਵਿੱਚ ਆਪਣੇ ਪਰਮਾਣੂ ਹਥਿਆਰ ਸਥਾਪਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਜਰਮਨੀ ਵੀ ਮੁੜ ਤੋਂ ਆਪਣੀ ਫੌਜ ਨੂੰ ਤਗੜੇ ਕਰਨ ਦੀ ਯੋਜਨਾ ਬਣ ਰਿਹਾ ਹੈ। ਜ਼ੈਲਏਨਸਕੀ ਸ਼ੁਰੂ ਤੋਂ ਹੀ ਪੱਛਮੀ ਤਾਕਤਾਂ ਦਾ ਮੋਹਰਾ ਸੀ। ਅਮਰੀਕਾ ਵੱਲੋਂ ਉਸਨੂੰ ਨਕਾਰਨ ਤੋਂ ਬਾਅਦ ਉਹ ਹੁਣ ਯੂਰਪ ਦੀ ਸ਼ਰਨ ਵਿੱਚ ਜਾਣ ਦੀ ਤਿਆਰੀ ਵਿੱਚ ਹੈ। ਹੁਣ ਤਾਜਾ ਖਬਰਾਂ ਮੁਤਾਬਕ ਯੂਕਰੇਨ ਅਮਰੀਕਾ ਵੱਲੋਂ ਪ੍ਰਸਤਾਵਿਤ ਜੰਗਬੰਦੀ ਅਤੇ ਖਣਿਜ ਪਦਾਰਥ ਦੇ ਸੌਦੇ ਲਈ ਮੰਨ ਗਿਆ ਹੈ। ਅਮਰੀਕੀ ਵਿਦੇਸ਼ ਮੰਤਰੀ ਹੁਣ ਆਉਣ ਵਾਲ਼ੇ ਦਿਨਾਂ ਵਿੱਚ ਰੂਸ ਨਾਲ਼ ਇਸ ਸਬੰਧੀ ਗੱਲਬਾਤ ਕਰਨਗੇ। ਫਿਲਹਾਲ ਇਸ ਮਾਮਲੇ ਵਿੱਚ ਰੂਸੀਆਂ ਦਾ ਹੱਥ ਉੱਤੇ ਲੱਗਦਾ ਹੈ। ਚੀਨ ਨਾਲ਼ ਜੰਗ ਦੀ ਤਿਆਰੀ ਵਿੱਚ ਅਮਰੀਕਾ ਰੂਸ ਨਾਲ਼ ਸਬੰਧ ਠੀਕ ਕਰਕੇ ਚੀਨ ਨੂੰ ਇਕੱਲਿਆਂ ਕਰਨਾ ਚਾਹੁੰਦਾ ਹੈ। ਇਸੇ ਲਈ ਯੂਰਪ ਵਿੱਚ ਰੂਸ ਨੂੰ ਕੁਝ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ।




ਇਸ ਜੰਗ ਵਿੱਚ ਚਾਹੇ ਰੂਸੀ ਸਾਮਰਾਜੀ ਜਿੱਤਣ ਚਾਹੇ ਅਮਰੀਕਾ ਅਤੇ ਚਾਹੇ ਯੂਰਪੀ। ਕੁੱਲ ਮਿਲ਼ਾਕੇ ਕਿਰਤੀ ਲੋਕਾਂ ਦਾ ਤਾਂ ਹਰ ਪਾਸਿਓਂ ਇਸ ਜੰਗ ਨਾਲ਼ ਨੁਕਸਾਨ ਹੀ ਹੋਇਆ ਹੈ। ਇਸ ਸਭ ਦੀ ਮਾਰ ਸਭ ਤੋਂ ਵੱਧ ਯੂਰਪ ਦੇ ਕਿਰਤੀ ਲੋਕਾਂ 'ਤੇ ਹੀ ਪਵੇਗੀ ਕਿਉਂਕਿ ਇਹ ਸਭ ਖਰਚ ਲੋਕਾਂ ਦੀ ਜਨਤਕ ਸਹੂਲਤਾਂ ਉੱਪਰ ਕੱਟ ਲਗਾ ਕੇ ਕੱਢਿਆ ਜਾਵੇਗਾ। ਜੇਕਰ ਭਵਿੱਖ ਵਿੱਚ ਜੰਗ ਹੁੰਦੀ ਹੈ ਤਾਂ ਉਸ ਵਿੱਚ ਵੀ ਹਰ ਪਾਸਿਓਂ ਕਿਰਤੀ ਲੋਕ ਹੀ ਸਭ ਤੋਂ ਵੱਧ ਨੁਕਸਾਨ ਝੱਲਣਗੇ। ਜੰਗ ਵਿੱਚ ਸਿੱਧੇ ਤੌਰ 'ਤੇ ਜਾਨੀ ਨੁਕਸਾਨ ਝੱਲਣ ਦੇ ਨਾਲ਼ ਹੀ ਮਹਿੰਗਾਈ, ਬੇਰੁਜ਼ਗਾਰੀ ਦੀ ਮਾਰ ਵੀ ਕਿਰਤੀ ਲੋਕਾਂ ਉੱਪਰ ਹੀ ਪਈ। ਖਾਸ ਤੌਰ 'ਤੇ ਯੂਕਰੇਨ ਅਤੇ ਰੂਸ ਦੀ ਕਿਰਤੀ ਲੋਕਾਈ ਉੱਪਰ ਇਸ ਜੰਗ ਦੀ ਭਿਆਨਕ ਮਾਰ ਪਈ ਹੈ। ਇਸ ਮਾਮਲੇ ਵਿੱਚ ਇੱਕ ਗੱਲ ਹੋਰ ਜ਼ਿਕਰਯੋਗ ਹੈ ਕਿ ਭਾਵੇਂ ਰੂਸੀ ਅਤੇ ਅਮਰੀਕੀ ਸਾਮਰਾਜੀਆਂ ਨੇ ਯੂਕਰੇਨ ਦੇ ਲੋਕਾਂ ਉੱਪਰ ਨਿਹੱਕੀ ਜੰਗ ਥੋਪੀ ਪਰ ਇਸ ਪੂਰੇ ਮਾਮਲੇ ਵਿੱਚ ਯੂਕਰੇਨ ਦੀ ਹਕੂਮਤ ਦਾ ਕਿਰਦਾਰ ਕਿਸੇ ਵੀ ਤਰ੍ਹਾਂ ਨਾਲ਼ ਲੋਕ ਪੱਖੀ ਨਹੀਂ ਸੀ ਅਤੇ ਨਾ ਹੀ ਉਹ ਰੂਸੀ ਸਾਮਰਾਜੀਆਂ ਖਿਲਾਫ ਕੋਈ ਕੌਮੀ ਮੁਕਤੀ ਦੀ ਜੰਗ ਲੜ ਰਹੀ ਸੀ। ਇਹ ਜੰਗ ਇੱਕ ਨਿਹੱਕੀ ਸਾਮਰਾਜੀ ਜੰਗ ਹੈ ਜਿਸ ਵਿੱਚ ਇਹਨਾਂ ਸਭ ਦੇਸ਼ਾਂ ਦੇ ਕਿਰਤੀ ਲੋਕਾਂ ਨੂੰ ਆਪਣੀ ਹਕੂਮਤ ਦੇ ਵਿਰੁੱਧ ਹੋ ਕੇ ਜੰਗ ਦਾ ਵਿਰੋਧ ਕਰਨਾ ਚਾਹੀਦਾ ਹੈ। ਅੱਜ ਦੇ ਸੰਸਾਰ ਵਿੱਚ ਲੋਕਾਂ ਨੂੰ ਅਸਲ ਅਰਥਾਂ ਵਿੱਚ ਸ਼ਾਂਤੀ ਸਿਰਫ਼ ਕੁੱਲ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਨੂੰ ਖਤਮ ਕਰਕੇ ਅਤੇ ਸਮਾਜਵਾਦ ਦੀ ਸਥਾਪਤੀ ਕਰਕੇ ਹੀ ਮਿਲ਼ ਸਕਦੀ ਹੈ। ਅੱਜ ਸੰਸਾਰ ਦੇ ਸਾਰੇ ਕਿਰਤੀ ਲੋਕਾਂ ਨੂੰ ਕਿਸੇ ਇੱਕ ਜਾਂ ਦੂਜੇ ਸਾਮਰਾਜੀ ਧੜੇ ਤੋਂ ਇਨਸਾਫ ਅਤੇ ਸ਼ਾਂਤੀ ਦੀ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ। ਮਨੁੱਖਤਾ ਨੂੰ ਜੰਗਾਂ ਤੋਂ ਮੁਕਤੀ ਸਾਮਰਾਜੀ ਪ੍ਰਬੰਧ ਦੇ ਖਾਤਮੇ ਨਾਲ਼ ਹੀ ਮਿਲ਼ੇਗੀ।

**ਲਲਕਾਰ 'ਚੋਂ ਧੰਨਵਾਦ ਸਹਿਤ**


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਬੱਚਿਆਂ ਨੂੰ ਇੰਟਰਨੈਟ ’ਤੇ ਸੋਸ਼ਲ ਸਾਈਟਸ ਦੇਖਣ ਤੋਂ ਰੋਕਣ

ਰਾਜਪਾਲ ਸਿੰਘ
98767-10809



• ਆਸਟ੍ਰੇਲੀਆ ਨੇ ਪਾਸ ਕੀਤਾ ਸਖ਼ਤ ਕਾਨੂੰਨ • ਬੱਚਿਆਂ ਵੱਲੋਂ ਸੋਸ਼ਲ ਮੀਡੀਆ ਵਰਤਣ ਦਾ ਮਸਲਾ

ਬੱਚਿਆਂ ਨੂੰ ਇੰਟਰਨੈੱਟ ਉੱਤੇ ਸੋਸ਼ਲ ਸਾਈਟਸ ਦੇਖਣ ਤੋਂ ਰੋਕਣ ਲਈ ਆਸਟ੍ਰੇਲੀਆ ਸਰਕਾਰ ਵੱਲੋਂ ਲਿਆਂਦਾ ਜਾ ਰਿਹਾ ਕਾਨੂੰਨ ਦੁਨੀਆ ਭਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਮਸਲਾ ਸਾਰੀ ਦੁਨੀਆ ਵਿੱਚ ਭਖਦਾ ਮਸਲਾ ਬਣਿਆ ਹੋਇਆ ਹੈ ਕਿ ਬੱਚੇ ਸੋਸ਼ਲ ਮੀਡੀਆ ਉੱਤੇ ਬਹੁਤ ਸਮਾਂ ਬਰਬਾਦ ਕਰਦੇ ਹਨ। ਇਸ ਤੋਂ ਵੀ ਅੱਗੇ ਉਹ ਇਨ੍ਹਾਂ ਸਾਈਟਾਂ ਉੱਤੇ ਕਾਮੁਕ ਦ੍ਰਿਸ਼ ਦੇਖਦੇ ਹਨ, ਹਿੰਸਾ ਵਾਲੀਆਂ ਫਿਲਮਾਂ ਦੇਖਦੇ ਹਨ, ਅਜਿਹਾ ਕੁੱਝ ਦੇਖਦੇ ਹਨ ਜੋ ਉਨ੍ਹਾਂ ਨੂੰ ਖ਼ੁਦਕਸ਼ੀ ਅਤੇ ਨਸ਼ਿਆਂ ਵੱਲ ਪ੍ਰੇਰਦਾ ਹੈ। ਇਸ ਸਭ ਕਾਸੇ ਨਾਲ ਉਨ੍ਹਾਂ ਦੀ ਮਾਨਸਿਕਤਾ ਵਿੱਚ ਵੱਡੇ ਵਿਗਾੜ ਪੈਦਾ ਹੋ ਰਹੇ ਹਨ। ਉਨ੍ਹਾਂ ਵਿੱਚ ਕਿਤਾਬਾਂ ਪੜ੍ਹਨ ਦਾ ਰੁਝਾਨ ਘਟ ਰਿਹਾ ਹੈ। ਉਹ ਖੇਡਣ ਕੁੱਦਣ ਦੀ ਬਜਾਏ ਸਾਰਾ ਦਿਨ ਮੋਬਾਈਲ ਲੈ ਕੇ ਬੈਠੇ ਰਹਿੰਦੇ ਹਨ। ਅਜਿਹੇ ਹਾਨੀਕਾਰਕ ਅਸਰਾਂ ਨੂੰ ਵੇਖਦੇ ਹੋਏ ਹੋਰ ਦੇਸ਼ਾਂ ਵੱਲੋਂ ਵੀ ਬੱਚਿਆਂ ਨੂੰ ਹਾਨੀਕਾਰਕ ਮੈਟਰ ਦੇਖਣ ਤੋਂ ਰੋਕਣ ਲਈ ਕੁੱਝ ਨਿਯਮ ਬਣਾਏ ਗਏ ਹਨ ਪਰ ਉਹ ਖਾਸ ਪ੍ਰਭਾਵਕਾਰੀ ਸਾਬਤ ਨਹੀਂ ਹੋਏ ਹਨ। ਹੁਣ ਆਸਟ੍ਰੇਲੀਆਈ ਸਰਕਾਰ ਵੱਲੋਂ ਲਿਆਂਦਾ ਜਾ ਰਿਹਾ ਕਾਨੂੰਨ ਬਹੁਤ ਸਖਤ ਹੈ ਜਿਸ ਕਰਕੇ ਇਸ ਬਾਰੇ ਸੰਸਾਰ ਪੱਧਰ ’ਤੇ ਚਰਚਾ ਛਿੜੀ ਹੋਈ ਹੈ।

ਨਵਾਂ ਆਸਟ੍ਰੇਲੀਆਈ ਕਾਨੂੰਨ ਕੀ ਹੈ ਇਸ ਸਬੰਧੀ ਆਸਟ੍ਰੇਲੀਆ ਦੀ ਪਾਰਲੀਮੈਂਟ ਵਿੱਚ 21 ਨਵੰਬਰ ਨੂੰ ਬਿਲ ਪੇਸ਼ ਕੀਤਾ ਗਿਆ। ਇਹ ਬਿਲ 16 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ, ਸਨੈਪਚੈਟ, ਇੰਸਟਾਗ੍ਰਾਮ, ਐਕਸ ਅਤੇ ਟਿੱਕ ਟਾਕ ਆਦਿ ਵਰਤਣ ਉੱਤੇ ਰੋਕ ਲਾਉਂਦਾ ਹੈ। ਇਸ ਰੋਕ ਨੂੰ ਲਾਗੂ ਕਰਨ ਲਈ ਇਹ ਪਲੇਟਫਾਰਮ ਚਲਾਉਣ ਵਾਲੀਆਂ ਸੋਸ਼ਲ ਮੀਡੀਆ ਕੰਪਨੀਆਂ ਦੀ ਜ਼ਿੰਮੇਵਾਰੀ ਲਗਾਈ ਗਈ ਹੈ। ਜੇ ਕੋਈ ਕੰਪਨੀ ਇਸ ਰੋਕ ਨੂੰ ਲਾਗੂ ਕਰਨ ਵਿੱਚ ਅਸਫਲ ਰਹਿੰਦੀ ਹੈ ਤਾਂ ਉਸ ਉੱਤੇ 5 ਕਰੋੜ ਆਸਟ੍ਰੇਲੀਆਈ ਡਾਲਰ ਤੱਕ ਦੇ ਜੁਰਮਾਨੇ ਦੀ ਵਿਵਸਥਾ ਰੱਖੀ ਗਈ ਹੈ। ਉਨ੍ਹਾਂ ਕੰਪਨੀਆਂ ਨੂੰ ਕਿਹਾ ਗਿਆ ਹੈ ਕਿ ਉਹ ਅਜਿਹੀਆਂ ਤਕਨੀਕਾਂ ਲਾਗੂ ਕਰਨ ਜਿਸ ਨਾਲ ਵਰਤਣ ਵਾਲੇ ਦੀ ਉਮਰ ਤਸਦੀਕ ਹੋ ਸਕੇ।

ਆਸਟ੍ਰੇਲੀਆ ਦੀ ਲੋਕ ਸਭਾ ਨੇ 27 ਨਵੰਬਰ ਨੂੰ ਇਸੇ ਬਿਲ ਨੂੰ 13 ਵੋਟਾਂ ਦੇ ਮੁਕਾਬਲੇ 102 ਵੋਟਾਂ ਦੇ ਭਾਰੀ ਬਹੁਮੱਤ ਨਾਲ ਪਾਸ ਕੀਤਾ ਅਤੇ ਅਗਲੇ ਹੀ ਦਿਨ ਆਸਟ੍ਰੇਲੀਆਈ ਸੈਨੇਟ ਨੇ 34-19 ਦੇ ਬਹੁਮੱਤ ਨਾਲ ਪਾਸ ਕਰ ਦਿੱਤਾ। ਇਸ ਨਾਲ ਇਹ ਕਾਨੂੰਨ ਬਣ ਗਿਆ ਹੈ ਪਰ ਸਰਕਾਰ ਨੇ ਇਸ ਨੂੰ ਲਾਗੂ ਕਰਨ ਲਈ ਇੱਕ ਸਾਲ ਦਾ ਸਮਾਂ ਦਿੱਤਾ ਹੈ ਤਾਂ ਜੋ ਸੋਸ਼ਲ ਮੀਡੀਆ ਕੰਪਨੀਆਂ ਇਸ ਨੂੰ ਸਹੀ ਤਰ੍ਹਾਂ ਅਮਲ ਵਿੱਚ ਲਿਆਉਣ ਲਈ ਲੋੜੀਂਦੇ ਪ੍ਰਬੰਧ ਕਰ ਲੈਣ।

ਲੋਕਾਂ ਦਾ ਪ੍ਰਤੀਕਰਮ-ਇਸ ਬਿਲ ਨੂੰ ਆਮ ਜਨਤਾ ਵੱਲੋਂ ਸਮਰਥਨ ਮਿਲ ਰਿਹਾ ਹੈ। ਸਰਕਾਰ ਦੀ ਵਿਰੋਧੀ ਪਾਰਟੀ ਨੇ ਵੀ ਇਸ ਬਿਲ ਦੀ ਹਮਾਇਤ ਕੀਤੀ ਹੈ। ਆਸਟ੍ਰੇਲੀਆ ਦੇ ਸਾਰੇ ਸੂਬਿਆਂ ਦੇ ਮੁੱਖ ਆਗੂਆਂ ਨੇ ਵੀ ਇਸ ਨਾਲ ਸਹਿਮਤੀ ਜਤਾਈ ਹੈ। ਜਿਨ੍ਹਾਂ ਕੁੱਝ ਮੈਂਬਰਾਂ ਨੇ ਇਸ ਦੇ ਵਿਰੁੱਧ ਵੋਟ ਪਾਈ ਹੈ ਉਹੋ ਇਸ ਸਮੱਸਿਆ ਨੂੰ ਨਕਾਰ ਨਹੀਂ ਰਹੇ ਪਰ ਉਨ੍ਹਾਂ ਦੇ ਸ਼ੰਕੇ ਹਨ ਕਿ ਇਸ ਕਾਨੂੰਨ ਨਾਲ ਸਰਕਾਰ ਆਮ ਲੋਕਾਂ ਦੀ ਨਿੱਜਤਾ ਵਿੱਚ ਦਖ਼ਲ ਦੇਵੇਗੀ ਜਾਂ ਇਸ ਨੂੰ ਅਮਲ ਵਿੱਚ ਲਾਗੂ ਕਰਨਾ ਮੁਸ਼ਕਿਲ ਹੋਵੇਗਾ।

ਦੂਜੇ ਪਾਸੇ ਸੋਸ਼ਲ ਮੀਡੀਆ ਕੰਪਨੀਆਂ ਇਸਦਾ ਵਿਰੋਧ ਕਰ ਰਹੀਆਂ ਹਨ ਜੋ ਕਿ ਸੁਭਾਵਿਕ ਹੀ ਹੈ। ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ਦੇ ਮਾਲਕ ਅਤੇ ਚਰਚਿਤ ਖਰਬਪਤੀ ਐਲਨ ਮਸਕ ਨੇ ਇਸ ਬਿਲ ਦੀ ਆਲੋਚਨਾ ਕਰਦੇ ਕਿਹਾ ਹੈ ਕਿ ‘ਇਹ ਪਿਛਲੇ ਦਰਵਾਜ਼ੇ ਰਾਹੀਂ ਸਾਰੇ ਆਸਟ੍ਰੇਲੀਆਈ ਨਾਗਰਿਕਾਂ ਦੀ ਇੰਟਰਨੈੱਟ ਤੱਕ ਪਹੁੰਚ ਨੂੰ ਕੰਟਰੋਲ ਕਰਨ ਦਾ ਯਤਨ ਲੱਗਦਾ ਹੈ।

ਕੁੱਝ ਹੋਰਾਂ ਨੇ 16 ਸਾਲ ਦੀ ਉਮਰ ਹੱਦ ਨੂੰ ਜ਼ਿਆਦਾ ਮੰਨਿਆ ਹੈ। ਵਰਣਨਯੋਗ ਹੈ ਕਿ ਫਰਾਂਸ ਨੇ ਸੋਸ਼ਲ ਮੀਡੀਆ ਵਰਤਣ ਵਾਸਤੇ 15 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਮਾਪਿਆਂ ਦੀ ਸਹਿਮਤੀ ਲੈਣ ਦਾ ਨਿਯਮ ਬਣਾਇਆ ਹੋਇਆ ਹੈ। ਜਦ ਕਿ ਅਮਰੀਕਾ ਵਿੱਚ ਮਾਪਿਆਂ ਦੀ ਸਹਿਮਤੀ 13 ਸਾਲ ਦੀ ਉਮਰ ਤੱਕ ਜ਼ਰੂਰੀ ਹੈ। ਪਰ ਜਿਨ੍ਹਾਂ ਦੇਸ਼ਾਂ ਵਿੱਚ ਇਹ ਨਿਯਮ ਬਣੇ ਹੋਏ ਹਨ ਉੱਥੇ ਵੀ ਇਨ੍ਹਾਂ ਦੀ ਬਹੁਤੀ ਪਾਲਣਾ ਨਹੀਂ ਹੁੰਦੀ। ਬੱਚੇ ਉਮਰ ਬਾਰੇ ਗਲਤ ਜਾਣਕਾਰੀ ਭਰ ਕੇ ਆਪਣੇ ਖਾਤੇ ਬਣਾ ਲੈਂਦੇ ਹਨ। ਪਰ ਆਸਟ ?ਰੇਲੀਆ ਨੇ ਕੰਪਨੀਆਂ ਦੀ ਜ਼ਿੰਮੇਵਾਰੀ ਲਾ ਕੇ ਅਤੇ ਭਾਰੀ ਜੁਰਮਾਨੇ ਦਾ ਪ੍ਰਬੰਧ ਕਰਕੇ ਪੱਕੇ ਕੋਕੇ ਜੜ੍ਹ ਦਿੱਤੇ ਹਨ ਜਿਸ ਤੋਂ ਸੋਸ਼ਲ ਮੀਡੀਆ ਕੰਪਨੀਆਂ ਔਖੀਆਂ ਹਨ।

ਉਮਰ ਦੀ ਪੜਤਾਲ ਕਿਸ ਤਰ੍ਹਾਂ ਹੋ ਸਕਦੀ ਹੈ-ਇਸ ਕਾਨੂੰਨ ਨੂੰ ਲਾਗੂ ਕਰਨ ਵਿੱਚ ਸਭ ਤੋਂ ਵੱਡਾ ਮਸਲਾ ਸੋਸ਼ਲ ਮੀਡੀਆ ਵਰਤਣ ਵਾਲੇ ਨੌਜਵਾਨ ਦੀ ਉਮਰ ਬਾਰੇ ਤਸਦੀਕ ਕਰਨ ਦਾ ਹੈ। ਕਿਉਂਕਿ ਬੱਚੇ ਆਪਣੀ ਉਮਰ ਸਬੰਧੀ ਗਲਤ ਜਾਣਕਾਰੀ ਦੇ ਸਕਦੇ ਹਨ। ਉਦਾਹਰਣ ਵਜੋਂ ਇੰਸਟਾਗ੍ਰਾਮ ਉੱਤੇ 13 ਸਾਲ ਤੋਂ ਘੱਟ ਉਮਰ ਦਾ ਬੱਚਾ ਆਪਣਾ ਖਾਤਾ ਨਹੀਂ ਬਣਾ ਸਕਦਾ ਜਿਸਦੇ ਲਈ ਬੱਚੇ ਨੇ ਆਪਣੀ ਜਨਮ ਮਿਤੀ ਭਰਨੀ ਹੁੰਦੀ ਹੈ। ਪਰ ਉਹ ਆਪਣੀ ਜਨਮ-ਮਿਤੀ ਸਹੀ ਭਰ ਰਿਹਾ ਹੈ ਜਾਂ ਗਲਤ ਇਸਦੀ ਪੜਤਾਲ ਨਹੀਂ ਕੀਤੀ ਜਾਂਦੀ। ਆਸਟ੍ਰੇਲੀਆਈ ਸਰਕਾਰ ਨੇ ਸੋਸ਼ਲ ਮੀਡੀਆ ਚਲਾਉਣ ਵਾਲੀਆਂ ਕੰਪਨੀਆਂ ਨੂੰ ਇਸਦੀ ਪੜਤਾਲ ਦਾ ਪ੍ਰਬੰਧ ਕਰਨ ਲਈ ਕਿਹਾ ਹੈ। ਇਸ ਪੜਤਾਲ ਲਈ ਜਾਂ ਤਾਂ ਸਰਕਾਰ ਵੱਲੋਂ ਦਿੱਤੇ ਸ਼ਨਾਖ਼ਤੀ ਕਾਰਡ (ਜਿਵੇਂ ਭਾਰਤ ਵਿੱਚ ਆਧਾਰ ਕਾਰਡ ਹੈ) ਦਾ ਵੇਰਵਾ ਭਰਨਾ ਹੋਵੇਗਾ ਜਾਂ ਮੋਬਾਈਲ ਵਿੱਚ ਚਿਹਰੇ ਦੀ ਪਛਾਣ ਵਾਲਾ ਸਾਫਟਵੇਅਰ ਭਰਨਾ ਜ਼ਰੂਰੀ ਹੋਵੇਗਾ। ਅਜਿਹੀ ਪੜਤਾਲ ਦਾ ਪ੍ਰਬੰਧ ਨਾ ਕਰਨ ਉੱਤੇ ਕੰਪਨੀਆਂ ਨੂੰ ਭਾਰੀ ਜੁਰਮਾਨਾ ਕਰਨ ਦੀ ਧਾਰਾ ਜੋੜੀ ਗਈ ਹੈ।

ਸੋਸ਼ਲ ਮੀਡੀਆ ਦੀ ਦੁਰਵਰਤੋਂ ਦੇ ਮਾੜੇ ਸਿੱਟੇ-ਸੋਸ਼ਲ ਮੀਡੀਆ ਦੀ ਵਰਤੋਂ ਸਾਰੇ ਸੰਸਾਰ ਵਿੱਚ ਹੀ ਬਹੁਤ ਵਧ ਰਹੀ ਹੈ। ਇਹ ਹੋਰ ਲੋਕਾਂ ਨਾਲ ਜੁੜਨ ਅਤੇ ਉਨ੍ਹਾਂ ਨਾਲ ਵਿਚਾਰ ਸਾਂਝੇ ਕਰਨ ਦਾ ਮਹੱਤਵਪੂਰਨ ਸਾਧਨ ਹੈ। ਪਰ ਇਸਦੀ ਹੱਦੋਂ ਵੱਧ ਵਰਤੋਂ ਬਹੁਤ ਸਾਰੇ ਲੋਕਾਂ ਨੂੰ ਇਸਦੀ ਨਸ਼ੇ ਵਰਗੀ ਆਦਤ ਪਾ ਦਿੰਦੀ ਹੈ। ਉਨ੍ਹਾਂ ਨੂੰ ਜਦ ਇਸ ਤੋਂ ਪਾਸੇ ਕੀਤਾ ਜਾਂਦਾ ਹੈ ਤਾਂ ਨਸ਼ੇੜੀ ਵਾਂਗ ਹੀ ਉਨ੍ਹਾਂ ਨੂੰ ਤੋੜ ਲੱਗਦੀ ਹੈ, ਉਹ ਅਸਲੀ ਦੁਨੀਆ ਤੋਂ ਟੁੱਟੇ ਰਹਿਣ ਲੱਗ ਜਾਂਦੇ ਹਨ, ਨੀਂਦ ਘੱਟ ਲੈਂਦੇ ਹਨ ਅਤੇ ਬਹੁਤ ਸਾਰੇ ਮਾਨਸਿਕ ਵਿਗਾੜ ਪੈਦਾ ਹੋ ਜਾਂਦੇ ਹਨ। ਖਾਸ ਕਰ ਬੱਚੇ ਅਤੇ ਕਿਸ਼ੋਰ ਅਵਸਥਾ ਵਾਲੇ ਨੌਜਵਾਨ ਇਸ ਦੇ ਨੁਕਸਾਨਾਂ ਤੋਂ ਜਾਣੂ ਨਹੀਂ ਹੁੰਦੇ, ਜਿਸ ਕਰਕੇ ਉਹ ਉਪਰੋਕਤ ਵਿਗਾੜਾਂ ਦਾ ਵੱਧ ਸ਼ਿਕਾਰ ਹੁੰਦੇ ਹਨ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਵਰਤ ਕੇ ਅਪਰਾਧੀ ਕਿਸਮ ਦੇ ਲੋਕ ਉਨ੍ਹਾਂ ਨੂੰ ਨਸ਼ਿਆਂ ਅਤੇ ਜੁਰਮ ਦੀ ਦੁਨੀਆ ਵੱਲ ਵੀ ਲੈ ਜਾਂਦੇ ਹਨ। ਹਜ਼ਾਰਾਂ ਅਜਿਹੇ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਸ਼ਾਤਰ ਕਿਸਮ ਦੇ ਲੋਕਾਂ ਵੱਲੋਂ ਸੋਸ਼ਲ ਮੀਡੀਆ ਉੱਤੇ ਜਾਹਲੀ ਆਈ.ਡੀ. ਬਣਾ ਕੇ ਘੱਟ ਉਮਰ ਦੀਆਂ ਬੱਚੀਆਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੀ ਜ਼ਿੰਦਗੀ ਖ਼ਰਾਬ ਕੀਤੀ ਗਈ ਹੈ।

ਹੋਰ ਪੱਖ-ਬਿਨਾਂ ਸ਼ੱਕ ਇੰਟਰਨੈੱਟ ਜਾਣਕਾਰੀ ਦਾ ਵੱਡਾ ਸੋਮਾ ਹੈ ਜਿਸ ਵਿਚਲੀ ਜਾਣਕਾਰੀ ਦੇ ਭੰਡਾਰ ਨੂੰ ਬੱਚੇ ਆਪਣੀ ਪੜ੍ਹਾਈ ਲਈ ਵਰਤ ਸਕਦੇ ਹਨ ਅਤੇ ਵਰਤ ਰਹੇ ਹਨ। ਸੋ ਕੁੱਝ ਲੋਕਾਂ ਦਾ ਇਹ ਕਹਿਣਾ ਹੈ ਕਿ ਸਖ਼ਤ ਕਾਨੂੰਨ ਦੀ ਬਜਾਏ ਇਸ ਦੀ ਸਹੀ ਵਰਤੋਂ ਬਾਰੇ ਬੱਚਿਆਂ ਅਤੇ ਮਾਪਿਆਂ ਨੂੰ ਸਿੱਖਿਅਤ ਕਰਨ ਦੀ ਵੱਧ ਲੋੜ ਹੈ। ਉਹ ਇਹ ਵੀ ਕਹਿੰਦੇ ਹਨ ਕਿ ਅਸੀ ਆਪਣੇ ਬੱਚਿਆਂ ਨੂੰ ਆਧੁਨਿਕ ਤਕਨੀਕਾਂ ਤੋਂ ਵਾਂਝਿਆਂ ਨਹੀਂ ਰੱਖ ਸਕਦੇ। ਇਸ ਤੋਂ ਬਿਨ੍ਹਾਂ ਸਾਡੇ ਵਰਗੇ ਦੇਸ਼ਾਂ ਵਿੱਚ ਅਜਿਹਾ ਕੋਈ ਕਾਨੂੰਨ ਬਣਨ ਦੀ ਸੰਭਾਵਨਾ ਬਹੁਤ ਘੱਟ ਹੈ ਅਤੇ ਜੇ ਬਣ ਵੀ ਜਾਂਦਾ ਹੈ ਤਾਂ ਅਜਿਹੇ ਕਾਨੂੰਨ ਨੂੰ ਸਹੀ ਰੂਪ ਵਿੱਚ ਲਾਗੂ ਕਰਨ ਦੀ ਸੰਭਾਵਨਾ ਤੋਂ ਅਸੀਂ ਸਾਰੇ ਹੀ ਜਾਣੂ ਹਾਂ। ਸੋ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਤੋਂ ਹੁੰਦੇ ਨੁਕਸਾਨਾਂ ਬਾਰੇ ਚੇਤਨ ਕਰਨਾ ਵੀ ਬਹੁਤ ਜ਼ਰੂਰੀ ਕਾਰਜ ਹੈ। ਖੈਰ ਹਾਲ ਦੀ ਘੜੀ ਸਾਰੀ ਦੁਨੀਆ ਦੇ ਚੇਤਨ ਲੋਕਾਂ ਦੀਆਂ ਨਜ਼ਰਾਂ ਆਸਟ੍ਰੇਲੀਆਈ ਸਰਕਾਰ ਦੇ ਇਸ ਕਾਨੂੰਨ ਦੇ ਲਾਗੂ ਹੋਣ ’ਤੇ ਨਿਕਲਣ ਵਾਲੇ ਸਿੱਟਿਆਂ ਉੱਤੇ ਲੱਗੀਆਂ ਹੋਈਆਂ ਹਨ। ਆਸਟ੍ਰੇਲੀਆ ਦੇ ਇਸ ਤਜਰਬੇ ਦੀ ਰੋਸ਼ਨੀ ਵਿੱਚ ਇਸ ਸਮੱਸਿਆ ਦੇ ਹੱਲ ਲਈ ਹੋਰ ਵੀ ਰਾਹ ਨਿਕਲ ਸਕਣਗੇ। ਇਹ ਵੀ ਵੇਖਣ ਵਾਲੀ ਗੱਲ ਹੋਵੇਗੀ ਕਿ ਕੀ ਆਸਟ੍ਰੇਲੀਆਈ ਸਰਕਾਰ ਸੋਸ਼ਲ ਮੀਡੀਆ ਅਤੇ ਆਈ. ਟੀ. ਸੈਕਟਰ ਨਾਲ ਜੁੜੀ ਕਾਰਪੋਰੇਟ ਧਿਰ ਦਾ ਦਬਾਅ ਝੱਲ ਸਕੇਗੀ।



# 14ਵਾਂ ਸਲਾਨਾ ਸੋਹਨ ਮਾਨ ਯਾਦਗਾਰੀ ਨਾਟਕ ਸਮਾਗਮ 28 ਜੂਨ ਨੂੰ ਕੈਲਗਰੀ 'ਚ

## ਨਾਟਕਾਂ ਦੀ ਤਿਆਰੀ ਲਈ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਦੇ ਡਾਇਰੈਕਟਰ ਅਤੇ ਲੇਖਕ ਹਰਕੇਸ਼ ਚੌਧਰੀ 4 ਜੂਨ ਨੂੰ ਕੈਲਗਰੀ ਪੁੱਜਣਗੇ



ਕੈਲਗਰੀ (ਮਾ. ਭਜਨ) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਐਗਜੈਕਟਿਵ ਕਮੇਟੀ ਦੀ ਮੀਟਿੰਗ ਸ੍ਰੀਮਤੀ ਜਸਵਿੰਦਰ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਬਕਾਇਦਾ ਸ਼ੁਰੂਆਤ ਕਰਨ ਤੋਂ ਪਹਿਲਾਂ ਕਮੇਟੀ ਮੈਂਬਰ ਸੰਦੀਪ ਕੌਰ ਗਿੱਲ ਦੇ ਸਤਿਕਾਰਯੋਗ ਮਾਤਾ ਜੀ ਦੇ ਅਚਨਚੇਤ ਵਿਛੋੜੇ (ਸ੍ਰੀਮਤੀ ਰਜਿੰਦਰ ਕੌਰ ਪੰਨੂੰ), ਸਭ ਦੇ ਹਰਮਨ ਪਿਆਰੇ ਸਾਥੀ ਪਰਸੋਥਮ ਦਾਸ ਭਾਰਦਵਾਜ, ਲੋਕ ਪੱਖੀ ਕਵੀ ਸ੍ਰੀ ਕੇਸਰ ਸਿੰਘ ਨੀਰ ਨੂੰ ਸ਼ਰਧਾਂਜਲੀ ਦਿੱਤੀ ਅਤੇ ਸਭ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ।

ਆਗੂ ਕਮੇਟੀ ਨੇ ਜਸਪਾਲ ਸਿੰਘ ਹੰਸਰਾ ਨੂੰ ਉਸਦੀਆਂ ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਰਬਸੰਮਤੀ ਨਾਲ ਕਮੇਟੀ ਮੈਂਬਰ ਨਿਯੁਕਤ ਕੀਤਾ। ਹੁਣ ਤੱਕ ਦੇ ਨਾਟਕ ਸਮਾਗਮਾਂ ਨੂੰ ਸਫ਼ਲ ਬਣਾਉਣ ਲਈ ਮੀਡੀਆ, ਸਪਾਂਸਰਜ਼ ਅਤੇ ਕੈਲਗਰੀ ਵਾਸੀਆਂ ਵਲੋਂ ਭਰਵੇਂ ਹੁੰਗਾਰੇ ਲਈ ਜਿਥੇ ਧੰਨਵਾਦ ਕੀਤਾ ਗਿਆ, ਉਥੇ ਆਸ ਪ੍ਰਗਟ ਕੀਤੀ ਕਿ 14ਵੇਂ ਨਾਟਕ ਸਮਾਗਮ ਨੂੰ ਵੀ ਸਾਰੇ ਸਹਿਯੋਗ ਕਰਨਗੇ।

**ਨਾਟਕ ਸਮਾਗਮ ਗ਼ਦਰੀ ਗੁਲਾਬ ਕੌਰ ਦੀ 100ਵੀਂ ਵਰ੍ਹੇਗੰਢ ਨੂੰ ਹੋਵੇਗਾ ਸਮਰਪਿਤ**

ਪ੍ਰੌਗਰੈਸਿਵ ਕਲਾ ਮੰਚ ਦੀ ਸੰਚਾਲਕ ਕਮਲਪ੍ਰੀਤ ਪੰਧੇਰ ਕੈਲਗਰੀ ਵਿਚ ਰਹਿੰਦੇ ਨਾਟਕ ਪ੍ਰੇਮੀਆਂ ਨੂੰ ਨਾਟਕਾਂ ਵਿਚ ਭਾਗ ਲੈਣ ਦਾ ਖੁੱਲ੍ਹਾ ਸੱਦਾ ਦਿੰਦੇ ਹੋਏ ਦੱਸਿਆ ਕਿ 4 ਜੂਨ ਤੋਂ ਬਕਾਇਦਾ ਰਿਹਰਸਲਾਂ ਸ਼ੁਰੂ ਹੋ ਜਾਣਗੀਆਂ। ਜਿਨ੍ਹਾਂ ਬੱਚਿਆਂ ਨੇ ਕੋਰੀਓਗਰਾਫੀਆਂ ਵਿਚ ਭਾਗ ਲੈਣਾ ਉਨ੍ਹਾਂ ਦੇ ਮਾਪੇ ਵੀ 403-479-4220 'ਤੇ ਹੁਣੇ ਹੀ ਰਜਿਸਟ੍ਰੇਸ਼ਨ ਕਰਵਾ ਲੈਣ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾ. ਭਜਨ ਸਿੰਘ ਨੇ ਨਾਟਕਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਾਰੀ ਦਾ ਨਾਟਕ ਸਮਾਗਮ ਗ਼ਦਰੀ ਗੁਲਾਬ ਕੌਰ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਹੋਵੇਗਾ। ਮੀਟਿੰਗ ਵਿਚ ਗੋਪਾਲ ਕਾਉਂਕੇ, ਨਵਕਿਰਨ ਢੁੱਡੀਕੇ, ਕਮਲ ਸਿੱਧੂ, ਸੰਦੀਪ ਗਿੱਲ, ਕੁਸਮ ਸ਼ਰਮਾ, ਬਨਦੀਪ ਗਿੱਲ, ਹਰਕੀਰਤ ਧਾਲੀਵਾਲ, ਗੁਰਸ਼ਰਨ ਢੁੱਡੀਕੇ, ਜਸਪਾਲ ਹੰਸਰਾ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਇਸ ਵਾਰੀ ਵੀ ਨਾਟਕ Hop Events Center, Red Stone Calgary ਵਿਖੇ ਦੁਪਹਿਰ 3-7 ਵਜੇ ਹੋਵੇਗਾ। ਵਧੇਰੇ ਜਾਣਕਾਰੀ ਲਈ 403-455-4220 'ਤੇ ਸੰਪਰਕ ਕਰ ਸਕਦੇ ਹੋ।




